Reo-Bankowned Properties
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969
Jassi Gill
CA DRE# 00966763

ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
www.011india.com
*ਵਧੀਆ, ਸਾਫ ਆਵਾਜ਼
*ਬਗੈਰ ਪਿੰਨ ਤੋਂ ਵਰਤੋ
*ਸਪੀਡ ਵਾਲੇ ਨੰਬਰ ਸੈਟ ਕਰੋ
*ਘਰੋਂ ਤੇ ਸੈਲ ਫੋਨ ਤੋਂ ਇਕੋ ਵੇਲੇ ਦੋ ਫੋਨ ਚੱਲ ਸਕਦੇ ਹਨ
$25 2500 Minutes
ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ
ਦੁਨੀਆਂ ਦੇ ਕਿਸੇ ਫੋਨ'ਚ ਅਸੀਂ ਪੈਸੇ ਪਾ ਸਕਦੇ ਹਾਂ
ਸਾਡੀ ਸਰਵਿਸ ਹਰ ਦੇਸ਼ ਲਈ ਵਰਤੋ
Limited Time Offer. Restrications & Additional Fees Apply.
800-914-1013 408-428-2300

FARMERS INSURANCE
*Auto *Home *Life
*Business *Work Comp
Do You Drive with
Uber - Curb – Lyft - SideCar
Need Insurance?
We have Special Coverage for You!!
Call: 510-797-7989
Duabba Insurance Agency
2450 Peralta Blvd, Suite 203
Fremont CA 94536
Gurcharan S. Mann
License # 0C70672

Sixteenth Year of Publication
ਕੈਲੀਫੋਰਨੀਆ ਐਡੀਸ਼ਨ Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 16, Issue 41, October 10, 2015 20451 N Plum Grove Rd., Palatine, IL 60074 Ph:847-359-0746, Fax:847-705-9388

# ਬਾਦਲਾਂ ਦਾ ਸਿੰਘਾਸਨ ਡੋਲਿਆ

## ਕਿਸਾਨਾਂ ਨੇ ਸਰਕਾਰ ਨੂੰ ਪਾਇਆ ਚੁਫੇਰਿਓਂ ਘੇਰਾ

**ਚੰਡੀਗੜ੍ਹ:** ਪੰਜਾਬ ਵਿਚ ਹਾਕਮ ਧਿਰ ਸ਼੍ਰੋਮਣੀ ਅਕਾਲੀ ਦਲ ਖਿਲਾਫ ਉਠੇ ਲੋਕ ਰੋਹ ਕਾਰਨ ਸੂਬਾ ਸਰਕਾਰ ਕਸੂਤੀ ਘਿਰ ਗਈ ਹੈ। ਕਿਸਾਨਾਂ ਦਾ ਰੋਹ, ਡੇਰਾ ਵਿਵਾਦ ਤੇ ਆਮ ਆਦਮੀ ਪਾਰਟੀ (ਆਪ) ਦੇ ਉਭਾਰ ਜਿਹੇ ਮੁੱਦਿਆਂ ਨੇ ਹਾਕਮ ਧਿਰ ਦੀ ਚਿੰਤਾ ਵਧਾ ਦਿੱਤੀ ਹੈ। ਕਿਸਾਨ ਜਥੇਬੰਦੀਆਂ ਤੇ ਵਿਰੋਧੀ ਧਿਰਾਂ ਵੱਲੋਂ ਸਰਕਾਰ ਨੂੰ ਚੁਫੇਰਿਓਂ ਘੇਰਿਆ ਹੋਇਆ ਹੈ। ਡੇਰਾ ਸਿਰਸਾ ਮੁਖੀ ਨੂੰ ਮੁਆਫੀ ਮਾਮਲੇ 'ਤੇ ਵੀ ਸਾਰਾ ਗੁੱਸਾ ਬਾਦਲ ਧਿਰ ਖਿਲਾਫ ਨਿਕਲ ਰਿਹਾ ਹੈ।

ਪੰਜਾਬ ਵਿਧਾਨ ਸਭਾ ਚੋਣਾਂ ਵਿਚ ਭਾਵੇਂ ਤਕਰੀਬਨ ਡੇਢ ਸਾਲ ਦਾ ਸਮਾਂ ਬਾਕੀ ਹੈ, ਪਰ ਇਕ ਤੋਂ ਬਾਅਦ ਇਕ ਮੁਸੀਬਤਾਂ ਨੇ ਹਾਕਮ ਧਿਰ ਦੀ ਨੀਂਦ ਉਡਾ ਦਿੱਤੀ ਹੈ। ਪੰਜਾਬ ਦੀਆਂ ਚਾਰ ਖੱਬੇ ਪੱਖੀ ਪਾਰਟੀਆਂ ਨੇ ਵੀ ਲੋਕ ਮੁੱਦਿਆਂ ਉਤੇ ਸਰਕਾਰ ਖਿਲਾਫ ਸੰਘਰਸ਼ ਦਾ ਬਿਗਲ ਵਜਾ ਦਿੱਤਾ ਹੈ। ਸ਼੍ਰੋਮਣੀ ਅਕਾਲੀ ਦਲ ਕਿਸਾਨਾਂ ਨੂੰ ਆਪਣਾ ਪੱਕਾ ਵੋਟ ਬੈਂਕ ਮੰਨਦਾ ਹੈ, ਪਰ ਆਰਥਿਕ ਮੰਦੇ ਦੇ ਝੰਬੇ ਕਿਸਾਨ ਅਕਾਲੀ ਲੀਡਰਾਂ ਨੂੰ ਸਟੇਜਾਂ 'ਤੇ ਨਹੀਂ ਚੜ੍ਹਨ ਦੇ ਰਹੇ। ਪੰਜਾਬ ਸਰਕਾਰ ਕਿਸੇ ਨਾ ਕਿਸੇ ਰੂਪ ਵਿਚ ਸਭ ਅੰਦੋਲਨਾਂ ਦਾ ਮੂੰਹ ਕੇਂਦਰ ਸਰਕਾਰ ਵੱਲ ਮੋੜਨ ਦੀ ਰਣਨੀਤੀ ਉੱਤੇ ਚੱਲਦੀ ਰਹੀ ਹੈ ਤੇ ਮੁੱਖ ਮੰਤਰੀ ਜਾਂ ਅਕਾਲੀ ਦਲ ਨੂੰ ਹੀ ਕਿਸਾਨਾਂ ਦਾ ਮਸੀਹਾ ਕਹਿ ਕੇ ਡੰਗ ਟਪਾਈ ਹੋ ਰਹੀ ਸੀ। ਨਰਮੇ 'ਤੇ ਚਿੱਟੇ ਮੱਛਰ ਤੇ ਬਾਸਮਤੀ ਦੀ 1509 ਕਿਸਮ ਦੀ ਖਰੀਦ ਦੇ ਮੁੱਦਿਆਂ ਨੇ ਅਕਾਲੀ ਦਲ ਦੀ ਕਿਸਾਨਾਂ ਵਿਚਲੀ ਸਾਖ ਨੂੰ ਸਭ ਤੋਂ ਵੱਧ ਖੋਰਾ ਲਾਇਆ ਹੈ। ਚਿੱਟੇ ਮੱਛਰ ਦੇ ਖਾਤਮੇ ਲਈ ਖੇਤੀ ਵਿਭਾਗ ਵੱਲੋਂ ਖਰੀਦੀ ਗੈਰ-ਮਿਆਰੀ ਦਵਾਈ ਲਈ ਜ਼ਿੰਮੇਵਾਰ ਰਸੂਖਵਾਨਾਂ ਤੇ ਅਧਿਕਾਰੀਆਂ ਵਿਰੁੱਧ ਸਮੇਂ ਸਿਰ ਕਾਰਵਾਈ ਨਾ ਕਰਨ ਤੇ ਨੁਕਸਾਨ ਦੀ ਰਾਹਤ ਲਈ 11-11 ਰੁਪਏ ਦੇ ਚੈਕ ਦੇਣ ਨਾਲ ਕਿਸਾਨਾਂ ਵਿਚ ਰੋਹ

(ਬਾਕੀ ਸਫਾ 6 'ਤੇ)



### ਅਕਾਲੀ ਦਲ ਦੀ ਨਵੀਂ ਰਣਨੀਤੀ

**ਚੰਡੀਗੜ੍ਹ:** ਅਕਾਲੀ ਦਲ ਨੂੰ ਕਿਸਾਨਾਂ ਦਾ ਸਾਥ ਟੁੱਟਣ ਦਾ ਖਤਰਾ ਮਹਿਸੂਸ ਹੋ ਰਿਹਾ ਹੈ। ਹਾਕਮ ਧਿਰ ਨੇ ਕੋਰ ਕਮੇਟੀ ਦੀ ਮੀਟਿੰਗ ਵਿਚ ਝੋਨੇ ਦੀ ਖਰੀਦ ਸ਼ਾਂਤਮਈ ਤਰੀਕੇ ਨਾਲ ਨੇਪਰੇ ਚਾੜ੍ਹਨ ਲਈ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਨੂੰ ਮੋਰਚਾ ਸੰਭਾਲਣ ਦੀਆਂ ਹਦਾਇਤਾਂ ਦਿੱਤੀਆਂ ਹਨ। ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਜ਼ਿਲ੍ਹਾ ਜਥੇਦਾਰਾਂ ਦੀ ਵੱਖਰੀ ਮੀਟਿੰਗ ਦੌਰਾਨ 'ਆਪ' ਦੇ ਉਭਾਰ ਨੂੰ ਰੋਕਣ ਲਈ ਪੇਸ਼ਬੰਦੀਆਂ ਉਤੇ ਵਿਚਾਰ ਕੀਤਾ ਗਿਆ। ਸ. ਬਾਦਲ ਨੇ ਹਿੰਦੂ, ਸਿੱਖ ਤੇ ਮੁਸਲਿਮ, ਤਿੰਨਾਂ ਵਰਗਾਂ ਨੂੰ ਖੁਸ਼ ਕਰਨ ਦਾ ਯਤਨ ਕਰਦਿਆਂ ਹਜ਼ੂਰ ਸਾਹਿਬ, ਬਨਾਰਸ ਤੇ ਅਜਮੇਰ ਸ਼ਰੀਫ਼ ਲਈ ਤਿੰਨ ਰੇਲ ਗੱਡੀਆਂ ਸਰਕਾਰੀ ਖਰਚੇ ਉਤੇ ਚਲਾਉਣ ਦਾ ਐਲਾਨ ਕੀਤਾ। ਸੁਖਬੀਰ ਸਿੰਘ ਬਾਦਲ ਨੇ ਵਿਧਾਨ ਸਭਾ ਹਲਕਿਆਂ ਲਈ ਖਜ਼ਾਨੇ ਦਾ ਮੂੰਹ ਖੋਲ੍ਹਣ ਦੀ ਰਣਨੀਤੀ ਅਪਣਾਉਂਦਿਆਂ ਹਰ ਹਲਕੇ ਨੂੰ 25-25 ਕਰੋੜ ਰੁਪਏ ਦੀਆਂ ਗਰਾਂਟਾਂ ਦੇਣ ਦਾ ਐਲਾਨ ਕੀਤਾ। ਨਵੰਬਰ ਮਹੀਨੇ ਤੋਂ ਵਿਧਾਨ ਸਭਾ ਹਲਕਾ ਪੱਧਰ ਉਤੇ ਰੈਲੀਆਂ ਕੀਤੀਆਂ ਜਾਣਗੀਆਂ।

## ਡੇਰਾ ਮੁਖੀ ਨੂੰ ਮੁਆਫੀ 'ਤੇ ਸਿੱਖਾਂ ਵਿਚ ਰੋਹ ਵਧਿਆ

### ਜਥੇਦਾਰ ਗਿਆਨੀ ਮੱਲ ਸਿੰਘ ਉਤੇ ਹਮਲਾ

**ਅੰਮ੍ਰਿਤਸਰ (ਗੁਰਵਿੰਦਰ ਸਿੰਘ ਵਿਰਕ):** ਡੇਰਾ ਸਿਰਸਾ ਮੁਖੀ ਨੂੰ ਮੁਆਫੀ ਦੇਣ ਦੇ ਮਾਮਲੇ ਉਤੇ ਤਖਤਾਂ ਦੇ ਜਥੇਦਾਰ ਸਿੱਖ ਜਗਤ ਦੇ ਰੋਹ ਦਾ ਸ਼ਿਕਾਰ ਹੋਣ ਲੱਗੇ ਹਨ। ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਮੱਲ ਸਿੰਘ ਉਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੀ ਇਕ ਮੁਲਾਜ਼ਮ ਵੱਲੋਂ ਹਮਲਾ ਕਰਨ ਪਿਛੋਂ ਜਥੇਦਾਰਾਂ ਵਿਚ ਸਹਿਮ ਵਧ ਗਿਆ ਹੈ। ਗਿਆਨੀ ਮੱਲ ਸਿੰਘ ਉਤੇ ਜੋਗਾ ਸਿੰਘ ਜੋ ਨਿਹੰਗ ਸਿੰਘ ਦੇ ਬਾਣੇ ਵਿਚ ਸੀ, ਨੇ ਉਸ ਸਮੇਂ ਹਮਲਾ ਕੀਤਾ ਜਦੋਂ ਉਹ ਮੈਨੇਜਰ ਦੇ ਦਫਤਰ ਵਿਚੋਂ ਬਾਹਰ ਆ ਰਹੇ ਸਨ। ਇਸ ਨੌਜਵਾਨ ਨੇ ਨੇੜੇ ਆ ਕੇ ਜਥੇਦਾਰ ਨੂੰ ਫਤਹਿ ਬੁਲਾਈ ਤੇ ਤੇਜ਼ਧਾਰ ਹਥਿਆਰ ਕੱਢ ਕੇ ਉਨ੍ਹਾਂ 'ਤੇ ਹਮਲਾ ਕਰ ਦਿੱਤਾ ਜਿਸ ਦੌਰਾਨ ਉਨ੍ਹਾਂ ਦੇ ਸੱਜੇ ਪੱਟ 'ਤੇ ਸੱਟ ਵੱਜੀ ਹੈ। ਸੁਰੱਖਿਆ ਮੁਲਾਜ਼ਮਾਂ ਨੇ ਬਾਅਦ ਵਿਚ ਹਮਲਾਵਰ ਨੂੰ ਪੁਲਿਸ ਹਵਾਲੇ ਕਰ ਦਿੱਤਾ। ਹਮਲਾਵਰ ਜੋਗਾ ਸਿੰਘ (25) ਵਾਸੀ ਪਿੰਡ ਮੋਹਲਕੇ ਜ਼ਿਲ੍ਹਾ ਅੰਮ੍ਰਿਤਸਰ ਦਾ ਰਹਿਣ ਵਾਲਾ ਹੈ ਤੇ ਉਹ ਗੁਰਦੁਆਰਾ ਬਾਬਾ ਗੁਰਦਿੱਤਾ ਜੀ ਵਿਖੇ ਆਰਜ਼ੀ ਪਾਠੀ ਵਜੋਂ 2013 ਤੋਂ ਨੌਕਰੀ ਕਰਦਾ ਹੈ।

(ਬਾਕੀ ਸਫਾ 6 'ਤੇ)



### ਮੁੜ ਵਿਚਾਰਿਆ ਜਾ ਸਕਦਾ ਹੈ ਮੁਆਫੀ ਦਾ ਮਾਮਲਾ

**ਸ੍ਰੀ ਅਨੰਦਪੁਰ ਸਾਹਿਬ:** ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਮੱਲ ਸਿੰਘ ਨੇ ਕਿਹਾ ਹੈ ਕਿ ਉਹ ਸਿੱਖਾਂ ਦੀਆਂ ਭਾਵਨਾਵਾਂ ਨਾਲ ਸਹਿਮਤ ਹਨ, ਜੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਚਾਹੁਣ ਤਾਂ ਡੇਰਾ ਮੁਖੀ ਨੂੰ ਮੁਆਫੀ ਦੇ ਮਸਲੇ 'ਤੇ ਮੁੜ ਵਿਚਾਰ ਹੋ ਸਕਦੀ ਹੈ। ਉਨ੍ਹਾਂ ਮੰਨਿਆ ਕਿ ਇਸ ਫੈਸਲੇ ਨਾਲ ਸਿੱਖ ਨਾਰਾਜ਼ ਹੋਏ ਹਨ।

We Do Real Estate in Bay Area & Central Valley
We do loans anywhere in California
Cell: 408-816-0408
Tel: 209-918-6464
Fax: 866-594-4680
email: realtoramanhundal@gmail.com
AMAN S. HUNDAL
Broker/Realtor/MBA
BRE# 01839828
NMLS# 162808
Alltime Realty & Mortgage
16 Corning Ave, Ste. 230, Milpitas, CA 92035
3819 Northern Oak Dr., Ceres, CA 95307
CDPE, SFR *LAR 2010, 2011, 2012 Masters Club
Masters Emerald Award 2010, 2011

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja SWEETS & CATERING
AUTHORIZED CATERER FOR MAJOR 5-STAR HOTELS
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਾਰਟੀ ਲਈ ਦਸ ਹਜ਼ਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Call Makhan Bains or Ravinder Singh for your next Party 1-866-FOR RAJA www.RajaSweets.com

Law Office of
Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)
Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-924-1617
Email: manpreet@gahralaw.com

## ਆਮ ਆਦਮੀ ਪਾਰਟੀ ਦੇ ਕਾਰਕੁਨਾਂ ਦੀ ਮੀਟਿੰਗ 10 ਨੂੰ

**ਫਰਿਜ਼ਨੋ (ਬਿਊਰੋ):** ਆਮ ਆਦਮੀ ਪਾਰਟੀ (ਆਪ) ਦੇ ਕਾਰਕੁਨਾਂ ਦੀ ਇਕ ਮੀਟਿੰਗ ਇਥੇ ਇੰਡੀਆ ਓਵਨ ਰੈਸਟੋਰੈਂਟ (3035 ਵੈਸਟ ਐਸ਼ਲਿਨ ਐਵਨਿਊ) ਵਿਚ ਸਨਿਚਰਵਾਰ, 10 ਅਕਤੂਬਰ ਨੂੰ ਸ਼ਾਮੀਂ 2 ਤੋਂ 5 ਵਜੇ ਤੱਕ ਰੱਖੀ ਗਈ ਹੈ।

ਬੇਅ ਏਰੀਏ ਤੋਂ ਪਾਰਟੀ ਮੈਂਬਰ ਇਸ ਮੀਟਿੰਗ ਵਿਚ ਹਿੱਸਾ ਲੈਣ ਲਈ ਉਚੇਚੇ ਤੌਰ 'ਤੇ ਪਹੁੰਚ ਰਹੇ ਹਨ ਅਤੇ ਉਹ 'ਆਪ' ਸੁਪੋਰਟਰਾਂ ਨੂੰ ਪਾਰਟੀ ਦੇ 2017 ਪੰਜਾਬ ਵਿਧਾਨ ਸਭਾ ਚੋਣਾਂ ਸਬੰਧੀ ਏਜੰਡੇ ਤੋਂ ਜਾਣੂ ਕਰਵਾਉਣਗੇ ਤੇ ਪਾਰਟੀ ਦੇ ਪ੍ਰੋਗਰਾਮਾਂ ਬਾਰੇ ਜਾਣਕਾਰੀ ਦੇਣਗੇ।

ਹੋਰ ਜਾਣਕਾਰੀ ਫੋਨ: (559)-333-5776 ਜਾਂ (559) 916-6953 ਰਾਹੀਂ ਲਈ ਜਾ ਸਕਦੀ ਹੈ।

M.K. Nijjar DDS
Ruchi Nijjar DDS

Laser Dentistry
No shots, No Drill,
No Pain.
Family Dentistry
Cosmetic Dentistry

Esthetic Crowns, Bridges & Dentures Teeth Whitening * Oral Surgery Root Canal Treatments
Treatments & Prevention of Gum Diseases New Patients & Children Welcome

510-794-7058
WWW.DRNIJJAR.COM
(Across From Washigton Hospital & Bart)
1895 Mowry Ave. Ste 104 Fremont

ONE | REALTYONEGROUP AMERICAN

ਕਿਰਾਏ ਵਿਚ ਅਜਾਈਂ ਜਾ ਰਹੇ ਹਜ਼ਾਰਾਂ ਡਾਲਰਾਂ ਨੂੰ ਆਪਣੇ ਘਰ ਦੀ ਕਿਸ਼ਤ ਵਿਚ ਲਾਉ
ਵਿਆਜ ਦੀਆਂ ਦਰਾਂ ਸਸਤੀਆਂ ਹੋਣ ਕਾਰਨ ਆਪਣਾ ਘਰ ਲੈਣ ਲਈ ਢੁਕਵਾਂ ਸਮਾਂ

ਆਪਣਾ ਘਰ ਖਰੀਦਣ ਜਾਂ ਵੇਚਣ ਵਾਸਤੇ ਸਲਾਹ ਲਈ ਇੱਕ ਵਾਰ ਸੰਪਰਕ ਕਰੋ



ਜਗਦੇਵ ਸਿੰਘ
ਫੋਨ: 510-689-4625

REALTOR EQUAL HOUSING OPPORTUNITY

JAGDEV SINGH
Realtor
CalBre #01423409
42820 Albrae, St.,
Fremont, CA 94538

H K TRANSPORT INC
HK Trans
Division of HK Incorporated
1401 West Ray St, Indianapolis, IN 46221
Ph: 317-408-3211, web: www.hktransportinc.com



ਓਨਰ ਅਪਰੇਟਰਾਂ ਅਤੇ ਡਰਾਈਵਰਾਂ ਦੀ ਲੋੜ ਹੈ

ਸਾਰੀਆਂ 48 ਸਟੇਟਾਂ ਲਈ, ਡਰਾਈ ਫਰੇਟ, 100% ਨੋ ਟੱਚ, ਬਰੈਂਡ ਨਿਊ ਟਰੱਕ/ਟਰੇਲਰ, ਡਾਇਰੈਕਟ ਡਿਪੋਜ਼ਿਟ, ਮੈਡੀਕਲ ਸਹੂਲਤਾਂ ਅਤੇ 5000 ਡਾਲਰ ਸਾਈਨ-ਇਨ ਬੋਨਸ

| ਓਨਰ ਅਪਰੇਟਰਾਂ ਲਈ | ਡਰਾਈਵਰਾਂ ਲਈ |
|---|---|
| *92% ਫਲੈਟ ਡਿਸਪੈਚ<br>*30 ਸੈਂਟ/ਗੈਲਨ ਤੱਕ ਫਿਊਲ ਡਿਸਕਾਊਂਟ<br>*ਬਰੈਂਡ ਨਿਊ ਟਰੇਲਰ<br>*ਨੈਸ਼ਨਲ ਟਾਇਰ ਰਿਬੇਟ ਪ੍ਰੋਗਰਾਮ | *48 ਸੈਂਟ ਤੱਕ ਪ੍ਰਤੀ ਮੀਲ<br>*95% ਲੋਡ ਯਾਰਡ 'ਚ ਹੁੱਕ ਐਂਡ ਡਰਾਪ<br>*ਵਧੀਆ ਅਤੇ ਸਾਫ ਸੁਥਰੇ ਟਰੱਕ |

ਡਰਾਈਵਰਾਂ ਅਤੇ ਓਨਰ ਅਪਰੇਟਰਾਂ ਲਈ ਡਾਇਰੈਕਟ ਡਿਪਾਜ਼ਿਟ ਅਤੇ ਵੀਕਲੀ ਪੇਅ

ਲੋੜੀਂਦੀ ਯੋਗਤਾ:
■ਕਲਾਸ ਏ ਸੀ ਡੀ ਐਲ ਅਤੇ ਸਾਫ-ਸੁਥਰਾ ਰਿਕਾਰਡ ਹੋਵੇ ■ਉਮਰ ਘੱਟੋ ਘੱਟ 23 ਸਾਲ
■ਘੱਟੋ ਘੱਟ 2 ਸਾਲ ਦਾ ਓ ਟੀ ਆਰ ਅਤੇ ਕੁਲ 5 ਸਾਲ ਦਾ ਤਸਦੀਕਯੋਗ ਤਜ਼ਰਬਾ ਹੋਵੇ।

ਤੁਸੀਂ ਸਾਡੇ 'ਲੀਜ਼ ਟੂ ਬਾਈ' ਪ੍ਰੋਗਰਾਮ ਦਾ ਲਾਭ ਵੀ ਉਠਾ ਸਕਦੇ ਹੋ
ਡਾਇਰੈਕਟ ਡਿਪਾਜ਼ਿਟ ਅਤੇ ਪੰਪ 'ਤੇ ਫਿਊਲ ਰਿਬੇਟ

ਸੰਪਰਕ ਕਰੋ: ਫੋਨ 317-408-3211
ਜਾਂ ਵੈਬ ਸਾਈਟ www.hktransportinc.com 'ਤੇ ਅਰਜੀ ਭਰੋ

Imperial Truck Driving School
3506 Nielsen Ave., Fresno, CA 93706

ਖੁਸ਼ਖਬਰੀ ! ਖੁਸ਼ਖਬਰੀ ! !
ਖੁਲ੍ਹ ਗਿਆ ਹੈ ਇੰਪੀਰੀਅਲ ਟਰੱਕ ਡਰਾਈਵਿੰਗ ਸਕੂਲ




ਟਰੇਨਿੰਗ ਦੇਣ ਲਈ ਅਨੁਭਵੀ ਅਤੇ ਵਧੀਆ ਟਰੇਨਰ
ਲਾਇਸੈਂਸ ਲੈਣ ਤੋਂ ਬਾਅਦ ਜਾਬ ਲੱਭਣ ਵਿਚ ਮਦਦ ਕਰਾਂਗੇ
ਟਰੇਨਿੰਗ ਲਈ ਵਧੀਆ ਨਵੇਂ ਟਰੱਕ, ਵਾਜਬ ਫੀਸ

ਰਹਿਣ ਵਾਸਤੇ ਖਾਸ ਪ੍ਰਬੰਧ

Ph: 559-266-4000, Cell: 916-470-5520

# ਡੇਰਾ ਸਿਰਸਾ ਮੁਖੀ ਨੂੰ ਮੁਆਫੀਨਾਮਾ

# ਆਪਣੇ ਫੈਸਲੇ 'ਤੇ ਮੁੜ ਵਿਚਾਰ ਕਰਨ ਦੀ ਅਕਾਲ ਤਖਤ ਨੂੰ ਅਪੀਲ

**ਫਰਿਜ਼ਨੋ:** ਸ੍ਰੀ ਅਕਾਲ ਤਖਤ ਦੇ ਜਥੇਦਾਰ ਅਤੇ ਹੋਰ ਸਿੰਘ ਸਾਹਿਬਾਨ ਨੇ ਡੇਰਾ ਸੱਚਾ ਸੌਦਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਨੂੰ, ਜੋ ਮੁਆਫੀਨਾਮਾ ਦਿੱਤਾ ਹੈ, ਉਹ ਸਿੱਖ ਕੌਮ ਦੀਆਂ ਭਾਵਨਾਵਾਂ ਦੇ ਉਲਟ ਹੈ ਅਤੇ ਅਕਾਲ ਤਖਤ ਦੇ ਜਥੇਦਾਰ ਨੂੰ ਇਸ















ਮੁਆਫੀਨਾਮੇ 'ਤੇ ਮੁੜ ਵਿਚਾਰ ਕਰਕੇ ਇਸ ਨੂੰ ਵਾਪਸ ਲੈ ਲੈਣਾ ਚਾਹੀਦਾ ਹੈ। ਇਹ ਬੇਨਤੀ ਇਥੇ ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਵਿਖੇ ਕੈਲੀਫੋਰਨੀਆ ਦੇ ਗੁਰਦੁਆਰਾ ਸਾਹਿਬਾਨ ਦੀਆਂ ਪ੍ਰਬੰਧਕ ਕਮੇਟੀਆਂ ਅਤੇ ਸਿੱਖ ਜਥੇਬੰਦੀਆਂ ਦੀ ਇਕ ਮੀਟਿੰਗ ਵਿਚ ਅਕਾਲ ਤਖਤ ਨੂੰ ਕੀਤੀ ਗਈ।

ਲੰਘੇ ਐਤਵਾਰ ਨੂੰ ਦੁਪਹਿਰ 12:30 ਵਜੇ ਤੋਂ ਸ਼ਾਮ 5 ਵਜੇ ਵਜੇ ਤੱਕ ਚੱਲੀ ਇਸ ਮੀਟਿੰਗ ਵਿਚ ਕੋਈ 25 ਗੁਰੂ ਘਰਾਂ ਦੀਆਂ ਕਮੇਟੀਆਂ ਦੇ ਨੁਮਾਇੰਦੇ ਹਾਜ਼ਰ ਹੋਏ। ਇਸ ਤੋਂ ਇਲਾਵਾ ਕੁਲ 45 ਗੁਰਦੁਆਰਾ ਪ੍ਰਬੰਧਕ ਕਮੇਟੀਆਂ, ਗਲੋਬਲ ਸਿੱਖ ਕੌਂਸਲ ਅਤੇ ਅਮਰੀਕਨ ਸਿੱਖ ਕੌਂਸਲ ਦੇ ਮੈਂਬਰਾਂ ਨੇ ਲਿਖਤੀ ਰੂਪ ਵਿਚ ਅਕਾਲ ਤਖਤ ਸਾਹਿਬ ਦੇ ਜਥੇਦਾਰ ਵਲੋਂ ਗੁਰਮੀਤ ਰਾਮ ਰਹੀਮ ਸਿੰਘ ਨੂੰ ਦਿੱਤੀ ਗਈ ਮੁਆਫੀ ਦੇ ਵਿਰੁਧ ਆਪਣੀਆਂ ਭਾਵਨਾਵਾਂ ਜਾਹਰ ਕੀਤੀਆਂ। ਮੀਟਿੰਗ ਵਿਚ ਸਰਬਸੰਮਤ ਰਾਏ ਸੀ ਕਿ ਜਥੇਦਾਰ ਸਾਹਿਬਾਨ ਇਹ ਮੁਆਫੀਨਾਮਾ ਤੁਰਤ ਰੱਦ ਕਰਨ ਕਿਉਂਕਿ ਇਸ ਨਾਲ ਸ੍ਰੀ ਅਕਾਲ ਤਖਤ ਦੀ ਆਨ-ਸ਼ਾਨ ਅਤੇ ਮਾਣ ਮਰਿਆਦਾ ਨੂੰ ਵੱਡੀ ਢਾਹ ਲੱਗੀ ਹੈ। ਸਮੁੱਚਾ ਪੰਥ ਆਪਣੇ ਆਪ ਨੂੰ ਠੱਗਿਆ ਗਿਆ ਮਹਿਸੂਸ ਕਰਦਾ ਹੈ।

ਬੁਲਾਰਿਆਂ ਨੇ ਕਿਹਾ ਕਿ ਸੰਗਤ ਵਿਚ ਇਹ ਵੀ ਆਮ ਪ੍ਰਭਾਵ ਹੈ ਕਿ ਮੁਆਫੀਨਾਮਾ 2017 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਨੂੰ ਮੁੱਖ ਰੱਖ ਕੇ ਸਿਆਸੀ ਆਗੂਆਂ ਦੇ ਦਬਾਅ ਹੇਠ ਲਿਆ ਗਿਆ ਹੈ। ਸਿੱਖ ਸੰਗਤਾਂ 2007 ਦੇ ਉਸ ਵਰਤਾਰੇ ਨੂੰ ਭੁੱਲੀਆਂ ਨਹੀਂ ਹਨ ਜਦੋਂ ਇਸ 'ਪਾਖੰਡੀ ਸਾਧ' ਨੇ ਦਸ਼ਮੇਸ਼ ਪਿਤਾ ਜਿਹਾ ਬਾਣਾ ਪਾ ਕੇ ਅੰਮ੍ਰਿਤ ਸੰਚਾਰ ਦੀ ਨਕਲ ਕਰਦਿਆਂ ਜਾਮ-ਏ-ਇੰਸਾਂ ਛਕਾਉਣ ਦਾ ਢੌਂਗ ਰਚਾ ਕੇ ਸਿੱਖ ਕੌਮ ਦੀਆਂ ਭਾਵਨਾਵਾਂ ਨੂੰ ਭੜਕਾਇਆ ਸੀ। ਇਸ ਪਿਛੋਂ ਵਾਪਰੀਆਂ ਘਟਨਾਵਾਂ ਵਿਚ ਨਾ ਸਿਰਫ ਕਈ ਸਿੱਖ ਪੁਲਿਸ ਗੋਲੀ ਨਾਲ ਮਾਰੇ ਗਏ ਸਨ ਸਗੋਂ ਅੱਜ ਤੱਕ ਵੀ ਕਈਆਂ ਨੂੰ ਅਦਾਲਤਾਂ ਦੇ ਚੱਕਰ ਕੱਟਣੇ ਪੈ ਰਹੇ ਹਨ। ਸਿਰਸਾ ਸਾਧ ਨੂੰ ਦਿੱਤਾ ਗਿਆ ਮੁਆਫੀਨਾਮਾ ਉਨ੍ਹਾਂ ਸਿੱਖਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨਾਲ ਸਰਾਸਰ ਬੇਇਨਸਾਫੀ ਹੈ। ਇਸ ਸਭ ਨੂੰ ਮੁੱਖ ਰੱਖਦਿਆਂ ਸਿਰਸਾ ਸਾਧ ਵਲੋਂ ਭੇਜੇ ਗਏ ਇਕ ਕਾਗਜ਼ ਦੇ ਟੁਕੜੇ ਦੇ ਆਧਾਰ 'ਤੇ ਮੁਆਫੀ ਦੇਣ ਦੀ ਕੋਈ ਤੁਕ ਨਹੀਂ ਬਣਦੀ।

ਹਾਜ਼ਰ ਸੰਗਤਾਂ ਨੇ ਇਹ ਵੀ ਸਪੱਸ਼ਟ ਕੀਤਾ ਕਿ ਸੰਗਤ ਅਕਾਲ ਤਖਤ ਸਾਹਿਬ ਦੀ ਮਾਣ ਮਰਿਆਦਾ ਅਤੇ ਜਥੇਦਾਰ ਸਾਹਿਬਾਨ ਦੇ ਅਹੁਦਿਆਂ ਦਾ ਦਿਲੋਂ ਸਤਿਕਾਰ ਕਰਦੀ ਹੈ, ਸੋ ਜਥੇਦਾਰ ਸਾਹਿਬਾਨ ਨੂੰ ਵੀ ਬੇਨਤੀ ਹੈ ਕਿ ਉਹ ਆਪਣੇ ਅਹੁਦਿਆਂ ਦੀ ਮਾਣ ਮਰਿਆਦਾ ਦਾ ਖਿਆਲ ਰੱਖਣ। ਇਸ ਮੌਕੇ ਸੰਗਤ ਨੇ ਪੰਥ ਵਿਰੋਧੀ ਤਾਕਤਾਂ ਨੂੰ ਵੀ ਸਖਤ ਤਾੜਨਾ ਕੀਤੀ ਕਿ ਉਹ ਇਹ ਭੁਲੇਖਾ ਆਪਣੇ ਮਨੋਂ ਕੱਢ ਦੇਣ ਕਿ ਉਹ ਸ੍ਰੀ ਅਕਾਲ ਤਖਤ ਤੋਂ ਪੰਥ ਵਿਰੋਧੀ ਫੈਸਲੇ ਕਰਵਾ ਕੇ ਪੰਥ ਨੂੰ ਦੋਫਾੜ ਕਰਵਾ ਸਕਦੀਆਂ ਹਨ ਜਾਂ ਇਨ੍ਹਾਂ ਅਹੁਦਿਆਂ ਦਾ ਸਤਿਕਾਰ ਘਟਾ ਸਕਦੀਆਂ ਹਨ।

ਇਕੱਤਰ ਸੰਗਤ ਨੇ ਇਹ ਵੀ ਜਾਹਰ ਕੀਤਾ ਕਿ ਮੁਆਫੀਨਾਮੇ ਦੇ ਇਸ ਫੈਸਲੇ ਪਿਛੇ ਕੰਮ ਕਰਦੀਆਂ ਤਾਕਤਾਂ ਦਾ ਸਿੱਖ ਕੌਮ ਨੂੰ ਚੰਗੀ ਤਰ੍ਹਾਂ ਪਤਾ ਹੈ ਅਤੇ ਜਦੋਂ ਇਹ ਲੋਕ ਕੈਲੀਫੋਰਨੀਆ ਦੇ ਗੁਰੂ ਘਰਾਂ ਵਿਚ ਆਉਣ ਤਾਂ ਸੰਗਤ ਦੇ ਗੁੱਸੇ ਅਤੇ ਵਿਰੋਧ ਦਾ ਸਾਹਮਣਾ ਕਰਨ ਲਈ ਤਿਆਰ ਰਹਿਣ।

ਸਟੇਜ ਸੰਚਾਲਨ ਕਰਦਿਆਂ ਭਾਈ ਜਗਰੂਪ ਸਿੰਘ ਨੇ ਸਿਰਸੇ ਸਾਧ ਅਤੇ ਪੰਥ ਵਿਚ ਪਿਛਲੇ ਦਿਨੀਂ ਵਾਪਰੀਆਂ ਸਾਰੀਆਂ ਘਟਨਾਵਾਂ ਦੀ ਜਾਣਕਾਰੀ ਸੰਗਤ ਨਾਲ ਸਾਂਝੀ ਕੀਤੀ। ਜਿਨ੍ਹਾਂ ਬੁਲਾਰਿਆਂ ਨੇ ਮੀਟਿੰਗ ਵਿਚ ਆਪਣੇ ਵਿਚਾਰ ਪ੍ਰਗਟਾਏ, ਉਨ੍ਹਾਂ ਵਿਚ ਹੋਰਨਾਂ ਤੋਂ ਇਲਾਵਾ ਮਨਜੀਤ ਸਿੰਘ ਪੱਤੜ (ਲੋਡਾਈ), ਸੁਰਿੰਦਰ ਸਿੰਘ (ਕਲੋਵਸ), ਭਾਈ ਅਵਤਾਰ ਸਿੰਘ (ਮੁੱਖ ਸੇਵਾਦਾਰ ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਫਰਿਜ਼ਨੋ), ਗਿਆਨੀ ਗੁਰਵਿੰਦਰ ਸਿੰਘ (ਕਥਾਵਾਚਕ), ਜਸਵਿੰਦਰ ਸਿੰਘ (ਬੇਕਰਜ਼ਫੀਲਡ), ਮਹਿੰਦਰ ਸਿੰਘ ਸੰਧਾਵਾਲੀਆ (ਸੈਲਮਾ), ਗਿਆਨੀ ਲਖਵਿੰਦਰ ਸਿੰਘ (ਟਰੇਸੀ), ਗੁਰਚਰਨ ਸਿੰਘ ਢਿੱਲੋਂ (ਬੇਕਰਜ਼ਫੀਲਡ), ਭਾਈ ਦਲਜੀਤ ਸਿੰਘ (ਸਟਾਕਟਨ), ਜਗਪਾਲ ਸਿੰਘ (ਬੇਕਰਜ਼ਫੀਲਡ), ਜਤਿੰਦਰ ਸਿੰਘ (ਫਰਿਜ਼ਨੋ), ਭਾਈ ਦਲਵੀਰ ਸਿੰਘ (ਟਰਲਕ) ਅਤੇ ਭਾਈ ਕੁਲਵੀਰ ਸਿੰਘ (ਮਨਟੀਕਾ) ਸ਼ਾਮਲ ਸਨ।



ਮੀਟਿੰਗ ਦੇ ਅਖੀਰ ਵਿਚ ਹਾਜ਼ਰ ਸਾਧ ਸੰਗਤ ਨੇ ਜੈਕਾਰਿਆਂ ਦੀ ਗੂੰਜ ਵਿਚ ਪ੍ਰਗਟਾਏ ਗਏ ਵਿਚਾਰਾਂ ਨਾਲ ਆਪਣੀ ਸਹਿਮਤੀ ਪ੍ਰਗਟਾਈ।



ਇਸ ਮੌਕੇ ਭਾਈ ਹਰਪ੍ਰੀਤ ਸਿੰਘ ਅਤੇ ਭਾਈ ਰਾਜਵਿੰਦਰ ਸਿੰਘ ਬਰਾੜ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਸਮੂਹ ਗੁਰੂ ਘਰਾਂ ਦੀਆਂ ਕਮੇਟੀਆਂ ਦੀ ਅਗਲੀ ਮੀਟਿੰਗ 17 ਅਕਤੂਬਰ, ਸਨਿਚਰਵਾਰ ਨੂੰ ਦੁਪਹਿਰ 12 ਵਜੇ ਗੁਰਦੁਆਰਾ ਸਟਾਕਟਨ ਵਿਖੇ ਹੋਵੇਗੀ ਜਿਸ ਵਿਚ ਮੁਆਫੀਨਾਮੇ 'ਤੇ ਮੁੜ ਵਿਚਾਰ ਤੇ ਇਸ ਨੂੰ ਰੱਦ ਨਾ ਕੀਤੇ ਜਾਣ ਦੀ ਸੂਰਤ ਵਿਚ ਸੰਗਤ ਸਖਤ ਫੈਸਲੇ ਲੈ ਸਕਦੀ ਹੈ। ਉਸ ਦਿਨ ਦੂਸਰਾ ਮੁੱਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਵਿਦੇਸ਼ਾਂ ਵਿਚ ਵੱਸਦੀ ਸੰਗਤ ਦੇ ਮੈਂਬਰ ਲਏ ਜਾਣ ਸਬੰਧੀ ਹੋਵੇਗਾ।

# ਆਮ ਆਦਮੀ ਪਾਰਟੀ ਦੇ 'ਗ੍ਰਹਿ ਯੁੱਧ' ਨੇ ਲਿਆ ਨਵਾਂ ਮੋੜ

**ਜਲੰਧਰ:** ਪੰਜਾਬ ਵਿਚ ਆਮ ਆਦਮੀ ਪਾਰਟੀ ਦਾ ਅੰਦਰੂਨੀ ਕਲੇਸ਼ ਸਿਖਰ 'ਤੇ ਹੈ। ਪਾਰਟੀ ਖੜ੍ਹੀ ਕਰਨ ਵਾਲੇ ਸ਼ੁਰੂਆਤੀ ਦੌਰ ਦੇ ਤਕਰੀਬਨ 250 ਵਾਲੰਟੀਅਰਜ਼ ਦੇ ਧੜੇ ਨੇ 'ਆਪ' ਨਾਲੋਂ ਵੱਖ ਹੋਣ ਦਾ ਫੈਸਲਾ ਕਰਦਿਆਂ 'ਆਮ ਆਦਮੀ ਵਾਲੰਟੀਅਰਜ਼ ਫਰੰਟ' ਬਣਾਉਣ ਦਾ ਐਲਾਨ ਕੀਤਾ ਹੈ। ਇਸ ਫਰੰਟ ਨੂੰ 'ਆਪ' ਦੇ ਦੋ ਸੰਸਦ ਮੈਂਬਰਾਂ ਧਰਮਵੀਰ ਗਾਂਧੀ ਤੇ ਹਰਿੰਦਰ ਸਿੰਘ ਖਾਲਸਾ ਨੇ ਹਮਾਇਤ ਦਿੱਤੀ ਹੈ।

ਪੰਜਾਬ ਵਿਚ ਆਮ ਆਦਮੀ ਪਾਰਟੀ ਨੂੰ ਸ਼ੁਰੂਆਤੀ ਦੌਰ ਵਿਚ ਪੱਕੇ ਪੈਰੀਂ ਕਰਨ ਵਾਲੇ ਸੂਬੇ ਭਰ ਤੋਂ ਆਏ ਵਾਲੰਟੀਅਰਜ਼ ਨੇ 'ਆਪ' ਉਤੇ ਸਿਧਾਂਤਾਂ ਤੋਂ ਭਟਕ ਜਾਣ ਦਾ ਦੋਸ਼ ਲਾਉਂਦਿਆਂ ਸਥਾਨਕ ਦੇਸ਼ ਭਗਤ ਯਾਦਗਾਰ ਹਾਲ ਵਿਚ ਮੀਟਿੰਗ ਕੀਤੀ। ਮੀਟਿੰਗ ਵਿਚ ਪਟਿਆਲਾ ਤੋਂ 'ਆਪ' ਦੇ ਸੰਸਦ ਮੈਂਬਰ ਧਰਮਵੀਰ ਗਾਂਧੀ ਤੇ ਤਹਿਗੜ੍ਹ ਸਾਹਿਬ ਤੋਂ ਸੰਸਦ ਮੈਂਬਰ ਹਰਿੰਦਰ ਸਿੰਘ ਖਾਲਸਾ ਨੇ ਹਿੱਸਾ ਲਿਆ। ਇਹ ਦੋਵੇਂ ਸੰਸਦ ਮੈਂਬਰ ਵੱਖਰਾ ਫਰੰਟ ਬਣਾਉਣ ਬਾਰੇ ਕੀਤੀ ਪ੍ਰੈੱਸ ਕਾਨਫਰੰਸ ਵਿਚੋਂ ਗੈਰਹਾਜ਼ਰ ਰਹੇ ਪਰ ਜਿਸ ਮੀਟਿੰਗ ਵਿਚ ਵੱਖਰਾ ਫਰੰਟ ਬਣਾਉਣ ਦਾ ਫੈਸਲਾ ਕੀਤਾ ਗਿਆ, ਉਸ ਮੀਟਿੰਗ ਵਿਚ ਇਹ ਦੋਵੇਂ ਹਾਜ਼ਰ ਸਨ। ਇਸ ਦੌਰਾਨ ਉਨ੍ਹਾਂ ਨੇ 'ਆਪ' ਦੀਆਂ ਨੀਤੀਆਂ ਦੀ ਆਲੋਚਨਾ ਕੀਤੀ।

ਇਨ੍ਹਾਂ ਵਲੰਟੀਅਰਾਂ ਨੇ ਦੋਸ਼ ਲਾਇਆ ਕਿ 'ਆਪ' ਜਿਹੜੀ ਬਦਲਵੀਂ ਸਿਆਸਤ ਦੇ ਇਰਾਦੇ ਨਾਲ ਹੋਂਦ ਵਿਚ ਆਈ ਸੀ, ਉਸ ਰਸਤੇ ਤੋਂ ਪਾਰਟੀ ਭਟਕ ਚੁੱਕੀ ਹੈ। ਫਰੰਟ ਵੱਲੋਂ 101 ਮੈਂਬਰੀ ਸਟੇਟ ਕੌਂਸਲ ਬਣਾਈ ਜਾਵੇਗੀ ਤੇ 11 ਮੈਂਬਰੀ ਸਟੇਟ ਐਗਜ਼ੈਕਟਿਵ ਬਣਾਈ ਜਾਵੇਗੀ। ਇਸ ਤਰ੍ਹਾਂ ਜ਼ਿਲ੍ਹਾ ਪੱਧਰੀ ਢਾਂਚਾ ਖੜ੍ਹਾ ਕੀਤਾ ਜਾਵੇਗਾ। ਹਰ ਜ਼ਿਲ੍ਹੇ ਵਿਚ 11 ਮੈਂਬਰੀ ਤਾਲਮੇਲ ਕਮੇਟੀ ਬਣਾਈ ਜਾਵੇਗੀ। ਉਨ੍ਹਾਂ ਕਿਹਾ ਕਿ ਫਰੰਟ ਨੂੰ ਹੇਠਾਂ ਤੋਂ ਉਪਰ ਵੱਲ ਨੂੰ ਮਜ਼ਬੂਤ ਕੀਤਾ ਜਾਵੇਗਾ ਨਾ ਕਿ 'ਆਪ' ਵਾਂਗ ਦਿੱਲੀ ਤੋਂ ਆਗੂ ਥੋਪੇ ਜਾਣਗੇ। ਫਰੰਟ ਆਪਣੇ ਆਪ ਨੂੰ ਜ਼ਮੀਨੀ ਪੱਧਰ 'ਤੇ ਮਜ਼ਬੂਤ ਕਰੇਗਾ ਤਾਂ ਜੋ 2017 ਦੀਆਂ ਵਿਧਾਨ ਸਭਾ ਚੋਣਾਂ ਵਿਚ ਟੱਕਰ ਦਿੱਤੀ ਜਾ ਸਕੇ। ਇਨ੍ਹਾਂ ਆਗੂਆਂ ਨੇ ਇਸ ਗੱਲ ਤੋਂ ਸਾਫ ਇਨਕਾਰ ਕੀਤਾ ਕਿ ਉਨ੍ਹਾਂ ਦਾ ਯੋਗੇਂਦਰ ਯਾਦਵ ਦੇ ਸਵਰਾਜ ਨਾਲ ਕੋਈ ਸਬੰਧ ਹੈ। ਉਨ੍ਹਾਂ ਦੱਸਿਆ ਕਿ ਡਾ. ਦਲਜੀਤ ਸਿੰਘ ਦੀ ਸਿਹਤ ਖਰਾਬ ਹੈ, ਜਿਸ ਕਰ ਕੇ ਉਹ ਨਹੀਂ ਪਹੁੰਚ ਸਕੇ। ਡਾ. ਸਮੇਲ ਸਿੰਘ ਸਿੱਧੂ ਨੇ ਵੀ ਫਰੰਟ ਨੂੰ ਹਮਾਇਤ ਦੇਣ ਦੀ ਹਾਮੀ ਭਰੀ ਹੈ। 'ਆਪ' ਵੱਲੋਂ ਦੂਜੇ ਸੂਬਿਆਂ ਤੋਂ ਆਗੂ ਥੋਪੇ ਜਾਣ ਬਾਰੇ ਧਰਮਵੀਰ ਗਾਂਧੀ ਨੇ ਕਿਹਾ ਕਿ ਪੰਜਾਬੀਆਂ ਦੇ ਤਾਂ ਖੂਨ ਵਿਚ ਸਿਆਸਤ ਹੈ ਤੇ ਇਥੋਂ ਦੇ ਲੋਕ ਸੂਝਵਾਨ ਤੇ ਦਲੇਰ ਹਨ। ਸੰਸਦ ਮੈਂਬਰ ਖਾਲਸਾ ਨੇ ਕਿਹਾ ਕਿ ਕੀ ਹੁਣ ਯੂ.ਪੀ. ਜਾਂ ਬਿਹਾਰ ਤੋਂ ਥੋਪੇ ਗਏ ਆਗੂ ਪੰਜਾਬੀਆਂ ਨੂੰ ਸਿਆਸਤ ਕਰਨੀ ਸਿਖਾਉਣਗੇ? ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਸਿਆਸਤ ਪੱਖੋਂ ਸੁਚੇਤ ਹਨ ਤੇ ਔਖੇ ਵੇਲੇ ਦੌਰਾਨ ਕੰਮ ਕਰਨਾ ਜਾਣਦੇ ਹਨ।

### ਵਾਲੰਟੀਅਰਾਂ ਵੱਲੋਂ 'ਆਪ' ਨਾਲੋਂ ਵੱਖ ਹੋਣ ਦਾ ਫੈਸਲਾ




### ਛੋਟੇਪੁਰ ਵੱਲੋਂ ਅਹੁਦਾ ਛੱਡਣ ਦੀ ਪੇਸ਼ਕਸ਼



**ਚੰਡੀਗੜ੍ਹ:** ਆਮ ਆਦਮੀ ਪਾਰਟੀ ਪੰਜਾਬ ਦੇ ਕਨਵੀਨਰ ਸੁੱਚਾ ਸਿੰਘ ਛੋਟੇਪੁਰ ਨੇ ਏਕੇ ਲਈ ਅਹੁਦਾ ਛੱਡਣ ਦੀ ਪੇਸ਼ਕਸ਼ ਕੀਤੀ ਹੈ। ਉਨ੍ਹਾਂ ਕਿਹਾ ਕਿ ਜੇਕਰ ਪਾਰਟੀ ਵਿਚੋਂ ਵੱਖ ਹੋ ਰਹੇ 'ਵਾਲੰਟੀਅਰ' ਇਸ ਸ਼ਰਤ 'ਤੇ ਵਾਪਸ ਆਉਣ ਲਈ ਤਿਆਰ ਹਨ ਤਾਂ ਉਨ੍ਹਾਂ ਨੂੰ ਅਹੁਦੇ ਨਾਲ ਚਿਪਕੇ ਰਹਿਣ ਦਾ ਕੋਈ ਚਾਅ ਨਹੀਂ ਹੈ। ਬਸ਼ਰਤੇ ਉਹ ਵਾਲੰਟੀਅਰ, ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਦੀ ਅਗਵਾਈ ਵਿਚ ਤੁਰਨ ਦਾ ਵਾਅਦਾ ਦੇਣ। 'ਆਪ' ਤੋਂ ਵੱਖ ਹੋਏ ਨੇਤਾ ਤੇ ਪਟਿਆਲਾ ਤੋਂ ਸੰਸਦ ਮੈਂਬਰ ਧਰਮਵੀਰ ਗਾਂਧੀ ਦਾ ਮੰਨਣਾ ਹੈ ਕਿ ਪੰਜਾਬ 'ਆਪ' ਵਿਚ ਏਕੇ ਦੇ ਰਾਹ ਵਿਚ ਛੋਟੇਪੁਰ ਮੁੱਖ ਅੜਿੱਕਾ ਹਨ। ਉਨ੍ਹਾਂ ਕਿਹਾ ਕਿ ਉਹ ਸ਼ਰਤਾਂ ਤਹਿਤ 'ਆਪ' ਵਿਚ ਦੁਬਾਰਾ ਸ਼ਾਮਲ ਹੋਣ ਲਈ ਤਿਆਰ ਹਨ।

### ਡਾ. ਗਾਂਧੀ ਦਾ 'ਆਪ' ਅਨੁਸ਼ਾਸਨੀ ਕਮੇਟੀ 'ਤੇ ਸਵਾਲ

**ਪਟਿਆਲਾ:** ਆਮ ਆਦਮੀ ਪਾਰਟੀ ਦੇ ਸੰਸਦ ਮੈਂਬਰ ਡਾ. ਧਰਮਵੀਰ ਗਾਂਧੀ ਨੇ ਪਾਰਟੀ ਦੀ ਅਨੁਸ਼ਾਸਨੀ ਕਮੇਟੀ ਵੱਲੋਂ ਭੇਜੇ ਨੋਟਿਸ ਦਾ ਜਵਾਬ ਭੇਜ ਦਿੱਤਾ ਹੈ। ਉਨ੍ਹਾਂ ਜਵਾਬ ਵਿਚ ਆਖਿਆ ਹੈ ਕਿ ਉਹ ਪਾਰਟੀ ਦੀ ਇਸ ਅਨੁਸ਼ਾਸਨੀ ਕਮੇਟੀ ਉਪਰ ਵਿਸ਼ਵਾਸ ਨਹੀਂ ਕਰਦੇ ਹਨ। ਡਾ. ਗਾਂਧੀ ਨੂੰ ਪਾਰਟੀ ਵਿਰੋਧੀ ਕਾਰਵਾਈਆਂ ਕਾਰਨ ਅਨੁਸ਼ਾਸਨੀ ਕਮੇਟੀ ਨੇ ਨੋਟਿਸ ਭੇਜਿਆ ਸੀ। ਡਾ. ਗਾਂਧੀ ਨੇ ਜਵਾਬ ਵਿਚ ਆਖਿਆ ਕਿ ਉਹ ਤਿੰਨ ਮੈਂਬਰੀ ਅਨੁਸ਼ਾਸਨੀ ਕਮੇਟੀ ਉੱਪਰ ਵਿਸ਼ਵਾਸ ਨਹੀਂ ਕਰਦੇ। ਪਾਰਟੀ ਦੇ ਲੋਕਪਾਲ ਵੱਲੋਂ ਜੇਕਰ ਉਨ੍ਹਾਂ ਨੂੰ ਨੋਟਿਸ ਭੇਜਿਆ ਜਾਵੇਗਾ ਤਾਂ ਹੀ ਉਹ ਆਪਣਾ ਵਿਸਥਾਰ ਵਿਚ ਜਵਾਬ ਦੇਣਗੇ।

### ਖਾਲਸਾ ਨੇ ਨੋਟਿਸ ਦਾ ਜਵਾਬ ਭੇਜਿਆ

**ਜਲੰਧਰ:** ਆਮ ਆਦਮੀ ਪਾਰਟੀ ਦੇ ਮੈਂਬਰ ਪਾਰਲੀਮੈਂਟ ਹਰਿੰਦਰ ਸਿੰਘ ਖਾਲਸਾ ਨੇ ਪਾਰਟੀ ਦੀ ਕੌਮੀ ਅਨੁਸ਼ਾਸਨੀ ਕਮੇਟੀ ਨੂੰ ਕਾਰਨ ਦੱਸੋ ਨੋਟਿਸ ਦਾ ਜਵਾਬ ਭੇਜ ਦਿੱਤਾ ਹੈ ਜਿਸ ਵਿਚ ਉਨ੍ਹਾਂ ਨੇ ਆਪਣੇ 'ਤੇ ਪਾਰਟੀ ਵਿਰੋਧੀ ਗਤੀਵਿਧੀਆਂ ਵਿਚ ਸ਼ਾਮਲ ਹੋਣ ਤੋਂ ਇਨਕਾਰ ਕੀਤਾ ਹੈ। ਉਨ੍ਹਾਂ ਆਪਣੇ ਜਵਾਬ ਵਿਚ ਕਿਹਾ ਕਿ ਉਹ ਅੱਜ ਵੀ ਪਾਰਟੀ ਦੇ ਸਿਧਾਂਤਾਂ ਨਾਲ ਖੜ੍ਹੇ ਹਨ। ਜਿਹੜੇ ਲੋਕ ਪਾਰਟੀ ਦੇ ਲੋਕਤੰਤਰੀ ਢਾਂਚੇ ਤੇ ਸਿਧਾਂਤਾਂ ਨੂੰ ਤਬਾਹ ਕਰ ਰਹੇ ਹਨ ਉਹ ਉਨ੍ਹਾਂ ਵਿਰੁੱਧ ਹਮੇਸ਼ਾ ਹੀ ਆਪਣੀ ਆਵਾਜ਼ ਬੁਲੰਦ ਕਰਦੇ ਰਹਿਣਗੇ।

## ਸੂਰਤ ਸਿੰਘ ਖਾਲਸਾ ਦਾ ਮਾਮਲਾ ਹੁਣ ਹਾਈਕੋਰਟ ਪੁੱਜਾ

**ਚੰਡੀਗੜ੍ਹ:** ਬੰਦੀ ਸਿੰਘਾਂ ਦੀ ਰਿਹਾਈ ਲਈ ਪਿਛਲੇ ਲੰਬੇ ਸਮੇਂ ਤੋਂ ਭੁੱਖ ਹੜਤਾਲ 'ਤੇ ਬੈਠੇ ਬਾਬਾ ਸੂਰਤ ਸਿੰਘ ਖਾਲਸਾ ਦਾ ਮਾਮਲਾ ਪੰਜਾਬ ਤੇ ਹਰਿਆਣਾ ਹਾਈਕੋਰਟ ਵਿਚ ਪੁੱਜ ਗਿਆ ਹੈ। ਖਾਲਸਾ ਨੂੰ ਪੰਜਾਬ ਪੁਲਿਸ ਤੇ ਸੂਬਾ ਸਰਕਾਰ ਨੇ ਇਸ ਵੇਲੇ ਪੀ.ਜੀ.ਆਈ. ਹਸਪਤਾਲ ਚੰਡੀਗੜ੍ਹ ਵਿਚ ਦਾਖਲ ਕਰਵਾਇਆ ਹੋਇਆ ਹੈ, ਪਰ ਉਥੇ ਪੀ.ਜੀ.ਆਈ. ਪ੍ਰਸ਼ਾਸਨ ਵੱਲੋਂ ਖਾਲਸਾ ਦੇ ਪਰਿਵਾਰ ਵਾਲਿਆਂ ਨੂੰ ਉਨ੍ਹਾਂ ਨਾਲ ਮਿਲਣ ਨਹੀਂ ਦਿੱਤਾ ਜਾ ਰਿਹਾ। ਉਨ੍ਹਾਂ ਦੀ ਪੀ.ਜੀ.ਆਈ. ਵਿਚੋਂ ਰਿਹਾਈ ਤੇ ਪਰਿਵਾਰਕ ਮੈਂਬਰਾਂ ਨਾਲ ਮਿਲਣ ਦੀ ਇਜਾਜ਼ਤ ਦੀ ਮੰਗ ਨੂੰ ਲੈ ਕੇ ਉਨ੍ਹਾਂ ਦੇ ਸਪੁੱਤਰ ਰਵਿੰਦਰਜੀਤ ਸਿੰਘ ਗੋਗੀ ਨੇ ਹਾਈਕੋਰਟ ਵਿਚ



ਅਰਜ਼ੀ ਦਾਇਰ ਕੀਤੀ ਹੈ। ਪਟੀਸ਼ਨ ਵਿਚ ਰਵਿੰਦਰਜੀਤ ਸਿੰਘ ਨੇ ਇਹ ਮੰਗ ਵੀ ਕੀਤੀ ਹੈ ਕਿ ਸੂਰਤ ਸਿੰਘ ਖਾਲਸਾ ਤੇ ਉਨ੍ਹਾਂ ਦੇ ਪਰਿਵਾਰ ਵਾਲਿਆਂ ਦੀ ਆਗਿਆ ਤੋਂ ਬਿਨਾਂ ਪੀ.ਜੀ.ਆਈ. ਦੇ ਡਾਕਟਰ ਉਨ੍ਹਾਂ ਦਾ ਇਲਾਜ ਨਾ ਕਰਨ।

## ਰਾਜੀਵ ਸਰਕਾਰ ਦਾ ਤਖਤਾ ਪਲਟਣ ਲਈ ਤਿਆਰ ਸੀ ਫੌਜ

**ਚੰਡੀਗੜ੍ਹ:** 1987 ਵਿਚ ਫੌਜ ਨੇ ਰਾਜੀਵ ਗਾਂਧੀ ਸਰਕਾਰ ਦਾ ਤਖਤਾ ਪਲਟ ਕਰਨ ਦੀ ਸਾਜਿਸ਼ ਰਚੀ ਸੀ। ਇਹ ਦਾਅਵਾ 80ਵਿਆਂ ਦੇ ਦਹਾਕੇ ਤੋਂ ਪਹਿਲਾਂ ਦੇ ਦੌਰ ਦੀ ਰਾਜਸੀ ਸਥਿਤੀ ਬਾਰੇ ਚਾਨਣਾ ਪਾਉਂਦੀ ਪੱਛਮੀ ਕਮਾਂਡ ਦੇ ਸਾਬਕਾ ਫੌਜੀ ਕਮਾਂਡਰ ਲੈਫਟੀਨੈਂਟ ਜਨਰਲ ਪੀ.ਐਨ. ਹੂਨ ਵੱਲੋਂ ਹਾਲ ਹੀ ਵਿਚ ਜਾਰੀ ਕੀਤੀ ਗਈ ਕਿਤਾਬ 'ਅਨਟੋਲਡ ਟਰੁੱਥ' ਵਿਚ ਕੀਤਾ ਹੈ।

ਟਾਈਮਜ਼ ਆਫ ਇੰਡੀਆ ਦੀ ਇਕ ਰਿਪੋਰਟ ਅਨੁਸਾਰ ਹੂਨ ਨੇ ਲਿਖਿਆ ਹੈ ਕਿ ਪੱਛਮੀ ਕਮਾਂਡ ਦੀ ਇਕ ਬਟਾਲੀਅਨ ਸਮੇਤ ਤਿੰਨ ਨੀਮ ਕਮਾਂਡੋ ਬਟਾਲੀਅਨਾਂ ਨੂੰ ਸਰਕਾਰ ਦਾ ਤਖਤਾ ਪਲਟਾਉਣ ਲਈ ਦਿੱਲੀ ਵੱਲ ਚਾਲੇ ਪਾਉਣ ਲਈ ਕਿਹਾ ਗਿਆ ਸੀ। ਹੂਨ ਦਾਅਵਾ ਕਰਦੇ ਹਨ ਕਿ ਸਾਬਕਾ ਫੌਜ ਮੁਖੀ ਜਨਰਲ ਕ੍ਰਿਸ਼ਨਾਸਵਾਮੀ ਸੁੰਦਰਜੀ ਤੇ ਤੱਤਕਾਲੀਨ ਉਪ ਮੁਖੀ ਲੈਫਟੀਨੈਂਟ ਜਨਰਲ ਐਸ.ਐਫ. ਰੌਡਰਿਗਜ਼ ਇਸ ਕਾਰਵਾਈ ਯੋਜਨਾ ਦਾ ਹਿੱਸਾ ਸਨ। ਹੂਨ ਨੇ ਕਿਤਾਬ ਵਿਚ ਕੁਝ



ਸੀਨੀਅਰ ਰਾਜਸੀ ਆਗੂਆਂ ਦਾ ਜ਼ਿਕਰ ਵੀ ਕੀਤਾ ਹੈ ਜੋ ਇਸ ਯੋਜਨਾ ਪਿੱਛੇ ਕੰਮ ਕਰ ਰਹੇ ਸਨ, ਜਿਨ੍ਹਾਂ ਦੇ ਤਤਕਾਲੀਨ ਪ੍ਰਧਾਨ ਮੰਤਰੀ ਨਾਲ ਚੰਗੇ ਸਬੰਧ ਨਹੀਂ ਸਨ। ਹੂਨ ਅਨੁਸਾਰ ਸਾਬਕਾ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਭ੍ਰਿਸ਼ਟਾਚਾਰ ਤੇ ਲਾਪਰਵਾਹੀ ਲਈ ਰਾਜੀਵ ਗਾਂਧੀ ਨੂੰ ਜ਼ਿੰਮੇਵਾਰ ਸਮਝਦੇ ਸਨ ਤੇ ਉਹ ਸਮਝਦੇ ਸਨ ਕਿ ਰਾਜੀਵ ਗਾਂਧੀ 1984 ਦੇ ਸਿੱਖ ਕਤਲੇਆਮ ਨੂੰ ਗੰਭੀਰਤਾ ਨਾਲ ਨਹੀਂ ਲੈ ਰਹੇ। ਪੱਛਮੀ ਕਮਾਂਡ ਦੇ ਮੁਖੀ ਦੇ ਤੌਰ 'ਤੇ ਉਹ ਮਈ-ਜੂਨ 1987 ਵਿਚ ਦਿੱਲੀ ਵਿਚ ਇਕ ਅਧਿਕਾਰਤ ਕੰਮ ਲਈ ਆਏ ਸਨ। ਹੂਨ ਅਨੁਸਾਰ ਇਸ ਪੂਰੀ ਸਾਜਿਸ਼ ਦੀ ਜਾਣਕਾਰੀ ਉਨ੍ਹਾਂ ਰਾਜੀਵ ਗਾਂਧੀ ਤੇ ਤਤਕਾਲੀਨ ਮੁੱਖ ਸਕੱਤਰ ਗੋਪੀ ਅਰੋੜਾ ਨੂੰ ਦਿੱਤੀ ਸੀ। ਨਾਲ ਹੀ ਬਟਾਲੀਅਨ ਦੀ ਮੰਗ ਵਾਲਾ ਪੱਤਰ ਵੀ ਦਿਖਾਇਆ ਸੀ। ਹੂਨ ਜਿਹੜੇ ਅਕਤੂਬਰ 1987 ਨੂੰ ਸੇਵਾ ਮੁਕਤ ਹੋ ਗਏ, ਨੇ ਦੱਸਿਆ ਕਿ ਜ਼ੈਲ ਸਿੰਘ ਨੂੰ ਡਰ ਸੀ ਕਿ ਸਰਕਾਰ ਵਿਰੁੱਧ ਕਾਰਵਾਈ ਨਾਲ ਸੱਤਾ ਫੌਜ ਦੇ ਹੱਥ ਵਿਚ ਆ ਸਕਦੀ ਹੈ, ਇਸ ਲਈ ਉਨ੍ਹਾਂ ਨੇ ਯੋਜਨਾ ਉਪਰ ਅਮਲ ਰੋਕ ਦਿੱਤਾ।

# ਦਾਦਰੀ ਕਾਂਡ: ਸਿਆਸੀ ਧਿਰਾਂ ਕਰ ਰਹੀਆਂ ਨੇ ਸਿਰੇ ਦੀ ਸਿਆਸਤ

**ਨਵੀਂ ਦਿੱਲੀ:** ਦਾਦਰੀ ਕਾਂਡ ਨੇ ਦੇਸ਼ ਦੀ ਰਾਜਨੀਤੀ ਵਿਚ ਹਲਚਲ ਖੜੀ ਕਰ ਦਿੱਤੀ ਹੈ। 29 ਸਤੰਬਰ ਨੂੰ ਗਾਂ ਦਾ ਮਾਸ ਖਾਣ ਦੇ ਸ਼ੱਕ ਵਿਚ ਅਖਲਾਕ ਨਾਮ ਦੇ ਬਜ਼ੁਰਗ ਦਾ ਕਤਲ ਕਰ ਦਿੱਤਾ ਗਿਆ ਸੀ। ਇਸ ਘਟਨਾ ਤੋਂ ਬਾਅਦ ਉਥੇ ਫਿਰਕੂ ਬੇਭਰੋਸਗੀ ਤੇ ਤਣਾਅ ਦਾ ਮਾਹੌਲ ਬਣਿਆ ਹੋਇਆ ਹੈ। ਸਿਆਸਤਦਾਨਾਂ ਦੇ ਦੌਰਿਆਂ ਵਿਚਕਾਰ ਸਾਫ ਦੇਖਿਆ ਜਾ ਸਕਦਾ ਹੈ ਕਿ ਪਿੰਡ ਵਿਚ ਪਾੜਾ ਵਧ ਗਿਆ ਹੈ।

ਮੁਜ਼ੱਫਰਨਗਰ ਦੰਗਿਆਂ ਦੇ ਦੋਸ਼ੀ ਤੇ ਭਾਜਪਾ ਵਿਧਾਇਕ ਸੰਗੀਤ ਸੋਮ ਤੇ ਬਸਪਾ ਦੇ ਸੀਨੀਅਰ ਮੁਸਲਿਮ ਆਗੂ ਨਸੀਮੁਦੀਨ ਸਿੱਦੀਕੀ ਵੀ ਪਿੰਡ ਦਾ ਦੌਰਾ ਕਰ ਚੁੱਕੇ ਹਨ। ਸੰਗੀਤ ਸੋਮ ਨੇ ਧੀਰਜ ਦੇ ਪਰਿਵਾਰ ਨਾਲ ਮੁਲਾਕਾਤ ਕੀਤੀ ਤੇ ਐਲਾਨ ਕੀਤਾ ਕਿ ਇਹ ਸਮਾਜਵਾਦੀ ਪਾਰਟੀ ਦੀ ਸਾਜ਼ਿਸ਼ ਹੈ ਜੋ ਓਵੈਸੀ ਦੀ ਵਰਤੋਂ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਨੇੜਲੇ ਪਿੰਡ ਵਿਚ ਹਿੰਦੂ ਮੁੰਡੇ ਨੂੰ ਪੁਲਿਸ ਦੀ ਗੋਲੀ ਲੱਗੀ, ਉਸ ਦੇ ਪਰਿਵਾਰ ਨੂੰ ਕਿਸੇ ਨੇ ਕੁਝ ਨਹੀਂ ਦਿੱਤਾ।

ਬਿਸਹੇੜਾ ਵਿਚ ਮੀਡੀਆ ਤੇ ਸਿਆਸੀ ਆਗੂਆਂ ਦੇ ਦੌਰਿਆਂ ਨਾਲ ਉਥੇ ਤਣਾਅ ਦਾ ਮਾਹੌਲ ਬਣ ਗਿਆ ਤੇ ਲੋਕਾਂ ਨੇ ਗੁੱਸੇ ਦਾ ਇਜ਼ਹਾਰ ਕੀਤਾ। ਇਸ 'ਤੇ ਪ੍ਰਸ਼ਾਸਨ ਨੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਤੇ ਕੁਝ ਸੂਬਾਈ ਕਾਂਗਰਸ ਆਗੂਆਂ ਨੂੰ ਪਿੰਡ ਵਿਚ ਜਾਣ ਤੋਂ ਰੋਕ ਦਿੱਤਾ ਪਰ ਬਾਅਦ ਵਿਚ ਉਨ੍ਹਾਂ ਨੂੰ ਉਥੇ ਜਾਣ ਦੀ ਇਜਾਜ਼ਤ ਦੇ ਦਿੱਤੀ ਗਈ। ਕਾਂਗਰਸ ਉਪ ਪ੍ਰਧਾਨ ਰਾਹੁਲ ਗਾਂਧੀ ਨੇ ਵੀ ਪਰਿਵਾਰ ਨਾਲ ਹਮਦਰਦੀ ਪ੍ਰਗਟਾਈ। ਅਧਿਕਾਰੀਆਂ ਨੇ ਕਿਹਾ ਕਿ ਉਨ੍ਹਾਂ ਪੀੜਤ ਪਰਿਵਾਰ ਦੀ ਬੇਨਤੀ 'ਤੇ ਪਿੰਡ ਨੂੰ ਸੀਲ ਕੀਤਾ ਸੀ ਤਾਂ ਜੋ ਦੁਖ ਦੀ ਘੜੀ ਵਿਚ ਉਹ ਕੁਝ ਸਕੂਨ ਹਾਸਲ ਕਰ ਸਕਣ। ਉਧਰ ਯੂ.ਪੀ. ਦੇ ਰਾਜਪਾਲ ਰਾਮ ਨਾਇਕ ਨੇ ਘਟਨਾ 'ਤੇ ਅਫਸੋਸ ਪ੍ਰਗਟ ਕਰਦਿਆਂ ਲੋਕਾਂ ਨੂੰ ਸ਼ਾਂਤੀ ਬਣਾਈ ਰੱਖਣ ਦੀ ਅਪੀਲ ਕੀਤੀ ਹੈ। ਕੇਂਦਰੀ ਗ੍ਰਹਿ ਰਾਜ ਮੰਤਰੀ ਕਿਰੇਨ ਰਿਜੀਜੂ ਨੇ ਕਿਹਾ ਕਿ ਇਸ ਮਸਲੇ ਦਾ ਜ਼ਿਆਦਾ ਸਿਆਸੀਕਰਨ ਹੋ ਗਿਆ ਹੈ। ਸੀ.ਪੀ.ਐਮ. ਆਗੂ ਪ੍ਰਕਾਸ਼ ਕਰਤ ਨੇ ਬਾਂਦਾ ਵਿਚ ਕਿਹਾ ਕਿ ਦਾਦਰੀ ਕਾਂਡ ਕੱਟੜ ਤਾਕਤਾਂ ਦੇ ਵਧ ਰਹੇ ਪ੍ਰਭਾਵ ਦਾ ਨਤੀਜਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਕੇਂਦਰ ਸਰਕਾਰ ਇਨ੍ਹਾਂ ਤਾਕਤਾਂ ਨੂੰ ਸ਼ਹਿ ਦੇ ਰਹੀ ਹੈ।




### ਇਸ ਤਰ੍ਹਾਂ ਵਾਪਰੀ ਸੀ ਘਟਨਾ

**ਨਵੀਂ ਦਿੱਲੀ:** ਦਾਦਰੀ ਦੇ ਇਕ ਧਾਰਮਿਕ ਅਸਥਾਨ ਵਿਚੋਂ ਮੁਨਾਦੀ ਕੀਤੀ ਗਈ ਸੀ ਕਿ ਅਖਲਾਕ ਦੇ ਪਰਿਵਾਰ ਨੇ ਗਊ ਹੱਤਿਆ ਕਰਕੇ ਉਸ ਦਾ ਮਾਸ ਖਾਧਾ ਹੈ। ਇਸ ਤੋਂ ਬਾਅਦ ਭੀੜ ਨੇ ਅਖਲਾਕ ਦੇ ਘਰ 'ਤੇ ਹਮਲਾ ਕਰਕੇ ਉਸ ਨੂੰ ਬਾਹਰ ਧੂਹ ਲਿਆ ਤੇ ਕੁੱਟ-ਕੁੱਟ ਕੇ ਜਾਨ ਲੈ ਲਈ ਜਦਕਿ 22 ਸਾਲਾਂ ਦਾ ਲੜਕਾ ਦਾਨਿਸ਼ ਹਸਪਤਾਲ ਵਿਚ ਜ਼ਿੰਦਗੀ ਤੇ ਮੌਤ ਨਾਲ ਸੰਘਰਸ਼ ਕਰ ਰਿਹਾ ਹੈ।

### ਘਟਨਾ ਨੂੰ ਫਿਰਕੂ ਰੰਗਤ ਨਾ ਦਿੱਤੀ ਜਾਵੇ: ਰਾਜਨਾਥ

**ਨਵੀਂ ਦਿੱਲੀ:** ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਦਾਦਰੀ ਕਾਂਡ ਨੂੰ ਮੰਦਭਾਗਾ ਆਖਦਿਆਂ ਕਿਹਾ ਕਿ ਇਸ ਨੂੰ ਫਿਰਕੂ ਰੰਗਤ ਨਹੀਂ ਦਿੱਤੀ ਜਾਣੀ ਚਾਹੀਦੀ। ਉਨ੍ਹਾਂ ਕਿਹਾ ਕਿ ਇਹ ਮੰਦਭਾਗੀ ਘਟਨਾ ਹੈ ਪਰ ਇਸ ਨੂੰ ਫਿਰਕੂ ਰੰਗਤ ਦੇਣਾ ਠੀਕ ਨਹੀਂ। ਗ੍ਰਹਿ ਮੰਤਰੀ ਨੇ ਇਹ ਵੀ ਕਿਹਾ ਕਿ ਕਿਸੇ ਨੂੰ ਵੀ ਘਟਨਾ 'ਤੇ ਰਾਜਨੀਤੀ ਨਹੀਂ ਕਰਨੀ ਚਾਹੀਦੀ।

### ਅਖਲਾਕ ਨੂੰ ਮਜ਼ਹਬ ਕਰ ਕੇ ਮਾਰਿਆ!

**ਦਾਦਰੀ:** ਮੁਹੰਮਦ ਅਖਲਾਕ ਨੂੰ ਗਊ ਮਾਸ ਲਈ ਨਹੀਂ ਬਲਕਿ ਉਸ ਦੇ ਮਜ਼ਹਬ ਕਰਕੇ ਮਾਰਿਆ ਗਿਆ ਹੈ। ਇਹ ਉਸ ਦਿਮਾਗ ਦੀ ਸਾਜ਼ਿਸ਼ ਹੈ ਜਿਹੜਾ ਧਰਮ ਨਿਰਪੱਖਤਾ ਦਾ ਵਿਰੋਧੀ ਹੈ। ਇਹ ਦਾਅਵਾ ਆਲ ਇੰਡੀਆ ਮਜਲਿਸ-ਏ-ਇਤੇਹਾਦੁਲ ਮੁਸਲਮੀਨ ਦੇ ਪ੍ਰਧਾਨ ਅਸਦੁਦੀਨ ਓਵੈਸੀ ਨੇ ਕੀਤਾ ਹੈ।ਨੋਇਡਾ ਦੇ ਦਾਦਰੀ ਵਿਚ ਗਊ ਮਾਸ ਖਾਣ ਦੀ ਅਫਵਾਹ ਤੋਂ ਬਾਅਦ ਕੁੱਟ-ਕੁੱਟ ਕੇ ਇਕ ਮੁਸਲਮਾਨ ਦੀ ਹੱਤਿਆ ਕਰ ਦੇਣ ਦੇ ਮਾਮਲੇ 'ਤੇ ਓਵੈਸੀ ਨੇ ਪ੍ਰਧਾਨ ਮੰਤਰੀ ਉਤੇ ਵੀ ਤਿੱਖਾ ਨਿਸ਼ਾਨਾ ਸਾਧਿਆ। ਓਵੈਸੀ ਨੇ ਦਾਦਰੀ ਹੱਤਿਆ ਕਾਂਡ ਨੂੰ ਯੋਜਨਾਬੱਧ ਕਰਾਰ ਦਿੱਤਾ ਹੈ।

### ਗਾਂ ਦਾ ਮਾਸ ਖਾਣਾ ਗੁਨਾਹ ਨਹੀਂ: ਕਾਟਜੂ

**ਨਵੀਂ ਦਿੱਲੀ:** ਸੁਪਰੀਮ ਕੋਰਟ ਦੇ ਸਾਬਕਾ ਜੱਜ ਮਾਰਕੰਡੇ ਕਾਟਜੂ ਨੇ ਕਿਹਾ ਹੈ ਕਿ ਗਾਂ ਸਿਰਫ ਇਕ ਪਸ਼ੂ ਹੈ ਜਿਹੜੀ ਕਿਸੇ ਦੀ ਮਾਂ ਨਹੀਂ ਹੋ ਸਕਦੀ। ਉਨ੍ਹਾਂ ਕਿਹਾ ਕਿ ਗਾਂ ਦਾ ਮਾਸ ਖਾਣ ਦੇ ਦੋਸ਼ਾਂ ਪਿੱਛੋਂ ਕੁੱਟ-ਕੁੱਟ ਕੇ ਮਾਰਨ ਦੀ ਘਟਨਾ ਰਾਜਨੀਤੀ ਤੋਂ ਪ੍ਰੇਰਿਤ ਸੀ। ਜੇਕਰ ਉਹ ਗਾਂ ਦਾ ਮੀਟ ਖਾਣਾ ਪਸੰਦ ਕਰਦੇ ਹਨ ਤਾਂ ਇਸ ਵਿਚ ਕੀ ਨੁਕਸਾਨ ਹੈ? ਇਥੋਂ ਤੱਕ ਵਿਸ਼ਵ ਭਰ ਵਿਚ ਲੋਕ ਗਾਂ ਦਾ ਮਾਸ ਖਾਂਦੇ ਹਨ।

### ਅਖਲਾਕ ਦੇ ਪਰਿਵਾਰ ਲਈ ਡਟੀ ਹਵਾਈ ਸੈਨਾ

**ਨਵੀਂ ਦਿੱਲੀ:** ਦਾਦਰੀ ਵਿਚ ਕਤਲ ਕੀਤੇ ਗਏ ਅਖਲਾਕ ਦੇ ਪਰਿਵਾਰ ਨੂੰ ਹਵਾਈ ਸੈਨਾ ਸੁਰੱਖਿਆ ਦੇਵੇਗੀ। ਪੀੜਤ ਪਰਿਵਾਰ ਨੂੰ ਛੇਤੀ ਹੀ ਸੈਨਾ ਦੇ ਇਲਾਕੇ ਵਿਚ ਰੱਖਣ ਦਾ ਫੈਸਲਾ ਕੀਤਾ ਗਿਆ ਹੈ। ਕਤਲ ਕੀਤੇ ਗਏ ਅਖਲਾਕ ਦਾ ਬੇਟਾ ਮੁਹੰਮਦ ਸਰਤਾਜ ਹਵਾਈ ਸੈਨਾ ਵਿਚ ਭਰਤੀ ਹੈ। ਹਵਾਈ ਸੈਨਾ ਮੁਖੀ ਅਰੂਪ ਰਾਹਾ ਨੇ ਕਿਹਾ ਕਿ ਅਜਿਹੀ ਘਟਨਾ ਨੂੰ ਸਵੀਕਾਰ ਨਹੀਂ ਕੀਤਾ ਜਾ ਸਕਦਾ। ਇਹ ਮੰਦਭਾਗਾ ਹੈ ਕਿ ਹਵਾਈ ਸੈਨਾ ਦੇ ਇਕ ਮੁਲਾਜ਼ਮ ਦੇ ਪਰਿਵਾਰ ਵਿਚ ਮੌਤ ਹੋਈ ਹੈ।

# ਸਿੱਖ ਜਥੇਬੰਦੀਆਂ ਵੱਲੋਂ ਆਪੋ-ਆਪਣੇ ਪੱਧਰ 'ਤੇ ਰਣਨੀਤੀਆਂ

**ਅੰਮ੍ਰਿਤਸਰ:** ਪੰਜ ਸਿੰਘ ਸਾਹਿਬਾਨ ਵੱਲੋਂ ਡੇਰਾ ਸਿਰਸਾ ਦੇ ਮੁਖੀ ਨੂੰ ਮੁਆਫ ਕੀਤੇ ਜਾਣ ਦੇ ਮਾਮਲੇ ਉਤੇ ਵੱਖ-ਵੱਖ ਸਿੱਖ ਜਥੇਬੰਦੀਆਂ ਵੱਲੋਂ ਆਪੋ ਆਪਣੇ ਪੱਧਰ ਉਤੇ ਰੋਸ ਦਾ ਪ੍ਰਗਟਾਵਾ ਕੀਤਾ ਜਾ ਰਿਹਾ ਹੈ। ਇਸ ਮਾਮਲੇ ਵਿਚ ਕੁਝ ਸਿੱਖ ਜਥੇਬੰਦੀਆਂ ਇਕ ਮੰਚ 'ਤੇ ਆ ਗਈਆਂ ਹਨ ਜਦੋਂਕਿ ਕੁਝ ਸਿੱਖ ਜਥੇਬੰਦੀਆਂ ਅਜੇ ਵੀ ਵੱਖਰੇ ਤੌਰ 'ਤੇ ਆਪਣੇ ਪੱਧਰ 'ਤੇ ਰੋਸ ਦਾ ਪ੍ਰਗਟਾਵਾ ਕਰ ਰਹੀਆਂ ਹਨ।

ਇਕ ਮੰਚ ਉਤੇ ਆਈਆਂ ਜਥੇਬੰਦੀਆਂ ਵਿਚ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ, ਯੂਨਾਈਟਿਡ ਅਕਾਲੀ ਦਲ, ਅਕਾਲੀ ਦਲ ਦਿੱਲੀ, ਸਿੱਖ ਬੰਦੀਆਂ ਦੀ ਰਿਹਾਈ ਲਈ ਬਣੀ ਸੰਘਰਸ਼ ਕਮੇਟੀ, ਸੰਤ ਸਮਾਜ ਦਾ ਇਕ ਹਿੱਸਾ ਤੇ ਹੋਰ ਸਿੱਖ ਜਥੇਬੰਦੀਆਂ ਸ਼ਾਮਲ ਹਨ। ਇਨ੍ਹਾਂ ਜਥੇਬੰਦੀਆਂ ਨੇ ਸਰਬੱਤ ਖਾਲਸਾ ਸੱਦਣ ਬਾਰੇ ਵਿਚਾਰ ਚਰਚਾ ਕੀਤੀ ਹੈ। ਇਸ ਬਾਰੇ ਅੰਤਿਮ ਫੈਸਲਾ ਲੈਣ ਲਈ 12 ਅਕਤੂਬਰ ਨੂੰ ਲੁਧਿਆਣਾ ਵਿਖੇ ਮੁੜ ਮੀਟਿੰਗ ਸੱਦੀ ਗਈ ਹੈ, ਜਿਸ ਵਿਚ ਸਰਬੱਤ ਖਾਲਸਾ ਕਰਨ ਲਈ ਮਿਤੀ ਤੇ ਜਗ੍ਹਾ ਦਾ ਐਲਾਨ ਕੀਤੇ ਜਾਣ ਦੀ ਸੰਭਾਵਨਾ ਹੈ। ਸਰਬੱਤ ਖਾਲਸਾ ਦੀ ਮਿਤੀ ਤੇ ਸਥਾਨ ਨੂੰ ਲੈ ਕੇ ਸਿੱਖ ਜਥੇਬੰਦੀਆਂ ਵਿਚ ਵਖਰੇਵੇਂ ਵੀ ਮੌਜੂਦ ਹਨ। ਇਨ੍ਹਾਂ ਤੋਂ ਇਲਾਵਾ ਦਲ ਖਾਲਸਾ ਤੇ ਪੰਚ ਪ੍ਰਧਾਨੀ ਤੇ ਸੰਤ ਸਮਾਜ ਆਪੋ ਆਪਣੇ ਤੌਰ 'ਤੇ ਰੋਸ ਦਾ ਪ੍ਰਗਟਾਵਾ ਕਰ ਰਹੇ ਹਨ।

ਮਿਲੇ ਵੇਰਵਿਆਂ ਅਨੁਸਾਰ ਇਨ੍ਹਾਂ ਸਿੱਖ ਜਥੇਬੰਦੀਆਂ ਵੱਲੋਂ ਸਰਬੱਤ ਖਾਲਸਾ ਦੀਵਾਲੀ ਮੌਕੇ ਸੱਦਿਆ ਜਾ ਸਕਦਾ ਹੈ। ਕੁਝ ਸਿੱਖ ਜਥੇਬੰਦੀਆਂ ਇਸ ਹੱਕ ਵਿਚ ਹਨ ਕਿ ਦੀਵਾਲੀ ਤੋਂ ਇਕ ਦਿਨ ਪਹਿਲਾਂ ਸਰਬੱਤ ਖਾਲਸਾ ਅੰਮ੍ਰਿਤਸਰ ਵਿਚ ਸੱਦਿਆ ਜਾਵੇ ਜਦੋਂਕਿ ਕੁਝ ਇਕ ਦੇ ਵਿਚਾਰ ਹਨ ਕਿ ਸਰਬੱਤ ਖਾਲਸਾ ਦੀ ਮਿਤੀ ਤੇ ਥਾਂ ਦਾ ਫੈਸਲਾ ਵਿਸ਼ਵ ਭਰ ਦੇ ਸਿੱਖਾਂ ਦੀ ਰਾਏ ਨਾਲ ਕੀਤਾ ਜਾਵੇ। ਇਨ੍ਹਾਂ ਵਿਚਾਰਾਂ ਬਾਰੇ 12 ਅਕਤੂਬਰ ਨੂੰ ਮੰਥਨ ਕਰਨ ਮਗਰੋਂ ਇਸ ਸਬੰਧੀ ਕੋਈ ਫੈਸਲਾ ਹੋਵੇਗਾ। ਸਰਬੱਤ ਖਾਲਸਾ ਦਾ ਏਜੰਡਾ ਪੰਜ ਜਥੇਦਾਰਾਂ ਵੱਲੋਂ ਡੇਰਾ ਸਿਰਸਾ ਦੇ ਮੁਖੀ ਨੂੰ ਮੁਆਫ ਕਰਨ ਦੇ ਫੈਸਲੇ ਨੂੰ ਰੱਦ ਕਰਨਾ, ਗਲਤ ਫੈਸਲਾ ਲੈਣ ਲਈ ਜਥੇਦਾਰਾਂ ਨੂੰ ਅਹੁਦੇ ਤੋਂ ਹਟਾਉਣਾ ਤੇ ਨਵੇਂ ਜਥੇਦਾਰਾਂ ਦੀ ਨਿਯੁਕਤੀ ਲਈ ਵਿਧੀ ਵਿਧਾਨ ਤੈਅ ਕਰਨਾ ਸ਼ਾਮਲ ਹੈ। ਇਸ ਤੋਂ ਇਲਾਵਾ ਸਿੱਖ ਬੰਦੀਆਂ ਦੀ ਰਿਹਾਈ ਲਈ ਅਗਲੀ ਰੂਪ ਰੇਖਾ ਤੈਅ ਕਰਨਾ ਵੀ ਸ਼ਾਮਲ ਹੈ।

ਯੂਨਾਈਟਿਡ ਅਕਾਲੀ ਦਲ ਦੇ ਮੁਖੀ ਭਾਈ ਮੋਹਕਮ ਸਿੰਘ, ਜਿਨ੍ਹਾਂ ਪਹਿਲਾਂ ਵੀ ਸਿੱਖ ਜਥੇਬੰਦੀਆਂ ਦੀ ਇਕ ਮੀਟਿੰਗ ਅੰਮ੍ਰਿਤਸਰ ਵਿਚ ਸੱਦੀ ਸੀ, ਨੇ ਆਖਿਆ ਕਿ ਸਰਬੱਤ ਖਾਲਸਾ ਦੀਵਾਲੀ ਨੇੜੇ ਸੱਦਣ ਦੀ ਯੋਜਨਾ ਹੈ, ਪਰ ਇਸ ਬਾਰੇ ਅੰਤਿਮ ਫੈਸਲਾ 12 ਅਕਤੂਬਰ ਨੂੰ ਹੋਣ ਵਾਲੀ ਮੀਟਿੰਗ ਵਿਚ ਸਮੂਹ ਸਿੱਖ ਜਥੇਬੰਦੀਆਂ ਦੀ ਰਾਏ ਨਾਲ ਕੀਤਾ ਜਾਵੇਗਾ। ਸਰਬੱਤ ਖਾਲਸਾ ਦੀ ਮਾਨਤਾ ਬਾਰੇ ਉਨ੍ਹਾਂ ਆਖਿਆ ਕਿ ਜਦੋਂ ਦੇਸ-ਵਿਦੇਸ ਤੋਂ ਸਿੱਖ ਸੰਗਤਾਂ ਵੱਡੇ ਪੱਧਰ ਤੇ ਇਕੱਠੀਆਂ ਹੋਣਗੀਆਂ ਤਾਂ ਉਨ੍ਹਾਂ ਦਾ ਫੈਸਲਾ ਸਰਵ ਪ੍ਰਵਾਨਿਤ ਹੋਵੇਗਾ, ਜਿਸ ਨੂੰ ਕਿਸੇ ਦੀ ਮਾਨਤਾ ਦੀ ਲੋੜ ਨਹੀਂ ਸਗੋਂ ਸੰਗਤਾਂ ਵੱਲੋਂ ਕੀਤਾ ਗਿਆ ਸਰਵ ਪ੍ਰਵਾਨਿਤ ਫੈਸਲਾ ਸਭ ਨੂੰ ਮੰਨਣਯੋਗ ਹੋਵੇਗਾ। ਉਨ੍ਹਾਂ ਦੋਸ਼ ਲਾਇਆ ਕਿ ਹਾਕਮ ਧਿਰ ਵੱਲੋਂ ਅਮਨ ਸ਼ਾਂਤੀ ਭੰਗ ਹੋਣ ਦਾ ਹਊਆ ਦਿਖਾ ਕੇ ਲੋਕਾਂ ਦੀਆਂ ਭਾਵਨਾਵਾਂ ਦਾ ਸ਼ੋਸ਼ਣ ਕੀਤਾ ਜਾ ਰਿਹਾ ਹੈ।

ਇਸੇ ਤਰ੍ਹਾਂ ਦਿੱਲੀ ਅਕਾਲੀ ਦਲ ਦੇ ਪ੍ਰਧਾਨ ਤੇ ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਆਖਿਆ ਕਿ 12 ਅਕਤੂਬਰ ਦੀ ਮੀਟਿੰਗ ਵਿਚ ਸਰਬੱਤ ਖਾਲਸਾ ਸੱਦਣ ਬਾਰੇ ਵਿਚਾਰ ਚਰਚਾ ਹੋਵੇਗੀ ਪਰ ਉਹ ਚਾਹੁੰਦੇ ਹਨ ਕਿ ਸਰਬੱਤ ਖਾਲਸਾ ਦੀ ਮਿਤੀ ਤੇ ਥਾਂ ਦਾ ਫੈਸਲਾ ਵਿਸ਼ਵ ਭਰ ਦੇ ਸਿੱਖਾਂ ਦੀ ਰਾਏ ਲੈਣ ਮਗਰੋਂ ਹੀ ਕੀਤਾ ਜਾਵੇਗਾ। ਉਨ੍ਹਾਂ ਆਖਿਆ ਕਿ ਸਰਬੱਤ ਖਾਲਸਾ ਉਸ ਥਾਂ 'ਤੇ ਸੱਦਿਆ ਜਾਣਾ ਚਾਹੀਦਾ ਹੈ, ਜਿਥੇ ਹਾਕਮ ਧਿਰ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਕੋਈ ਅੜਿੱਕਾ ਨਾ ਖੜ੍ਹਾ ਕਰ ਸਕੇ। ਉਨ੍ਹਾਂ ਆਖਿਆ ਕਿ ਸਰਬੱਤ ਖਾਲਸਾ ਵਿਦੇਸ਼ੀ ਧਰਤੀ 'ਤੇ ਵੀ ਸੱਦਿਆ ਜਾ ਸਕਦਾ ਹੈ।

## ਡੇਰਾ ਸਿਰਸਾ ਮੁਖੀ ਨੂੰ ਮੁਆਫੀ ਖਿਲਾਫ ਰੋਸ ਵਧਿਆ



### ਜਥੇਦਾਰਾਂ ਦੀ ਗੱਦੀ ਨੂੰ ਖਤਰਾ

**ਚੰਡੀਗੜ੍ਹ:** ਡੇਰਾ ਸਿਰਸਾ ਦੇ ਮੁਖੀ ਨੂੰ ਚੁੱਪ-ਚੁਪੀਤੇ ਮੁਆਫੀ ਦੇਣ ਦਾ ਫੈਸਲਾ ਇਸ ਵਾਰ ਤਖਤਾਂ ਦੇ ਜਥੇਦਾਰਾਂ ਲਈ ਗਲੇ ਦੀ ਹੱਡੀ ਬਣ ਗਿਆ ਹੈ, ਜਿਸ ਤੋਂ ਬਚਣ ਲਈ ਕਾਫੀ ਯਤਨ ਕੀਤੇ ਜਾ ਰਹੇ ਹਨ। ਫੈਸਲੇ ਕਾਰਨ ਇਸ ਵਾਰ ਵੱਡੇ ਪੱਧਰ 'ਤੇ ਸਿੱਖ ਸੰਗਤ ਵੱਲੋਂ ਨਾਰਾਜ਼ਗੀ ਪ੍ਰਗਟਾਈ ਜਾ ਰਹੀ ਹੈ। ਸੰਤ ਸਮਾਜ, ਜੋ ਕਿ ਹਾਕਮ ਧਿਰ ਦੇ ਨੇੜੇ ਸਮਝਿਆ ਜਾਂਦਾ ਹੈ, ਵੱਲੋਂ ਵੀ ਇਸ ਫੈਸਲੇ ਦਾ ਵਿਰੋਧ ਕੀਤਾ ਗਿਆ ਹੈ। ਪੰਥਕ ਰੋਹ ਨੂੰ ਦੇਖਦਿਆਂ ਹੁਣ ਇਕ ਨਵੀਂ ਯੋਜਨਾ ਬਣਾਈ ਗਈ ਹੈ। ਇਸ ਤਹਿਤ ਇਕ ਸਬ ਕਮੇਟੀ ਕਾਇਮ ਕਰਨ ਦੀ ਯੋਜਨਾ ਹੈ। ਇਹ ਕਮੇਟੀ ਵਿਰੋਧ ਕਰ ਰਹੀਆਂ ਧਿਰਾਂ ਦੇ ਵਿਚਾਰ ਜਾਨਣ ਮਗਰੋਂ ਇਸ ਫੈਸਲੇ ਪ੍ਰਤੀ ਆਪਣੀ ਰਾਏ ਦੇਵੇਗੀ। ਉਸ ਦੇ ਆਧਾਰ ਉਤੇ ਅੱਗੇ ਸਿੰਘ ਸਾਹਿਬਾਨ ਕੋਈ ਫੈਸਲਾ ਕਰਨਗੇ। ਹਾਕਮ ਧਿਰ ਇਸ ਫੈਸਲੇ ਨਾਲ ਹਾਲ ਹੀ ਘਟੀ ਰੋਹ ਨੂੰ ਸ਼ਾਂਤ ਕਰਨ ਤੇ ਸਮਾਂ ਲੰਘਾਉਣ ਦੀ ਤਾਕ ਵਿਚ ਹੈ। ਪਰਦਾਪੋਸ਼ੀ ਤੇ ਸੰਤ ਸਮਾਜ ਦੀ ਸਹਿਮਤੀ ਪ੍ਰਾਪਤ ਕਰਨ ਲਈ ਹਾਕਮ ਧਿਰ ਘੱਟੋ-ਘੱਟ ਇਕ ਜਥੇਦਾਰ ਦੇ ਅਹੁਦੇ ਦੀ ਬਲੀ ਲੈ ਸਕਦੀ ਹੈ।

## ਸਰਬੱਤ ਖਾਲਸਾ ਹੀ ਆਖਰੀ ਰਾਹ?

**ਚੰਡੀਗੜ੍ਹ:** ਡੇਰਾ ਸਿਰਸਾ ਮੁਖੀ ਨੂੰ ਮੁਆਫੀ ਦੇਣ ਦੇ ਮਾਮਲੇ ਉਤੇ ਸਿੱਖ ਜਗਤ ਵਿਚ ਬਣੇ ਹੋਏ ਰੋਹ ਦੌਰਾਨ ਸਿੱਖ ਜਥੇਬੰਦੀਆਂ ਵੱਲੋਂ ਸਰਬੱਤ ਖਾਲਸਾ ਸੱਦਣ ਲਈ ਯਤਨ ਕੀਤੇ ਜਾ ਰਹੇ ਹਨ ਤੇ ਇਸ ਬਾਰੇ ਸਿੱਖ ਜਥੇਬੰਦੀਆਂ ਵੱਲੋਂ ਫੈਸਲਾ 12 ਅਕਤੂਬਰ ਨੂੰ ਲੁਧਿਆਣਾ ਵਿਖੇ ਸੱਦੀ ਗਈ ਮੀਟਿੰਗ ਵਿਚ ਕੀਤਾ ਜਾਵੇਗਾ। ਸਰਬੱਤ ਖਾਲਸਾ ਦਾ ਏਜੰਡਾ ਡੇਰਾ ਸਿਰਸਾ ਦੇ ਮੁਖੀ ਦੇ ਹੱਕ ਵਿਚ ਕੀਤੇ ਗਏ ਫੈਸਲੇ ਨੂੰ ਰੱਦ ਕਰਨਾ ਤੇ ਨਵੇਂ ਜਥੇਦਾਰਾਂ ਦੀ ਨਿਯੁਕਤੀ ਦਾ ਵਿਧੀ ਵਿਧਾਨ ਤਿਆਰ ਕਰਨਾ ਆਦਿ ਹੋਵੇਗਾ। ਇਸ ਤੋਂ ਇਲਾਵਾ ਸਰਬੱਤ ਖਾਲਸਾ ਵਿਚ ਬਾਦਲਾਂ ਦੇ ਸਮਾਜਿਕ ਬਾਈਕਾਟ ਦਾ ਮਾਮਲਾ ਵੀ ਵਿਚਾਰਿਆ ਜਾਵੇਗਾ।

### ਪਹਿਲਾਂ ਵੀ ਬਦਲੇ ਜਾ ਚੁੱਕੇ ਨੇ ਜਥੇਦਾਰ ਦੇ ਫੈਸਲੇ

**ਅੰਮ੍ਰਿਤਸਰ:** ਸਰਬੱਤ ਖਾਲਸਾ ਦੇ ਮੁਦਈ ਸਿੱਖ ਆਗੂਆਂ ਦਾ ਦਾਅਵਾ ਹੈ ਕਿ ਸ੍ਰੀ ਅਕਾਲ ਤਖਤ ਦੇ ਜਥੇਦਾਰ ਵੱਲੋਂ ਲਏ ਗਏ ਫੈਸਲੇ ਕਈ ਵਾਰ ਬਦਲੇ ਜਾ ਚੁੱਕੇ ਹਨ ਜਿਨ੍ਹਾਂ ਵਿਚ ਸ੍ਰੀ ਅਕਾਲ ਤਖਤ ਦੇ ਸਾਬਕਾ ਜਥੇਦਾਰ ਗਿਆਨੀ ਪੂਰਨ ਸਿੰਘ ਵੱਲੋਂ ਸ਼੍ਰੋਮਣੀ ਕਮੇਟੀ ਦੀ ਉਸ ਵੇਲੇ ਦੀ ਪ੍ਰਧਾਨ ਬੀਬੀ ਜਗੀਰ ਕੌਰ ਨੂੰ ਅਹੁਦੇ ਤੋਂ ਹਟਾਉਣਾ, 1984 ਵਿਚ ਸਾਕਾ ਨੀਲਾ ਤਾਰਾ ਤੋਂ ਬਾਅਦ ਜਥੇਦਾਰ ਵੱਲੋਂ ਕੋਠਾ ਸਾਹਿਬ ਠੀਕ ਠਾਕ ਹੋਣ ਬਾਰੇ ਕਹਿਣਾ ਤੇ ਡੇਰਾ ਬਿਆਸ ਨੂੰ ਕਲੀਨ ਚਿੱਟ ਦੇਣ ਆਦਿ ਦੇ ਮਾਮਲੇ ਸ਼ਾਮਲ ਹਨ। ਇਹ ਸਾਰੇ ਹੀ ਮਾਮਲਿਆਂ ਵਿਚ ਆਦੇਸ਼ਾਂ ਨੂੰ ਮਗਰੋਂ ਬਦਲ ਦਿੱਤਾ ਗਿਆ ਸੀ।

# ਸ਼੍ਰੋਮਣੀ ਕਮੇਟੀ ਨੂੰ ਝਟਕਾ: ਮੁੱਖ ਸਕੱਤਰ ਦੇ ਕੰਮ ਕਰਨ 'ਤੇ ਰੋਕ

**ਚੰਡੀਗੜ੍ਹ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਸਕੱਤਰ ਦਾ ਨਵਾਂ ਅਹੁਦਾ ਉਸ ਵੇਲੇ ਸੰਕਟ ਦੇ ਘੇਰੇ ਵਿਚ ਆ ਗਿਆ ਜਦੋਂ ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਚੀਫ ਸਕੱਤਰ ਦੇ ਕੰਮ ਕਰਨ ਉਤੇ ਰੋਕ ਲਗਾ ਦਿੱਤੀ। ਦੱਸਣਯੋਗ ਹੈ ਕਿ ਸ਼੍ਰੋਮਣੀ ਕਮੇਟੀ ਨੇ ਕਈ ਸਿੱਖ ਧਿਰਾਂ ਦੇ ਸਖਤ ਵਿਰੋਧ ਦੇ ਬਾਵਜੂਦ ਹਰਚਰਨ ਸਿੰਘ ਨੂੰ ਤਿੰਨ ਲੱਖ ਰੁਪਏ ਪ੍ਰਤੀ ਮਹੀਨਾ ਤਨਖਾਹ 'ਤੇ ਚੀਫ ਸਕੱਤਰ ਨਿਯੁਕਤ ਕਰ ਦਿੱਤਾ ਸੀ। ਪਹਿਰੇਦਾਰ ਸੋਸ਼ਲ ਵੈੱਲਫੇਅਰ ਸੁਸਾਇਟੀ ਦੇ ਪ੍ਰਧਾਨ ਬਲਵਿੰਦਰ ਸਿੰਘ ਨੇ ਇਸ ਨਿਯੁਕਤੀ 'ਤੇ ਰੋਕ ਲਗਾਉਣ ਲਈ ਜਨਹਿਤ ਪਟੀਸ਼ਨ ਦਾਇਰ ਕੀਤੀ ਸੀ। ਇਸ 'ਤੇ ਸੁਣਵਾਈ ਕਰਦਿਆਂ ਜਸਟਿਸ ਸਤੀਸ਼ ਕੁਮਾਰ ਮਿੱਤਲ ਤੇ ਜਸਟਿਸ ਮਹਾਵੀਰ ਸਿੰਘ ਚੌਹਾਨ ਦੇ ਡਿਵੀਜ਼ਨ ਬੈਂਚ ਨੇ ਚੀਫ ਸਕੱਤਰ ਦੇ ਕੰਮ ਕਰਨ 'ਤੇ ਰੋਕ ਲਗਾਉਂਦਿਆਂ ਪੰਜਾਬ ਸਰਕਾਰ, ਸ਼੍ਰੋਮਣੀ ਕਮੇਟੀ ਤੇ ਹਰਚਰਨ ਸਿੰਘ ਨੂੰ ਨੋਟਿਸ ਜਾਰੀ ਕਰ ਦਿੱਤਾ ਹੈ। ਅਦਾਲਤ ਨੇ ਇਸ ਮਾਮਲੇ ਦੀ ਅਗਲੀ ਸੁਣਵਾਈ ਪੰਜ ਨਵੰਬਰ 'ਤੇ ਪਾ ਦਿੱਤੀ ਹੈ। ਇਸ ਨਿਯੁਕਤੀ ਦਾ ਵਿਰੋਧ ਕਰਨ ਵਾਲਿਆਂ ਨੇ ਸ਼੍ਰੋਮਣੀ ਕਮੇਟੀ ਨੂੰ ਸੁਚੇਤ ਕੀਤਾ ਹੈ ਕਿ ਸਮਾਂ ਰਹਿੰਦਿਆਂ ਨਿਯੁਕਤੀ ਰੱਦ ਕਰ ਦਿੱਤੀ ਜਾਵੇ ਨਹੀਂ ਤਾਂ ਅਦਾਲਤ ਸ਼੍ਰੋਮਣੀ ਕਮੇਟੀ 'ਤੇ ਰੋਕ ਲਾਉਂਦਿਆਂ ਇਸ ਦਾ ਕੋਈ ਪ੍ਰਸ਼ਾਸਕ ਵੀ ਲਗਾ ਸਕਦੀ ਹੈ। ਪਟੀਸ਼ਨਰ ਵੱਲੋਂ ਪੇਸ਼ ਹੋਏ ਵਕੀਲ ਕਰਮਬੀਰ ਸਿੰਘ ਕਾਹਲੋਂ ਨੇ ਦੱਸਿਆ ਕਿ ਸਿੱਖ ਗੁਰਦੁਆਰਾ ਐਕਟ ਤਹਿਤ ਇਹ ਅਹੁਦਾ ਮੌਜੂਦ ਹੀ ਨਹੀਂ ਹੈ। ਖਾਸ ਤੌਰ 'ਤੇ 70 ਸਾਲ ਦੀ ਉਮਰ ਵਿਚ ਤਾਂ ਬਿਲਕੁਲ ਨਹੀਂ ਹੈ। ਕਮੇਟੀ ਦੇ ਨਿਯਮਾਂ ਤੇ ਗੁਰਦੁਆਰਾ ਐਕਟ



ਤਹਿਤ ਕਿਸੇ ਅਹੁਦੇ ਲਈ 58 ਸਾਲ ਉਮਰ ਨਿਰਧਾਰਤ ਕੀਤੀ ਗਈ ਹੈ। ਅਕਾਲੀ ਦਲ 1920 ਦੇ ਪ੍ਰਧਾਨ ਰਵੀਇੰਦਰ ਸਿੰਘ ਤੇ ਸੀਨੀਅਰ ਮੀਤ ਪ੍ਰਧਾਨ ਰਘਬੀਰ ਸਿੰਘ ਰਾਜਾਸਾਂਸੀ ਨੇ ਸ਼੍ਰੋਮਣੀ ਕਮੇਟੀ ਨੂੰ ਸੁਚੇਤ ਕੀਤਾ ਕਿ ਅਦਾਲਤ ਦੀ ਸੁਣਵਾਈ ਤੋਂ ਪਹਿਲਾਂ ਇਸ ਨਵੀਂ ਨਿਯੁਕਤੀ ਨੂੰ ਰੱਦ ਕਰ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਇਸ ਗ਼ੈਰਕਾਨੂੰਨੀ ਨਿਯੁਕਤੀ ਕਾਰਨ ਸ਼੍ਰੋਮਣੀ ਕਮੇਟੀ ਕਿਸੇ ਹੋਰ ਕਾਨੂੰਨੀ ਸੰਕਟ ਵਿਚ ਨਾ ਫਸ ਜਾਵੇ। ਜੇਕਰ ਅਦਾਲਤ ਇਸ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਦੀ ਕੰਮ ਚਲਾਊ ਅੰਤ੍ਰਿੰਗ ਕਮੇਟੀ 'ਤੇ ਰੋਕ ਲਗਾ ਦਿੰਦੀ ਹੈ ਤਾਂ ਸ਼੍ਰੋਮਣੀ ਕਮੇਟੀ ਦਾ ਪ੍ਰਬੰਧ ਕਿਸੇ ਪ੍ਰਸ਼ਾਸਕ ਦੇ ਹਵਾਲੇ ਕੀਤਾ ਜਾ ਸਕਦਾ ਹੈ ਜੋ ਵੱਡੀ ਚਿੰਤਾ ਦਾ ਵਿਸ਼ਾ ਹੋਵੇਗਾ। ਉਨ੍ਹਾਂ ਆਖਿਆ ਕਿ ਸ਼੍ਰੋਮਣੀ ਕਮੇਟੀ ਦੇ ਮੌਜੂਦਾ ਸਦਨ ਦੀ ਕੋਈ ਹੋਂਦ ਨਹੀਂ ਹੈ ਤੇ ਇਹ ਮਾਮਲਾ ਸੁਪਰੀਮ ਕੋਰਟ ਵਿਚ ਵਿਚਾਰ ਅਧੀਨ ਹੈ।

## ਸਰਬੱਤ ਖਾਲਸਾ ਸੱਦਣ ਵਾਲੇ ਕਾਂਗਰਸ ਦੇ ਏਜੰਟ: ਮੱਕੜ

**ਅੰਮ੍ਰਿਤਸਰ:** ਡੇਰਾ ਸਿਰਸਾ ਦੇ ਮੁਖੀ ਨੂੰ ਮੁਆਫ ਕਰਨ ਬਾਰੇ ਜਥੇਦਾਰਾਂ ਦੇ ਫੈਸਲੇ ਖਿਲਾਫ ਸਰਬੱਤ ਖਾਲਸਾ ਸੱਦਣ ਦੀ ਤਿਆਰੀ ਕਰ ਰਹੀਆਂ ਸਿੱਖ ਜਥੇਬੰਦੀਆਂ ਦੇ ਆਗੂਆਂ ਨੂੰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਕਾਂਗਰਸ ਦੇ ਏਜੰਟ ਕਰਾਰ ਦਿੰਦਿਆਂ ਆਖਿਆ ਕਿ ਉਨ੍ਹਾਂ ਨੂੰ ਸਰਬੱਤ ਖਾਲਸਾ ਸੱਦਣ ਦਾ ਕੋਈ ਅਧਿਕਾਰ ਨਹੀਂ।

ਉਨ੍ਹਾਂ ਸਿੱਖ ਪੰਥ ਨੂੰ ਅਪੀਲ ਕੀਤੀ ਕਿ ਕੌਮ ਦੀ ਸ਼ਕਤੀ ਨੂੰ ਕਮਜ਼ੋਰ ਕਰਨ ਤੇ ਭਾਈਚਾਰੇ ਵਿਚ ਵਖਰੇਵੇਂ ਖੜ੍ਹੇ ਕਰਨ ਵਾਲੀ ਕਿਸੇ ਵੀ ਧਿਰ ਨੂੰ ਉਹ ਨਕਾਰ ਦੇਣ।



# ਵੋਟ ਬੈਂਕ ਦੇ ਨਫੇ-ਨੁਕਸਾਨ 'ਚ ਉਲਝਿਆ ਅਕਾਲੀ ਦਲ

**ਜਲੰਧਰ:** ਪੰਜ ਸਿੰਘ ਸਾਹਿਬਾਨ ਵੱਲੋਂ ਡੇਰਾ ਸਿਰਸਾ ਦੇ ਮੁਖੀ ਨੂੰ ਮੁਆਫ ਕਰਨ ਲਈ ਕੀਤਾ ਅਚਾਨਕ ਫੈਸਲਾ ਬਹੁਤੀ ਅਕਾਲੀ ਲੀਡਰਸ਼ਿਪ ਨੂੰ ਵੀ ਹਜ਼ਮ ਨਹੀਂ ਹੋ ਰਿਹਾ। ਮੁਆਫੀ ਦਾ ਫੈਸਲਾ ਭਾਵੇਂ ਸਿੱਖ ਧਾਰਮਿਕ ਲੀਡਰਸ਼ਿਪ ਵੱਲੋਂ ਹੀ ਲਿਆ ਗਿਆ ਹੈ, ਪਰ ਇਸ ਸਾਰੇ ਘਟਨਾਕ੍ਰਮ ਦਾ ਕੇਂਦਰ ਬਿੰਦੂ ਅਕਾਲੀ ਦਲ ਹੀ ਬਣਿਆ ਹੋਇਆ ਹੈ। ਅਕਾਲੀ ਦਲ ਵੱਲੋਂ ਹੀ ਇਸ ਫੈਸਲੇ ਕਾਰਨ ਉਠੇ ਵਾਅ-ਵਰੋਲੇ ਨੂੰ ਠੱਲ੍ਹਣ ਤੇ ਵਿਵਾਦ ਨੂੰ ਸੀਮਤ ਕਰਨ ਲਈ ਅੱਡੀ-ਚੋਟੀ ਦਾ ਜ਼ੋਰ ਲੱਗਾ ਹੋਇਆ ਹੈ। ਅਕਾਲੀ ਦਲ ਨੇ ਸਿੰਘ ਸਾਹਿਬਾਨ ਦੇ ਫੈਸਲੇ ਦੀ ਪ੍ਰੋੜ੍ਹਤਾ ਸ਼੍ਰੋਮਣੀ ਕਮੇਟੀ ਦੇ ਜਨਰਲ ਹਾਊਸ ਤੋਂ ਕਰਵਾ ਕੇ ਮਾਮਲੇ ਨੂੰ ਠੰਢਾ ਕਰਨ ਦਾ ਯਤਨ ਕੀਤਾ ਸੀ। ਪਾਰਟੀ ਅੰਦਰਲੇ ਸੂਤਰਾਂ ਦਾ ਕਹਿਣਾ ਹੈ ਕਿ ਡੇਰਾ ਮੁਖੀ ਵਾਲੇ ਫੈਸਲੇ ਤੋਂ ਬਾਅਦ ਪੈਦਾ ਹੋਈ ਸਥਿਤੀ ਦਾ ਹੁਣ ਪਾਰਟੀ ਲੀਡਰਸ਼ਿਪ ਨੂੰ ਡੂੰਘਾ ਅਹਿਸਾਸ ਹੋ ਗਿਆ ਲੱਗਦਾ ਹੈ ਤੇ ਇਸੇ ਕਾਰਨ ਹੁਣ ਉਹ ਸਾਰਾ ਜ਼ੋਰ ਛੇਤੀ ਹੀ ਠੰਢ-ਠਿਢੋਰਾ ਕਰਨ ਉੱਪਰ ਲਗਾ ਰਹੇ ਹਨ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਭਾਵੇਂ ਅਕਾਲੀ ਦਲ ਦਾ ਸਪਸ਼ਟ ਬਹੁਮਤ ਹੈ, ਪਰ ਹੁਣ ਹਾਲਾਤ ਬਦਲ ਗਏ ਹਨ। ਸਹਿਜਧਾਰੀਆਂ ਨੂੰ ਵੋਟ ਹੱਕ ਦੇ ਮਾਮਲੇ ਵਿਚ ਅਦਾਲਤ ਨੇ 2011 ਦਾ ਕਮੇਟੀ ਦਾ ਚੁਣਿਆ ਹਾਊਸ ਰੱਦ ਕਰ ਦਿੱਤਾ ਹੈ ਤੇ ਸੁਪਰੀਮ ਕੋਰਟ ਨੇ ਸ਼੍ਰੋਮਣੀ ਕਮੇਟੀ ਦਾ ਕੰਮ ਚਲਾਉਣ ਲਈ 2011 ਤੋਂ ਪਹਿਲਾਂ ਵਾਲੇ ਜਨਰਲ ਹਾਊਸ ਵੱਲੋਂ ਚੁਣੀ ਕਾਰਜਕਾਰਨੀ ਕਮੇਟੀ ਨੂੰ ਹੀ ਅਧਿਕਾਰਤ ਕੀਤਾ ਹੋਇਆ ਹੈ। ਇਸ ਕਰਕੇ ਸ਼੍ਰੋਮਣੀ ਕਮੇਟੀ ਦੀ ਕਾਰਜਕਾਰਨੀ ਦੇ ਮੈਂਬਰਾਂ ਜਾਂ ਅਹੁਦੇਦਾਰਾਂ ਬਾਰੇ ਹੁਣ ਅਕਾਲੀ ਦਲ ਕੋਲ ਕੁਝ ਵੀ ਹੱਥ ਪੱਲੇ ਨਹੀਂ। ਕਾਰਜਕਾਰਨੀ ਦੇ ਜਨਰਲ ਸਕੱਤਰ ਸ. ਸੁਖਦੇਵ ਸਿੰਘ ਭੌਰ ਤੇ ਕਮੇਟੀ ਮੈਂਬਰ ਕਰਨੈਲ ਸਿੰਘ ਪੰਜੋਲੀ ਫੈਸਲੇ ਦਾ ਵਿਰੋਧ ਕਰ ਚੁੱਕੇ ਹਨ।

**ਮੁਆਫੀ ਮਾਮਲੇ ਵਿਚ ਅਕਾਲੀ ਦਲ ਦਾ ਹੱਥ ਨਹੀਂ: ਸੁਖਬੀਰ :** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕਿਹਾ ਹੈ ਕਿ ਉਨ੍ਹਾਂ ਦੀ ਪਾਰਟੀ ਨੇ ਡੇਰਾ ਸਿਰਸਾ ਦੇ ਮੁਖੀ ਨੂੰ ਮੁਆਫੀ ਦੇਣ ਲਈ ਸਿੰਘ ਸਾਹਿਬਾਨ 'ਤੇ ਕੋਈ ਦਬਾਅ ਨਹੀਂ ਪਾਇਆ। ਉਨ੍ਹਾਂ ਦਾਅਵਾ ਕੀਤਾ ਕਿ ਸ਼੍ਰੋਮਣੀ ਅਕਾਲੀ ਦਲ ਨੇ ਕਦੇ ਵੀ ਧਾਰਮਿਕ ਮਾਮਲਿਆਂ ਵਿਚ ਸਿੰਘ ਸਾਹਿਬਾਨ 'ਤੇ ਕਦੇ ਕੋਈ ਦਬਾਅ ਨਹੀਂ ਪਾਇਆ ਤੇ ਨਾ ਹੀ ਕੋਈ ਦਖਲਅੰਦਾਜ਼ੀ ਕੀਤੀ ਹੈ। ਜਦੋਂ ਉਨ੍ਹਾਂ ਤੋਂ ਮੁੰਬਈ ਵਿਚ ਡੇਰਾ ਮੁਖੀ ਨਾਲ ਮੁਲਾਕਾਤ ਬਾਰੇ ਪੁੱਛਿਆ ਗਿਆ ਤਾਂ ਉਪ ਮੁੱਖ ਮੰਤਰੀ ਨੇ ਅਣਸੁਖਾਵਾਂ ਮਹਿਸੂਸ ਕਰਦਿਆਂ ਕਿਹਾ ਕਿ ਅਜਿਹੇ ਸਵਾਲ ਪੁੱਛਣਾ ਸ਼ੋਭਾ ਨਹੀਂ ਦਿੰਦੇ।



## ਇਨੈਲੋ ਨੇ ਛੱਡਿਆ ਅਕਾਲੀ ਦਲ ਦਾ ਸਾਥ

**ਚੰਡੀਗੜ੍ਹ:** ਡੇਰਾ ਸੱਚਾ ਸੌਦਾ ਦੇ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਨੂੰ ਮੁਆਫ ਕਰਨ ਦੇ ਮੁੱਦੇ 'ਤੇ ਇੰਡੀਅਨ ਨੈਸ਼ਨਲ ਲੋਕ ਦਲ (ਇਨੈਲੋ) ਨੇ ਆਪਣੇ ਆਪ ਨੂੰ ਸ਼੍ਰੋਮਣੀ ਅਕਾਲੀ ਦਲ ਨਾਲੋਂ ਵੱਖ ਕਰ ਲਿਆ ਹੈ ਤੇ ਕਿਹਾ ਹੈ ਕਿ ਡੇਰਾ ਮੁਖੀ ਨੂੰ ਮੁਆਫੀ ਦੇਣ ਦੀ ਕੋਈ ਤੁਕ ਨਹੀਂ ਬਣਦੀ। ਵਰਣਨਯੋਗ ਹੈ ਕਿ ਇਨੈਲੋ ਨੇਤਾ ਓਮ ਪ੍ਰਕਾਸ਼ ਚੌਟਾਲਾ ਸਿਆਸੀ ਤੇ ਪਰਿਵਾਰਕ ਤੌਰ 'ਤੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਕਾਫੀ ਨੇੜੇ ਹਨ। ਇਨੈਲੋ ਦੇ ਸੀਨੀਅਰ ਆਗੂ ਤੇ ਹਰਿਆਣਾ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਅਭੈ ਚੌਟਾਲਾ ਨੇ ਕਿਹਾ ਕਿ ਡੇਰਾ ਮੁਖੀ ਦੇ ਖਿਲਾਫ ਕਤਲ ਤੇ ਬਲਾਤਕਾਰ ਦੇ ਮੁਕੱਦਮੇ ਚੱਲ ਰਹੇ ਹਨ। ਇਸ ਹਾਲਤ ਵਿਚ ਉਸ ਨੂੰ ਮੁਆਫੀ ਦੇਣਾ ਗਲਤ ਹੈ।

## ਕਮੇਟੀ ਮੈਂਬਰਾਂ ਨੂੰ ਨਾਲ ਖੜ੍ਹਨ ਲਈ ਮਜਬੂਰ ਕੀਤਾ: ਸਰਨਾ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਵੱਲੋਂ ਤਖਤਾਂ ਦੇ ਜਥੇਦਾਰਾਂ ਦੇ ਹੱਕ ਵਿਚ ਸ਼੍ਰੋਮਣੀ ਕਮੇਟੀ ਮੈਂਬਰਾਂ ਕੋਲੋਂ ਧੱਕੇ ਨਾਲ ਹਮਾਇਤ ਪ੍ਰਾਪਤ ਕੀਤੀ ਗਈ ਹੈ। ਇਹ ਦਾਅਵਾ ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਤੇ ਦਿੱਲੀ ਅਕਾਲੀ ਦਲ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਕੀਤਾ ਹੈ। ਦੂਜੇ ਪਾਸੇ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵੀ ਜਥੇਦਾਰਾਂ ਦੇ ਫੈਸਲੇ ਦੀ ਪ੍ਰੋੜ੍ਹਤਾ ਲਈ ਸੱਦੀ ਮੀਟਿੰਗ ਦੀ ਨਿਖੇਧੀ ਕਰਦਿਆਂ ਇਸ ਨੂੰ ਅਣਅਧਿਕਾਰਤ ਮੀਟਿੰਗ ਕਰਾਰ ਦਿੱਤਾ। ਸ. ਸਰਨਾ ਨੇ ਕਿਹਾ ਕਿ ਜਥੇਦਾਰਾਂ ਵੱਲੋਂ ਡੇਰਾ ਸਿਰਸਾ ਦੇ ਮੁਖੀ ਨੂੰ ਦਿੱਤੀ ਮੁਆਫੀ ਬਾਰੇ ਦੁਨੀਆਂ ਭਰ ਦੇ ਸਿੱਖ ਜਗਤ ਵਿਚ ਰੋਸ ਪਾਇਆ ਜਾ ਰਿਹਾ ਹੈ ਤੇ ਸੋਸ਼ਲ ਮੀਡੀਆ ਤੇ ਜਥੇਦਾਰਾਂ ਖਿਲਾਫ ਵੱਡਾ ਪ੍ਰਚਾਰ ਹੋ ਰਿਹਾ ਹੈ।

## ਸੰਤ ਢੱਡਰੀਆਂ ਵਾਲੇ ਵੱਲੋਂ ਜਥੇਦਾਰ 'ਤੇ ਧਮਕਾਉਣ ਦਾ ਦੋਸ਼

**ਮਾਛੀਵਾੜਾ ਸਾਹਿਬ:** ਗੁਰੂ ਮਾਨਿਓ ਗ੍ਰੰਥ ਚੇਤਨਾ ਲਹਿਰ ਦੇ ਪ੍ਰਚਾਰਕ ਤੇ ਗੁਰਦੁਆਰਾ ਪਰਮੇਸ਼ਰ ਦੁਆਰ ਸਾਹਿਬ ਦੇ ਮੁੱਖ ਸੇਵਾਦਾਰ ਸੰਤ ਰਣਜੀਤ ਸਿੰਘ ਢੱਡਰੀਆਂ ਵਾਲੇ ਨੇ ਇਕ ਤਖਤ ਦੇ ਜਥੇਦਾਰ 'ਤੇ ਫੋਨ ਰਾਹੀਂ ਧਮਕੀਆਂ ਦੇਣ ਦੇ ਦੋਸ਼ ਲਾਏ ਹਨ। ਸੰਤ ਰਣਜੀਤ ਸਿੰਘ ਨੇ ਕਿਹਾ ਕਿ ਉਨ੍ਹਾਂ ਦੇ ਨਾਲ ਰਹਿੰਦੇ ਇਕ ਸਿੰਘ ਨੂੰ ਇਕ ਤਖਤ ਦੇ ਜਥੇਦਾਰ ਨੇ ਫੋਨ 'ਤੇ ਧਮਕੀ ਦਿੱਤੀ ਸੀ। ਉਨ੍ਹਾਂ ਕੋਲ ਰਿਕਾਰਡਿੰਗ ਵੀ ਮੌਜੂਦ ਹੈ ਪਰ ਉਹ ਜਥੇਦਾਰ ਦੇ ਨਾਂ ਤੇ ਰਿਕਾਰਡਿੰਗ ਦਾ ਖੁਲਾਸਾ ਸਮਾਂ ਆਉਣ 'ਤੇ ਹੀ ਸੰਗਤ ਵਿੱਚ ਕਰਨਗੇ।

**Punjab Times**

**Established in 2000**
**16th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਸਰਕਾਰੀ ਤੰਤਰ ਤੋਂ ਵੱਧ ਹਾਈਟੈਕ ਨੇ ਨਸ਼ਾ ਤਸਕਰ

**ਫਰੀਦਕੋਟ:** ਪੰਜਾਬ ਸਰਕਾਰ ਭਾਵੇਂ ਨਸ਼ਾ ਤਸਕਰਾਂ ਦੇ ਨੈੱਟਵਰਕ ਨੂੰ ਤੋੜਨ ਲਈ ਜੇਲ੍ਹਾਂ ਨੂੰ ਹਾਈਟੈਕ ਕਰਨ ਦੀ ਵਿਉਂਤਬੰਦੀ ਕਰ ਰਹੀ ਹੈ, ਪਰ ਨਸ਼ਾ ਤਸਕਰ ਇਸ ਮਾਮਲੇ ਵਿਚ ਸਰਕਾਰ ਤੋਂ ਚਾਰ ਕਦਮ ਅੱਗੇ ਹਨ। ਜੇਲ੍ਹ ਅਮਲਾ ਵੀ ਨਸ਼ਾ ਤਸਕਰਾਂ ਦੀ ਖੁੱਲ੍ਹ ਕੇ ਮਦਦ ਕਰ ਰਿਹਾ ਹੈ। ਇਹ ਖੁਲਾਸਾ ਹਾਲ ਹੀ ਵਿਚ ਦੋ ਜੇਲ੍ਹ ਅਧਿਕਾਰੀਆਂ ਦੀ ਗ੍ਰਿਫਤਾਰੀ ਪਿੱਛੋਂ ਹੋਇਆ ਹੈ। ਪੁਲਿਸ ਨੇ ਜੇਲ੍ਹ ਵਿਚ ਬੰਦ ਕੈਦੀਆਂ ਨੂੰ ਨਸ਼ਾ ਸਪਲਾਈ ਕਰਨ ਦੇ ਦੋਸ਼ਾਂ ਹੇਠ ਜੇਲ੍ਹ ਦੇ ਸਹਾਇਕ ਸੁਪਰਡੈਂਟ ਕਰਮਜੀਤ ਸਿੰਘ ਭੁੱਲਰ ਤੇ ਜੇਲ੍ਹ ਵਾਰਡਨ ਸੁਖਵਿੰਦਰ ਸਿੰਘ ਨੂੰ ਕਾਬੂ ਕੀਤਾ ਹੈ। ਪੁਲਿਸ ਮੁਤਾਬਕ ਭੁੱਲਰ ਵੱਲੋਂ ਮਾਡਰਨ ਜੇਲ੍ਹ ਵਿਚ ਕੈਦੀਆਂ ਨੂੰ ਸ਼ਰੇਆਮ ਨਸ਼ਾ ਮੁਹੱਈਆ ਕਰਵਾਇਆ ਜਾਂਦਾ ਸੀ ਤੇ ਇਸ ਦੀ ਰਕਮ ਆਨ ਲਾਈਨ ਤਸਕਰਾਂ ਦੇ ਖਾਤੇ ਵਿਚ ਜਮ੍ਹਾਂ ਹੁੰਦੀ ਸੀ।

ਪੜਤਾਲ ਦੌਰਾਨ ਜੇਲ੍ਹ ਵਿਚ ਸਜ਼ਾ ਕੱਟ ਰਹੇ ਪ੍ਰਗਟ ਸਿੰਘ ਨੂੰ ਵੀ ਗ੍ਰਿਫਤਾਰ ਕੀਤਾ ਸੀ। ਪ੍ਰਗਟ ਸਿੰਘ ਅਧਿਕਾਰੀਆਂ ਦੀ ਮਿਲੀਭੁਗਤ ਨਾਲ ਜੇਲ੍ਹ ਵਿਚ ਬੰਦੀਆਂ ਨੂੰ ਸਮੈਕ ਤੇ ਹੋਰ ਨਸ਼ੇ ਮੁਹੱਈਆ ਕਰਵਾਉਂਦਾ ਸੀ। ਕੈਦੀ, ਨਸ਼ੇ ਦੀ ਕੀਮਤ ਪ੍ਰਗਟ ਸਿੰਘ ਦੇ ਪਿਤਾ ਗੁਰਦੇਵ ਸਿੰਘ ਦੇ ਸਟੇਟ ਬੈਂਕ ਆਫ ਪਟਿਆਲਾ ਦੇ ਖਾਤੇ ਵਿਚ ਆਨਲਾਈਨ ਜਮ੍ਹਾਂ ਕਰਵਾ ਦਿੰਦੇ ਸਨ। ਗੁਰਦੇਵ ਸਿੰਘ ਦੇ ਖਾਤਿਆਂ ਦੀ ਪੜਤਾਲ ਕਰਨ 'ਤੇ ਪਤਾ ਲੱਗਾ ਕਿ ਉਸ ਦੇ




ਖਾਤੇ ਵਿਚ ਸਾਢੇ ਪੰਜ ਲੱਖ ਰੁਪਏ ਵੱਖ ਵੱਖ ਥਾਵਾਂ ਤੋਂ ਨਸ਼ਾ ਤਸਕਰੀ ਬਦਲੇ ਜਮ੍ਹਾਂ ਹੋਏ ਹਨ। ਪੁਲਿਸ ਨੇ ਜਿਹੜੀਆਂ ਪਹਿਲੀਆਂ 50 ਰਕਮਾਂ ਆਨਲਾਈਨ ਜਮ੍ਹਾਂ ਹੋਣ ਦੀ ਸ਼ਨਾਖਤ ਕੀਤੀ ਹੈ, ਉਨ੍ਹਾਂ ਵਿਚੋਂ ਬਹੁਤੀਆਂ ਮੁੱਖ ਮੰਤਰੀ ਦੇ ਜ਼ਿਲ੍ਹੇ ਨਾਲ ਸਬੰਧਤ ਹਨ। ਦੱਸਣਯੋਗ ਹੈ ਕਿ ਨਸ਼ਾ ਤਸਕਰੀ ਪੰਜਾਬ ਵਿਚ ਵੱਡਾ ਸਿਆਸੀ ਮੁੱਦਾ ਬਣੀ ਹੋਈ ਹੈ ਤੇ ਪਿਛਲੇ ਵਰ੍ਹੇ ਹੋਈਆਂ ਲੋਕ ਸਭਾ ਚੋਣਾਂ ਵਿਚ ਇਸ ਨੇ ਹਾਕਮ ਧਿਰ ਅਕਾਲੀ ਦਲ ਨੂੰ ਵੱਡਾ ਝਟਕਾ ਵੀ ਦਿੱਤਾ ਸੀ। ਪੰਜਾਬ ਦੇ ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਸਮੇਤ ਸੂਬੇ ਦੇ ਕਈ ਮੰਤਰੀਆਂ ਦੇ ਨਾਂ ਨਸ਼ਾ ਤਸਕਰੀ ਵਿਚ ਬੋਲਦੇ ਹਨ। ਸਰਕਾਰ ਨੇ ਲੋਕ ਸਭਾ ਚੋਣਾਂ ਪਿਛੋਂ ਇਹ ਦਾਗ ਧੋਣ ਦੀ ਕੋਸ਼ਿਸ਼ ਕੀਤੀ ਸੀ, ਪਰ ਡੇਢ ਸਾਲ ਤੋਂ ਵੱਧ ਸਮੇਂ ਪਿੱਛੋਂ ਵੀ ਇਹ ਕੋਸ਼ਿਸ਼ਾਂ ਨਾਕਾਫੀ ਲੱਗ ਰਹੀਆਂ ਹਨ ਤੇ ਨਸ਼ਿਆਂ ਦਾ ਦਰਿਆ ਹੋਰ ਜ਼ੋਰ-ਸ਼ੋਰ ਨਾਲ ਵਹਿਣ ਲੱਗਾ ਹੈ। ਪੁਲਿਸ ਨੇ ਹਾਲ ਹੀ ਵਿਚ ਪੰਜਾਬ ਤੇ ਹਰਿਆਣਾ ਹਾਈਕੋਰਟ ਵਿਚ ਦਿੱਤੇ ਹਲਫਨਾਮਾ ਵਿਚ ਖੁਲਾਸਾ ਕੀਤਾ ਸੀ ਕਿ ਪਿਛਲੇ ਦਹਾਕੇ ਵਿਚ ਸੂਬੇ ਵਿਚ ਹੈਰੋਇਨ ਤਸਕਰੀ ਵਿਚ 50 ਫੀਸਦੀ ਵਾਧਾ ਹੋਇਆ ਹੈ। 2003 ਵਿਚ ਸੂਬੇ ਵਿਚ 9.80 ਕਿਲੋ ਹੈਰੋਇਨ ਜ਼ਬਤ ਕੀਤੀ ਗਈ, ਜਦ ਕਿ 2014 (ਸਤੰਬਰ ਤੱਕ) 438.067 ਕਿਲੋ ਹੈਰੋਇਨ ਜ਼ਬਤ ਹੋਈ। ਨੈਸ਼ਨਲ ਕਰਾਇਮ ਰਿਕਾਰਡ ਬਿਊਰੋ (ਐਨ.ਸੀ.ਆਰ.ਬੀ.) ਦੇ ਅੰਕੜਿਆਂ ਮੁਤਾਬਕ ਮੁਲਕ ਵਿਚ 1533 ਮੁਲਜ਼ਮ ਆਰਮਜ਼ ਐਕਟ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਹਨ ਤੇ ਇਨ੍ਹਾਂ ਵਿਚੋਂ 362 ਪੰਜਾਬ ਦੀਆਂ ਜੇਲ੍ਹ ਵਿਚ ਹਨ। ਯੂ.ਪੀ. ਤੇ ਬਿਹਾਰ ਵਿਚ ਕ੍ਰਮਵਾਰ 333 ਤੇ 204 ਮੁਲਜ਼ਮਾਂ 'ਤੇ ਅਜਿਹੇ ਦੋਸ਼ ਹਨ।

## ਜੇਲ੍ਹਾਂ ਵਿਚ 45% ਕੈਦੀ ਨਸ਼ਾ ਤਸਕਰੀ ਨਾਲ ਸਬੰਧਤ

**ਚੰਡੀਗੜ੍ਹ:** ਨੈਸ਼ਨਲ ਕਰਾਇਮ ਰਿਕਾਰਡ ਬਿਊਰੋ (ਐਨ.ਸੀ.ਆਰ.ਬੀ.)ਦੇ ਅੰਕੜਿਆਂ ਮੁਤਾਬਕ ਪੰਜਾਬ ਦੀਆਂ ਜੇਲ੍ਹਾਂ ਵਿਚ 45 ਫੀਸਦੀ ਕੈਦੀ ਨਸ਼ਾ ਤਸਕਰੀ ਦੇ ਕੇਸਾਂ ਨਾਲ ਸਬੰਧਤ ਹਨ। ਕੌਮੀ ਪੱਧਰ 'ਤੇ ਜੇਲ੍ਹਾਂ ਵਿਚ ਨਸ਼ਿਆਂ ਨਾਲ ਸਬੰਧਤ ਮਾਮਲਿਆਂ ਵਿਚ ਸਜ਼ਾ ਭੁਗਤ ਰਹੇ ਕੈਦੀਆਂ ਦੀ ਗਿਣਤੀ ਛੇ ਫੀਸਦੀ ਬਣਦੀ ਹੈ। ਪੂਰੇ ਮੁਲਕ ਵਿਚ 8923 ਕੈਦੀ ਇਨ੍ਹਾਂ ਕੇਸਾਂ ਦਾ ਸਾਹਮਣਾ ਕਰ ਰਹੇ ਹਨ। ਇਨ੍ਹਾਂ ਵਿਚੋਂ 3972 ਇਕੱਲੇ ਪੰਜਾਬ ਦੀਆਂ ਜੇਲ੍ਹਾਂ ਵਿਚ ਬੰਦ ਹਨ। ਮੱਧ ਪ੍ਰਦੇਸ਼ ਵਿਚ 896, ਉਤਰ ਪ੍ਰਦੇਸ਼ 884, ਹਰਿਆਣਾ 557 ਤੇ ਰਾਜਸਥਾਨ ਵਿਚ 478 ਕੈਦੀ ਨਸ਼ਾ ਤਸਕਰੀ ਦੇ ਦੋਸ਼ ਤਹਿਤ ਬੰਦ ਹਨ। ਪੰਜਾਬ ਦੀਆਂ ਜੇਲ੍ਹਾਂ ਵਿਚ 26 ਹਜ਼ਾਰ ਕੈਦੀ ਹਨ ਤੇ ਇਨ੍ਹਾਂ ਵਿਚੋਂ 47 ਫੀਸਦੀ ਨਸ਼ੇ ਦੇ ਆਦੀ ਹਨ।

## ਡੇਰਾ ਮੁਖੀ ਨੂੰ ਮੁਆਫੀ 'ਤੇ ਸਿੱਖਾਂ ਵਿਚ ਰੋਹ

*(ਸਫਾ ਇਕ ਦੀ ਬਾਕੀ)*

ਦੱਸਣਯੋਗ ਹੈ ਕਿ ਡੇਰਾ ਮੁਖੀ ਨੂੰ ਮੁਆਫੀ ਪਿਛੋਂ ਜਥੇਦਾਰਾਂ ਖਿਲਾਫ ਰੋਸ ਵਧ ਰਿਹਾ ਹੈ। ਇਸ ਫੈਸਲੇ ਪਿਛੋਂ ਜਥੇਦਾਰਾਂ ਦੀ ਸੁਰੱਖਿਆ ਵੀ ਵਧਾ ਦਿੱਤੀ ਗਈ ਸੀ। ਜਥੇਦਾਰਾਂ ਵੱਲੋਂ ਸਮਾਜਕ ਤੇ ਧਾਰਮਿਕ ਸਮਾਗਮਾਂ ਵਿਚ ਆਉਣ-ਜਾਣ ਤੋਂ ਵੀ ਗੁਰੇਜ਼ ਕੀਤਾ ਜਾ ਰਿਹਾ ਹੈ। ਉਧਰ, ਦਲ ਖਾਲਸਾ ਤੇ ਅਕਾਲੀ ਦਲ ਪੰਚ ਪ੍ਰਧਾਨੀ ਨੇ ਤਖਤਾਂ ਦੇ ਜਥੇਦਾਰਾਂ ਉਤੇ ਅਸਤੀਫੇ ਦੇਣ ਲਈ ਦਬਾਅ ਬਣਾਉਣ ਵਾਸਤੇ ਉਨ੍ਹਾਂ ਦੇ ਬਾਈਕਾਟ ਦਾ ਵੀ ਐਲਾਨ ਕੀਤਾ ਹੈ ਤੇ ਵੱਖ ਵੱਖ ਗੁਰਦੁਆਰਿਆਂ ਦੇ ਆਲੇ-ਦੁਆਲੇ ਬਾਈਕਾਟ ਦੇ ਐਲਾਨ ਵਾਲੇ ਪੋਸਟਰ ਲਾਏ ਗਏ ਹਨ।

ਡੇਰਾ ਮੁਖੀ ਬਾਰੇ ਫੈਸਲੇ ਖਿਲਾਫ ਸੰਗਤਾਂ ਵਿਚ ਭਾਰੀ ਰੋਸ ਹੈ ਤੇ ਗਿਆਨੀ ਮੱਲ ਸਿੰਘ ਉਤੇ ਹੋਇਆ ਹਮਲਾ ਵੀ ਇਸੇ ਰੋਹ ਦਾ ਸਿੱਟਾ ਹੈ। ਇਸ ਹਮਲੇ ਕਾਰਨ ਬਾਕੀ ਜਥੇਦਾਰਾਂ 'ਤੇ ਵੀ ਮਾਨਸਿਕ ਦਬਾਅ ਵਧਿਆ ਹੈ। ਵੱਖ ਵੱਖ ਸਿੱਖ ਜਥੇਬੰਦੀਆਂ ਵੱਲੋਂ ਜਥੇਦਾਰਾਂ 'ਤੇ ਦਬਾਅ ਵਧਾਇਆ ਜਾ ਰਿਹਾ ਹੈ ਕਿ ਉਹ ਆਪਣਾ ਫੈਸਲਾ ਵਾਪਸ ਲੈਣ ਤੇ ਜੇ ਫੈਸਲਾ ਵਾਪਸ ਨਹੀਂ ਲੈ ਸਕਦੇ ਤਾਂ ਆਪਣੇ ਅਹੁਦਿਆਂ ਤੋਂ ਅਸਤੀਫੇ ਦੇ ਦੇਣ। ਕੁਝ ਸਿੱਖ ਜਥੇਬੰਦੀਆਂ ਵੱਲੋਂ ਸਰਬੱਤ ਖਾਲਸਾ ਸੱਦਣ ਲਈ ਵੀ ਯਤਨ ਕੀਤੇ ਜਾ ਰਹੇ ਹਨ। ਪੋਸਟਰਾਂ ਰਾਹੀਂ ਡੇਰਾ ਮੁਖੀ ਨੂੰ ਮੁਆਫੀ ਦਿੱਤੇ ਜਾਣ ਖਿਲਾਫ ਸੰਗਤਾਂ ਨੂੰ ਜਥੇਦਾਰਾਂ ਦਾ ਬਾਈਕਾਟ ਕਰਨ ਦੀ ਅਪੀਲ ਕੀਤੀ ਜਾ ਰਹੀ ਹੈ। ਜਥੇਬੰਦੀ ਨੇ ਦੋਸ਼ ਲਾਇਆ ਕਿ ਮੌਕਾਪ੍ਰਸਤ ਤੇ ਭ੍ਰਿਸ਼ਟ ਸਿਆਸਤਦਾਨਾਂ ਦੇ ਹਥਠੋਕੇ ਬਣ ਕੇ ਜਥੇਦਾਰਾਂ ਨੇ ਪੰਥ ਦੇ ਭਰੋਸੇ ਦਾ ਘਾਣ ਕੀਤਾ ਹੈ। ਖਾਲਸਾ ਪੰਥ ਦਾ ਵਿਸ਼ਵਾਸ ਗੁਆ ਚੁੱਕੇ ਜਥੇਦਾਰਾਂ ਨੂੰ ਅਹੁਦੇ ਛੱਡ ਦੇਣੇ ਚਾਹੀਦੇ ਹਨ। ਸ੍ਰੀ ਦਰਬਾਰ ਸਾਹਿਬ ਤੇ ਇਸ ਦੇ ਨੇੜੇ ਕਈ ਥਾਵਾਂ ਉਤੇ ਲਾਏ ਪੋਸਟਰ ਸ਼੍ਰੋਮਣੀ ਕਮੇਟੀ ਕਰਮਚਾਰੀਆਂ ਨੇ ਪਾੜ ਦਿੱਤੇ, ਪਰ ਇਸ ਦੇ ਬਾਵਜੂਦ ਇਹ ਪੋਸਟਰ ਚਰਚਾ ਦਾ ਵਿਸ਼ਾ ਬਣੇ ਹੋਏ ਹਨ। ਗਿਆਨੀ ਕੇਵਲ ਸਿੰਘ ਨੇ ਜਥੇਦਾਰ ਮੱਲ ਸਿੰਘ ਉਤੇ ਹਮਲੇ ਨੂੰ ਸਿੱਖ ਜਗਤ ਵਿਚ ਫੈਲੇ ਰੋਸ ਦਾ ਪ੍ਰਤੀਕ ਦੱਸਿਆ ਹੈ।

## ਦਾਦਰੀ ਕਾਂਡ: ਨਯਨਤਾਰਾ ਸਹਿਗਲ ਨੇ ਸਾਹਿਤ ਅਕਾਦਮੀ ਇਨਾਮ ਮੋੜਿਆ

**ਨਵੀਂ ਦਿੱਲੀ:** ਉਘੀ ਲੇਖਕ ਤੇ ਪੰਡਤ ਜਵਾਹਰ ਲਾਲ ਨਹਿਰੂ ਦੀ ਭਤੀਜੀ ਨਯਨਤਾਰਾ ਸਹਿਗਲ ਨੇ ਵਿਰੋਧੀ ਵਿਚਾਰ ਰੱਖਣ ਖ਼ਿਲਾਫ਼ ਵਧ ਰਹੀ ਅਸਹਿਣਸ਼ੀਲਤਾ ਅਤੇ 'ਦਹਿਸ਼ਤ ਦੇ ਰਾਜ' ਖ਼ਿਲਾਫ਼ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵੱਲੋਂ ਧਾਰੀ ਚੁੱਪ ਦੇ ਰੋਸ ਵਿਚ ਆਪਣਾ ਸਾਹਿਤ ਅਕਾਦਮੀ ਇਨਾਮ ਵਾਪਸ ਕਰ ਦਿੱਤਾ ਹੈ। ਨਯਨਤਾਰਾ ਨੂੰ ਨਾਵਲ 'ਰਿਚ ਲਾਈਕ ਅਸ' (1985) ਲਈ ਸਾਲ 1986 ਵਿਚ ਇਹ ਇਨਾਮ ਮਿਲਿਆ ਸੀ। ਪਿਛਲੇ ਸਮੇਂ ਦੌਰਾਨ ਲੇਖਕਾਂ ਤੇ ਤਰਕ ਨਾਲ ਗੱਲ ਕਰਨ ਵਾਲੇ ਸਾਹਿਤਕਾਰ ਐਮ ਐਮ ਕਾਲਬੁਰਗੀ, ਨਰੇਂਦਰ ਦਾਭੋਲਕਰ ਅਤੇ ਗੋਵਿੰਦ ਪਨਸਾਰੇ ਦੀਆਂ ਹੱਤਿਆਵਾਂ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਹੈ ਕਿ ਸੱਤਾਧਾਰੀ ਧਿਰ ਦੀ ਵਿਚਾਰਧਾਰਾ ਫਾਸ਼ੀਵਾਦੀ ਹੈ, ਜਿਸ ਤੋਂ ਉਹ ਫਿਕਰਮੰਦ ਹੈ। ਅੱਜ ਜੋ ਵੀ ਅੰਧਵਿਸ਼ਵਾਸ ਜਾਂ ਹਿੰਦੂਵਾਦ ਵਿਚਲੀਆਂ ਕੁਰੀਤੀਆਂ ਖ਼ਿਲਾਫ਼ ਆਵਾਜ਼ ਉਠਾਉਂਦਾ ਹੈ, ਉਸ ਨੂੰ ਜਾਂ ਤਾਂ ਹਾਸ਼ੀਏ 'ਤੇ ਧੱਕ ਦਿੱਤਾ ਜਾਂਦਾ ਹੈ, ਜਾਂ ਫਿਰ ਕਤਲ ਕਰ ਦਿੱਤਾ ਜਾਂਦਾ ਹੈ। ਉਨ੍ਹਾਂ ਨੇ ਦਾਦਰੀ ਕਾਂਡ ਦਾ ਹਵਾਲਾ ਵੀ ਦਿੱਤਾ ਹੈ।



## ਕਿਸਾਨਾਂ ਨੇ ਸਰਕਾਰ ਨੂੰ ਪਾਇਆ ਚੁਫੇਰਿਓਂ ਘੇਰਾ

*(ਸਫਾ ਇਕ ਦੀ ਬਾਕੀ)*

ਹੋਰ ਵਧ ਗਿਆ। ਪੰਜਾਬ ਸਰਕਾਰ ਨੇ ਭਾਵੇਂ ਮਗਰੋਂ 600 ਕਰੋੜ ਰੁਪਏ ਦੀ ਰਾਹਤ ਦਾ ਐਲਾਨ ਕੀਤਾ, ਪਰ ਇਸ ਕਦਮ ਨੂੰ ਵੀ ਕਿਸਾਨਾਂ ਨੇ ਸਲਾਹਿਆ ਨਹੀਂ। ਡੇਰਾ ਸਿਰਸਾ ਨੂੰ ਸ੍ਰੀ ਅਕਾਲ ਤਖਤ ਵੱਲੋਂ ਦਿੱਤੀ ਮੁਆਫੀ ਕਾਰਨ ਅਕਾਲੀ ਦਲ ਦੇ ਪੰਥਕ ਵੋਟ ਬੈਂਕ ਨੂੰ ਆਈ ਜ਼ਰਬ ਨੇ ਵੀ ਪਾਰਟੀ ਨੇਤਾਵਾਂ ਦੀਆਂ ਚਿੰਤਾਵਾਂ ਵਧਾ ਦਿੱਤੀਆਂ ਹਨ। ਮੁਆਫੀ ਵਿਰੋਧੀ ਹਵਾ ਨੂੰ ਠੱਲ੍ਹਣ ਲਈ ਮੁਹਿੰਮ ਚਲਾਉਣ ਦੇ ਆਦੇਸ਼ਾਂ ਤੋਂ ਪਾਰਟੀ ਦੀ ਇਸ ਮੁੱਦੇ ਪ੍ਰਤੀ ਚਿੰਤਾ ਜ਼ਾਹਿਰ ਹੈ। ਸਿਆਸੀ ਫਰੰਟ 'ਤੇ ਅਕਾਲੀ ਦਲ ਨੂੰ 'ਆਪ' ਦੇ ਉਭਾਰ ਦੀ ਚਿੰਤਾ ਸਤਾ ਰਹੀ ਹੈ ਜਿਸ ਕਰਕੇ ਪਾਰਟੀ ਨੇ 'ਆਪ' ਦੇ ਵਧ ਰਹੇ ਆਧਾਰ ਨੂੰ ਰੋਕਣ ਲਈ ਪਿੰਡ ਪੱਧਰ ਉਤੇ ਨੌਜਵਾਨਾਂ ਤੇ ਔਰਤਾਂ ਨੂੰ ਜਥੇਬੰਦ ਕਰਨ ਲਈ ਮੁਹਿੰਮ ਲਾਮਬੰਦ ਕਰਨ ਦਾ ਫੈਸਲਾ ਲਿਆ ਹੈ। ਪਿਛਲੇ ਹਫਤੇ ਆਮ ਆਦਮੀ ਪਾਰਟੀ ਵੱਲੋਂ ਬਾਦਲ ਦੇ ਹਲਕੇ ਲੰਬੀ ਵਿਚ ਕੀਤੀ ਰੈਲੀ ਵਿਚ ਭਾਰੀ ਇਕੱਠ ਵੀ ਹਾਕਮ ਧਿਰ ਨੂੰ ਰੜਕ ਰਿਹਾ ਹੈ।

## ਹਕੂਮਤ ਨਾਲ ਆਢਾ ਲਾ ਕੇ ਘਿਰਿਆ ਮੰਗਲ ਸਿੰਘ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਖੇਤੀਬਾੜੀ ਵਿਭਾਗ ਦੇ ਵਿਵਾਦਤ ਅਫਸਰ ਮੰਗਲ ਸਿੰਘ ਸੰਧੂ ਨੂੰ ਚੁਫੇਰਿਓਂ ਘੇਰ ਲਿਆ ਹੈ। ਪੀ.ਸੀ.ਐਸ. ਅਫਸਰ ਦਲਜੀਤ ਸਿੰਘ ਵੱਲੋਂ 33 ਕਰੋੜ ਰੁਪਏ ਦੀਆਂ ਕੀਟਨਾਸ਼ਕ ਦਵਾਈਆਂ ਵਿਚ ਹੋਈਆਂ ਬੇਨਿਯਮੀਆਂ ਦੀ ਜਾਂਚ ਵੀ ਪੰਜਾਬ ਪੁਲਿਸ ਹਵਾਲੇ ਕਰ ਦਿੱਤੀ ਹੈ। ਇਸੇ ਰਿਪੋਰਟ ਦੇ ਆਧਾਰ ਉਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਮੰਗਲ ਸਿੰਘ ਸੰਧੂ ਨੂੰ ਮੁਅੱਤਲ ਕਰ ਦਿੱਤਾ ਹੈ।

ਦੱਸਣਯੋਗ ਹੈ ਕਿ ਕਿਸਾਨਾਂ ਦੇ ਜ਼ਬਰਦਸਤ ਰੋਹ ਦੇ ਮੱਦੇਨਜ਼ਰ ਸਰਕਾਰ ਨੇ ਡਾਇਰੈਕਟਰ ਮੰਗਲ ਸਿੰਘ ਨੂੰ ਅਹੁਦੇ ਤੋਂ ਲਾਂਭੇ ਕਰ ਦਿੱਤਾ ਸੀ, ਪਰ ਉਸ ਨੇ ਹਾਈਕੋਰਟ ਤੋਂ ਸਟੇਅ ਲਿਆ ਕੇ ਸਰਕਾਰ ਦੇ ਹੁਕਮਾਂ ਨੂੰ ਚੁਣੌਤੀ ਦੇ ਦਿੱਤੀ। ਉਸ ਵੱਲੋਂ ਖਰੀਦ ਵਿਚ ਵਿਭਾਗ ਦੇ ਮੰਤਰੀ ਤੇ ਮੁੱਖ ਮੰਤਰੀ ਦਫਤਰ ਦੇ ਜਾਣੂ ਹੋਣ ਬਾਰੇ ਕੀਤੇ ਇੰਕਸ਼ਾਫ਼ ਨੇ ਸਰਕਾਰ ਨੂੰ ਕਸੂਤੀ ਸਥਿਤੀ ਵਿਚ ਫਸਾ ਦਿੱਤਾ। ਸਰਕਾਰ ਦੇ ਹੁਕਮਾਂ ਦੀ ਅਦੂਲੀ ਤੇ ਵਿਭਾਗ ਦੇ ਮੰਤਰੀ ਤੇ ਮੁੱਖ ਮੰਤਰੀ ਦਫਤਰ ਨੂੰ ਨਕਲੀ ਦਵਾਈਆਂ ਦੀ ਖਰੀਦ ਲਈ ਬਰਾਬਰ ਦਾ ਜ਼ਿੰਮੇਵਾਰ ਠਹਿਰਾਉਣ ਦੀ ਗੱਲ ਮੰਗਲ ਸਿੰਘ



'ਤੇ ਭਾਰੂ ਪੈ ਗਈ। ਸਿੱਟੇ ਵਜੋਂ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ। ਉਸ ਦੀ ਗ੍ਰਿਫ਼ਤਾਰੀ ਵੀ ਕਈ ਸਵਾਲ ਖੜ੍ਹੇ ਕਰਦੀ ਹੈ। ਸਰਕਾਰ ਨੇ ਉਸ ਵਿਰੁੱਧ ਕਾਰਵਾਈ ਉਦੋਂ ਹੀ ਕਰਨੀ ਵਾਜਬ ਸਮਝੀ ਜਦੋਂ ਉਸ ਨੇ ਇਸ ਮਾਮਲੇ ਵਿਚ ਖੇਤੀ ਮੰਤਰੀ ਨੂੰ ਘੜੀਸ ਲਿਆ ਤੇ ਸਰਕਾਰ ਦੇ ਹੁਕਮਾਂ ਨੂੰ ਹਾਈਕੋਰਟ ਵਿੱਚ ਚੁਣੌਤੀ ਦੇ ਦਿੱਤੀ। ਇਹ ਮੰਨਿਆ ਜਾ ਰਿਹਾ ਹੈ ਕਿ 33 ਕਰੋੜ ਦੀ ਦਵਾਈ ਦੀ ਖਰੀਦ ਦੇ ਮਾਮਲੇ ਵਿਚ ਮੰਗਲ ਸਿੰਘ ਵਿਰੁੱਧ ਕਾਰਵਾਈ ਮਹੀਨਾ ਭਰ ਇਸੇ ਕਰ ਕੇ ਨਹੀਂ ਹੋਈ, ਕਿਉਂਕਿ ਇਸ ਮਾਮਲੇ ਵਿਚ ਕਈ ਸਿਆਸੀ ਰਸੂਖਵਾਨਾਂ ਦਾ ਨਾਂ ਬੋਲਦਾ ਸੀ।

### ਹੁਣ ਤੋਤਾ ਸਿੰਘ ਦੀ ਵਾਰੀ!

**ਚੰਡੀਗੜ੍ਹ:** ਖੇਤੀਬਾੜੀ ਵਿਭਾਗ ਦੇ ਡਾਇਰੈਕਟਰ ਮੰਗਲ ਸਿੰਘ ਸੰਧੂ ਦੀ ਗ੍ਰਿਫਤਾਰੀ ਬਾਅਦ ਖੇਤੀ ਮੰਤਰੀ ਤੋਤਾ ਸਿੰਘ ਦੀਆਂ ਮੁਸ਼ਕਿਲਾਂ ਵਧ ਰਹੀਆਂ ਹਨ। ਸੂਤਰਾਂ ਅਨੁਸਾਰ ਜਿਸ ਤਰ੍ਹਾਂ ਘਟਨਾਕ੍ਰਮ ਤੇਜ਼ੀ ਨਾਲ ਨਵਾਂ ਰੂਪ ਲੈ ਰਿਹਾ ਹੈ, ਉਸ ਨੂੰ ਦੇਖਦਿਆਂ ਖੇਤੀ ਮੰਤਰੀ ਨੂੰ ਆਪਣੇ ਅਹੁਦੇ ਤੋਂ ਹੱਥ ਧੋਣੇ ਪੈ ਸਕਦੇ ਹਨ। ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨਾਲ ਜੁੜੇ ਅਧਿਕਾਰੀਆਂ ਦਾ ਦੱਸਣਾ ਹੈ ਕਿ ਪੁਲਿਸ ਵੱਲੋਂ ਖੇਤੀਬਾੜੀ ਵਿਭਾਗ ਵਿਚਲੇ ਘਪਲਿਆਂ ਵਿਚ ਖੇਤੀ ਮੰਤਰੀ ਦੀ ਸ਼ੱਕੀ ਭੂਮਿਕਾ ਹੋਣ ਦੀ ਗੱਲ ਕਹੀ ਹੈ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ

# 'ਮੇਲਾ ਗਦਰੀ ਬਾਬਿਆਂ ਦਾ' 11 ਅਕਤੂਬਰ ਨੂੰ

## *ਸਤਵਿੰਦਰ ਬਿੱਟੀ ਗਾਵੇਗੀ ਇਨਕਲਾਬੀ ਤੇ ਸਭਿਅਕ ਗੀਤ*

**ਸੈਕਰਾਮੈਂਟੋ (ਬਿਊਰੋ):** ਇੰਡੋ-ਅਮੈਰਿਕਨ ਕਲਚਰਲ ਆਰਗੇਨਾਈਜੇਸ਼ਨ ਵੱਲੋਂ ਗਦਰੀ ਸੂਰਬੀਰਾਂ ਦੀ ਯਾਦ ਵਿਚ ਇਥੇ ਐਲਕ ਗਰੋਵ ਦੇ ਐਸ ਈ ਐਸ ਹਾਲ (10428 ਈਸਟ ਸਟਾਕਟਨ ਬੁਲੇਵਰਡ) ਵਿਚ ਆਉਂਦੇ ਐਤਵਾਰ, 11 ਅਕਤੂਬਰ ਨੂੰ ਲਾਇਆ ਜਾ ਰਿਹਾ ਹੈ। ਕੈਲੀਫੋਰਨੀਆ ਵਿਚ ਗਦਰੀ ਬਾਬਿਆਂ ਦੀ ਯਾਦ ਵਿਚ ਲਗਾਤਾਰ ਸਮਾਗਮ ਹੁੰਦੇ ਰਹੇ ਹਨ, ਪਰ ਇੰਡੋ-ਅਮੈਰਿਕਨ ਕਲਚਰਲ ਆਰਗੇਨਾਈਜੇਸ਼ਨ ਦੀ ਖਾਸ ਗੱਲ ਇਹ ਹੈ ਕਿ ਇਹ ਸੰਸਥਾ ਅਜਿਹੇ ਸਮਾਗਮਾਂ ਦੀ ਮਾਂ ਵਾਂਗ ਹੈ ਅਤੇ ਮੇਲੇ ਲਾਉਣ ਵਾਲੇ, ਕਈ ਸੰਸਥਾ ਰੂਪੀ ਟੱਬਰ, ਇਸੇ ਵਿਚੋਂ ਹੀ ਅਲੱਗ ਹੋ ਕੇ ਗਏ ਹਨ।

ਐਸੋਸੀਏਸ਼ਨ ਦੇ ਪ੍ਰਧਾਨ ਸੁਰਿੰਦਰ ਸਿੰਘ ਬਿੰਦਰਾ ਨੇ ਦੱਸਿਆ ਕਿ ਗਦਰ ਲਹਿਰ ਦੇ ਆਖਰੀ ਚਿਰਾਗ ਬਾਬਾ ਭਗਤ ਸਿੰਘ ਬਿਲਗਾ ਨੇ ਉਨ੍ਹਾਂ ਦੀ ਟੀਮ ਨੂੰ ਕਿਹਾ ਸੀ ਕਿ ਜਿਹੜੀ ਲਹਿਰ ਗਦਰੀ ਬਾਬਿਆਂ ਨੇ ਅਮਰੀਕਾ ਤੋਂ ਅਰੰਭ ਕੀਤੀ ਸੀ, ਘੱਟੋ-ਘੱਟ ਇਸ ਨਾਲ ਜੁੜੇ ਸੂਰਬੀਰ ਯੋਧਿਆਂ ਨੂੰ ਹੀ ਸਾਲ ਵਿਚ ਇਕ ਵਾਰ ਯਾਦ ਕਰ ਲਿਆ ਕਰੋ; ਤੇ ਉਨ੍ਹਾਂ ਦੇ ਇਸੇ ਹੀ ਸੁਝਾਅ ਨੇ ਕੈਲੀਫੋਰਨੀਆ ਵਿਚ ਗਦਰੀ ਮੇਲਿਆਂ ਦੀ ਲਹਿਰ ਨੂੰ ਜਨਮ ਦਿੱਤਾ।

ਇਹ ਮੇਲਾ ਲਾਹੌਰ ਸਾਜ਼ਿਸ਼ ਕੇਸ ਦੇ ਸੱਤ ਮਹਾਨ ਸੂਰਬੀਰ ਸ਼ਹੀਦਾਂ ਦੇ ਸ਼ਤਾਬਦੀ ਵਰ੍ਹੇ ਨੂੰ ਸਮਰਪਿਤ ਹੈ। ਇਹ ਸੂਰਬੀਰ ਸਨ- ਕਰਤਾਰ ਸਿੰਘ ਸਰਾਭਾ, ਵਿਸ਼ਨੂੰ ਗਣੇਸ਼ ਪਿੰਗਲੇ, ਬਖਸ਼ੀਸ਼ ਸਿੰਘ ਗਿੱਲਵਾਲੀ, ਸੁਰੈਣ ਸਿੰਘ ਵੱਡਾ ਗਿੱਲਵਾਲੀ, ਸੁਰੈਣ ਸਿੰਘ ਛੋਟਾ ਗਿੱਲਵਾਲੀ, ਹਰਨਾਮ ਸਿੰਘ ਸਿਆਲਕੋਟੀ ਤੇ ਜਗਤ ਸਿੰਘ ਸੁਰਸਿੰਘ।

ਕਸ਼ਮੀਰ ਸਿੰਘ ਕਾਂਗਣਾ, ਗਿਆਨ ਸਿੰਘ ਬਿਲਗਾ ਅਤੇ ਸਰਪੰਚ ਜਰਨੈਲ ਸਿੰਘ ਜੋ ਇਸ ਮੇਲੇ ਨਾਲ ਪਹਿਲੇ ਦਿਨ ਤੋਂ ਹੀ ਜੁੜੇ ਰਹੇ ਹਨ, ਦਾ ਮੰਨਣਾ ਹੈ ਕਿ ਇਸ ਯਤਨ ਨੇ ਗਦਰ ਲਹਿਰ ਦੇ ਇਤਿਹਾਸ ਨੂੰ ਸਾਂਭਿਆ ਵੀ ਹੈ ਤੇ ਲਹਿਰ ਦੇ ਥੰਮ੍ਹ ਮੌਲਵੀ ਬਰਕਤ ਉਲ੍ਹਾ ਦੀ ਕਬਰ ਲੱਭ ਕੇ, ਉਥੋਂ ਹੀ ਸ਼ਰਧਾਂਜਲੀ ਭੇਟ ਕਰ ਕੇ ਮੇਲੇ ਨੂੰ ਅਰੰਭ ਕਰਨ ਦਾ ਬਣਦਾ ਫਰਜ਼ ਵੀ ਪੂਰਾ ਕੀਤਾ ਹੈ।


*ਗਾਇਕਾ ਸਤਵਿੰਦਰ ਬਿੱਟੀ*

ਜਥੇਬੰਦੀ ਨੇ ਸਮੂਹ ਪੰਜਾਬੀਆਂ ਨੂੰ ਬੇਨਤੀ ਕੀਤੀ ਹੈ ਕਿ ਗਦਰੀ ਬਾਬਿਆਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਮੇਲੇ ਵਿਚ ਜ਼ਰੂਰ ਹਾਜ਼ਰੀ ਭਰੀ ਜਾਵੇ। ਸੰਸਥਾ ਵਲੋਂ ਨਵੀਂ ਪੀੜ੍ਹੀ ਨੂੰ ਆਪਣੇ ਲਾਸਾਨੀ ਇਤਿਹਾਸ ਬਾਰੇ ਜਾਣਕਾਰੀ ਦੇਣ ਲਈ ਸੂਰਬੀਰਾਂ ਦੀਆਂ ਤਸਵੀਰਾਂ ਅਤੇ ਉਨ੍ਹਾਂ ਨਾਲ ਸਬੰਧਤ ਵਸਤਾਂ ਦੀ ਪ੍ਰਦਰਸ਼ਨੀ ਵੀ ਲਾਈ ਜਾਂਦੀ ਹੈ। ਵੱਖ ਵੱਖ ਬੁਲਾਰੇ ਗਦਰ ਲਹਿਰ ਬਾਰੇ ਤਕਰੀਰਾਂ ਕਰਕੇ ਗਦਰੀ ਯੋਧਿਆਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦੇ ਹਨ।

ਪ੍ਰਧਾਨ ਸੁਰਿੰਦਰ ਸਿੰਘ ਬਿੰਦਰਾ, ਸਕੱਤਰ ਐਸ ਐਸ ਸਿੱਧੂ, ਖਜ਼ਾਨਚੀ ਕਰਮਜੀਤ ਸਿੰਘ ਕੰਗ, ਸੁਮਿੱਤਰ ਸਿੰਘ ਉਪਲ, ਬਲਜਿੰਦਰ ਸਿੰਘ ਭੱਟੀ, ਬਲਵੰਤ ਬਾਕਾਂ ਤੇ ਪਰਮਜੀਤ ਸਿੱਧੂ ਦੀ ਪ੍ਰਬੰਧਕੀ ਕਮੇਟੀ ਨੇ ਦੱਸਿਆ ਕਿ ਜਿਥੇ ਪੰਜਾਬੀ ਗਾਇਕਾ ਸਤਵਿੰਦਰ ਬਿੱਟੀ ਇਨਕਲਾਬੀ ਅਤੇ ਸਭਿਅਕ ਗੀਤਾਂ ਨਾਲ ਦਰਸ਼ਕਾਂ ਦਾ ਮਨੋਰੰਜਨ ਕਰੇਗੀ, ਉਥੇ ਪੰਮੀ ਮਾਨ, ਪੂਨਮ ਮਲਹੋਤਰਾ, ਜੀਵਨ ਰੱਤੂ ਤੇ ਢਾਡੀ ਗੁਰਨਾਮ ਸਿੰਘ ਭੰਡਾਲ ਦਾ ਢਾਡੀ ਜਥਾ ਵਾਰਾਂ ਨਾਲ ਜੋਸ਼ੀਲਾ ਰੰਗ ਭਰਨਗੇ। ਖਾਣ ਪੀਣ ਦਾ ਖਾਸ ਪ੍ਰਬੰਧ ਅਤੇ ਪਾਰਕਿੰਗ ਮੁਫਤ ਹੋਵੇਗੀ।

# ਬੱਚਿਆਂ ਦੇ ਗੁਰਮਤਿ ਮੁਕਾਬਲੇ 11 ਨੂੰ

**ਫਰਿਜ਼ਨੋ (ਬਿਊਰੋ):** ਗੁਰੂ ਹਰਗੋਬਿੰਦ ਅਕੈਡਮੀ ਵਲੋਂ ਬੰਦੀ ਛੋੜ ਦਿਵਸ ਮੌਕੇ ਦੂਜਾ ਸਾਲਾਨਾ ਗੁਰਮਤਿ ਮੁਕਾਬਲਾ 11 ਅਕਤੂਬਰ ਨੂੰ ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼, ਫਰਿਜ਼ਨੋ ਵਿਚ ਕਰਵਾਇਆ ਜਾਵੇਗਾ ਜਿਸ ਵਿਚ ਬੱਚਿਆਂ ਦੇ ਵੱਖ ਵੱਖ ਮੁਕਾਬਲੇ ਕਰਵਾਏ ਜਾਣਗੇ।

ਇਸ ਸਬੰਧੀ ਅਕੈਡਮੀ ਦੀ ਲੰਘੇ ਐਤਵਾਰ ਹੋਈ ਮੀਟਿੰਗ ਵਿਚ ਪ੍ਰੋਗਰਾਮ ਦੀਆਂ ਤਿਆਰੀਆਂ ਦਾ ਜਾਇਜ਼ਾ ਲਿਆ ਗਿਆ। ਪ੍ਰਬੰਧਕਾਂ ਨੇ ਗੁਰਮਤਿ ਮੁਕਾਬਲਿਆਂ ਸਬੰਧੀ ਤਿਆਰੀ 'ਤੇ ਤਸੱਲੀ ਪ੍ਰਗਟਾਉਂਦਿਆਂ ਦੱਸਿਆ ਕਿ ਇਨ੍ਹਾਂ ਮੁਕਾਬਲਿਆਂ 300 ਦੇ ਕਰੀਬ ਬੱਚੇ ਹਿੱਸਾ ਲੈਣਗੇ। ਪ੍ਰਬੰਧਕਾਂ ਨੇ ਭਾਈਚਾਰੇ ਨੂੰ ਬੇਨਤੀ ਕੀਤੀ ਹੈ ਕਿ ਉਹ ਆਪਣੇ ਬੱਚਿਆਂ ਨੂੰ ਲੈ ਕੇ ਸਵੇਰੇ 8:30 ਵਜੇ ਗੁਰਦੁਆਰਾ ਸਾਹਿਬ ਪਹੁੰਚ ਕੇ ਮੁਕਾਬਲਿਆਂ ਵਿਚ ਹਿੱਸਾ ਲੈਣ ਵਾਲੇ ਬੱਚਿਆਂ ਦਾ ਨਾਂ ਲਿਖਵਾਉਣ।

ਹੋਰ ਜਾਣਕਾਰੀ ਪਰਮਜੀਤ ਧਾਲੀਵਾਲ (559-351-9465) ਜਾਂ ਗੁਰਦੀਪ ਸ਼ੇਰਗਿੱਲ (559-349-1481) ਪਾਸੋਂ ਲਈ ਜਾ ਸਕਦੀ ਹੈ।


**ਤੰਦੂਰੀਏ, ਵੇਟਰ ਤੇ ਡਿਸ਼ਵਾਸ਼ਰ ਦੀ ਲੋੜ**

ਮੈਡੀਸਨ, ਵਿਸਕਾਨਸਿਨ ਵਿਚ ਇੰਡੀਅਨ ਰੈਸਟੋਰੈਂਟ ਲਈ ਤੰਦੂਰੀਏ, ਵੇਟਰ ਤੇ ਡਿਸ਼ਵਾਸ਼ਰ ਦੀ ਲੋੜ ਹੈ। ਚੰਗੀ ਤਨਖਾਹ

ਸੰਪਰਕ ਕਰੋ, ਫੋਨ:262-391-7666 41-42

*To Advertise with Punjab Times Call: 847-359-0746*
*Fax:847-705-9388, e-mail:punjabtimes1@sbcglobal.net*

Platinum Business Brokers

**For Sale in Wisconsin**

Three Store Convenience Store Package-Northeastern, WI
Two Store Convenience Store Package-New Berlin, WI

*For information please contact*
Gerald Krull: gkrull@theplatinumgroupwi.com
Terry Glime: tglime@theplatinumgroupwi.com

**Ph: 920-593-1925**

40-43

**Golden State Realty**

9912 Kapalua Ln., Elk Grove, CA 95624



Sohanpreet (Sam) Chahal
CA Lic. 01504071
Realtor/CEO
CRE Group Inc.
Multi Million Dollar Producers
2009 to 2014

*Please Contact For*
**Commercial or Residential Needs**

ਅਸੀਂ ਲੋਨ ਲੈਣ ਵਿਚ ਤੁਹਾਡੀ ਮਦਦ ਕਰਦੇ ਹਾਂ

*Call: Sohanpreet 'Sam' Chahal*
**Ph: 916-612-5773**

**email:** samchahal@hotmail.com

***Serving all over California***

**ਨੈਸ਼ਨਲ ਟਰੱਕ ਡਰਾਈਵਿੰਗ ਸਕੂਲ**
**National Truck Driving School**

ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



**Call For Special Price**

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058

1816 Main Ave., Secramento CA, 95838

# ਬਰਤਾਨੀਆ ਸਰਕਾਰ ਵੱਲੋਂ ਸਿੱਖਾਂ ਨੂੰ ਵੱਡੀ ਰਾਹਤ

## ਕੰਮਕਾਜੀ ਥਾਂਵਾਂ 'ਤੇ ਹੈਲਮਟ ਦੀ ਥਾਂ ਦਸਤਾਰ ਸਜਾਉਣ ਦੀ ਖੁੱਲ੍ਹ



**ਲੰਡਨ:** ਬ੍ਰਿਟੇਨ ਵਿਚ ਸਿੱਖਾਂ ਲਈ ਹੁਣ ਕੰਮ ਵਾਲੀਆਂ ਥਾਵਾਂ 'ਤੇ ਦਸਤਾਰ ਸਜਾਉਣ ਉਤੇ ਕੋਈ ਪਾਬੰਦੀ ਨਹੀਂ ਹੋਵੇਗੀ। ਇਸ ਬਾਰੇ ਨਵਾਂ ਕਾਨੂੰਨ ਲਾਗੂ ਹੋ ਗਿਆ ਹੈ। ਸਿੱਖ ਜਥੇਬੰਦੀਆਂ ਕਈ ਵਰ੍ਹਿਆਂ ਤੋਂ ਬ੍ਰਿਟੇਨ ਦੇ ਰੁਜ਼ਗਾਰ ਕਾਨੂੰਨ ਦੀ ਉਸ ਖਾਮੀ ਨੂੰ ਖਤਮ ਕਰਨ ਲਈ ਮੁਹਿੰਮ ਚਲਾ ਰਹੀਆਂ ਸਨ ਜਿਸ ਵਿਚ ਸਿੱਖਾਂ ਦੇ ਦਸਤਾਰ ਸਜਾਉਣ ਨੂੰ ਲੈ ਕੇ ਸ਼ੰਕੇ ਖੜ੍ਹੇ ਕੀਤੇ ਗਏ ਸਨ। ਹੁਣ ਨਵੇਂ ਕਾਨੂੰਨ ਮੁਤਾਬਕ ਸਿੱਖ ਦਸਤਾਰ ਜਾਂ ਹੈਲਮਟ ਵਿਚੋਂ ਕਿਸੇ ਇਕ ਨੂੰ ਪਹਿਨਣ ਦੀ ਚੋਣ ਕਰ ਸਕਣਗੇ। ਬ੍ਰਿਟੇਨ ਦੀ ਰੁਜ਼ਗਾਰ ਮੰਤਰੀ ਪ੍ਰੀਤੀ ਪਟੇਲ ਨੇ ਕਿਹਾ ਕਿ ਇਹ ਬਦਲਾਅ ਦੱਸਦਾ ਹੈ ਕਿ ਜੇਕਰ ਤੁਸੀਂ ਸਖਤ ਮਿਹਨਤ ਕਰਦੇ ਹੋ ਤੇ ਜੀਵਨ ਵਿਚ ਕੁਝ ਹਾਸਲ ਕਰਨਾ ਚਾਹੁੰਦੇ ਹੋ ਤਾਂ ਸਰਕਾਰ ਤੁਹਾਡੇ ਪੱਖ ਵਿਚ ਹੈ। ਇਸ ਬਾਰੇ ਭਾਵੇਂ ਪ੍ਰਧਾਨ ਮੰਤਰੀ ਡੇਵਿਡ ਕੈਮਰੌਨ ਨੇ ਬੀਤੇ ਵਰ੍ਹੇ ਐਲਾਨ ਕਰ ਦਿੱਤਾ ਸੀ ਪਰ ਇਸ ਨੂੰ ਕਾਨੂੰਨੀ ਦਾਇਰੇ ਵਿਚ ਹੁਣ ਲਿਆਂਦਾ ਗਿਆ ਹੈ। ਇਹ ਨਵਾਂ ਕਾਨੂੰਨ ਪਹਿਲੀ ਅਕਤੂਬਰ ਤੋਂ ਲਾਗੂ ਹੋ ਗਿਆ ਹੈ, ਜਿਸ ਅਨੁਸਾਰ ਸਿੱਖ ਹੁਣ ਆਪਣੀ ਮਰਜੀ ਨਾਲ ਫੈਕਟਰੀਆਂ, ਇਮਾਰਤਸਾਜ਼ੀ, ਵੇਅਰਹਾਊਸ ਜਾਂ ਹੋਰ ਖਤਰਨਾਕ ਥਾਵਾਂ 'ਤੇ ਕੰਮ ਕਰਨ ਵੇਲੇ ਦਸਤਾਰ ਪਹਿਨ ਸਕਣਗੇ। ਨਵੇਂ ਨਿਯਮਾਂ ਲਈ ਮਾਰਚ 2014 ਨੂੰ ਸੋਧ ਕਰਨ ਲਈ ਮਤਾ ਰੱਖਿਆ ਗਿਆ ਸੀ, ਜਿਸ ਨੂੰ 26 ਮਾਰਚ, 2015 ਨੂੰ ਬਰਤਾਨਵੀ ਸੰਸਦ ਵਿਚ ਪ੍ਰਵਾਨਗੀ ਮਿਲ ਗਈ ਸੀ। ਇਸ ਅਨੁਸਾਰ ਸਰਕਾਰ ਨੇ ਕੰਮਕਾਰ ਤੇ ਸੁਰੱਖਿਆ ਮਹਿਕਮੇ ਨੂੰ ਪ੍ਰਣਾਲੀ ਵਿਚ ਸੋਧ ਕਰਨ ਲਈ ਸਮਾਂ ਦਿੱਤਾ ਤੇ ਜਿਸ ਨੂੰ ਪਹਿਲੀ ਅਕਤੂਬਰ, 2015 ਤੋਂ ਲਾਗੂ ਕਰ ਦਿੱਤਾ ਗਿਆ ਹੈ।

ਪ੍ਰਧਾਨ ਮੰਤਰੀ ਡੇਵਿਡ ਕੈਮਰੌਨ ਦੀ ਭਾਰਤੀ ਮਾਮਲਿਆਂ ਬਾਰੇ ਚੈਂਪੀਅਨ ਤੇ ਬਰਤਾਨੀਆ ਦੀ ਰੁਜ਼ਗਾਰ ਮੰਤਰੀ ਪ੍ਰੀਤੀ ਪਟੇਲ ਨੇ ਕਿਹਾ ਕਿ ਮੈਨੂੰ ਮਾਣ ਹੈ ਕਿ ਯੂ.ਕੇ. ਮੁਹਾਰਤੀ, ਕਾਬਲ ਤੇ ਸਖਤ ਮਿਹਨਤੀ ਭਾਈਚਾਰਿਆਂ ਦਾ ਘਰ ਹੈ। ਸਿੱਖ ਫੈਡਰੇਸ਼ਨ ਯੂ.ਕੇ. ਦੇ ਚੇਅਰਮੈਨ ਭਾਈ ਅਮਰੀਕ ਸਿੰਘ ਗਿੱਲ ਨੇ ਵੀ ਸਰਕਾਰ ਦੇ ਇਸ ਨਵੇਂ ਨਿਯਮ ਦਾ ਸਵਾਗਤ ਕਰਦਿਆਂ ਕਿਹਾ ਕਿ ਸਿੱਖਾਂ ਦੀ ਲੰਬੇ ਸਮੇਂ ਤੋਂ ਕੀਤੀ ਜਾ ਰਹੀ ਮੰਗ ਨੂੰ ਕਾਨੂੰਨੀ ਮਾਨਤਾ ਮਿਲੀ ਹੈ। ਜ਼ਿਕਰਯੋਗ ਹੈ ਕਿ ਨਿਰਮਾਣ ਉਦਯੋਗ ਵਾਲੀਆਂ ਥਾਵਾਂ 'ਤੇ 1989 ਤੋਂ ਕਾਨੂੰਨੀ ਤੌਰ ਉਤੇ ਭਾਵੇਂ ਸਿੱਖਾਂ ਨੂੰ ਹੈਲਮਟ ਪਹਿਨਣ ਤੋਂ ਛੋਟ ਮਿਲੀ ਹੋਈ ਸੀ, ਪਰ ਫਿਰ ਵੀ ਕਾਨੂੰਨੀ ਖਾਮੀਆਂ ਕਾਰਨ ਸਿੱਖਾਂ ਨੂੰ ਅਨੁਸ਼ਾਸਨੀ ਕਾਰਵਾਈਆਂ ਦਾ ਸ਼ਿਕਾਰ ਹੋਣਾ ਪੈਂਦਾ ਸੀ। ਅੱਗ ਬੁਝਾਊ ਅਮਲੇ ਤੇ ਫੌਜ ਵਿਚ ਫਰੰਟ ਲਾਇਨ 'ਤੇ ਕੰਮ ਕਰਨ ਵਾਲੇ, ਬੰਬ ਡਿਸਪੋਜ਼ਲ ਆਦਿ ਸਮੇਤ ਹਾਈ ਰਿਸਕ ਵਾਲੇ ਕੰਮਾਂ ਮੌਕੇ ਅਜੇ ਵੀ ਸੁਰੱਖਿਅਤ ਹੈਲਮਟ ਪਾਉਣਾ ਜ਼ਰੂਰੀ ਹੈ, ਪਰ ਫੌਜ, ਪੁਲਿਸ ਅਤੇ ਅੱਗ ਬੁਝਾਊ ਅਮਲੇ ਵਿਚ ਸਿੱਖਾਂ ਨੂੰ ਦਸਤਾਰ ਪਹਿਨ ਕੇ ਕੰਮ ਕਰਨ ਦੀ ਪੂਰੀ ਖੁੱਲ੍ਹ ਹੈ। ਬਰਤਾਨੀਆ ਵਿਚ 4000 ਸਿੱਖ ਪੁਲਿਸ ਤੇ 230 ਸਿੱਖ ਹਥਿਆਰਬੰਦ ਫੌਜ ਵਿਚ ਕੰਮ ਕਰ ਰਹੇ ਹਨ।

### ਸ਼੍ਰੋਮਣੀ ਕਮੇਟੀ ਵੱਲੋਂ ਫੈਸਲੇ ਦੀ ਸ਼ਲਾਘਾ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਬ੍ਰਿਟਿਸ਼ ਸਰਕਾਰ ਦੇ ਇਸ ਫੈਸਲੇ ਨੂੰ ਸ਼ਲਾਘਾਯੋਗ ਕਦਮ ਦੱਸਿਆ ਹੈ। ਪ੍ਰਧਾਨ ਨੇ ਕਿਹਾ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਪੰਜ ਕਕਾਰਾਂ ਤੋਂ ਇਲਾਵਾ ਖਾਲਸਾ ਪੰਥ ਨੂੰ ਦਸਤਾਰ ਦੀ ਦਾਤ ਬਖਸ਼ ਕੇ ਇਕ ਵੱਖਰੀ ਤੇ ਨਿਰਾਲੀ ਪਛਾਣ ਦਿੱਤੀ ਗਈ ਹੈ। ਇਸ ਕਾਨੂੰਨ ਨੂੰ ਲਾਗੂ ਕਰਵਾਉਣ ਲਈ ਇੰਗਲੈਂਡ ਦੇ ਸਿੱਖਾਂ ਨੇ ਲੰਬਾ ਸੰਘਰਸ਼ ਕੀਤਾ ਹੈ, ਪਰ ਅਖੀਰ ਸਿੱਖਾਂ ਨੂੰ ਜਿੱਤ ਮਿਲੀ ਹੈ। ਉਨ੍ਹਾਂ ਕਿਹਾ ਕਿ ਇਹ ਸਿੱਖ ਪੰਥ ਲਈ ਬੜੇ ਮਾਣ ਵਾਲੀ ਗੱਲ ਹੈ। ਇਸ ਲਈ ਇੰਗਲੈਂਡ ਦੇ ਸਿੱਖ ਵਧਾਈ ਦੇ ਪਾਤਰ ਹਨ।

# ਅਫਗਾਨ ਸਿੱਖਾਂ ਨਾਲ ਵਧੀਕੀਆਂ ਖਿਲਾਫ ਕਾਰਵਾਈ ਦੀ ਮੰਗ



**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਭਾਰਤ ਦੀ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੂੰ ਅਫਗਾਨਿਸਤਾਨ ਦੇ ਕਬਾਇਲੀ ਖੇਤਰ ਵਿਚ ਸਿੱਖਾਂ ਨਾਲ ਹੁੰਦੀ ਵਧੀਕੀ ਸਬੰਧੀ ਪੱਤਰ ਲਿਖਿਆ ਹੈ। ਉਨ੍ਹਾਂ ਪੱਤਰ ਵਿਚ ਕਿਹਾ ਹੈ ਕਿ ਅਫਗਾਨਿਸਤਾਨ ਵਿਚ ਵੱਸਦੇ ਸਿੱਖ ਭਾਈਚਾਰੇ ਦੇ ਲੋਕ ਸੁਰੱਖਿਅਤ ਨਹੀਂ ਹਨ।

ਅਫਗਾਨਿਸਤਾਨ ਵਿਚ ਸਿੱਖ ਨੌਜਵਾਨ ਕੁਲਰਾਜ ਸਿੰਘ ਨੂੰ ਤਾਲਿਬਾਨਾਂ ਵੱਲੋਂ ਅਗਵਾ ਕਰਕੇ ਨਾ ਸਿਰਫ ਤਸੀਹੇ ਦਿੱਤੇ ਗਏ ਬਲਕਿ ਉਸ ਦੇ ਕੇਸ ਵੀ ਕੱਟ ਦਿੱਤੇ ਗਏ। ਉਸ ਕੋਲੋਂ ਤਾਲਿਬਾਨ ਵੱਲੋਂ ਇਕ ਕਰੋੜ ਰੁਪਏ ਦੀ ਫਿਰੌਤੀ ਮੰਗੀ ਗਈ। ਸਿੱਖ ਭਾਈਚਾਰੇ ਵੱਲੋਂ ਪੰਜ ਲੱਖ ਰੁਪਏ ਇਕੱਠੇ ਕਰਕੇ ਕਾਫੀ ਜਦੋਂ ਜਹਿਦ ਪਿੱਛੋਂ ਉਸ ਨੂੰ ਛੁਡਵਾਇਆ ਗਿਆ।

ਇਸ ਦੌਰਾਨ ਕੁਲਰਾਜ ਸਿੰਘ ਨੂੰ ਆਪਣੇ ਧਰਮ ਦੇ ਉਲਟ ਜਬਰੀ ਕਲਮਾ ਪੜ੍ਹਨ ਲਈ ਵੀ ਮਜਬੂਰ ਕੀਤਾ ਗਿਆ। ਉਨ੍ਹਾਂ ਕਿਹਾ ਕਿ ਸਿੱਖ ਹਰੇਕ ਧਰਮ ਦਾ ਦਿਲੋਂ ਸਤਿਕਾਰ ਕਰਦੇ ਹਨ, ਪਰ ਘੱਟ ਗਿਣਤੀ ਸਿੱਖ ਭਾਈਚਾਰੇ ਨਾਲ ਇਸਲਾਮਕ ਦੇਸ਼ਾਂ ਵਿਚ ਬਹੁਤ ਹੀ ਮਾੜਾ ਵਿਵਹਾਰ ਕੀਤਾ ਜਾ ਰਿਹਾ ਹੈ ਜੋ ਠੀਕ ਨਹੀਂ। ਭਾਰਤ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਸਿੱਖਾਂ ਦੀ ਸੁਰੱਖਿਅਤ ਜ਼ਿੰਦਗੀ ਤੇ ਆਜ਼ਾਦੀ ਨੂੰ ਯਕੀਨੀ ਬਣਾਉਣ ਲਈ ਇਸਲਾਮਕ ਦੇਸ਼ਾਂ ਨਾਲ ਠੋਸ ਗੱਲਬਾਤ ਕਰੇ।

# ਗੁਰੂ ਕੀ ਨਗਰੀ ਤੋਂ ਨਸ਼ਿਆਂ ਖਿਲਾਫ ਸੰਸਾਰ ਪੱਧਰੀ ਸੁਨੇਹਾ



**ਅੰਮ੍ਰਿਤਸਰ:** ਅੰਮ੍ਰਿਤਸਰ ਦੇ ਖਾਲਸਾ ਕਾਲਜ ਵਿਖੇ 40 ਸਕੂਲਾਂ ਦੇ ਤਕਰੀਬਨ 10 ਹਜ਼ਾਰ ਵਿਦਿਆਰਥੀਆਂ ਨੇ ਇਕੱਠਿਆਂ ਨਸ਼ਿਆਂ ਖਿਲਾਫ ਵਿਸ਼ਵ ਪੱਧਰੀ ਸੁਨੇਹਾ ਦਿੰਦਿਆਂ ਇਸ ਅਲਾਮਤ ਨੂੰ ਜੜ੍ਹੋਂ ਖਾਤਮੇ ਦਾ ਅਹਿਦ ਲਿਆ। ਜ਼ਿਲ੍ਹਾ ਪ੍ਰਸ਼ਾਸਨ ਤੇ ਗੈਰ-ਸਰਕਾਰੀ ਸੰਸਥਾ ਦੇ ਇਸ ਸਾਂਝੇ ਉਦਮ ਨਾਲ ਅੰਮ੍ਰਿਤਸਰ ਨੂੰ 'ਗਿਨੀਜ਼ ਬੁੱਕ ਆਫ ਵਰਲਡ ਰਿਕਾਰਡਜ਼' ਵਿਚ ਦਰਜ ਕਰਵਾਉਣ ਦਾ ਇਹ ਇਕ ਸ਼ਾਨਦਾਰ ਉਪਰਾਲਾ ਸਾਬਤ ਹੋਇਆ ਜਿਸ ਦਾ ਉਦੇਸ਼ ਨਸ਼ਿਆਂ ਖਿਲਾਫ ਜਾਗਰੂਕਤਾ ਪੈਦਾ ਕਰਨਾ ਸੀ।

ਵੱਖ-ਵੱਖ ਸਕੂਲਾਂ ਦੇ ਪੀਲੀਆਂ ਟੀ-ਸ਼ਰਟਾਂ ਵਿਚ ਸਜੇ 10 ਹਜ਼ਾਰ ਵਿਦਿਆਰਥੀਆਂ ਦੇ ਇਸ ਅਨੋਖੇ ਇਕੱਠ ਦਾ ਨਜ਼ਾਰਾ ਦੇਖਿਆਂ ਹੀ ਬਣਦਾ ਸੀ। ਵਿਦਿਆਰਥੀਆਂ ਵੱਲੋਂ 'ਕਰੋ ਇਰਾਦਾ, ਪੱਕਾ ਵਾਅਦਾ, ਆਜ ਨਸ਼ਾ ਤੁਮ ਛੋੜੋਗੇ' ਗੀਤ ਰਾਹੀਂ ਲੋਕਾਂ ਨੂੰ ਨਸ਼ਿਆਂ ਦੇ ਮਾਰੂ ਪ੍ਰਭਾਵ ਪ੍ਰਤੀ ਜਾਗਰੂਕ ਕੀਤਾ। ਵਿਦਿਆਰਥੀਆਂ ਨੇ ਆਪਣੀ ਪੇਸ਼ਕਾਰੀ ਦੇਣ ਦੇ ਨਾਲ-ਨਾਲ ਨਸ਼ਾ-ਮੁਕਤ ਜੀਵਨ ਜਿਉਣ ਦੀ ਸਹੁੰ ਵੀ ਚੁੱਕੀ।

ਪ੍ਰੋਗਰਾਮ ਦੌਰਾਨ ਸਕੂਲੀ ਵਿਦਿਆਰਥੀਆਂ ਨੇ ਪੰਜ ਮਿੰਟ ਤੱਕ ਤਾਲ ਨਾਲ ਤਾਲ ਮਿਲਾ ਕੇ ਡਾਂਸ ਕਰਦਿਆਂ ਵਿਸ਼ਵ ਵਿਚ ਹੁਣ ਤੱਕ ਦੀ ਸਭ ਤੋਂ ਵੱਡੀ ਸਮੂਹਿਕ ਡਾਂਸ ਪੇਸ਼ਕਾਰੀ ਦਿੱਤੀ। ਪੇਸ਼ਕਾਰੀ ਦੇ ਲੇਖੇ-ਜੋਖੇ ਲਈ 200 ਤੋਂ ਵੱਧ ਜੱਜ ਵੀ ਮੌਜੂਦ ਰਹੇ।

ਇਸ ਮੌਕੇ ਮੁੱਖ ਮਹਿਮਾਨ ਵਜੋਂ ਪੁੱਜੇ ਭਾਰਤੀ ਕ੍ਰਿਕਟ ਟੀਮ ਦੇ ਸਾਬਕਾ ਕਪਤਾਨ ਬਿਸ਼ਨ ਸਿੰਘ ਬੇਦੀ ਤੇ ਗੈਰ-ਸਰਕਾਰੀ ਸੰਸਥਾ ਸੰਨ ਫਾਊਂਡੇਸ਼ਨ ਦੇ ਚੇਅਰਮੈਨ ਪਦਮਸ੍ਰੀ ਵਿਕਰਮਜੀਤ ਸਿੰਘ ਸਾਹਨੀ ਨੇ ਸਟੇਜ ਤੋਂ ਬੱਚਿਆਂ ਦਾ ਹੌਸਲਾ ਵਧਾਇਆ। ਸ. ਸਾਹਨੀ ਨੇ ਕਿਹਾ ਕਿ ਨਸ਼ਿਆਂ ਤੋਂ ਨਾ ਸਿਰਫ ਉਨ੍ਹਾਂ ਦੀ ਵਰਤੋਂ ਕਰਨ ਵਾਲੇ ਪ੍ਰਭਾਵਿਤ ਹੁੰਦੇ ਹਨ, ਸਗੋਂ ਉਨ੍ਹਾਂ ਦੇ ਪਰਿਵਾਰ ਤੇ ਪੂਰਾ ਸਮਾਜ ਵੀ ਪ੍ਰਭਾਵਿਤ ਹੁੰਦਾ ਹੈ। ਉਨ੍ਹਾਂ ਐਲਾਨ ਕੀਤਾ ਕਿ ਸੰਨ ਫਾਊਂਡੇਸ਼ਨ ਛੇਤੀ ਹੀ ਭਾਰਤ ਸਰਕਾਰ ਨਾਲ ਰਲ ਕੇ ਅੰਮ੍ਰਿਤਸਰ ਵਿਖੇ ਸਵਾਮੀ ਵਿਵੇਕਾਨੰਦ ਨਸ਼ਾ ਛੁਡਾਊ ਤੇ ਮੁੜ ਵਸੇਬਾ ਕੇਂਦਰ ਵੱਲੋਂ ਇਕ ਹੁਨਰ ਤੇ ਕਿੱਤਾ ਅਗਵਾਈ ਕੇਂਦਰ ਸ਼ੁਰੂ ਕਰੇਗੀ।

# ਪੰਜਾਬੀਆਂ ਨੂੰ ਰਫਿਊਜੀ ਜਾਂ ਪਾਕਿਸਤਾਨੀ ਕਹਿਣ ਉਤੇ ਪਾਬੰਦੀ ਮੰਗੀ

**ਚੰਡੀਗੜ੍ਹ:** ਹਰਿਆਣਵੀਂ ਪੰਜਾਬੀ ਵੈਲਫੇਅਰ ਸਭਾ ਨੇ ਦੇਸ਼ ਦੀ ਵੰਡ ਵੇਲੇ ਪਾਕਿਸਤਾਨ ਤੋਂ ਆਏ ਲੋਕਾਂ ਨੂੰ 'ਪਾਕਿਸਤਾਨੀ' ਜਾਂ 'ਰਫਿਊਜੀ' ਕਹਿਣ ਉਤੇ ਇਤਰਾਜ਼ ਕਰਦਿਆਂ ਮੰਗ ਕੀਤੀ ਕਿ ਇਨ੍ਹਾਂ ਸ਼ਬਦਾਂ ਦੀ ਵਰਤੋਂ ਉਤੇ ਪਾਬੰਦੀ ਲਾਈ ਜਾਵੇ। ਸਭਾ ਦਾ ਕਹਿਣਾ ਹੈ ਕਿ ਕੁਝ ਆਗੂ ਜਾਣਬੁਝ ਕੇ ਪੰਜਾਬੀਆਂ ਲਈ ਅਜਿਹੀ ਸ਼ਬਦਾਵਲੀ ਦੀ ਵਰਤੋਂ ਕਰਦੇ ਹਨ।

ਇਸ ਤਰ੍ਹਾਂ ਦੀ ਬਿਆਨਬਾਜ਼ੀ 'ਤੇ ਰੋਕ ਲੱਗਣੀ ਚਾਹੀਦੀ ਹੈ। ਹਰਿਆਣਵੀਂ ਪੰਜਾਬੀ ਵੈਲਫੇਅਰ ਸਭਾ ਦੇ ਪ੍ਰਧਾਨ ਤੇ ਸਾਬਕਾ ਮੰਤਰੀ ਏ.ਸੀ. ਚੌਧਰੀ ਦੀ ਅਗਵਾਈ ਹੇਠ ਸਭਾ ਦੇ ਮੈਂਬਰਾਂ ਦਾ ਵਫਦ ਰਾਜਪਾਲ ਪ੍ਰੋ. ਕਪਤਾਨ ਸਿੰਘ ਸੋਲੰਕੀ ਨੂੰ ਮਿਲਿਆ ਤੇ ਰਾਸ਼ਟਰਪਤੀ ਦੇ ਨਾਂ ਮੰਗ ਪੱਤਰ ਸੌਂਪ ਕੇ ਮੰਗ ਕੀਤੀ ਕਿ ਇਨ੍ਹਾਂ ਸ਼ਬਦਾਂ ਨੂੰ ਜਾਤੀ ਸੂਚਕ ਮੰਨ ਕੇ ਇਨ੍ਹਾਂ ਦੀ ਵਰਤੋਂ 'ਤੇ ਪਾਬੰਦੀ ਲਾਈ ਜਾਵੇ।

ਉਨ੍ਹਾਂ ਕਿਹਾ ਕਿ ਫੌਜਦਾਰੀ ਕਾਨੂੰਨ ਵਿਚ ਸੋਧ ਕਰਕੇ ਅਜਿਹੇ ਸ਼ਬਦਾਂ ਦੀ ਵਰਤੋਂ ਕਰਨ ਵਾਲਿਆਂ ਨੂੰ ਸਜ਼ਾ ਦਿੱਤੀ ਜਾਵੇ। ਦੇਸ਼ ਦੀ ਵੰਡ ਵੇਲੇ ਪੰਜਾਬੀਆਂ ਦਾ ਸਭ ਤੋਂ ਵੱਧ ਨੁਕਸਾਨ ਹੋਇਆ ਤੇ ਉਸ ਸਮੇਂ ਚੱਲੀ ਨਫਰਤ ਦੀ ਹਨੇਰੀ ਵਿਚ ਦਸ ਲੱਖ ਪੰਜਾਬੀ ਮਾਰੇ ਗਏ ਸਨ। ਪੰਜਾਬੀਆਂ ਨੂੰ ਆਜ਼ਾਦੀ ਘੁਲਾਟੀਆਂ ਦਾ ਦਰਜਾ ਮਿਲਣਾ ਚਾਹੀਦਾ ਸੀ ਪਰ ਇਸ ਦੇ ਉਲਟ ਕੁਝ ਆਗੂ ਪੰਜਾਬੀ ਭਾਈਚਾਰੇ ਖਿਲਾਫ ਪ੍ਰਚਾਰ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਜੇਕਰ ਲੋੜ ਪਈ ਤਾਂ ਪੰਜਾਬੀ ਭਾਈਚਾਰਾ ਅਦਾਲਤ ਦਾ ਦਰਵਾਜ਼ਾ ਵੀ ਖੜਕਾਏਗਾ। ਰਾਜਪਾਲ ਨੇ ਭਰੋਸਾ ਦਿੱਤਾ ਕਿ ਉਹ ਇਹ ਮਾਮਲਾ ਸਰਕਾਰ ਕੋਲ ਵੀ ਉਠਾਉਣਗੇ।

# ਸਮੂਹਿਕ ਹੱਤਿਆਵਾਂ ਦੇ ਮਾਮਲੇ ਵਿਚ ਅਮਰੀਕਾ ਮੋਹਰੀ




**ਵਾਸ਼ਿੰਗਟਨ:** ਦੁਨੀਆਂ ਵਿਚ ਸਮੂਹਿਕ ਹੱਤਿਆਵਾਂ ਦੀਆਂ ਘਟਨਾਵਾਂ ਦੇ ਮਾਮਲਿਆਂ ਵਿਚ ਮੋਹਰੀ ਅਮਰੀਕਾ ਦੇ ਸੂਬੇ ਓਰੇਗਨ ਦੇ ਰੋਜ਼ਬਰਗ ਦਿਹਾਤੀ ਇਲਾਕੇ ਵਿਚਲੇ ਉਪਕੁਆ ਕਮਿਊਨਿਟੀ ਕਾਲਜ ਵਿਚ ਇਕ ਬੰਦੂਕਧਾਰੀ ਨੇ ਗੋਲੀਬਾਰੀ ਕਰਕੇ ਤਕਰੀਬਨ ਨੌਂ ਵਿਅਕਤੀਆਂ ਨੂੰ ਮਾਰ ਦਿੱਤਾ ਤੇ 20 ਹੋਰਨਾਂ ਨੂੰ ਜ਼ਖ਼ਮੀ ਕਰ ਦਿੱਤਾ। ਬਾਅਦ ਵਿਚ ਪੁਲਿਸ ਨੇ ਹਮਲਾਵਰ ਨੂੰ ਵੀ ਮਾਰ ਮੁਕਾਇਆ। ਉਸ ਦੀ ਪਛਾਣ 26 ਸਾਲਾਂ ਕ੍ਰਿਸ ਹਾਰਪਰ ਮਰਸਰ ਵਜੋਂ ਹੋਈ ਹੈ।

ਇਸ ਘਟਨਾ ਤੋਂ ਬਾਅਦ ਰਾਸ਼ਟਰਪਤੀ ਬਰਾਕ ਓਬਾਮਾ ਨੇ ਕਮਜ਼ੋਰ ਹਥਿਆਰ ਨੀਤੀ 'ਤੇ ਨਾਰਾਜ਼ਗੀ ਪ੍ਰਗਟਾਈ ਹੈ। ਮੌਕੇ 'ਤੇ ਮੌਜੂਦ ਲੋਕਾਂ ਦਾ ਦਾਅਵਾ ਹੈ ਕਿ ਹਮਲਾਵਰ ਨੇ ਸਿਰਫ ਈਸਾਈਆਂ ਨੂੰ ਨਿਸ਼ਾਨਾ ਬਣਾਇਆ ਹੈ। ਕ੍ਰਿਸ ਨੇ ਕਾਲਜ ਦੀਆਂ ਵੱਖ-ਵੱਖ ਜਮਾਤਾਂ ਵਿਚ ਜਾ ਕੇ ਗੋਲੀਆਂ ਚਲਾਈਆਂ। ਹਮਲੇ ਦੇ ਕਾਰਨਾਂ ਦੀ ਪੁਲਿਸ ਜਾਂਚ ਕਰ ਰਹੀ ਹੈ।

ਅਮਰੀਕਾ ਉਨ੍ਹਾਂ ਮੁਲਕਾਂ ਵਿਚ ਮੋਹਰੀ ਹੈ ਜਿਥੇ ਸਭ ਤੋਂ ਵੱਧ ਸਮੂਹਿਕ ਹੱਤਿਆਵਾਂ ਹੋ ਰਹੀਆਂ ਹਨ। ਸਾਲ 1966 ਤੋਂ ਲੈ ਕੇ 2012 ਤੱਕ ਇਥੇ ਅਜਿਹੀਆਂ 90 ਵਾਰਦਾਤਾਂ ਹੋਈਆਂ ਜਦ ਕਿ ਇਸ ਸਮੇਂ ਦੌਰਾਨ ਦੁਨੀਆਂ ਦੇ ਹੋਰ ਮੁਲਕਾਂ ਵਿਚ 292 ਵਾਰਦਾਤਾਂ ਹੋਈਆਂ ਹਨ। ਅਮਰੀਕਾ ਵਿਚ ਸੰਸਾਰ ਦੀ ਪੰਜ ਫੀਸਦੀ ਆਬਾਦੀ ਹੈ ਜਦ ਕਿ ਸਮੂਹਿਕ ਹੱਤਿਆਵਾਂ ਵਰਗੀਆਂ ਘਟਨਾਵਾਂ 31 ਫੀਸਦ ਹਨ। ਅਮਰੀਕਾ ਅਜਿਹਾ ਦੇਸ਼ ਹੈ ਜਿਥੇ ਤਕਰੀਬਨ ਹਰ ਕਿਸੇ ਕੋਲ ਅਸਲਾ ਹੈ। ਇਕ ਅੰਦਾਜ਼ੇ ਮੁਤਾਬਕ ਅਮਰੀਕੀਆਂ ਕੋਲ 27 ਤੋਂ 31 ਕਰੋੜ ਬੰਦੂਕਾਂ ਹਨ ਜਦ ਕਿ ਇਸ ਦੇਸ਼ ਦੀ ਆਬਾਦੀ 31.8 ਕਰੋੜ ਹੈ।

# ਵਿਦੇਸ਼ੀ ਨਿਵੇਸ਼ ਵਿਚ ਨੰਬਰ ਵੰਨ ਬਣਿਆ ਭਾਰਤ

**ਨਵੀਂ ਦਿੱਲੀ:** ਭਾਰਤ ਵਿਦੇਸ਼ੀ ਨਿਵੇਸ਼ ਦੇ ਪੱਖ ਤੋਂ ਪਹਿਲੇ ਸਥਾਨ ਉਤੇ ਜਾ ਪੁੱਜਾ ਹੈ। 2015 ਦੇ ਅੱਧ ਤੱਕ ਭਾਰਤ, ਚੀਨ ਤੇ ਅਮਰੀਕਾ ਨੂੰ ਪਛਾੜਦਿਆਂ ਦੁਨੀਆਂ ਦੀ ਪਹਿਲੀ ਪਸੰਦ ਬਣ ਗਿਆ ਹੈ। ਲੰਡਨ ਦੇ ਬਿਜ਼ਨਸ ਅਖ਼ਬਾਰ ਫਾਈਨੈਂਸ਼ੀਅਲ ਟਾਈਮਜ਼ ਨੇ ਅੰਕੜਿਆਂ ਸਮੇਤ ਇਹ ਦਾਅਵਾ ਕੀਤਾ ਹੈ।

ਅਖ਼ਬਾਰ ਮੁਤਾਬਕ ਜਨਵਰੀ ਤੋਂ ਜੂਨ ਤੱਕ ਭਾਰਤ ਵਿਚ ਵਿਦੇਸ਼ੀ ਨਿਵੇਸ਼ 31 ਅਰਬ ਡਾਲਰ, ਜਦਕਿ ਚੀਨ ਵਿਚ 28 ਤੇ ਅਮਰੀਕਾ ਵਿਚ 27 ਅਰਬ ਡਾਲਰ ਰਿਹਾ ਹੈ। ਪਿਛਲੇ ਕੁਝ ਸਾਲਾਂ ਤੋਂ ਐਫ.ਡੀ.ਆਈ. ਦੇ ਮਾਮਲੇ ਵਿਚ ਅਮਰੀਕਾ ਤੇ ਚੀਨ ਵਿਚਕਾਰ ਬਰਾਬਰ ਦੀ ਟੱਕਰ ਰਹੀ ਹੈ। ਪਿਛਲੇ ਸਾਲ ਅਮਰੀਕਾ ਕੁੱਲ ਪ੍ਰੋਜੈਕਟਸ ਨੂੰ ਲੈ ਕੇ ਪਹਿਲੇ ਨੰਬਰ 'ਤੇ ਰਿਹਾ ਹੈ।

ਭਾਰਤ ਨੇ ਵਰਲਡ ਇਕਨਾਮਿਕ ਫੋਰਮ ਦੇ ਗਲੋਬਲ ਕੰਪੀਟਿਟਿਵ ਇੰਡੈਕਸ ਵਿਚ 16 ਪਾਇਦਾਨ ਦੀ ਛਾਲ ਲਗਾਈ ਹੈ। ਇਸ ਸੂਚੀ ਵਿਚ ਕੁੱਲ 140 ਦੇਸ਼ ਸ਼ਾਮਲ ਹਨ। ਫਾਈਨੈਂਸ਼ੀਅਲ ਟਾਈਮਜ਼ ਦੀ ਰਿਪੋਰਟ ਉਸੇ ਦਿਨ ਹੀ ਆਈ ਹੈ ਜਦ ਭਾਰਤ ਵਿਦੇਸ਼ੀ ਨਿਵੇਸ਼ ਦੇ ਪ੍ਰਸਤਾਵਾਂ 'ਤੇ ਨਜ਼ਰ ਰੱਖਣ ਵਾਲੀ ਸੰਸਥਾ ਵਿਦੇਸ਼ੀ ਨਿਵੇਸ਼ ਪ੍ਰਮੋਸ਼ਨ ਬੋਰਡ ਨੇ ਤਕਰੀਬਨ 5,000 ਕਰੋੜ ਰੁਪਏ ਦੇ 18 ਪ੍ਰਸਤਾਵਾਂ ਨੂੰ ਮਨਜ਼ੂਰੀ ਦਿੱਤੀ।

### ਐਚ-1ਬੀ ਵੀਜ਼ਾ ਲੈਣ ਵਾਲਿਆਂ ਨੂੰ ਰਾਹਤ

**ਵਾਸ਼ਿੰਗਟਨ:** ਭਾਰਤੀ ਆਈ.ਟੀ. ਕੰਪਨੀਆਂ ਨੂੰ ਐਚ-1ਬੀ ਵੀਜ਼ਾ ਕੈਟਾਗਰੀ ਵਿਚ ਵੱਡੀ ਰਾਹਤ ਮਿਲੀ ਹੈ। ਐਚ-1ਬੀ ਵੀਜ਼ਾ ਉਤੇ ਲੱਗਣ ਵਾਲੀ 2,000 ਡਾਲਰ ਦੀ ਫੀਸ ਨੂੰ ਅਮਰੀਕੀ ਕਾਂਗਰਸ ਨੇ ਖਤਮ ਕਰ ਦਿੱਤਾ ਹੈ। ਇਸ ਫੀਸ ਨੂੰ ਆਊਟਸੋਰਸਿੰਗ ਫੀਸ ਆਖਿਆ ਜਾਂਦਾ ਹੈ, ਜਿਸ ਨੂੰ ਭਾਰਤੀ ਆਈ.ਟੀ. ਕੰਪਨੀਆਂ ਤੋਂ ਵਸੂਲ ਕੀਤਾ ਜਾਂਦਾ ਸੀ। ਰਿਪਬਲਿਕ ਪਾਰਟੀ ਦੇ ਬਹੁਮਤ ਵਾਲੀ ਅਮਰੀਕੀ ਕਾਂਗਰਸ ਨੇ ਇਸ ਕਾਨੂੰਨ ਨੂੰ ਰੱਦ ਕਰ ਦਿੱਤਾ ਹੈ। ਭਾਰਤੀ ਕੰਪਨੀਆਂ ਨੇ ਐਚ-1ਬੀ ਵੀਜ਼ੇ ਜ਼ਰੀਏ ਅਮਰੀਕਾ ਵਿਚ ਆਉਣ ਵਾਲੇ ਪੜ੍ਹੇ ਲਿਖੇ ਆਈ.ਟੀ. ਮਾਹਰਾਂ 'ਤੇ ਲੱਗਣ ਵਾਲੀ ਫੀਸ ਨੂੰ 'ਪੱਖਪਾਤ' ਕਰਾਰ ਦਿੱਤਾ ਸੀ। 2010 ਵਿਚ ਅਮਰੀਕੀ ਕਾਂਗਰਸ ਵੱਲੋਂ 50 ਫੀਸਦੀ ਤੋਂ ਜ਼ਿਆਦਾ ਵਿਦੇਸ਼ੀ ਕਰਮਚਾਰੀ ਰੱਖਣ ਵਾਲੀਆਂ ਕੰਪਨੀਆਂ ਲਈ ਐਚ-1ਬੀ 'ਤੇ 2,000 ਡਾਲਰ ਫੀਸ ਲਾਉਣ ਦਾ ਕਾਨੂੰਨ ਪਾਸ ਕਰ ਦਿੱਤਾ ਸੀ। ਇਹ ਕਾਨੂੰਨ ਖਾਸ ਤੌਰ 'ਤੇ ਭਾਰਤੀ ਆਈ.ਟੀ. ਕੰਪਨੀਆਂ ਨੂੰ ਟਾਰਗੇਟ ਕਰਕੇ ਬਣਾਇਆ ਗਿਆ ਸੀ। ਇਸ ਨਿਯਮ ਕਾਰਨ ਭਾਰਤੀ ਆਈ.ਟੀ. ਕੰਪਨੀਆਂ ਨੂੰ ਲੱਖਾਂ ਡਾਲਰ ਦੇਣੇ ਪਏ। 9/11 ਹਮਲੇ ਤੋਂ ਪ੍ਰਭਾਵਿਤ ਲੋਕਾਂ ਦੀ ਮਦਦ ਕਰਨ ਦੇ ਨਾਂ ਉਤੇ ਕਾਂਗਰਸ ਨੇ ਕਾਨੂੰਨ ਨੂੰ ਚਾਰ ਸਾਲ ਤੋਂ ਵਧਾ ਕੇ ਪੰਜ ਸਾਲ ਕਰ ਦਿੱਤੀ ਸੀ।



## Matrimonial

### ਵਰ ਦੀ ਲੋੜ ਹੈ

ਜੱਟ ਸਿੱਖ ਕੈਨੇਡੀਅਨ ਸਿਟੀਜ਼ਨ ਲੜਕੀ ਐਮ ਐਡ, ਉਮਰ 37 ਸਾਲ, ਕੱਦ 5'-4" ਲਈ ਅਮਰੀਕੀ/ਕੈਨੇਡੀਅਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਯੋਗ ਲੜਕੇ ਦੀ ਲੋੜ ਹੈ। ਸੰਪਰਕ ਕਰੋ ਫੋਨ:1-773-443-2720 ਜਾਂ ਈਮੇਲ nikkisekhon@hotmail.com ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ। 37-40

### ਕੰਨਿਆ ਦੀ ਲੋੜ ਹੈ

ਰਾਮਗੜੀਆ ਸਿੱਖ ਗਰੀਨ ਕਾਰਡ ਹੋਲਡਰ ਕੈਲੀਫੋਰਨੀਆ ਰਹਿੰਦੇ ਉਮਰ 24 ਸਾਲ, ਕੱਦ 5'-9", ਲੜਕੇ ਲਈ ਪੜ੍ਹੀ-ਲਿਖੀ ਯੋਗ ਲੜਕੀ ਦੀ ਲੋੜ ਹੈ। ਲੜਕੇ ਦਾ ਆਪਣਾ ਕਾਰੋਬਾਰ। ਸੰਪਰਕ ਕਰੋ, ਫੋਨ: 707-386-3001 41-44

Jatt Sikh parents seeking tall, professional match for their U.S. citizen, athletic build son, 26 yrs, 6'-3" in first year of residency. Pl. Email: chardikhala5@ymail.com 37-40

ਪੜ੍ਹੇ ਲਿਖੇ ਚੰਗੇ ਖਾਨਦਾਨ ਦੇ 24 ਸਾਲ, 6'-1", ਲੜਕੇ ਲਈ ਅਮਰੀਕਨ ਪੱਕੀ ਵਸਨੀਕ ਲੜਕੀ ਦੀ ਲੋੜ ਹੈ। ਲੜਕਾ ਯੂਰਪ ਦਾ ਪੱਕਾ ਵਸਨੀਕ ਹੈ ਤੇ ਅੱਜ ਕੱਲ੍ਹ ਆਪਣੇ ਅਮਰੀਕਨ ਸਿਟੀਜ਼ਨ ਪਰਿਵਾਰ ਕੋਲ ਆਇਆ ਹੋਇਆ ਹੈ। ਉਹ ਵੀ ਸੰਪਰਕ ਕਰ ਸਕਦੇ ਹਨ ਜੋ ਲੜਕੇ ਦੇ 26 ਸਾਲਾ ਵੱਡੇ ਅਮਰੀਕਨ ਸਿਟੀਜ਼ਨ ਭਰਾ ਨੂੰ ਇੰਡੀਆ ਤੋਂ ਰਿਸ਼ਤਾ ਕਰਵਾਉਣ ਦੇ ਇੱਛੁਕ ਹੋਣੇ। ਸੰਪਰਕ ਕਰੋ, ਫੋਨ: 510-695-4836

ਜੱਟ ਸਿੱਖ ਅਮਰੀਕੀ ਸਿਟੀਜ਼ਨ, 28 ਸਾਲ, 5'-8", ਫੈਡਰਲ ਜੌਬ ਕਰਦੇ ਲੜਕੇ ਲਈ ਸੁੰਦਰ ਸੁਸ਼ੀਲ ਜੱਟ ਸਿੱਖ ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਬੇ ਏਰੀਆ, ਕੈਲੀਫੋਰਨੀਆ ਨੂੰ ਪਹਿਲ। ਸੰਪਰਕ ਕਰੋ: 408-931-5803 38-41

ਜੱਟ ਸ਼ੇਰਗਿੱਲ, ਐਮ ਕਾਮ, 24 ਸਾਲ, 6'-2", ਵੈਸ਼ਨੂੰ ਲੜਕੇ ਵਾਸਤੇ ਅਮਰੀਕਨ ਗਰੀਨ ਕਾਰਡ ਹੋਲਡਰ ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਫੋਨ: 216-235-5171 ਜਾਂ ਈਮੇਲ: ranjitdhillons@gmail.com 38-41


# ਸਰਕਾਰੀ ਨੌਕਰੀ ਕਰਨ ਲਈ ਤਿਆਰ ਨਹੀਂ ਹੋਇਆ ਕੋਈ ਡਾਕਟਰ

**ਚੰਡੀਗੜ੍ਹ:** ਡਾਕਟਰਾਂ ਨੇ ਸਰਕਾਰੀ ਨੌਕਰੀ ਤੋਂ ਮੂੰਹ ਮੋੜਨਾ ਸ਼ੁਰੂ ਕਰ ਦਿੱਤਾ ਹੈ। ਸਿਹਤ ਵਿਭਾਗ ਦਾ 404 ਐਮ.ਬੀ.ਬੀ.ਐਸ. ਡਾਕਟਰ ਭਰਤੀ ਕਰਨ ਦਾ ਅਮਲ ਅਧਵਾਟੇ ਦਮ ਤੋੜ ਗਿਆ ਹੈ। ਮਾਹਿਰ ਡਾਕਟਰਾਂ ਦੀਆਂ 307 ਅਸਾਮੀਆਂ ਭਰਨ ਲਈ ਦਸ ਵਾਰ ਕੀਤੀ ਇੰਟਰਵਿਊ ਵੀ ਰੰਗ ਨਹੀਂ ਲਿਆ ਸਕੀ ਹੈ। ਐਮ.ਬੀ.ਬੀ.ਐਸ. ਡਾਕਟਰਾਂ ਨੇ ਮੁੱਢਲੀ ਤਨਖਾਹ ਉਤੇ ਸਰਕਾਰੀ ਨੌਕਰੀ ਕਰਨ ਤੋਂ ਕੋਰੀ ਨਾਂਹ ਕਰ ਦਿੱਤੀ ਹੈ।

ਸਿਹਤ ਵਿਭਾਗ ਵੱਲੋਂ 404 ਐਮ.ਬੀ.ਬੀ.ਐਸ. ਡਾਕਟਰਾਂ ਦੀ ਭਰਤੀ ਪੰਜਾਬ ਲੋਕ ਸੇਵਾ ਕਮਿਸ਼ਨ ਰਾਹੀਂ ਕਰਨ ਦਾ ਫੈਸਲਾ ਲਿਆ ਗਿਆ ਸੀ। ਕਮਿਸ਼ਨ ਵੱਲੋਂ 404 ਅਸਾਮੀਆਂ ਦੀ ਭਰਤੀ ਲਈ 1300 ਤੋਂ ਵੱਧ ਉਮੀਦਵਾਰਾਂ ਨੇ ਅਪਲਾਈ ਕੀਤਾ ਸੀ। ਲਿਖਤੀ ਟੈਸਟ ਵਿਚ 1186 ਉਮੀਦਵਾਰ ਬੈਠੇ ਸਨ ਪਰ ਚੋਣ ਤੋਂ ਬਾਅਦ ਸਵਾ ਸੌ ਤੋਂ ਵੱਧ ਨੇ ਡਿਊਟੀ 'ਤੇ ਹਾਜ਼ਰ ਹੋਣ ਤੋਂ ਨਾਂਹ ਕਰ ਦਿੱਤੀ ਹੈ। ਪਤਾ ਲੱਗਾ ਹੈ ਕਿ ਸਰਕਾਰ ਵੱਲੋਂ ਡਾਕਟਰਾਂ ਨੂੰ ਦੋ ਸਾਲ ਲਈ ਪ੍ਰੋਬੇਸ਼ਨਰੀ ਪੀਰੀਅਡ ਮੁੱਢਲੀ ਤਨਖਾਹ 15600 'ਤੇ ਪੂਰਾ ਕਰਨ ਲਈ ਕਿਹਾ ਜਾ ਰਿਹਾ ਹੈ ਜਿਸ ਨੂੰ ਉਮੀਦਵਾਰਾਂ ਨੇ ਰੱਦ ਕਰ ਦਿੱਤਾ ਹੈ।

ਸਿਹਤ ਵਿਭਾਗ ਵੱਲੋਂ ਚੁਣੇ ਉਮੀਦਵਾਰਾਂ ਨੂੰ ਦੁਬਾਰਾ ਬੁਲਾ ਕੇ ਸਰਕਾਰੀ ਨੌਕਰੀ ਲਈ ਪ੍ਰੇਰਿਆ ਜਾ ਰਿਹਾ ਹੈ। ਪੰਜਾਬ ਸਰਕਾਰ ਵੱਲੋਂ ਪਹਿਲਾਂ ਹੀ ਪ੍ਰੋਬੇਸ਼ਨਰੀ ਪੀਰੀਅਡ ਵੇਲੇ ਮੁਲਾਜ਼ਮਾਂ ਨੂੰ ਮੁਢਲੀ ਤਨਖਾਹ ਦੇਣ ਦਾ ਫੈਸਲਾ ਲਿਆ ਗਿਆ ਹੈ। ਸਰਕਾਰ ਵੱਲੋਂ ਮਾਹਿਰ ਡਾਕਟਰਾਂ ਨੂੰ ਪ੍ਰੋਬੇਸ਼ਨਰੀ ਪੀਰੀਅਡ ਤੱਕ ਮੁੱਢਲੀ ਤਨਖਾਹ ਦੇਣ ਦੇ ਫੈਸਲੇ ਤੋਂ ਬਾਹਰ ਰੱਖਿਆ ਗਿਆ ਹੈ, ਬਾਵਜੂਦ ਇਸ ਦੇ ਡਾਕਟਰ ਲੱਭਣੇ ਔਖੇ ਹੋ ਰਹੇ ਹਨ। ਮਾਹਿਰ ਡਾਕਟਰ, ਐਮ.ਬੀ.ਬੀ.ਐਸ. ਨਾਲੋਂ ਵੱਖਰੇ ਕੇਡਰ ਦੀ ਮੰਗ ਕਰ ਰਹੇ ਹਨ।

ਪੰਜਾਬ ਸਰਕਾਰ ਵੱਲੋਂ ਮਾਹਿਰ ਡਾਕਟਰਾਂ ਦੀ ਭਰਤੀ ਲਈ ਦੂਜੇ ਰਾਜਾਂ ਤੋਂ ਡਾਕਟਰ ਲੱਭਣ ਲਈ ਦਿੱਲੀ ਵਿਚ ਇੰਟਰਵਿਊ ਕਰਨ ਦਾ ਤਜਰਬਾ ਵੀ ਅਸਫਲ ਰਿਹਾ ਹੈ। ਪ੍ਰਾਈਵੇਟ ਹਸਪਤਾਲਾਂ ਵੱਲੋਂ ਡਾਕਟਰਾਂ ਨੂੰ ਦਿੱਤੇ ਜਾ ਰਹੇ ਪੈਕਜ ਵੀ ਭਰਤੀ ਦੇ ਰਾਹ ਵਿਚ ਵੱਡਾ ਅੜਿੱਕਾ ਹਨ। ਵਿਭਾਗ ਵਿਚ ਕੰਮ ਕਰਦੇ ਮਾਹਿਰ ਡਾਕਟਰ ਵੀ ਵੱਖਰੇ ਕੇਡਰ ਦੀ ਮੰਗ ਨੂੰ ਲੈ ਕੇ ਬਗ਼ਾਵਤ ਦਾ ਝੰਡਾ ਚੁੱਕੀ ਬੈਠੇ ਹਨ। ਡਾਕਟਰਾਂ ਵੱਲੋਂ ਆਪਣੀਆਂ ਮੰਗਾਂ ਦੇ ਹੱਕ ਵਿਚ ਪਹਿਲੀ ਅਕਤੂਬਰ ਨੂੰ ਗਿਆਰਾਂ ਵਜੇ ਤੋਂ ਕੰਮ ਠੱਪ ਕਰ ਦਿੱਤਾ ਗਿਆ ਸੀ।

ਦੱਸਣਯੋਗ ਹੈ ਕਿ ਸਰਕਾਰੀ ਹਸਪਤਾਲਾਂ ਵਿਚ ਡਾਕਟਰਾਂ ਦੀ ਵੱਡੀ ਘਾਟ ਹੈ। ਸਾਲ ਦੇ ਸ਼ੁਰੂ ਵਿਚ ਸਿਹਤ ਵਿਭਾਗ ਵਿਚੋਂ 175 ਮਾਹਿਰ ਡਾਕਟਰਾਂ ਦੇ ਇਕੋ ਦਿਨ ਨੌਕਰੀ ਛੱਡ ਦਿੱਤੀ ਸੀ। ਨੌਕਰੀ ਛੱਡਣ ਵਾਲੇ ਡਾਕਟਰਾਂ ਨੂੰ ਗੌਰਮਿੰਟ ਮੈਡੀਕਲ ਕਾਲਜ ਤੇ ਹਸਪਤਾਲਾਂ ਵਿਚ ਸੀਨੀਅਰ ਰੈਜੀਡੈਂਟ ਦੀ ਨੌਕਰੀ ਮਿਲੀ ਸੀ। ਸਿਹਤ ਵਿਭਾਗ ਵੱਲੋਂ ਗੌਰਮਿੰਟ ਮੈਡੀਕਲ ਕਾਲਜਾਂ ਵਿਚ ਜਾਣ ਲਈ ਜਿਨ੍ਹਾਂ ਡਾਕਟਰਾਂ ਨੂੰ ਮੈਡੀਕਲ ਖੋਜ ਤੇ ਸਿੱਖਿਆ ਵਿਭਾਗ ਵਿਚ ਨੌਕਰੀ ਦੀ ਆਗਿਆ ਦਿੱਤੀ ਸੀ, ਉਨ੍ਹਾਂ ਵਿਚ ਮਨੋਰੋਗ ਦੇ ਸੱਤ ਡਾਕਟਰ ਸ਼ਾਮਲ ਸਨ। ਸਿਹਤ ਵਿਭਾਗ ਕੋਲ ਨਸ਼ਿਆਂ ਵਿਰੁੱਧ ਛੇੜੀ ਮੁਹਿੰਮ ਨੂੰ ਚਲਾਉਣ ਲਈ ਪਹਿਲਾਂ ਹੀ ਮਨੋਰੋਗ ਦੇ ਮਾਹਿਰਾਂ ਦੀ ਘਾਟ ਹੈ ਉਤੋਂ ਤੀਹਾਂ ਵਿਚੋਂ ਸੱਤ ਡਾਕਟਰ ਹੋਰ ਘਟ ਗਏ ਹਨ। ਸਿਹਤ ਵਿਭਾਗ ਵੱਲੋਂ ਕੈਂਸਰ ਦੇ ਮਰੀਜ਼ਾਂ ਦੇ ਇਲਾਜ ਲਈ ਤਾਇਨਾਤ ਮਾਹਿਰਾਂ ਦੀ ਗਿਣਤੀ ਸਿਰਫ 53 ਹੈ ਤੇ ਇਨ੍ਹਾਂ ਵਿਚੋਂ 18 ਨੇ ਵਿਭਾਗ ਛੱਡ ਦਿੱਤਾ ਹੈ। ਜਿਨ੍ਹਾਂ ਹੋਰ ਮਾਹਿਰਾਂ ਨੇ ਸਿਹਤ ਵਿਭਾਗ ਵਿਚੋਂ ਨੌਕਰੀ ਛੱਡੀ ਹੈ ਉਨ੍ਹਾਂ ਵਿਚ ਇਕ ਦਰਜਨ ਪੈਥਾਲੋਜਿਸਟ ਤੇ ਮਾਈਕਰੋਬਾਇਲੋਜਿਸਟ ਸ਼ਾਮਲ ਹਨ। ਸਿਹਤ ਵਿਭਾਗ ਨੇ ਦਾਅਵਾ ਕੀਤਾ ਸੀ ਕਿ ਡਾਕਟਰਾਂ ਦੀ ਘਾਟ ਛੇਤੀ ਹੀ ਪੂਰੀ ਕਰ ਲਈ ਜਾਵੇਗੀ, ਪਰ ਹੁਣ ਕੋਈ ਡਾਕਟਰ ਸਰਕਾਰੀ ਨੌਕਰੀ ਕਰਨ ਲਈ ਤਿਆਰ ਹੀ ਨਹੀਂ ਹੋ ਰਿਹਾ।

### ਮਾਹਿਰਾਂ ਦੀਆਂ ਅੱਧਿਓਂ ਵੱਧ ਅਸਾਮੀਆਂ ਖਾਲੀ

**ਚੰਡੀਗੜ੍ਹ:** ਸਿਹਤ ਵਿਭਾਗ ਵਿਚ ਮਾਹਿਰਾਂ ਦੀਆਂ ਮਨਜ਼ੂਰਸ਼ੁਦਾ ਅਸਾਮੀਆਂ ਦੀ ਗਿਣਤੀ 1700 ਹੈ ਤੇ ਇਨ੍ਹਾਂ ਵਿਚੋਂ ਇਕ ਹਜ਼ਾਰ ਖਾਲੀ ਹਨ। ਹਸਪਤਾਲਾਂ ਵਿਚ ਲਾਏ ਮਾਹਿਰ ਚਲੇ ਜਾਣ ਨਾਲ ਸਰਕਾਰ ਦੀ ਕੈਂਸਰ ਤੇ ਨਸ਼ਿਆਂ ਵਿਰੁੱਧ ਛੇੜੀ ਮੁਹਿੰਮ ਵੀ ਅਧਵਾਟੇ ਦਮ ਤੋੜਨ ਲੱਗੀ ਹੈ। ਨੌਕਰੀ ਛੱਡ ਕੇ ਜਾਣ ਵਾਲੇ ਡਾਕਟਰਾਂ ਵਿਚ ਅਠਾਰਾਂ ਪਾਥੋਲੋਜਿਸਟ, ਚਾਰ ਮਾਈਕ੍ਰੋਬਾਇਓਲੋਜਿਸਟ ਤੇ ਇਕ ਜ਼ਿਲ੍ਹਾ ਨੋਡਲ ਅਫ਼ਸਰ ਸ਼ਾਮਲ ਹੈ। ਸਿਹਤ ਵਿਭਾਗ ਵਿਚ ਕੁਲ ਸੱਤ ਮਾਈਕ੍ਰੋਬਾਇਓਲੋਜਿਸਟ ਕੰਮ ਕਰ ਰਹੇ ਹਨ। ਇਨ੍ਹਾਂ ਵਿਚੋਂ ਚਾਰ ਨੇ ਸਿਹਤ ਵਿਭਾਗ ਤੋਂ ਵਿਦਾਇਗੀ ਲੈ ਲਈ ਹੈ। ਅਠਾਰਾਂ ਪਾਥੋਲੋਜਿਸਟ ਨੇ ਨੌਕਰੀ ਕਰਨ ਤੋਂ ਅਸਤੀਫਾ ਦੇ ਦਿੱਤਾ ਹੈ, ਜਦੋਂਕਿ ਸਿਹਤ ਵਿਭਾਗ ਵਿਚ ਪਾਥੋਲੋਜਿਸਟਾਂ ਦੀ ਗਿਣਤੀ ਸਿਰਫ 53 ਹੈ।

# ਕਾਮਰੇਡਾਂ ਵੱਲੋਂ ਪੰਜਾਬ ਸਰਕਾਰ ਖਿਲਾਫ ਸੰਘਰਸ਼ ਦਾ ਬਿਗਲ

**ਚੰਡੀਗੜ੍ਹ:** ਪੰਜਾਬ ਦੀਆਂ ਚਾਰ ਖੱਬੇ ਪੱਖੀ ਪਾਰਟੀਆਂ ਨੇ ਕਿਸਾਨਾਂ ਦੀਆਂ ਚਿੱਟੇ ਮੱਛਰ ਨਾਲ ਹੋਈ ਫਸਲਾਂ ਦੀ ਬਰਬਾਦੀ ਦੇ ਮੁਆਵਜ਼ੇ, ਬਾਸਮਤੀ ਦੀ ਵਾਜਬ ਭਾਅ ਉੱਤੇ ਖਰੀਦ ਤੇ ਗੰਨੇ ਦੇ ਬਕਾਏ ਮਾਮਲੇ 'ਤੇ 12 ਅਕਤੂਬਰ ਨੂੰ ਜ਼ਿਲ੍ਹਾ ਪੱਧਰੀ ਧਰਨੇ ਦੇਣ ਦਾ ਫੈਸਲਾ ਕੀਤਾ ਹੈ। ਇਹ ਫੈਸਲਾ ਸੀ.ਪੀ.ਆਈ. (ਐਮ), ਸੀ. ਪੀ. ਆਈ., ਸੀ. ਪੀ. ਐਮ. (ਪੰਜਾਬ) ਤੇ ਸੀ. ਪੀ. ਆਈ. (ਐਮ. ਐਲ.) ਲਿਬਰੇਸ਼ਨ ਦੀ ਸਾਂਝੀ ਮੀਟਿੰਗ ਦੌਰਾਨ ਲਿਆ ਗਿਆ। ਸੀ.ਪੀ.ਆਈ. (ਐਮ) ਦੇ ਸਕੱਤਰ ਚਰਨ ਸਿੰਘ ਵਿਰਦੀ ਨੇ ਕਿਹਾ ਕਿ ਨਰੇਂਦਰ ਮੋਦੀ ਤੇ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੀਆਂ ਸਰਕਾਰਾਂ ਵੱਲੋਂ ਜਾਰੀ ਨਵ ਉਦਾਰਵਾਦੀ ਨੀਤੀਆਂ ਕਾਰਨ ਲੋਕਾਂ ਖਾਸ ਤੌਰ ਉੱਤੇ ਕਿਸਾਨਾਂ ਤੇ ਨੌਜਵਾਨਾਂ ਅੰਦਰ ਫੈਲ ਰਹੀ ਨਿਰਾਸ਼ਤਾ ਤੇ ਬੇਚੈਨੀ ਖਿਲਾਫ ਚਾਰੇ ਖੱਬੀਆਂ ਪਾਰਟੀਆਂ ਨੇ 15 ਨੁਕਾਤੀ ਏਜੰਡੇ ਨੂੰ ਲੈ ਕੇ ਮਿਸ਼ਨ 16 ਸ਼ੁਰੂ ਕਰਨ ਦਾ ਫੈਸਲਾ ਕੀਤਾ ਹੈ।

ਉਨ੍ਹਾਂ ਕਿਹਾ ਕਿ ਚਾਰੇ ਪਾਰਟੀਆਂ ਦੀ ਸੂਬਾਈ ਤਾਲਮੇਲ ਕਮੇਟੀ ਦੀ ਮੀਟਿੰਗ ਵਿਚ ਕਾਮਰੇਡ ਰਘੂਨਾਥ ਸਿੰਘ, ਵਿਜੇ ਮਿਸ਼ਰਾ, ਸੀ.ਪੀ.ਆਈ. ਵੱਲੋਂ ਹਰਦੇਵ ਅਰਸ਼ੀ, ਡਾ. ਜੁਗਿੰਦਰ ਦਿਆਲ ਤੇ ਭੁਪਿੰਦਰ ਸਾਂਬਰ, ਸੀ.ਪੀ.ਐਮ. (ਪੰਜਾਬ) ਵੱਲੋਂ ਮੰਗਤ ਰਾਮ ਪਾਸਲਾ, ਹਰਕੰਵਲ ਸਿੰਘ ਤੇ ਇੰਦਰਜੀਤ ਗਰੇਵਾਲ, ਸੀ. ਪੀ. ਆਈ. (ਐਮ. ਐਲ., ਲਿਬਰੇਸ਼ਨ ਵੱਲੋਂ) ਗੁਰਮੀਤ ਸਿੰਘ ਬਖਤੂਪੁਰਾ, ਸੁਖਦਰਸ਼ਨ ਨੱਤ ਤੇ ਬਲਕਰਨ ਸਿੰਘ ਸ਼ਾਮਲ ਹੋਏ।

# ਮਨੁੱਖੀ ਅਧਿਕਾਰ ਕਮਿਸ਼ਨ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਬਾਰੇ ਨੋਟਿਸ

**ਨਵੀਂ ਦਿੱਲੀ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਜੇਲ੍ਹਾਂ ਵਿਚ ਬੰਦ ਸਿੰਘਾਂ ਦੀ ਰਿਹਾਈ ਲਈ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਨੂੰ ਬੂਰ ਪੈਂਦਾ ਨਜ਼ਰ ਆ ਰਿਹਾ ਹੈ।

ਸੁਪਰੀਮ ਕੋਰਟ ਦੀ ਹਦਾਇਤ 'ਤੇ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੇ ਦਿੱਲੀ ਕਮੇਟੀ ਦੀ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਕੇਂਦਰੀ ਗ੍ਰਹਿ ਮੰਤਰਾਲੇ ਦੇ ਸਕੱਤਰ, ਸਮੂਹ ਸੂਬਿਆਂ ਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੇ ਮੁੱਖ ਸਕੱਤਰਾਂ ਨੂੰ ਨੋਟਿਸ ਜਾਰੀ ਕਰਕੇ ਚਾਰ ਹਫਤਿਆਂ ਵਿਚ ਜਵਾਬ ਦੇਣ ਦੇ ਹੁਕਮ ਦਿੱਤੇ ਹਨ। ਕਮਿਸ਼ਨ ਦੇ ਸਹਾਇਕ ਲਾਅ-ਰਜਿਸਟਰਾਰ ਵੱਲੋਂ ਦਿੱਲੀ ਕਮੇਟੀ ਦੇ ਕਾਨੂੰਨੀ ਵਿਭਾਗ ਦੇ ਮੁਖੀ ਜਸਵਿੰਦਰ ਸਿੰਘ ਜੌਲੀ ਨੂੰ ਇਸ ਬਾਰੇ ਪੱਤਰ ਰਾਹੀਂ ਜਾਣਕਾਰੀ ਭੇਜੀ ਗਈ ਹੈ।

ਸ੍ਰੀ ਜੌਲੀ ਨੇ ਕਿਹਾ ਕਿ ਬੰਦੀ ਸਿੰਘਾਂ ਦੀ ਰਿਹਾਈ ਤੱਕ ਯਤਨ ਜਾਰੀ ਰਹਿਣਗੇ। ਉਨ੍ਹਾਂ ਕਿਹਾ ਕਿ ਕਮਿਸ਼ਨ ਨੇ ਪਹਿਲਾਂ ਤੱਥਾਂ ਨੂੰ ਆਧਾਰਹੀਣ ਦੱਸਦਿਆਂ ਇਸ ਸਬੰਧੀ ਸੁਣਵਾਈ ਕਰਨ ਤੋਂ ਇਨਕਾਰ ਕਰ ਦਿੱਤਾ ਸੀ ਪਰ ਉਨ੍ਹਾਂ ਵੱਲੋਂ ਸੁਪਰੀਮ ਕੋਰਟ ਵਿਚ ਪਹੁੰਚ ਕੀਤੀ ਤੇ ਅਦਾਲਤ ਵੱਲੋਂ ਮਿਲੀ ਹਦਾਇਤ ਬਾਅਦ ਹੁਣ ਹੋਈ ਸੁਣਵਾਈ ਪੰਥ ਲਈ ਲਾਹੇਵੰਦ ਸਾਬਤ ਹੋਵੇਗੀ। ਬਾਪੂ ਸੂਰਤ ਸਿੰਘ ਖਾਲਸਾ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਲਈ ਕੀਤੀ ਭੁੱਖ ਹੜਤਾਲ ਸਦਕਾ ਪੈਦਾ ਹੋਈ ਲੋਕ ਲਹਿਰ ਹੋਰ ਮਜ਼ਬੂਤ ਹੋਵੇਗੀ।


ਕਮਾਲ ਬਈ ਕਮਾਲ!

ਐਚ ਡੀ ਅਤੇ ਆਈ ਪੀ ਕੈਮਰਿਆਂ ਦੀਆਂ ਬਹੁਤ ਹੀ ਵਾਜਬ ਕੀਮਤਾਂ

ਪੀ ਓ ਐਸ ਅਤੇ ਕੈਸ਼ ਰਜਿਸਟਰ ਲਈ ਇੰਟਰਫੇਸ ਉਪਲਬਧ ਹੈ



Upgrade your Security Cameras to High Definition at very reasonable prices




*For a Free Demo of our new HD Cameras*

*Please Contact us:* Balbir S Sidhu

209-495-3905 (Cell)

www.dvrunlimited.com

Toll Free (888) 233-4566

DVRunlimited Inc.

Installation Available



ਕੀ ਤੁਸੀਂ ਸਭ ਤਰ੍ਹਾਂ ਦੇ ਇਲਾਜ ਕਰਾ ਕੇ ਥੱਕ ਚੁਕੇ ਹੋ?

*ਹੋਮਿਓਪੈਥੀ, ਕੁਦਰਤੀ ਇਲਾਜ ਪ੍ਰਣਾਲੀ ਅਜ਼ਮਾ ਕੇ ਦੇਖੋ*

**Gurdip Singh Sandhu**

Homeopathic Practitioner/Consultant

DHMS-Gold Medalist, BAMS, MDEh.- India

**1188 E Santa Clara St., San Jose, CA 95116**

Homeopathic natural medicines supply



*Gurdip Singh Sandhu*

**Well Experienced as:**

Director, Principal, Professor and Chief Medical Officer in Medical Colleges and Hospitals of Punjab (India)

Practice Under State of California Act SB 577

EX Member:

*The California Homeopathic Society*

National Center For Homeopathy- USA

**Ph:(408) 687-1899**

**(408) 729-6691**

Fax:(408)292-6200

Email: Homeomdicine@yahoo.com

Website: www.Homeopathyatoz.com

***Toll Free: 1-877-OK-HOMEO (1-877-654-6636)***

# ਸੀਰੀਆਈ ਸ਼ਰਨਾਰਥੀਆਂ ਦੇ ਹੜ੍ਹ ਨੇ ਉਲਝਾਏ ਯੂਰਪੀ ਮੁਲਕ

**ਅੰਕਾਰਾ:** ਸੀਰੀਆ ਤੇ ਇਰਾਕ ਦੇ ਮੁਸੀਬਤ ਵਿਚ ਫਸੇ ਲੋਕਾਂ ਦੀ ਆਮਦ ਨੇ ਯੂਰਪੀ ਸੰਘ ਨੂੰ ਚਿੰਤਾ ਵਿਚ ਪਾ ਦਿੱਤਾ ਹੈ। ਜਰਮਨੀ, ਫਰਾਂਸ, ਗਰੀਸ ਤੇ ਇਟਲੀ ਬਹੁਤ ਵੱਡੇ ਅਣਕਿਆਸੇ ਪਰਵਾਸੀਆਂ ਦੇ ਸੰਕਟ ਵਿਚ ਘਿਰ ਗਏ ਹਨ। ਅਰਬ ਜਗਤ, ਅਫਰੀਕਾ ਤੇ ਪੂਰਬੀ ਯੂਰਪ ਤੋਂ ਲੱਖਾਂ ਲੋਕ ਯੂਰਪੀ ਦੇਸ਼ਾਂ ਵੱਲ ਆ ਰਹੇ ਹਨ। ਲੰਘੇ ਮਹੀਨੇ ਹੀ 1,07,000 ਲੋਕ ਯੂਰਪੀ ਸੰਘ ਦੇ ਦੇਸ਼ਾਂ ਵਿਚ ਆਏ।

ਪਿਛਲੇ ਦਿਨੀਂ ਹਜ਼ਾਰਾਂ ਲੋਕ ਜਿਨ੍ਹਾਂ ਵਿਚ ਬਜ਼ੁਰਗ, ਔਰਤਾਂ ਤੇ ਮਾਸੂਮ ਬੱਚੇ ਸ਼ਾਮਲ ਸਨ, ਪੈਂਦੇ ਮੀਂਹ ਵਿਚ ਪੈਦਲ ਸਫਰ ਕਰਕੇ ਗਰੀਸ ਦੇ ਮਕਦੂਨੀਆ ਵਿਚ ਦਾਖਲ ਹੋਏ ਜੋ ਰੇਲ ਜਾਂ ਸੜਕੀ ਆਵਾਜਾਈ ਰਾਹੀ ਸਰਬੀਆ ਪਹੁੰਚੇ ਤੇ ਪਹੁੰਚ ਰਹੇ ਹਨ। ਜਾਨ ਦੀ ਬਾਜ਼ੀ ਲਾ ਕੇ ਉਨ੍ਹਾਂ ਦਾ ਨਿਸ਼ਾਨਾ ਜਰਮਨੀ, ਫਰਾਂਸ, ਬਰਤਾਨੀਆ, ਸਵੀਡਨ ਤੇ ਹਾਲੈਂਡ ਵਿਚ ਵੱਸਣ ਦਾ ਹੈ। ਯੂਕਰੇਨ, ਇਰਾਕ, ਸੀਰੀਆ, ਅਫ਼ਗਾਨਿਸਤਾਨ ਤੇ ਅਫਰੀਕਾ ਦੇ ਲੋਕ ਘਰੋਗੀ ਖਾਨਾਜੰਗੀ, ਹਿੰਸਾ ਦੇ ਸਤਾਏ ਯੂਰਪ ਨੂੰ ਆ ਰਹੇ ਹਨ।

ਪਰਵਾਸੀਆਂ ਦੀ ਵਧਦੀ ਗਿਣਤੀ ਤੇ ਪੈਦਾ ਹੋਏ ਹਾਲਾਤ ਬਾਰੇ ਇਟਲੀ ਦੇ ਵਿਦੇਸ਼ ਮੰਤਰੀ ਨੇ ਯੂਰਪ ਦੀ ਆਤਮਾ ਨੂੰ ਖਤਰਾ ਦੱਸਿਆ ਹੈ। ਜਰਮਨੀ ਵਿਚ ਸ਼ਰਨ ਦੀ ਮੰਗ ਕਰਨ ਵਾਲਿਆਂ ਦੀ ਗਿਣਤੀ ਚਾਰ ਗੁਣਾ ਵਧੀ ਹੈ। ਇਸ ਸਾਲ ਤਕਰੀਬਨ 10 ਲੱਖ ਲੋਕ ਸ਼ਰਨ ਲੈਣ ਦੀ ਬੇਨਤੀ ਕਰਨਗੇ। ਜਰਮਨੀ ਨੂੰ ਸ਼ਰਨਾਰਥੀ ਸੰਭਾਲਣ ਲਈ ਸਾਲ 2015-16 ਲਈ ਤਿੰਨ ਅਰਬ ਯੂਰੋ ਦਾ ਬਜਟ ਖਰਚਣਾ ਪਵੇਗਾ। 1990 ਵਿਚ ਹੋਏ ਜਰਮਨੀ ਦੇ ਰਲੇਵੇਂ ਤੋਂ ਬਾਅਦ ਸ਼ਰਨਾਰਥੀ ਸੰਕਟ ਜਰਮਨੀ ਲਈ ਸਭ ਤੋਂ ਵੱਡੀ ਚੁਣੌਤੀ ਬਣ ਗਿਆ ਹੈ। ਬਰਤਾਨੀਆ ਨੇ 15 ਹਜ਼ਾਰ ਸੀਰੀਆਈ ਸ਼ਰਨਾਰਥੀਆਂ ਨੂੰ ਝੱਲਣ ਦੀ ਹਾਮੀ ਭਰੀ ਹੈ, ਪਰ ਯੂਰਪੀ ਸੰਘ ਦੇ ਕਈ ਦੇਸ਼ ਪਰਵਾਸੀਆਂ ਦੇ ਮਸਲੇ ਸਬੰਧੀ ਟਾਲਾ ਵੱਟ ਰਹੇ ਹਨ।

ਇਨ੍ਹਾਂ ਵਿਚ ਖਾਸ ਕਰਕੇ ਹੰਗਰੀ, ਸਲੋਵਾਕੀਆ, ਚੈਕ ਗਣਰਾਜ ਆਦਿ ਦੇਸ਼ ਸ਼ਾਮਲ ਹਨ। ਹੰਗਰੀ ਦੇ ਪ੍ਰਧਾਨ ਮੰਤਰੀ ਦਾ ਕਹਿਣਾ ਕਿ ਅਰਬ ਤੋਂ ਆ ਰਹੇ ਲੋਕਾਂ ਨਾਲ ਇਸਾਈ ਕਦਰਾਂ-ਕੀਮਤਾਂ 'ਤੇ ਅਸਰ ਪਵੇਗਾ। ਸ਼ਰਨਾਰਥੀਆਂ ਦੀ ਆਮਦ ਰੋਕਣ ਲਈ ਹੰਗਰੀ ਨੇ ਸਰਬੀਆ ਨਾਲ ਲੱਗਦੀ ਸਰਹੱਦ 'ਤੇ ਸਾਢੇ ਚਾਰ ਫੁੱਟ ਉੱਚੀ ਕੰਡੇਦਾਰ ਵਾੜ ਖੜ੍ਹੀ ਕਰ ਦਿੱਤੀ ਹੈ। ਸ਼ਰਨਾਰਥੀਆਂ ਨੇ ਹੰਗਰੀ ਦੇ ਵਤੀਰੇ ਖਿਲਾਫ਼ ਨਾਅਰੇਬਾਜ਼ੀ ਕੀਤੀ, ਪੁਲਿਸ ਤੇ ਇੱਟਾਂ-ਰੋੜੇ ਸੁੱਟੇ ਗਏ।



## ਵਿਸ਼ਵ ਵਿਚ 60 ਮਿਲੀਅਨ ਲੋਕ ਬੇਘਰ ਹੋਏ

**ਅੰਕਾਰਾ:** ਸੰਯੁਕਤ ਰਾਸ਼ਟਰ ਦੀ ਇਕ ਰਿਪੋਰਟ ਵਿਚ ਦੱਸਿਆ ਗਿਆ ਹੈ ਕਿ ਸੰਸਾਰ ਪੱਧਰ ਉਤੇ 60 ਮਿਲੀਅਨ ਲੋਕ ਸਿਆਸੀ ਉਥਲ-ਪੁਥਲ, ਅਤਿਵਾਦ, ਸੋਕਾ, ਗਰੀਬੀ ਤੇ ਮਾੜੇ ਹਾਲਾਤ ਦੇ ਕਾਰਨ ਘਰੋਂ ਬੇਘਰ ਹੋਏ ਜ਼ਿੰਦਗੀ ਗੁਜ਼ਾਰ ਰਹੇ ਹਨ। ਘਰੋਗੀ ਖਾਨਾਜੰਗੀ ਦੇ ਸਤਾਏ, ਘਰੋਂ ਬੇਘਰ ਹੋਏ ਸੀਰੀਆਈ ਲੋਕਾਂ ਦੀ ਗਿਣਤੀ 40 ਲੱਖ ਹੈ। ਹੁਣ ਤੱਕ ਦੋ ਲੱਖ 40 ਹਜ਼ਾਰ ਲੋਕਾਂ ਦੀ ਜਾਨ ਜਾ ਚੁੱਕੀ ਹੈ। ਇਨ੍ਹਾਂ ਦੀ ਬਾਂਹ ਫੜਨ ਵਾਲੇ ਤੇ ਸ਼ਰਨ ਦੇਣ ਵਾਲੇ ਦੇਸ਼ ਤੁਰਕੀ ਵਿਚ 18 ਲੱਖ, ਲਿਬਨਾਨ ਵਿਚ 12 ਲੱਖ, ਜਾਰਡਨ ਵਿਚ ਸੱਤ ਲੱਖ, ਇਰਾਕ ਵਿਚ 2.5 ਲੱਖ ਸ਼ਰਨਾਰਥੀ ਤੰਬੂਆਂ ਵਿਚ ਦਿਨ ਗੁਜ਼ਾਰ ਰਹੇ ਹਨ।

## ਕ੍ਰੋਏਸ਼ੀਆ ਤੇ ਹੰਗਰੀ ਵਿਚਕਾਰ ਖਿੱਚੋਤਾਣ

**ਅੰਕਾਰਾ:** ਕ੍ਰੋਏਸ਼ੀਆ ਤੇ ਹੰਗਰੀ ਵਿਚ ਸ਼ਰਨਾਰਥੀਆਂ ਨੂੰ ਲੈ ਕੇ ਖਿੱਚੋਤਾਣ ਪੈਦਾ ਹੋ ਗਈ ਹੈ। ਕ੍ਰੋਏਸ਼ੀਆ ਨੇ ਸ਼ਰਨਾਰਥੀਆਂ ਨੂੰ ਮੁੜ ਹੰਗਰੀ ਵੱਲ ਭੇਜਣਾ ਸ਼ੁਰੂ ਕਰ ਦਿੱਤਾ ਹੈ। ਹੰਗਰੀ ਨੇ ਜਿਥੇ ਪਹਿਲਾਂ ਸਰਬੀਆ ਨਾਲ ਸਰਹੱਦ 'ਤੇ ਕੰਡੇਦਾਰ ਵਾੜ ਲਾਈ ਹੈ, ਉਥੇ ਹੁਣ ਕ੍ਰੋਏਸ਼ੀਆ ਦੀ ਸਰਹੱਦ ਦੀ ਵੀ ਨਾਕਾਬੰਦੀ ਕਰ ਰਿਹਾ ਹੈ। ਹੰਗਰੀ ਨੇ ਕ੍ਰੋਏਸ਼ੀਆ ਤੋਂ ਆਉਣ ਵਾਲੇ ਸ਼ਰਨਾਰਥੀਆਂ ਨੂੰ ਵਾਪਸ ਸਰਬੀਆ ਨੂੰ ਭੇਜਣਾ ਸ਼ੁਰੂ ਕਰ ਦਿੱਤਾ ਹੈ।

## ਸ਼ਰਨਾਰਥੀਆਂ ਦਾ ਯੂਰਪੀ ਮੁਲਕਾਂ ਖਿਲਾਫ ਰੋਹ

**ਅੰਕਾਰਾ:** ਜਰਮਨੀ, ਅਸਟਰੀਆ ਆਦਿ ਦੇਸ਼ਾਂ ਨੂੰ ਜਾਣ ਵਾਲੇ ਪਰਵਾਸੀਆਂ ਦੀਆਂ ਸਰਬੀਆ, ਕ੍ਰੋਏਸ਼ੀਆ ਸਰਹੱਦ 'ਤੇ ਪੁਲਿਸ ਨਾਲ ਝੜਪਾਂ ਹੋਈਆਂ। ਲੋਕ ਤੇਜ਼ ਧੁੱਪ ਵਿਚ ਭੁੱਖੇ-ਪਿਆਸੇ, ਰੋਂਦੇ ਬੱਚਿਆਂ ਨਾਲ ਇਸ ਉਮੀਦ ਨਾਲ ਰੇਲ ਗੱਡੀ ਦੀ ਉਡੀਕ ਕਰ ਰਹੇ ਸਨ ਕਿ ਉਹ ਜਰਮਨੀ ਪਹੁੰਚ ਜਾਣਗੇ। ਪਰ ਬੇਹਾਲ ਹੋਏ ਕੁਝ ਨੌਜਵਾਨ ਆਪੇ ਤੋਂ ਬਾਹਰ ਹੋ ਗਏ। ਉਨ੍ਹਾਂ ਨੇ ਜ਼ਗਰੇਬ ਵੱਲ ਜਾਣ ਦੀ ਕੋਸ਼ਿਸ਼ ਕੀਤੀ, ਪਰ ਪੁਲਿਸ ਦੇ ਰੋਕਣ ਕਾਰਨ ਤਕਰਾਰ ਹੋ ਗਿਆ।

## ਜਰਮਨੀ ਦੀ ਖੁੱਲ੍ਹਦਿਲੀ ਬਾਰੇ ਚਰਚਾ

**ਸੰਯੁਕਤ ਰਾਸ਼ਟਰ:** ਯੂਰਪੀ ਸੰਘ ਦੇ ਸਮੂਹ ਦੇਸ਼ਾਂ ਤੋਂ ਵੱਧ ਇਕੱਲਾ ਜਰਮਨੀ ਹੀ ਸ਼ਰਨਾਰਥੀਆਂ ਨੂੰ ਲੱਖਾਂ ਦੀ ਗਿਣਤੀ ਵਿਚ ਲੈ ਰਿਹਾ ਹੈ। ਪਿਛਲੇ ਦਿਨੀਂ ਇਕੱਲੇ ਮਿਊਨਿਖ ਸ਼ਹਿਰ ਵਿਚ ਹੀ ਹਜ਼ਾਰਾਂ ਸ਼ਰਨਾਰਥੀ ਪਹੁੰਚੇ। ਬਹੁਤ ਸਾਰੀਆਂ ਸੰਸਥਾਵਾਂ ਤੇ ਲੋਕ ਮਨੁੱਖਤਾ ਦੇ ਆਧਾਰ 'ਤੇ ਸ਼ਰਨਾਰਥੀਆਂ ਦੀ ਮਦਦ ਦੇ ਮੈਦਾਨ ਵਿਚ ਜੁਟੇ ਹਨ। ਸ਼ਰਨਾਰਥੀਆਂ ਦਾ ਗਰਮਜੋਸ਼ੀ ਨਾਲ ਸਵਾਗਤ ਕਰਦਿਆਂ ਬੱਚਿਆਂ ਨੂੰ ਖਿਡੌਣੇ, ਕੱਪੜੇ ਆਦਿ ਵੰਡੇ ਜਾ ਰਹੇ ਹਨ। ਜਰਮਨੀ ਦੀ ਚਾਂਸਲਰ ਐਂਜਲਾ ਮਾਰਕਲ ਨੇ ਪਹਿਲਕਦਮੀ ਕਰਦਿਆਂ ਹੰਗਰੀ ਵਿਚ ਰੁਕੇ ਸੀਰੀਆਈ ਪਰਵਾਸੀਆਂ ਨੂੰ ਬਿਨਾਂ ਸੂਚੀਬੱਧ ਕੀਤੇ ਖੁੱਲ੍ਹਾ ਸੱਦਾ ਦਿੱਤਾ ਹੈ।। ਮਾਰਕਲ ਦੇ ਇਸ ਫੈਸਲੇ ਦਾ ਸੰਸਾਰ ਪੱਧਰ 'ਤੇ ਸਵਾਗਤ ਹੋਇਆ।

# ਸੰਸਾਰ ਦੀਆਂ 100 ਸਿੱਖ ਸ਼ਖ਼ਸੀਅਤਾਂ ਦੀ ਸੂਚੀ ਜਾਰੀ

**ਲੰਡਨ:** ਸਿੱਖ ਡਾਇਰੈਕਟਰੀ ਯੂ. ਕੇ. ਵੱਲੋਂ ਸੰਸਾਰ ਦੀਆਂ ਸੌ ਪ੍ਰਭਾਵਸ਼ਾਲੀ ਸਿੱਖ ਸ਼ਖਸੀਅਤਾਂ ਦੀ ਸੂਚੀ 'ਦਿ ਸਿੱਖ 100' ਜਾਰੀ ਕੀਤੀ ਗਈ ਹੈ। ਇਸ ਅਨੁਸਾਰ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਜਥੇਦਾਰ ਗਿਆਨੀ ਕੁਲਵੰਤ ਸਿੰਘ ਨੂੰ ਪਹਿਲਾ ਸਥਾਨ, ਕਾਰ ਸੇਵਾ ਵਾਲੇ ਬਾਬਾ ਲਾਭ ਸਿੰਘ ਨੂੰ ਦੂਜਾ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਤੀਜਾ ਸਥਾਨ ਦਿੱਤਾ ਗਿਆ ਹੈ।



*ਗਿਆਨੀ ਕੁਲਵੰਤ ਸਿੰਘ*

ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਚੌਥਾ, ਸੰਤ ਇਕਬਾਲ ਸਿੰਘ ਬੜੂ ਸਾਹਿਬ ਵਾਲਿਆਂ ਨੂੰ 5ਵਾਂ, ਭਾਈ ਮਹਿੰਦਰ ਸਿੰਘ ਨਿਸ਼ਕਾਮ ਸੇਵਕ ਜੱਥਾ ਨੂੰ 6ਵਾਂ, ਸੂਰਤ ਸਿੰਘ ਖਾਲਸਾ ਨੂੰ 7ਵਾਂ, ਅਜੇਪਾਲ ਸਿੰਘ ਬੰਗਾ ਨੂੰ 8ਵਾਂ, ਯੂ. ਕੇ. ਵਿਚ ਹਾਈ ਕੋਰਟ ਦੇ ਪਹਿਲੇ ਜੱਜ ਰਾਬਿੰਦਰ ਸਿੰਘ ਕਿਊ ਸੀ ਨੂੰ 9ਵਾਂ, ਪਿੰਗਲਵਾੜਾ ਦੀ ਸੰਚਾਲਕ ਡਾ. ਇੰਦਰਜੀਤ ਕੌਰ ਨੂੰ 10ਵਾਂ ਸਥਾਨ ਮਿਲਿਆ ਹੈ। ਇਸ ਤੋਂ ਇਲਾਵਾ ਸੰਤ ਰਣਜੀਤ ਸਿੰਘ ਢੱਡਰੀਆਂ ਵਾਲੇ ਨੂੰ 13ਵਾਂ, ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ 15ਵਾਂ, ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੂੰ 17ਵਾਂ, ਕੈਪਟਨ ਅਮਰਿੰਦਰ ਸਿੰਘ ਨੂੰ 29ਵਾਂ, ਪ੍ਰਨੀਤ ਕੌਰ ਨੂੰ 32ਵਾਂ, ਮਨਜੀਤ ਸਿੰਘ ਜੀ. ਕੇ. ਨੂੰ 37ਵਾਂ, ਐਡਵੋਕੇਟ ਐਚ ਐਸ ਫੂਲਕਾ ਨੂੰ 39ਵਾਂ, ਯੂ. ਕੇ. ਦੀ ਮੰਤਰੀ ਸੰਦੀਪ ਕੌਰ ਵਰਮਾ ਨੂੰ 58ਵਾਂ, ਐਸ. ਪੀ. ਸਿੰਘ ਓਬਰਾਏ ਨੂੰ 61ਵਾਂ ਸਥਾਨ ਦਿੱਤਾ ਗਿਆ ਹੈ। ਸਿੱਖ ਡਾਇਰੈਕਟਰੀ ਯੂ. ਕੇ. ਦੇ ਡਾਇਰੈਕਟਰ ਨਵਦੀਪ ਸਿੰਘ ਨੇ ਕਿਹਾ ਕਿ ਇਹ ਸੂਚੀ ਸਾਲ ਭਰ ਦੀਆਂ ਸਰਗਰਮੀਆਂ ਦੀ ਨਜ਼ਰਸਾਨੀ ਤੋਂ ਬਾਅਦ ਵਿਸ਼ੇਸ਼ ਪੈਨਲ ਵੱਲੋਂ ਤਿਆਰ ਕੀਤੀ ਜਾਂਦੀ ਹੈ।

## 26/11 ਹਮਲੇ ਪਿੱਛੋਂ ਪਾਕਿਸਤਾਨ 'ਤੇ ਚੜ੍ਹਾਈ ਲਈ ਤਿਆਰ ਸੀ ਭਾਰਤ

**ਨਵੀਂ ਦਿੱਲੀ:** 26/11 ਦੇ ਮੁੰਬਈ ਹਮਲੇ ਤੋਂ ਬਾਅਦ ਭਾਰਤ ਨੇ ਪਾਕਿਸਤਾਨ ਵਿਚ ਹਵਾਈ ਹਮਲਾ ਕਰਨ ਦੀ ਯੋਜਨਾ ਬਣਾਈ ਸੀ। ਪਾਕਿਸਤਾਨ ਦੇ ਸਾਬਕਾ ਵਿਦੇਸ਼ ਮੰਤਰੀ ਖੁਰਸ਼ੀਦ ਮਹਿਮੂਦ ਕਸੂਰੀ ਨੇ ਖੁਲਾਸਾ ਕਰਦਿਆਂ ਕਿਹਾ ਹੈ ਕਿ ਭਾਰਤ ਦਾ ਮਕਸਦ ਪਾਕਿਸਤਾਨ ਵਿਚ ਲਸ਼ਕਰ-ਏ-ਤਾਇਬਾ ਤੇ ਜਮਾਤ-ਉਦ-ਦਾਵਾ ਦੇ ਟਿਕਾਣਿਆਂ ਨੂੰ ਨਿਸ਼ਾਨਾ ਬਣਾਉਣਾ ਸੀ। ਕਸੂਰੀ ਨੇ ਕਿਹਾ ਕਿ ਅਮਰੀਕੀ ਰਾਸ਼ਟਰਪਤੀ ਅਹੁਦੇ ਦੇ ਸਾਬਕਾ ਉਮੀਦਵਾਰ ਜਾਨ ਮੈਕਕੇਨ ਦੀ ਅਗਵਾਈ ਵਾਲਾ ਅਮਰੀਕੀ ਵਫਦ ਉਨ੍ਹਾਂ ਨੂੰ ਮਿਲਿਆ ਸੀ। ਇਹ ਮੁਲਾਕਾਤ 26/11 ਹਮਲੇ ਦੇ ਬਾਅਦ ਹੋਈ ਸੀ। ਮੈਕਕੇਨ ਨੇ ਦੱਸਿਆ ਸੀ ਕਿ ਭਾਰਤ ਲਾਹੌਰ ਦੇ ਨੇੜੇ ਲਸ਼ਕਰ ਤੇ ਜਮਾਤ-ਉਦ-ਦਾਵਾ ਦੇ ਟਿਕਾਣਿਆਂ 'ਤੇ ਹਵਾਈ ਹਮਲੇ ਕਰ ਸਕਦਾ ਹੈ।

# ਗੰਨ ਕਲਚਰ ਖਿਲਾਫ ਮੁਹਿੰਮ ਫਿਰ ਭਖੀ

**ਵਾਸ਼ਿੰਗਟਨ:** ਅਮਰੀਕਾ ਦੇ ਓਰੇਗਨ ਸੂਬੇ ਦੇ ਇਕ ਕਾਲਜ ਵਿਚ ਹੋਈ ਗੋਲਾਬਾਰੀ ਦੀ ਘਟਨਾ ਤੋਂ ਬਾਅਦ ਮੁਲਕ ਵਿਚ ਗੰਨ ਕਲਚਰ ਉੱਤੇ ਬਹਿਸ ਇਕ ਵਾਰ ਫਿਰ ਤੇਜ਼ ਹੋ ਗਈ ਹੈ। ਰਾਸ਼ਟਰਪਤੀ ਬਰਾਕ ਓਬਾਮਾ ਤਮਾਮ ਕੋਸ਼ਿਸ਼ਾਂ ਦੇ ਬਾਵਜੂਦ ਅਮਰੀਕਾ ਵਿਚ ਗੰਨ ਕਲਚਰ ਨੂੰ ਕੰਟਰੋਲ ਕਰਨ ਲਈ ਨਵਾਂ ਕਾਨੂੰਨ ਪਾਸ ਨਹੀਂ ਕਰ ਸਕੇ। ਕਾਲਜ ਵਿਚ ਹੋਈ ਘਟਨਾ ਤੋਂ ਬਾਅਦ ਉਨ੍ਹਾਂ ਇਕ ਵਾਰ ਫਿਰ ਤੋਂ ਗੰਨ ਕਲਚਰ ਨੂੰ ਹੱਲਾਸ਼ੇਰੀ ਦੇਣ ਉਤੇ ਫਿਕਰਮੰਦੀ ਜ਼ਾਹਿਰ ਕੀਤੀ ਹੈ। ਰਾਸ਼ਟਰਪਤੀ ਨੇ ਆਪਣੇ ਤਾਜ਼ਾ ਬਿਆਨ ਵਿਚ ਆਖਿਆ ਹੈ ਕਿ ਮੁਲਕ ਦੇ ਜ਼ਿਆਦਾਤਰ ਲੋਕ ਗੰਨ ਕਲਚਰ ਕਾਨੂੰਨ ਵਿਚ ਤਬਦੀਲੀ ਚਾਹੁੰਦੇ ਹਨ।



ਰਾਸ਼ਟਰਪਤੀ ਓਬਾਮਾ ਅਨੁਸਾਰ ਲੋਕ ਇਹ ਮੰਨਦੇ ਹਨ ਕਿ ਮਾਨਸਿਕ ਤੌਰ ਉਤੇ ਪ੍ਰੇਸ਼ਾਨ ਲੋਕਾਂ ਨੂੰ ਗੰਨ ਖਰੀਦਣ ਦਾ ਅਧਿਕਾਰ ਨਹੀਂ ਹੋਣਾ ਚਾਹੀਦਾ, ਪਰ ਅਮਰੀਕੀ ਕਾਂਗਰਸ, ਰਾਸ਼ਟਰਪਤੀ ਦੇ ਇਨ੍ਹਾਂ ਵਿਚਾਰਾਂ ਨਾਲ ਸਹਿਮਤ ਨਹੀਂ ਹੈ। ਕੈਲੀਫੋਰਨੀਆ ਸਣੇ 3 ਰਾਜਾਂ ਨੇ ਆਪਣੇ ਅਧਿਕਾਰ ਖੇਤਰ ਵਿਚ ਹਥਿਆਰ ਖਰੀਦਣ ਉਤੇ ਕਾਨੂੰਨ ਬਣਾਇਆ ਹੈ। ਇਸ ਦੇ ਨਾਲ ਹੀ ਅਲਾਸਕਾ, ਨੇਬਰਾਸਕਾ ਤੇ ਅਲਬਾਮਾ ਵਿਚ ਬਹੁਤ ਸਾਰੇ ਲੋਕ ਹਥਿਆਰ ਰੱਖਣ ਦੇ ਸਮਰਥਨ ਵਿਚ ਹਨ।

# ਕਾਲਾ ਧਨ: ਸਵੈ-ਪ੍ਰਗਟਾਵਾ ਸਕੀਮ ਬੇਭਰੋਸਗੀ ਦਾ ਸ਼ਿਕਾਰ

**ਨਵੀਂ ਦਿੱਲੀ:** ਵਿਦੇਸ਼ਾਂ ਤੋਂ ਕਾਲਾ ਧਨ ਵਾਪਸ ਲਿਆਉਣ ਦੀ ਇਕ ਹੋਰ ਸਰਕਾਰੀ ਕੋਸ਼ਿਸ਼ ਨਾਕਾਮ ਹੋ ਗਈ ਹੈ। ਕਾਲੇ ਧਨ ਦੇ ਇਕਮੁਸ਼ਤ ਖੁਲਾਸੇ ਲਈ ਬਣਾਈ ਗਈ ਨੀਤੀ ਤਹਿਤ 30 ਸਤੰਬਰ ਨੂੰ ਸਮਾਂ ਮੁੱਕਣ ਤੋਂ ਬਾਅਦ ਸਿਰਫ 3770 ਕਰੋੜ ਰੁਪਏ ਦਾ ਖੁਲਾਸਾ ਹੋਇਆ ਹੈ ਜੋ ਆਸ ਤੋਂ ਕਿਤੇ ਘੱਟ ਹੈ। ਹੁਣ ਇਨ੍ਹਾਂ ਲੋਕਾਂ ਨੂੰ 30 ਫੀਸਦੀ ਟੈਕਸ ਤੇ 30 ਫੀਸਦੀ ਜੁਰਮਾਨਾ 31 ਦਸੰਬਰ ਤੱਕ ਜਮ੍ਹਾਂ ਕਰਾਉਣਾ ਹੋਏਗਾ। ਜ਼ਿਕਰਯੋਗ ਹੈ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਆਜ਼ਾਦੀ ਦਿਵਸ ਮੌਕੇ ਦਿੱਤੇ ਭਾਸ਼ਨ ਵਿਚ ਦਾਅਵਾ ਕੀਤਾ ਸੀ ਕਿ ਨਵੇਂ ਕਾਨੂੰਨ ਹੇਠ ਬਣੀ ਨੀਤੀ ਤਹਿਤ ਵਿਦੇਸ਼ ਵਿਚ ਜਮ੍ਹਾ 6500 ਕਰੋੜ ਰੁਪਏ ਦਾ ਖੁਲਾਸਾ ਹੋ ਚੁੱਕਿਆ ਹੈ। ਉਨ੍ਹਾਂ ਦੇ ਇਸ ਦਾਅਵੇ 'ਤੇ ਵੀ ਸਵਾਲ ਉੱਠਣੇ ਸ਼ੁਰੂ ਹੋ ਗਏ ਹਨ।

ਸ੍ਰੀ ਮੋਦੀ ਨੇ ਲੋਕ ਸਭਾ ਚੋਣਾਂ ਵਿਚ ਪ੍ਰਚਾਰ ਦੌਰਾਨ ਵਿਦੇਸ਼ ਵਿਚ 80 ਲੱਖ ਕਰੋੜ ਰੁਪਏ ਜਮ੍ਹਾਂ ਹੋਣ ਦਾ ਦਾਅਵਾ ਕਰਦਿਆਂ ਸੱਤਾ ਵਿਚ ਆਉਣ 'ਤੇ 100 ਦਿਨਾਂ ਦੇ ਅੰਦਰ ਕਾਲੇ ਧਨ ਨੂੰ ਵਾਪਸ ਲਿਆਉਣ ਦਾ ਵਾਅਦਾ ਕੀਤਾ ਸੀ। ਉਨ੍ਹਾਂ ਇਹ ਵੀ ਵਾਅਦਾ ਕੀਤਾ ਸੀ ਕਿ ਹਰੇਕ ਭਾਰਤੀ ਦੇ ਬੈਂਕ ਖਾਤੇ ਵਿਚ 15-15 ਲੱਖ ਰੁਪਏ ਜਮ੍ਹਾਂ ਹੋਣਗੇ। ਕਾਲਾ ਧਨ ਬਿੱਲ ਪਾਸ ਹੋਣ ਤੇ ਐਨ.ਡੀ.ਏ. ਸਰਕਾਰ ਨੂੰ ਸੱਤਾ ਵਿਚ ਆਉਣ ਦੇ 16 ਮਹੀਨਿਆਂ ਬਾਅਦ ਵੀ ਸਿਰਫ਼ 3770 ਕਰੋੜ ਰੁਪਏ ਮਿਲੇ ਹਨ। ਇਹ ਪਹਿਲੀ ਵਾਰ ਨਹੀਂ ਜਦੋਂ ਭਾਰਤ ਸਰਕਾਰ ਨੇ ਕਾਲਾ ਧਨ ਮਾਲਕਾਂ ਲਈ ਸਵੈ-ਪ੍ਰਗਟਾਵਾ ਸਕੀਮ ਜਾਰੀ ਕੀਤੀ। ਦਰਅਸਲ, ਸਭ ਤੋਂ ਪਹਿਲੀ ਸਕੀਮ 1951 ਵਿਚ ਆਰੰਭੀ ਗਈ ਸੀ। ਉਦੋਂ 70 ਕਰੋੜ ਰੁਪਏ ਦੀ ਰਕਮ ਸਾਹਮਣੇ ਆਈ ਸੀ। ਇਸ ਉਤੇ 11 ਕਰੋੜ ਟੈਕਸ ਵਸੂਲਿਆ ਗਿਆ ਸੀ। 1965, 1975 ਤੇ 1997 ਵਿਚ ਵੀ ਅਜਿਹੀਆਂ ਇਕਬਾਲੀਆ ਸਕੀਮਾਂ ਲਾਂਚ ਕੀਤੀਆਂ ਗਈਆਂ ਸਨ। ਇਨ੍ਹਾਂ ਵਿਚੋਂ ਸਭ ਤੋਂ ਕਾਮਯਾਬ 1997 ਵਿਚ ਤੱਤਕਾਲੀਨ ਵਿੱਤ ਮੰਤਰੀ ਪੀ. ਚਿਦੰਬਰਮ ਵੱਲੋਂ ਐਲਾਨੀ ਸਕੀਮ ਰਹੀ ਸੀ। ਉਦੋਂ 33,000 ਕਰੋੜ ਰੁਪਏ ਦੀ ਰਕਮ ਸਾਹਮਣੇ ਆਈ ਸੀ।

## *ਸਿਰਫ 3770 ਕਰੋੜ ਦਾ ਹੋਇਆ ਖੁਲਾਸਾ*




## ਹਰ ਭਾਰਤੀ ਦੇ ਹਿੱਸੇ ਆਉਣਗੇ ਸਿਰਫ 18 ਰੁਪਏ!

**ਨਵੀਂ ਦਿੱਲੀ:** ਲੋਕ ਸਭਾ ਚੋਣਾਂ ਤੋਂ ਪਹਿਲਾਂ ਨਰੇਂਦਰ ਮੋਦੀ ਨੇ ਆਪਣੀਆਂ ਰੈਲੀਆਂ ਵਿਚ ਲੋਕਾਂ ਨੂੰ ਲੁਭਾਉਣ ਲਈ ਖੂਬ ਪ੍ਰਚਾਰ ਕੀਤਾ ਸੀ ਕਿ ਕਾਲਾ ਧਨ ਵਾਪਸ ਲਿਆਂਦਾ ਜਾਵੇਗਾ, ਤੇ ਹਰ ਪਰਿਵਾਰ ਦੇ ਖਾਤੇ ਵਿਚ 15-15 ਲੱਖ ਰੁਪਏ ਆਉਣਗੇ, ਪਰ ਮੋਦੀ ਸਰਕਾਰ ਦਾ ਇਹ ਦਾਅਵਾ ਹਵਾ ਹੋ ਰਿਹਾ ਹੈ। ਅੰਕੜਿਆਂ ਮੁਤਾਬਕ ਸਰਕਾਰ ਹੁਣ ਤੱਕ ਜਿੰਨੇ ਕਾਲੇ ਧਨ ਦਾ ਖੁਲਾਸਾ ਕਰ ਸਕੀ ਹੈ, ਉਸ ਮੁਤਾਬਕ ਹਰ ਭਾਰਤੀ ਦੇ ਖਾਤੇ ਵਿਚ 15 ਲੱਖ ਨਹੀਂ ਸਗੋਂ 18 ਰੁਪਏ ਹੀ ਆਉਣਗੇ।

## ਨਾਕਾਮ ਕਿਉਂ ਰਹੀ ਸਰਕਾਰੀ ਮੁਹਿੰਮ

**ਨਵੀਂ ਦਿੱਲੀ:** ਭਾਰਤ ਨੇ ਕਾਲਾ ਧਨ ਮਾਲਕਾਂ ਲਈ ਸਵੈ-ਪ੍ਰਗਟਾਵਾ ਸਕੀਮ ਪਹਿਲਾਂ ਵੀ ਕਈ ਵਾਰ ਜਾਰੀ ਕੀਤੀ। ਸਭ ਤੋਂ ਪਹਿਲੀ ਸਕੀਮ 1951 ਵਿਚ ਆਰੰਭੀ ਗਈ ਸੀ। ਉਦੋਂ 70 ਕਰੋੜ ਰੁਪਏ ਦੀ ਰਕਮ ਸਾਹਮਣੇ ਆਈ ਸੀ। ਇਸ ਉਤੇ 11 ਕਰੋੜ ਟੈਕਸ ਵਸੂਲਿਆ ਗਿਆ ਸੀ। 1965, 1975 ਤੇ 1997 ਵਿਚ ਵੀ ਅਜਿਹੀਆਂ ਇਕਬਾਲੀਆ ਸਕੀਮਾਂ ਲਾਂਚ ਕੀਤੀਆਂ ਗਈਆਂ ਸਨ, ਜੋ ਅਸਲ ਟੀਚਾ ਹਾਸਲ ਨਾ ਕਰ ਸਕੀਆਂ। ਇਨ੍ਹਾਂ ਸਕੀਮਾਂ ਦੀ ਨਾਕਾਮੀ ਦੀ ਵਜ੍ਹਾ ਜੁਰਮਾਨਿਆਂ ਦੀ ਦਰ ਉੱਚੀ ਹੋਣੀ ਤੇ ਸਰਕਾਰੀ ਏਜੰਸੀਆਂ ਵੱਲੋਂ ਤੰਗ ਕੀਤੇ ਜਾਣ ਦਾ ਡਰ ਸੀ। ਵਿੱਤ ਮੰਤਰੀ ਅਰੁਣ ਜੇਤਲੀ ਦਾ ਕਹਿਣਾ ਹੈ ਕਿ ਸਰਕਾਰ ਨੂੰ ਇਸ ਸਕੀਮ ਤੋਂ ਬਹੁਤੀ ਕਾਮਯਾਬੀ ਦੀ ਉਮੀਦ ਨਹੀਂ ਸੀ।

# *ਪਿਉ ਨੇ ਸੁੱਤੇ ਪਏ ਤਿੰਨ ਬੱਚਿਆਂ ਨੂੰ ਲਾਈ ਅੱਗ*

**ਯਮੁਨਾਨਗਰ:** ਪੁਰਾਣਾ ਹਮੀਦਾਂ ਦੀ ਆਨੰਦ ਕਾਲੋਨੀ ਵਾਸੀ ਇਕ ਵਿਅਕਤੀ ਨੇ ਆਪਣੇ ਘਰ ਅੰਦਰ ਸੁੱਤੇ ਪਏ ਬੱਚਿਆਂ ਉਤੇ ਮਿੱਟੀ ਦਾ ਤੇਲ ਪਾ ਕੇ ਅੱਗ ਲਾ ਦਿੱਤੀ ਤੇ ਫਰਾਰ ਹੋ ਗਿਆ। ਬੱਚਿਆਂ ਦਾ ਚੀਖ ਚਿਹਾੜਾ ਸੁਣ ਕੇ ਗੁਆਂਢੀ ਬਚਾਅ ਲਈ ਆਏ। ਕਾਫੀ ਮੁਸ਼ਕਿਲ ਨਾਲ ਉਨ੍ਹਾਂ ਨੇ ਇਕ ਬੱਚੇ ਨੂੰ ਤਾਂ ਬਚਾ ਲਿਆ, ਜਦਕਿ ਉਹ ਆਪ ਤੇ ਦੋ ਬੱਚੇ ਅੱਗ ਵਿਚ ਝੁਲਸ ਗਏ।

ਗੁਆਂਢੀਆਂ ਦੀ ਮਦਦ ਨਾਲ ਸਾਰਿਆਂ ਨੂੰ ਸਰਕਾਰੀ ਹਸਪਤਾਲ ਵਿਚ ਪਹੁੰਚਾਇਆ ਗਿਆ। ਜਾਣਕਾਰੀ ਮੁਤਾਬਕ ਆਨੰਦ ਕਲੋਨੀ ਵਾਸੀ ਸ਼ੌਕਤ ਅਲੀ ਤੇ ਉਸ ਦੀ ਪਤਨੀ ਸਾਨੀਆ ਵਿਚ ਕਿਸੇ ਗੱਲ ਤੋਂ ਝਗੜਾ ਹੋਇਆ ਸੀ। ਸ਼ੌਕਤ ਅਲੀ ਨੇ ਸਾਨੀਆ 'ਤੇ ਕੁਹਾੜੀ ਨਾਲ ਵਾਰ ਕਰਨਾ ਸ਼ੁਰੂ ਕਰ ਦਿੱਤਾ। ਸਾਨੀਆ ਨੇ ਘਰੋਂ ਭੱਜ ਕੇ ਨੇੜੇ ਰਹਿੰਦੀ ਆਪਣੀ ਸੱਸ ਕੋਲ ਜਾ ਕੇ ਜਾਨ ਬਚਾਈ। ਸਾਨੀਆ ਦੇ ਭੱਜਣ ਤੋਂ ਬਾਅਦ ਗੁੱਸੇ ਵਿਚ ਆਏ ਸ਼ੌਕਤ ਅਲੀ ਨੇ ਘਰ ਦਾ ਦਰਵਾਜਾ ਅੰਦਰੋਂ ਬੰਦ ਕਰਕੇ ਬੈਡ 'ਤੇ ਸੁੱਤੇ ਪਏ ਆਪਣੇ ਤਿੰਨ ਬੱਚਿਆਂ 'ਤੇ ਮਿੱਟੀ ਦਾ ਤੇਲ ਪਾ ਕੇ ਅੱਗ ਲਾ ਦਿੱਤੀ।

# ਚੰਗੀ ਕਾਰਗੁਜ਼ਾਰੀ ਲਈ 13 ਸ਼ਖਸੀਅਤਾਂ ਨੂੰ ਸਿੱਖ ਐਵਾਰਡ

**ਨਵੀਂ ਦਿੱਲੀ:** ਚੰਗੀ ਕਾਰਗੁਜ਼ਾਰੀ ਲਈ 13 ਸ਼ਖਸੀਅਤਾਂ ਨੂੰ ਸਿੱਖ ਐਵਾਰਡ 2015 ਨਾਲ ਸਨਮਾਨਤ ਕੀਤਾ ਗਿਆ। ਇਨ੍ਹਾਂ ਹਸਤੀਆਂ ਨੇ ਨੌਜਵਾਨ ਪੀੜ੍ਹੀ ਨੂੰ ਸਮਾਜਿਕ ਕੁਰੀਤੀਆਂ ਤੋਂ ਦੂਰ ਰਹਿਣ ਤੇ ਆਪਣੇ ਅੰਦਰ ਝਾਤ ਮਾਰਨ ਦੀ ਲੋੜ 'ਤੇ ਜ਼ੋਰ ਦਿੱਤਾ ਹੈ। ਉਕਤ ਸਿੱਖ ਐਵਾਰਡ 2010 ਵਿਚ ਨਵਦੀਪ ਸਿੰਘ ਬਾਂਸਲ ਵੱਲੋਂ ਸ਼ੁਰੂ ਕੀਤੇ ਗਏ ਸਨ, ਜੋ ਕਿ 'ਦ ਸਿੱਖ ਡਾਇਰੈਕਟਰੀ' ਮੀਡੀਆ ਸੰਸਥਾ ਦੇ ਡਾਇਰੈਕਟਰ ਵੀ ਹਨ।

ਇਨ੍ਹਾਂ ਐਵਾਰਡਾਂ ਰਾਹੀਂ ਖੇਡਾਂ, ਮੀਡੀਆ ਜਗਤ, ਸੇਵਾ, ਸਿੱਖਿਆ ਵਰਗੇ ਖੇਤਰਾਂ ਵਿਚ ਵੱਡਮੁੱਲਾ ਯੋਗਦਾਨ ਪਾਉਣ ਵਾਲੇ ਸਿੱਖਾਂ ਨੂੰ ਸਨਮਾਨਤ ਕੀਤਾ ਜਾਂਦਾ ਹੈ। 2010 ਵਿਚ ਇਹ ਐਵਾਰਡ ਸਿਰਫ ਬਰਤਾਨੀਆ ਦੇ ਸਿੱਖਾਂ ਲਈ ਸ਼ੁਰੂ ਕੀਤੇ ਗਏ ਸਨ, ਪਰ ਇਨ੍ਹਾਂ ਨੂੰ ਵਿਸਥਾਰ ਦਿੰਦਿਆਂ ਹੁਣ ਇਹ ਐਵਾਰਡ ਕੌਮਾਂਤਰੀ ਪੱਧਰ 'ਤੇ ਦਿੱਤੇ ਜਾਂਦੇ ਹਨ। 10 ਵਰਗਾਂ ਲਈ ਇਹ ਐਵਾਰਡ 13 ਵਿਅਕਤੀਆਂ ਨੂੰ ਦਿੱਤਾ ਗਿਆ।

### ਇਹ ਸ਼ਖਸੀਅਤਾਂ ਹੋਈਆਂ ਸਨਮਾਨਤ

'ਵਰਲਡ ਕੈਂਸਰ ਕੇਅਰ' ਦੇ ਕੁਲਵੰਤ ਸਿੰਘ ਨੂੰ 'ਸਿੱਖਸ ਇੰਨ ਚੈਰਟੀ' ਐਵਾਰਡ।
ਡਾ. ਪਰਵਿੰਦਰ ਸਿੰਘ ਪਸਰੀਚਾ ਨੂੰ 'ਸਿੱਖਸ ਇੰਨ ਸੇਵਾ' ਐਵਾਰਡ।
ਮਾਈਕਰੋਸਾਫਟ ਇੰਡੀਆ ਦੇ ਮੈਨੇਜਿੰਗ ਡਾਇਰੈਕਟਰ ਕਰਨ ਬਾਜਵਾ ਨੂੰ 'ਸਿੱਖਸ ਇੰਨ ਪ੍ਰੋਫੈਸ਼ਨ'।
ਬਰਜਰ ਪੇਂਟ ਦੇ ਚੇਅਰਮੈਨ ਕੁਲਦੀਪ ਸਿੰਘ ਢੀਂਗਰਾ ਨੂੰ 'ਸਿੱਖਸ ਇੰਨ ਬਿਜ਼ਨਸ'।
ਬੀਬੀ ਪ੍ਰਕਾਸ਼ ਕੌਰ ਨੂੰ ਉਮਰ ਭਰ ਦੀਆਂ ਪ੍ਰਾਪਤੀਆਂ ਲਈ ਐਵਾਰਡ।
ਸੰਗੀਤਕਾਰ ਮੋਹਿੰਦਰ ਸਿੰਘ ਸਰਨਾ ਨੂੰ 'ਸਿੱਖਸ ਇੰਨ ਇੰਟਰਟੇਨਮੈਂਟ' ਐਵਾਰਡ।
ਡਾ. ਰਘਵੀਰ ਸਿੰਘ ਬੈਂਸ ਨੂੰ 'ਸਿੱਖਸ ਇੰਨ ਐਜੂਕੇਸ਼ਨ'।
ਬੱਲ ਸਿੰਘ ਸਮਰਾ ਨੂੰ 'ਸਿੱਖਸ ਇੰਨ ਮੀਡੀਆ, ਸੁਨਦੀਪ ਸਿੰਘ ਸੰਧੂ ਨੂੰ 'ਸਿੱਖਸ ਇੰਨ ਸਪੋਰਟਸ'।
ਕੰਵਲਜੀਤ ਸਿੰਘ ਹਾਯਰ ਨੂੰ 'ਸਿੱਖਸ ਇੰਨ ਪੀਪਲ' ਚੁਆਇਸ ਐਵਾਰਡ।
ਵਪਾਰ ਜਗਤ ਦੇ ਸਿੱਖਾਂ ਨੂੰ ਸਨਮਾਨਤ ਕਰਨ ਲਈ ਬਣਾਏ ਵਰਗਾਂ ਵਿਚੋਂ ਔਰਤਾਂ ਦੇ ਵਰਗ ਵਿਚ ਇੰਦਰਾ ਕੌਰ ਆਹਲੂਵਾਲੀਆ, ਜਦਕਿ ਉੱਦਮੀ ਵਰਗ ਵਿਚ ਅਜਿੰਦਰ ਪਾਲ ਸਿੰਘ ਨੂੰ ਸਨਮਾਨ।
ਦੁਬਈ ਦੇ ਸ਼ੇਖ ਮੁਹੰਮਦ ਬਿਨ ਰਾਸ਼ਿਦ ਨੂੰ 'ਸਪੈਸ਼ਲ ਰੈਕੋਗਨਾਈਜ਼ੇਸ਼ਨ ਐਵਾਰਡ'।

# ਕੈਨੇਡਾ ਚੋਣਾਂ ਨੂੰ ਚੜ੍ਹਿਆ ਪੰਜਾਬੀ ਰੰਗ

**ਸਰੀ:** ਕੈਨੇਡਾ ਦੀਆਂ 19 ਅਕਤੂਬਰ ਨੂੰ ਹੋਣ ਜਾ ਰਹੀਆਂ ਆਮ ਚੋਣਾਂ ਵਿਚ ਪੰਜਾਬੀਆਂ ਦੀ ਭੂਮਿਕਾ ਕਾਫੀ ਅਹਿਮ ਰਹੇਗੀ। ਤਕਰੀਬਨ 44 ਪੰਜਾਬੀ ਮੂਲ ਦੇ ਉਮੀਦਵਾਰ ਇਸ ਵਾਰ ਕੈਨੇਡਾ ਦੀਆਂ ਚੋਣਾਂ ਵਿਚ ਕਿਸਮਤ ਅਜ਼ਮਾ ਰਹੇ ਹਨ। ਚੋਣਾਂ ਤੋਂ ਪਹਿਲਾਂ ਕੀਤੇ ਜਾ ਸਰਵੇਖਣਾਂ ਵਿਚ 12 ਪੰਜਾਬੀਆਂ ਨੂੰ ਸਫਲਤਾ ਮਿਲਦੀ ਦਿਖਾਈ ਦੇ ਰਹੀ ਹੈ।

ਓਨਟਾਰੀਓ, ਬ੍ਰਿਟਿਸ਼ ਕੋਲੰਬੀਆ ਤੇ ਅਲਬਰਟਾ ਸੂਬੇ ਦੇ 15 ਹਲਕਿਆਂ ਵਿਚੋਂ ਪੰਜਾਬੀ ਉਮੀਦਵਾਰਾਂ ਦੀ ਸਥਿਤੀ ਕਾਫੀ ਮਜ਼ਬੂਤ ਹੈ। ਬਲ ਗੋਸਲ, ਨਵਦੀਪ ਬੈਂਸ, ਹਰਕੰਵਲਜੀਤ ਸਿੰਘ ਕਾਹਲੋਂ, ਸੋਨੀਆ ਸਿੱਧੂ, ਪਰਮ ਗਿੱਲ, ਰੂਬੀ ਸਹੋਤਾ ਤੇ ਨਰਿੰਦਰ ਭਿੰਦ ਦੀ ਸਥਿਤੀ ਕਾਫੀ ਮਜ਼ਬੂਤ ਹੈ। ਇਸ ਤੋਂ ਇਲਾਵਾ ਬਰੈਂਪਟਨ ਤੋਂ ਗੋਰਾ ਸਿੱਖ ਮਾਰਟਿਨ ਸਿੰਘ ਦੀ ਵੀ ਸਥਿਤੀ ਕਾਫੀ ਚੰਗੀ ਹੈ। 2011 ਵਿਚ ਛੇ ਪੰਜਾਬੀ ਮੂਲ ਦੇ ਉਮੀਦਵਾਰ ਜਿੱਤੇ ਸਨ, ਪਰ ਇਸ ਵਾਰ ਇਹ ਗਿਣਤੀ ਦੁੱਗਣੀ ਹੋਣ ਦੀ ਸੰਭਾਵਨਾ ਹੈ।

ਕੈਨੇਡਾ ਦੀਆਂ ਕਈ ਸੀਟਾਂ ਉਤੇ ਪੰਜਾਬੀਆਂ ਦੀ ਵਸੋਂ ਨੂੰ ਵੇਖਦੇ ਹੋਏ ਤਕਰੀਬਨ ਸਾਰੀਆਂ ਹੀ ਪਾਰਟੀਆਂ ਨੇ ਪੰਜਾਬੀ ਮੂਲ ਦੇ ਉਮੀਦਵਾਰਾਂ ਨੂੰ ਚੋਣ ਮੈਦਾਨ ਵਿਚ ਉਤਾਰਿਆ ਹੈ। ਕੈਨੇਡਾ ਦੀਆਂ ਚੋਣਾਂ ਵਿਚ ਮੁੱਖ ਮੁਕਾਬਲਾ ਕੰਜ਼ਰਵਿਟੇਵ, ਲਿਬਰਲ ਤੇ ਐਨ.ਡੀ.ਪੀ. ਵਿਚਾਲੇ ਹੈ। ਬ੍ਰਿਟਿਸ਼ ਕੋਲੰਬੀਆ, ਬਰੈਂਪਟਨ ਤੇ ਹੋਰ ਕਈ ਹਲਕਿਆਂ ਵਿਚ ਮੁੱਖ ਮੁਕਾਬਲਾ ਪੰਜਾਬੀ ਉਮੀਦਵਾਰਾਂ ਵਿਚਾਲੇ ਹੈ। ਸਟੀਫਨ ਹਾਰਪਰ ਸਰਕਾਰ ਵਿਚ ਮੰਤਰੀ ਰਹੇ ਟਿੰਮ ਉੱਪਲ, ਬਲ ਗੋਸਲ ਤੇ ਪਰਮ ਗਿੱਲ ਨੂੰ ਮੁੜ ਤੋਂ ਸਫਲਤਾ ਮਿਲਦੀ ਦਿਖਾਈ ਦੇ ਰਹੀ ਹੈ।




### ਪੰਜਾਬੀ ਔਰਤਾਂ ਵੀ ਚੋਣ ਮੈਦਾਨ ਵਿਚ

**ਬਰੈਂਪਟਨ:** ਕੈਨੇਡਾ ਚੋਣਾਂ ਵਿਚ ਨਿੱਤਰੇ 44 ਪੰਜਾਬੀ ਉਮੀਦਵਾਰਾਂ ਵਿਚੋਂ 10 ਔਰਤਾਂ ਹਨ। ਤਿੰਨੇ ਸਿਆਸੀ ਪਾਰਟੀਆਂ ਨੇ ਇਸ ਵਾਰ ਉਮੀਦਵਾਰੀ ਵਿਚ ਔਰਤਾਂ ਨੂੰ ਥਾਂ ਦਿੱਤੀ ਹੈ। ਖਾਸ ਗੱਲ ਇਹ ਹੈ ਇਨ੍ਹਾਂ ਵਿਚੋਂ ਸੱਤ ਔਰਤਾਂ ਦੀ ਉਮਰ 35 ਸਾਲ ਦੇ ਨੇੜੇ-ਤੇੜੇ ਹੈ। ਇਥੋਂ ਦੀਆਂ ਕਈ ਕੌਮੀ ਸਰਵੇ ਏਜੰਸੀਆਂ 10 ਪੰਜਾਬੀ ਔਰਤਾਂ ਵਿਚੋਂ ਪੰਜ ਨੂੰ ਅੱਗੇ ਦੱਸ ਰਹੀਆਂ ਹਨ। ਵੋਟਿੰਗ 19 ਅਕਤੂਬਰ ਨੂੰ ਹੋਣੀ ਹੈ। ਸਰਵੇ ਸਹੀ ਸਾਬਤ ਹੋਇਆ ਤਾਂ ਇਹ ਪਹਿਲੀ ਵਾਰ ਹੋਵੇਗਾ ਜਦੋਂ ਕੈਨੇਡਾ ਦੀ ਸਿਆਸਤ ਵਿਚ ਨੌਜਵਾਨ ਪੰਜਾਬੀ ਔਰਤਾਂ ਸਫਲਤਾ ਦਾ ਨਵਾਂ ਅਧਿਆਇ ਜੋੜਨਗੀਆਂ ਹਨ, ਭਾਵੇਂ ਇਹ ਵੱਖ-ਵੱਖ ਪਾਰਟੀਆਂ ਨਾਲ ਸਬੰਧਤ ਹੋਣ। ਇਹ ਪਹਿਲੀ ਵਾਰ ਹੈ ਜਦੋਂ 44 ਇੰਡੋ-ਕੈਨੇਡੀਅਨ ਉਮੀਦਵਾਰ ਚੋਣ ਮੈਦਾਨ ਵਿਚ ਨਿੱਤਰੇ ਹਨ।


## Prince's Barber Shop

**37477 Fremont Blvd, suite C, Fremont, CA 94536**

**Men & Children's Hair Cut**

*Threading *Custom Text
*Men's Facials *Hair Coler
*Custom Designing *Shave &
*Line-ups *Head Massage

ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ



Business hours:
Mon thru Thursday 9am to 8pm
Friday, Sat- Sunday- 9am to 7pm
(Tuesday Closed)



**Cell: (510)-677-9942**
**Shop: (510)-505-9605**
www.princebarbershop.com


### ਬੂਟਾ ਸਿੰਘ ਮੁੜ ਕਾਂਗਰਸ ਵਿਚ ਪਰਤੇ

**ਨਵੀਂ ਦਿੱਲੀ:** ਸਾਬਕਾ ਕੇਂਦਰੀ ਗ੍ਰਹਿ ਮੰਤਰੀ ਬੂਟਾ ਸਿੰਘ ਮੁੜ ਕਾਂਗਰਸ ਪਾਰਟੀ ਵਿਚ ਸ਼ਾਮਲ ਹੋ ਗਏ ਹਨ। ਸ. ਬੂਟਾ ਸਿੰਘ ਦੇ ਪਾਰਟੀ ਵਿਚ ਸ਼ਾਮਲ ਹੋਣ 'ਤੇ ਸੀਨੀਅਰ ਆਗੂਆਂ ਅਜੇ ਮਾਕਨ ਤੇ ਪੀ.ਸੀ. ਚਾਕੋ ਨੇ ਸਵਾਗਤ ਕੀਤਾ। ਉਨ੍ਹਾਂ ਰਾਜਸਥਾਨ ਦੇ ਜਾਲੌਰ ਹਲਕੇ ਤੋਂ ਦੋ ਵਾਰ ਆਜ਼ਾਦ ਉਮੀਦਵਾਰ ਵਜੋਂ ਲੋਕ ਸਭਾ ਚੋਣਾਂ ਲੜੀਆਂ ਸਨ।



ਰਾਜੀਵ ਗਾਂਧੀ ਦੀ ਵਜ਼ਾਰਤ ਵਿਚ ਉਹ ਗ੍ਰਹਿ ਤੇ ਖੇਤੀ ਮੰਤਰੀ ਵੀ ਰਹੇ। 2004 ਤੋਂ 2006 ਦੌਰਾਨ ਸ. ਬੂਟਾ ਸਿੰਘ ਬਿਹਾਰ ਦੇ ਰਾਜਪਾਲ ਵੀ ਰਹੇ।


## ਤੰਦੂਰੀਏ ਅਤੇ ਹੋਰ ਸਟਾਫ ਦੀ ਲੋੜ ਹੈ

**ਇੰਡੀਅਨਐਪੋਲਿਸ, ਇੰਡੀਆਨਾ ਵਿਚ ਸਥਿਤ ਭਾਰਤੀ ਰੈਸਟੋਰੈਂਟ ਲਈ ਤੰਦੂਰੀਏ, ਵੇਟਰ, ਡਿਸ਼ ਵਾਸ਼ਰ ਅਤੇ ਹੈਲਪਰ ਦੀ ਫੌਰੀ ਲੋੜ ਹੈ।**

*ਰਿਹਾਇਸ਼ ਫਰੀ, ਚੰਗੀ ਤਨਖਾਹ*

**ਸੰਪਰਕ ਕਰੋ: 317-313-9651**



## ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Special Price for Truck Wash Grand Opening
• 8 Drive Tires For $3300 Kelly KDA
• Two Steer Tire Michelin $1150 Including Balancing (22.5 LP)

**ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ**
1950 E Miner Ave.
Stockton, CA 95205

**Ph: 209.547.9210**
FAX: 209.547.9211
www.gfbontime.com, raj@gfbontime.com

### REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖ਼ਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

**TEL: 209.547.9210**
FAX: 209.547.9211

### REGISTRATION SERVICES

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

**TEL: 209.982.9996**
FAX: 209.982.9997

ਪੰਜਾਬ ਟਾਈਮਜ਼

*ਸਨਿਚਰਵਾਰ, 10 ਅਕਤੂਬਰ 2015*

## ਦਾਦਰੀ ਬਨਾਮ ਡਿਜੀਟਲ ਇੰਡੀਆ

ਆਪਣੇ ਅਮਰੀਕਾ ਦੌਰੇ ਦੌਰਾਨ ਅਜੇ ਹੁਣੇ ਹੁਣੇ ਹੀ ਭਾਰਤ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ 'ਡਿਜੀਟਲ ਇੰਡੀਆ' ਦਾ ਨਾਅਰਾ ਮਾਰ ਕੇ ਗਏ ਹਨ। 'ਡਿਜੀਟਲ ਇੰਡੀਆ' ਦਾ ਪ੍ਰਚਾਰ ਕਰਦਿਆਂ ਉਨ੍ਹਾਂ ਐਨ ਉਸੇ ਤਰ੍ਹਾਂ ਦਾ ਮਜਮਾ ਲਾਇਆ ਜਿਸ ਤਰ੍ਹਾਂ ਪਿਛਲੇ ਸਾਲ ਆਪਣੇ ਪਹਿਲੇ ਅਮਰੀਕੀ ਦੌਰੇ ਦੌਰਾਨ ਮੈਡੀਸਨ ਸਕੁਏਅਰ ਗਾਰਡਨ ਵਿਚ ਲਾਇਆ ਸੀ। ਦੋਹੀਂ ਵਾਰ ਉਨ੍ਹਾਂ ਦੀ ਆਵਾਜ਼ ਆਮ ਨਾਲੋਂ ਬਹੁਤ ਉਚੀ ਸੀ। ਦੋਹੀਂ ਵਾਰ ਸਾਰੀ ਦੁਨੀਆਂ ਨੇ ਉਨ੍ਹਾਂ ਦੇ ਭਾਸ਼ਣ ਸੁਣੇ। ਉਨ੍ਹਾਂ ਕਈ ਕੌਮਾਂਤਰੀ ਮੰਚਾਂ ਉਤੇ ਆਪਣਾ ਅਜਿਹਾ ਜਲਵਾ ਦਿਖਾਇਆ। ਕਈ ਵਿਦਵਾਨਾਂ ਤੇ ਮਾਹਿਰਾਂ ਨੇ ਉਨ੍ਹਾਂ ਦੀ 'ਬੌਡੀ ਲੈਂਗੁਏਜ' ਦੀਆਂ ਕਈ ਪ੍ਰਕਾਰ ਦੀਆਂ ਵਿਆਖਿਆਵਾਂ ਕੀਤੀਆਂ। ਇਹੀ ਨਹੀਂ, ਟਵਿੱਟਰ ਉਤੇ ਉਹ ਅਕਸਰ ਮੇਲਾ ਲਾਈ ਰੱਖਦੇ ਹਨ। ਭਾਰਤ ਦੀ ਚੜ੍ਹਤ ਦਾ ਜੋ ਨਕਸ਼ਾ ਉਨ੍ਹਾਂ ਆਪਣੇ ਭਾਸ਼ਣਾਂ ਅਤੇ ਟਵੀਟਾਂ ਵਿਚ ਖਿੱਚਿਆ ਹੈ, ਉਸ ਬਾਰੇ ਸੰਸਾਰ ਭਰ ਦੇ ਲੀਡਰ ਮੂੰਹ ਵਿਚ ਉਂਗਲਾਂ ਪਾਈ ਨਿਹਾਰਦੇ ਰਹੇ ਹਨ। ਅਜਿਹੇ ਜਲਵਾਮਈ ਭਾਸ਼ਣ ਕਰਦਿਆਂ ਉਨ੍ਹਾਂ ਇਹ ਵੀ ਲਿਹਾਜ ਨਹੀਂ ਰੱਖਿਆ ਕਿ ਪਰਦੇਸੀ ਧਰਤੀ ਉਤੇ ਪਹਿਲੀਆਂ ਸਰਕਾਰਾਂ ਦੀ ਇਉਂ ਨੁਕਤਾਚੀਨੀ ਨਹੀਂ ਕਰੀਦੀ ਹੁੰਦੀ। ਉਨ੍ਹਾਂ ਦੇ ਭਾਸ਼ਣਾਂ ਦੀ ਭਾਸ਼ਾ ਦੇ ਨਾਲ ਨਾਲ ਮੀਡੀਆ ਨੇ ਉਨ੍ਹਾਂ ਦੀਆਂ ਇਹ ਗੱਲਾਂ ਵੀ ਖਾਸ ਤੌਰ 'ਤੇ ਨੋਟ ਕੀਤੀਆਂ।

ਹੁਣ 'ਡਿਜੀਟਲ ਇੰਡੀਆ' ਦੇ ਪ੍ਰਚਾਰ ਤੋਂ ਐਨ ਬਾਅਦ ਜਦੋਂ ਦਾਦਰੀ ਵਿਚ ਮਾਰਮਿਕ ਘਟਨਾ ਵਾਪਰੀ ਹੈ ਤਾਂ ਪ੍ਰਧਾਨ ਮੰਤਰੀ ਪਹਿਲਾਂ ਵਾਂਗ ਹੀ ਖਾਮੋਸ਼ ਰਹੇ ਹਨ। ਉਹ ਖਾਮੋਸ਼ ਹੀ ਨਹੀਂ ਹੋਏ, ਸਗੋਂ ਉਨ੍ਹਾਂ ਦੇ ਸਾਥੀ ਮੰਤਰੀ ਤਾਂ ਇਹ ਕਹਿ ਕੇ ਇਸ ਖਾਮੋਸ਼ੀ ਨੂੰ ਜਾਇਜ਼ ਠਹਿਰਾ ਰਹੇ ਹਨ ਕਿ ਹਰ ਮਾਮਲੇ ਬਾਰੇ ਪ੍ਰਧਾਨ ਮੰਤਰੀ ਦਾ ਬਿਆਨ ਦੇਣਾ ਜ਼ਰੂਰੀ ਨਹੀਂ ਹੁੰਦਾ। ਹੁਣ ਗੌਲਣ ਵਾਲਾ ਇਕ ਤੱਥ ਇਹ ਵੀ ਹੈ ਕਿ ਹੁਣ ਤੱਕ ਪ੍ਰਧਾਨ ਮੰਤਰੀ ਦੇ ਅੰਨ੍ਹੇ ਸ਼ਰਧਾਲੂ ਬਣੇ ਰਹੇ ਕੁਝ ਪੱਤਰਕਾਰ ਵੀ ਕਹਿ ਰਹੇ ਹਨ ਕਿ ਪ੍ਰਧਾਨ ਮੰਤਰੀ ਨੂੰ ਹੁਣ ਤਾਂ ਖਾਮੋਸ਼ੀ ਤੋੜਨੀ ਹੀ ਚਾਹੀਦੀ ਹੈ। ਇਨ੍ਹਾਂ ਮੁਤਾਬਕ, ਹੁਣ ਪਾਣੀ ਸਿਰ ਤੋਂ ਉਤਾਂਹ ਲੰਘਣ ਲੱਗ ਪਿਆ ਹੈ। ਮੁਲਕ ਵਿਚ ਇਸ ਤਰ੍ਹਾਂ ਦਾ ਮਾਹੌਲ ਬਣ ਰਿਹਾ ਹੈ ਕਿ ਵਿਰੋਧੀ ਵਿਚਾਰ ਰੱਖਣ ਉਤੇ, ਨੌਬਤ ਕਤਲ ਕਰਨ ਤੱਕ ਜਾ ਰਹੀ ਹੈ। ਦਾਦਰੀ ਪਿੰਡ ਵਿਚ ਮੁਹੰਮਦ ਅਖਲਾਕ ਨੂੰ ਸਿਰਫ ਇਸ ਕਰ ਕੇ ਕੁੱਟ ਕੁੱਟ ਕੇ ਮਾਰ ਦਿੱਤਾ ਗਿਆ ਕਿ ਉਸ ਦੇ ਘਰ ਗਾਂ-ਮਾਸ ਹੋਣ ਦਾ ਸ਼ੱਕ ਸੀ। ਇਹ ਕਿਸ ਤਰ੍ਹਾਂ ਦਾ ਨਵਾਂ ਭਾਰਤ ਹੈ ਜਿਥੇ ਖਾਣ-ਪੀਣ, ਪਹਿਨਣ ਤੇ ਵਿਚਾਰ ਪ੍ਰਗਟ ਕਰਨ ਉਤੇ ਪਾਬੰਦੀਆਂ ਲਾਈਆਂ ਜਾ ਰਹੀਆਂ ਹਨ ਅਤੇ ਇਨ੍ਹਾਂ ਗੱਲਾਂ ਨੂੰ ਆਧਾਰ ਬਣਾ ਕੇ ਖੂਨ-ਖਰਾਬਾ ਕਰਨ ਵਾਲਿਆਂ ਨੂੰ ਹੱਲਾਸ਼ੇਰੀ ਹੀ ਨਹੀਂ ਦਿੱਤੀ ਜਾ ਰਹੀ, ਸਗੋਂ ਉਨ੍ਹਾਂ ਨੂੰ ਬਚਾਇਆ ਜਾ ਰਿਹਾ ਹੈ?

ਸਭ ਨੂੰ ਕੱਲ੍ਹ ਵਾਂਗ ਯਾਦ ਹੈ ਕਿ ਨਰੇਂਦਰ ਮੋਦੀ ਵੱਲੋਂ ਪਿਛਲੇ ਸਾਲ ਮੱਧ ਮਈ ਵਿਚ ਪ੍ਰਧਾਨ ਮੰਤਰੀ ਦਾ ਅਹੁਦਾ ਸੰਭਾਲਣ ਤੋਂ ਦੋ ਹਫਤਿਆਂ ਬਾਅਦ ਹੀ ਮਹਾਂਰਾਸ਼ਟਰ ਦੇ ਸ਼ਹਿਰ ਪੁਣੇ ਵਿਚ ਬੜੀ ਮਾਰਮਿਕ ਘਟਨਾ ਵਾਪਰੀ ਸੀ। 24 ਸਾਲਾ ਨੌਜਵਾਨ ਮੋਹਸਿਨ ਸਾਦਿਕ ਸ਼ੇਖ ਨੂੰ ਮੁਸਲਮਾਨ ਹੋਣ ਕਰ ਕੇ ਮਾਰ ਦਿੱਤਾ ਗਿਆ ਸੀ। ਇਹ ਕਾਰਾ ਹਿੰਦੂ ਜਥੇਬੰਦੀ ਨਾਲ ਸਬੰਧਤ ਬੁਰਛਾਗਰਦਾਂ ਨੇ ਕੀਤਾ ਸੀ। ਦਰਅਸਲ, ਫੇਸਬੁੱਕ ਉਤੇ ਕਿਸੇ ਨੇ ਸ਼ਿਵਾਜੀ ਅਤੇ ਸ਼ਿਵ ਸੈਨਾ ਮੁਖੀ ਬਾਲ ਠਾਕਰੇ ਦੀ ਕੋਈ ਤਸਵੀਰ ਪਾ ਦਿੱਤੀ ਸੀ। ਇਸ ਪੋਸਟ ਨੂੰ ਆਧਾਰ ਬਣਾ ਕੇ ਮੋਹਸਿਨ ਸਾਦਿਕ ਸ਼ੇਖ ਉਤੇ ਰਾਤ ਵੇਲੇ ਹਮਲਾ ਕਰ ਦਿੱਤਾ ਗਿਆ। ਉਸ ਵੇਲੇ ਲੋਕ ਸਭਾ ਚੋਣਾਂ ਵਿਚ ਜਿੱਤ ਤੋਂ ਬਾਅਦ ਨਰੇਂਦਰ ਮੋਦੀ ਦੀ ਬੱਲੇ ਬੱਲੇ ਹੋਈ ਪਈ ਸੀ ਅਤੇ ਉਨ੍ਹਾਂ ਦਾ ਦਾਅਵਾ ਵੀ ਸੀ ਕਿ ਲੋਕਾਂ ਨੇ ਉਨ੍ਹਾਂ ਨੂੰ ਵਿਕਾਸ ਖਾਤਰ ਮੁਲਕ ਦੀ ਵਾਗਡੋਰ ਸੰਭਾਲੀ ਹੈ। ਸਭ ਇਹ ਤਵੱਕੋ ਕਰ ਰਹੇ ਸਨ ਕਿ ਇਸ ਘਟਨਾ ਬਾਰੇ ਮੋਦੀ ਜ਼ਰੂਰ ਕੁਝ ਕਹਿਣਗੇ। ਇਹ ਆਸ ਕਰ ਕੇ ਵੀ ਸੀ, ਕਿਉਂਕਿ ਉਨ੍ਹਾਂ ਤੋਂ ਪਹਿਲੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਬਾਰੇ ਭਾਜਪਾ ਨੇ 'ਮੋਨ ਪ੍ਰਧਾਨ ਮੰਤਰੀ' ਹੋਣ ਦਾ ਖੂਬ ਪ੍ਰਚਾਰ ਕੀਤਾ ਹੋਇਆ ਸੀ। ਪੁਣੇ ਵਾਲੀ ਘਟਨਾ ਨਾਲ ਮਿਲਦੀਆਂ-ਜੁਲਦੀਆਂ ਕਈ ਘਟਨਾਵਾਂ ਵਾਪਰ ਚੁੱਕੀਆਂ ਹਨ, ਹਰ ਵਾਰ ਲਗਦਾ ਹੈ ਕਿ ਮੋਦੀ ਦੀ ਖਾਮੋਸ਼ੀ ਟੁੱਟੇਗੀ, ਪਰ ਅਜੇ ਤੱਕ ਇਹ ਖਾਮੋਸ਼ੀ ਜਿਉਂ ਦੀ ਤਿਉਂ ਬਰਕਰਾਰ ਹੈ। ਇਨ੍ਹਾਂ ਮਸਲਿਆਂ ਬਾਰੇ ਇੰਨਾ ਰੌਲਾ ਪੈਣ ਦੇ ਬਾਵਜੂਦ ਉਨ੍ਹਾਂ ਦੀ ਜੀਭ ਠਾਕੀ ਗਈ ਹੈ ਅਤੇ ਅਜਿਹੇ ਹਰ ਮਾਮਲੇ ਬਾਰੇ ਖਾਮੋਸ਼ੀ ਤਾਰੀ ਹੈ।

ਉਂਜ ਇਹ ਖਾਮੋਸ਼ੀ ਹੁਣ ਮੁਲਕ ਦੇ ਪਹਿਲੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਦੀ ਭਤੀਜੀ ਨਯਨਤਾਰਾ ਸਹਿਗਲ ਨੇ ਤੋੜੀ ਹੈ। ਉਸ ਨੇ ਇਹ ਆਖ ਕੇ ਆਪਣਾ ਸਾਹਿਤ ਅਕਾਦਮੀ ਇਨਾਮ ਮੋੜ ਦਿੱਤਾ ਹੈ ਕਿ ਵਧ ਰਹੀ ਅਸਹਿਣਸ਼ੀਲਤਾ ਅਤੇ ਦਹਿਸ਼ਤ ਦੇ ਰਾਜ ਵਿਚ ਵੀ ਪ੍ਰਧਾਨ ਮੰਤਰੀ ਆਪਣੀ ਖਾਮੋਸ਼ੀ ਨਹੀਂ ਤੋੜ ਰਹੇ। ਇਸ ਤੋਂ ਪਹਿਲਾਂ ਹਿੰਦੀ ਬੁਰਛਾਗਰਦਾਂ ਵੱਲੋਂ ਕਰਨਾਟਕ ਦੇ ਸਾਹਿਤ ਅਕਾਦਮੀ ਇਨਾਮ ਜੇਤੂ ਲੇਖਕ ਐਮ ਐਮ ਕੁਲਬਰਗੀ ਦੇ ਕਤਲ ਖਿਲਾਫ ਰੋਸ ਤੇ ਰੋਹ ਜ਼ਾਹਿਰ ਕਰਦਿਆਂ ਹਿੰਦੀ ਲੇਖਕ ਉਦੈ ਪ੍ਰਕਾਸ਼ ਆਪਣਾ ਸਾਹਿਤ ਅਕਾਦਮੀ ਇਨਾਮ ਮੋੜ ਚੁੱਕੇ ਹਨ। ਇਹੀ ਨਹੀਂ, ਕੁਲਬਰਗੀ ਦੀ ਹੱਤਿਆ ਖਿਲਾਫ ਰੋਸ ਪ੍ਰਗਟ ਕਰਦਿਆਂ ਛੇ ਕੰਨੜ ਲੇਖਕਾਂ ਨੇ ਵੀ ਕੰਨੜ ਸਾਹਿਤ ਪ੍ਰੀਸ਼ਦ ਦੇ ਇਨਾਮ ਠੁਕਰਾ ਦਿੱਤੇ ਸਨ। ਤਰਕਸ਼ੀਲ ਆਗੂਆਂ ਨਰੇਂਦਰ ਦਾਭੋਲਕਰ, ਗੋਵਿੰਦ ਪਨਸਾਰੇ ਤੇ ਇਨ੍ਹਾਂ ਸਭ ਬਾਰੇ ਜ਼ਿਕਰ ਕਰਦਿਆਂ ਨਯਨਤਾਰਾ ਸਹਿਗਲ ਨੇ ਲਿਖਿਆ ਹੈ ਕਿ ਉਹ ਹਿੰਦੂਤਵ ਦੇ ਇਸ ਖਤਰੇ ਖਿਲਾਫ ਆਪਣੀ ਆਵਾਜ਼ ਬੁਲੰਦ ਕਰ ਰਹੀ ਹੈ। ਆਪਣੇ ਬਿਆਨ ਵਿਚ ਉਸ ਨੇ ਦਾਦਰੀ ਵਾਲੀ ਘਟਨਾ ਦਾ ਜ਼ਿਕਰ ਵੀ ਕੀਤਾ ਹੈ। ਸੱਚਮੁੱਚ, ਹਿੰਦੂਤਵ ਦੀ ਇਹ ਚੜ੍ਹਾਈ ਬੜੀ ਖਤਰਨਾਕ ਤੇ ਪ੍ਰੇਸ਼ਾਨ ਕਰਨ ਵਾਲੀ ਹੈ ਅਤੇ ਇਸ ਦੇ ਖਿਲਾਫ ਉਦੈ ਪ੍ਰਕਾਸ਼ ਤੇ ਨਯਨਤਾਰਾ ਸਹਿਗਲ ਤੋਂ ਵੀ ਕਿਤੇ ਬੁਲੰਦ ਆਵਾਜ਼ ਵਿਚ ਆਵਾਜ਼ ਬੁਲੰਦ ਹੋਣੀ ਚਾਹੀਦੀ ਹੈ। ਲੋਕ ਧਾੜਵੀਆਂ ਖਿਲਾਫ ਸਦਾ ਡਟਦੇ ਰਹੇ ਹਨ। ਹੁਣ ਦੇਖਣਾ ਇਹ ਹੈ ਕਿ ਅੱਜ ਦੇ ਧਾੜਵੀਆਂ ਖਿਲਾਫ ਆਵਾਜ਼ ਕਿਸ ਰੂਪ ਵਿਚ ਬੁਲੰਦ ਹੁੰਦੀ ਹੈ। ਇਹ ਆਵਾਜ਼ ਮੋਦੀ ਦੀ ਖਾਮੋਸ਼ੀ ਦੇ ਖਿਲਾਫ ਨਵੇਂ ਭਾਰਤ ਦੀ ਸਿਰਜਣਾ ਲਈ ਵੀ ਹੋਵੇਗੀ।

### ਠਾਹ-ਸੋਟਾ

-ਚਾਚਾ ਬੇਲਿਹਾਜ਼

#### *'ਪੰਜਾਬ ਸਿੰਘ' ਤੇ 'ਕੋਰ ਕਮੇਟੀ'!*

'ਲੰਬੀ' ਹਲਕੇ ਦੇ ਦੇਖ ਕੇ 'ਕੱਠ ਭਾਰੇ, ਤਾਪ ਕਈਆਂ ਨੂੰ ਲੱਗਾ ਹੈ ਚੜ੍ਹਨ ਯਾਰੋ।
ਆਮ ਆਦਮੀ ਐਦਾਂ ਹੀ ਰਿਹਾ ਤਿੱਖਾ, ਘਾਗ ਨੇਤਾ ਵੀ ਮੋਹਰੇ ਨਾ ਖੜ੍ਹਨ ਯਾਰੋ।
ਐਸਾ ਜਾਪਦੈ ਆਪਸ 'ਚ ਬਹੁਤ ਛੇਤੀ, 'ਪਤੀ-ਪਤਨੀ' ਵੀ ਲੱਗਣਗੇ ਲੜਨ ਯਾਰੋ।
ਪਏ ਡੋਲਦੇ 'ਤੱਕੜੀ-ਫੁੱਲ-ਪੰਜੇ', ਇਕ ਦੂਜੇ 'ਤੇ ਦੋਸ਼ਾਂ ਨੂੰ ਮੜ੍ਹਨ ਯਾਰੋ।
ਧਨ ਵੰਡਣ ਦੇ 'ਮਤਿਆਂ' ਨੂੰ ਪਾਸ ਕਰ ਕੇ, ਸੂਬਾ ਕਰਜੇ ਦੇ ਵਿਚ ਡੁਬੋਣ ਲੱਗੀ।
ਬਦਲੀ ਦੇਖ ਕੇ ਸੋਚ 'ਪੰਜਾਬ ਸਿੰਘ' ਦੀ, ਚਿੰਤਾ 'ਕੋਰ ਕਮੇਟੀ' ਨੂੰ ਹੋਣ ਲੱਗੀ!

# ਸਰਕਾਰ, ਵਿਗਿਆਨੀ ਅਤੇ ਹਟਵਾਣੀਏ ਦਾ ਚਿੱਟਾ ਮੱਛਰ

ਕੀਟਨਾਸ਼ਕ ਘਪਲਾ, ਨਰਮੇ ਦਾ ਖ਼ਰਾਬਾ ਅਤੇ ਕਿਸਾਨ ਮੋਰਚਾ ਪੰਜਾਬ ਦੀ ਫ਼ਿਜ਼ਾ ਵਿਚ ਗੂੰਜ ਰਹੇ ਹਨ। ਜ਼ਾਹਿਰ ਹੋਈ ਤਫ਼ਸੀਲ ਮੁਤਾਬਕ ਖੇਤੀਬਾੜੀ ਮਹਿਕਮੇ ਨੇ ਕੰਪਨੀਆਂ ਤੋਂ ਘਟੀਆ ਕੀਟਨਾਸ਼ਕਾਂ ਖਰੀਦ ਕੇ ਕਿਸਾਨਾਂ ਨੂੰ ਦਿੱਤੀਆਂ ਅਤੇ ਚਿੱਟੇ ਮੱਛਰ ਨੇ ਨਰਮੇ ਦੀ ਫ਼ਸਲ ਬਰਬਾਦ ਕਰ ਦਿੱਤੀ। ਘਪਲੇ ਦੀ ਕਨਸੋਅ ਮਿਲਣੀ ਸ਼ੁਰੂ ਹੋਈ ਤਾਂ ਖੇਤੀ ਮੰਤਰੀ ਤੋਤਾ ਸਿੰਘ ਨੇ ਆਪਣੇ ਮਹਿਕਮੇ ਦੇ ਅਫ਼ਸਰਾਂ ਦਾ ਬਚਾਅ ਕੀਤਾ, ਪਰ ਹੁਣ ਵਿਭਾਗ ਦੇ ਨਿਰਦੇਸ਼ਕ ਮੰਗਲ ਸਿੰਘ ਸੰਧੂ ਸਮੇਤ ਕਈ ਅਫ਼ਸਰਾਂ ਖ਼ਿਲਾਫ਼ ਕਾਰਵਾਈ ਹੋ ਰਹੀ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਵਿਜੀਲੈਂਸ ਦੇ ਮੁਖੀ ਸੁਰੇਸ਼ ਅਰੋੜਾ ਨੂੰ ਘਪਲੇ ਦੀ ਜਾਂਚ ਦੇ ਹੁਕਮ ਦਿੱਤੇ ਹਨ। ਇਸੇ ਦੌਰਾਨ ਖ਼ਬਰਾਂ ਹਨ ਕਿ ਕੀਟਨਾਸ਼ਕ ਦਵਾਈਆਂ ਅਤੇ ਖਾਦਾਂ ਦਾ ਕਾਰੋਬਾਰ ਕਰਨ ਵਾਲੇ ਦੁਕਾਨਦਾਰਾਂ ਤੋਂ ਰਿਸ਼ਵਤ ਉਗਰਾਹੀ ਜਾ ਰਹੀ ਹੈ। ਖੇਤੀ ਮਹਿਕਮੇ ਨਾਲ ਮਿਲੀਭੁਗਤ ਕਰ ਕੇ ਨਕਲੀ ਦਵਾਈਆਂ ਅਤੇ ਖਾਦਾਂ ਦਾ ਧੰਦਾ ਕਰਨ ਦੇ ਇਲਜ਼ਾਮਾਂ ਤਹਿਤ ਕੁਝ ਕਾਰੋਬਾਰੀਆਂ ਖ਼ਿਲਾਫ਼ ਕਾਰਵਾਈ ਹੋ ਰਹੀ ਹੈ। ਭਵਾਨੀਗੜ੍ਹ ਦੀ 'ਗਨੇਸ਼ ਫਰਟੀਲਾਈਜ਼ਰਜ਼' (ਖਾਦ ਫੈਕਟਰੀ) ਤੋਂ ਲੈ ਕੇ ਰਾਮਾਮੰਡੀ, ਗਿੱਦੜਬਾਹਾ ਅਤੇ ਮਲੋਟ ਦੇ ਪਰਚੂਨ ਦੁਕਾਨਦਾਰਾਂ ਨੂੰ ਜਾਂਚ ਦੇ ਘੇਰੇ ਵਿਚ ਲਿਆਂਦਾ ਗਿਆ ਹੈ।

ਇਸੇ ਦੌਰਾਨ ਹੀ ਬਠਿੰਡਾ ਇਲਾਕੇ ਤੋਂ ਵੱਡੀ ਮਿਕਦਾਰ ਵਿਚ ਕੀਟਨਾਸ਼ਕ ਦਵਾਈਆਂ ਨਹਿਰ ਵਿਚ ਸੁੱਟ ਦਿੱਤੀਆਂ ਗਈਆਂ। ਇਨ੍ਹਾਂ ਦਵਾਈਆਂ ਦੀ ਇੱਕ ਖੇਪ ਰਾਜਸਥਾਨ ਵਿਚ ਹਨੂਮਾਨਗੜ੍ਹ ਜ਼ਿਲ੍ਹੇ ਦੇ ਮਸੀਤਾਂਵਾਲੀ ਹੈੱਡ ਉਤੇ ਰਾਜਸਥਾਨ ਫੀਡਰ



**ਦਲਜੀਤ ਅਮੀ**
**ਫੋਨ: +1(253) 455-8932**

(ਰਾਜਸਥਾਨ ਵਿਚ ਇੰਦਰਾ ਗਾਂਧੀ ਕਨਾਲ) ਵਿਚੋਂ ਬਰਾਮਦ ਹੋਈ ਹੈ। ਜ਼ਿਆਦਾਤਰ ਕੀਟਨਾਸ਼ਕ ਦਵਾਈਆਂ ਚਿੱਟੇ ਮੱਛਰ ਵਾਲੀਆਂ ਹਨ। ਇਨ੍ਹਾਂ ਦੀ ਮਿਆਦ 31 ਅਗਸਤ ਨੂੰ ਖ਼ਤਮ ਹੋ ਚੁੱਕੀ ਹੈ। ਨਹਿਰ ਵਿਚੋਂ ਰਾਜਸਥਾਨ ਪੁਲਿਸ ਦੀ 262 ਪੈਕਟਾਂ ਦੀ ਬਰਾਮਦਗੀ ਦਾ ਮਾਮਲਾ ਇਨ੍ਹਾਂ ਦੇ ਵਜ਼ਨ ਅਤੇ ਅਸਰ ਤੋਂ ਕਿਤੇ ਜ਼ਿਆਦਾ ਹੈ। ਕੀਟਨਾਸ਼ਕਾਂ ਦੀਆਂ ਖੇਪਾਂ ਇਹ ਘਪਲਾ ਬੇਪਰਦ ਹੋਣ ਤੋਂ ਬਾਅਦ ਰਾਮਾਮੰਡੀ, ਗੋਨਿਆਣਾ, ਬੱਲੂਆਣਾ ਅਤੇ ਅਬੋਹਰ ਦੀਆਂ ਹੱਡਾਰੋੜੀਆਂ ਅਤੇ ਖਤਾਨਾਂ ਵਿਚੋਂ ਵੀ ਮਿਲੀਆਂ ਹਨ। ਇਸ ਸਾਲ ਨਰਮੇ ਉਤੇ ਹੋਈਆਂ ਛੇ-ਸੱਤ ਸਪਰੇਆਂ ਦੇ ਅੰਦਾਜ਼ੇ ਨਾਲ ਸੂਬੇ ਵਿਚ ਕੀਟਨਾਸ਼ਕ ਦਾ ਤਕਰੀਬਨ 400 ਕਰੋੜ ਰੁਪਏ ਦਾ ਧੰਦਾ ਹੋਇਆ ਹੈ।

ਪੰਜਾਬ ਖੇਤੀ ਯੂਨੀਵਰਸਿਟੀ ਲੁਧਿਆਣਾ ਦੇ ਉਪ-ਕੁਲਪਤੀ ਬਲਦੇਵ ਸਿੰਘ ਢਿੱਲੋਂ ਨੇ ਬਿਆਨ ਦਿੱਤਾ ਕਿ ਕਿਸਾਨ ਆਪਹੁਦਰੀਆਂ ਕਰਦੇ ਹਨ। ਉਨ੍ਹਾਂ ਦਾ ਕਹਿਣਾ ਸੀ ਕਿ ਯੂਨੀਵਰਸਿਟੀ ਦੀਆਂ ਸਿਫ਼ਾਰਿਸ਼ਾਂ ਨੂੰ ਨਜ਼ਰਅੰਦਾਜ਼ ਕਰ ਕੇ ਕਿਸਾਨਾਂ ਨੇ ਜ਼ਿਆਦਾ ਮਿਕਦਾਰ ਵਿਚ ਘਟੀਆ ਕੀਟਨਾਸ਼ਕਾਂ ਦੀ ਵਰਤੋਂ ਕੀਤੀ। ਉਪ-ਕੁਲਪਤੀ ਨੇ ਬਿਆਨ ਦੇਣ ਵੇਲੇ ਆਪਣੀ ਵਿਦਵਤਾ ਦੀ ਵਰਤੋਂ ਨਹੀਂ ਕੀਤੀ। ਉਨ੍ਹਾਂ ਨੂੰ ਇਹ ਤਾਂ ਪਤਾ ਹੀ ਸੀ ਕਿ ਯੂਨੀਵਰਸਿਟੀ ਦੇ ਆਪਣੇ ਖੇਤਾਂ ਵਿਚ ਖੇਤੀ ਵਿਗਿਆਨੀਆਂ ਦੀ ਨਿਗਰਾਨੀ ਵਿਚ ਖੜ੍ਹੀ ਨਰਮੇ ਦੀ ਫ਼ਸਲ ਉਤੇ ਵੀ ਚਿੱਟੇ ਮੱਛਰ ਦਾ ਹਮਲਾ ਹੋਇਆ ਹੈ। ਉਨ੍ਹਾਂ ਨੂੰ ਇਹ ਵੀ ਪਤਾ ਸੀ ਕਿ ਖੇਤੀਬਾੜੀ ਮਹਿਕਮੇ ਰਾਹੀਂ ਕੀਟਨਾਸ਼ਕਾਂ ਦੀ ਸਰਕਾਰੀ ਖਰੀਦ ਖੇਤਾਂ ਵਿਚ ਚਿੱਟੇ ਮੱਛਰ ਨੂੰ ਰੋਕਣ ਵਿਚ ਨਾ-ਕਾਮਯਾਬ ਰਹੀ ਹੈ।

ਮਾਲਵੇ ਵਿਚ ਕਿਸਾਨੀ ਦਾ ਰੋਹ ਸੜਕਾਂ ਉਤੇ ਉਬਾਲੇ ਮਾਰ ਰਿਹਾ ਹੈ। ਹੁਕਮਰਾਨ ਧਿਰ ਦੇ ਮੰਤਰੀ-ਸੰਤਰੀ ਇਲਾਕੇ ਵਿਚ ਜਾਣ ਤੋਂ ਗੁਰੇਜ਼ ਕਰ ਰਹੇ ਹਨ। ਮਾਲਵੇ ਦੀਆਂ ਸੜਕਾਂ ਤੋਂ ਇਹ ਰੋਹ ਪੂਰੇ ਪੰਜਾਬ ਅਤੇ ਰੇਲ ਪਟੜੀਆਂ ਉਤੇ ਅਸਰਅੰਦਾਜ਼ ਹੋਣ ਲੱਗਿਆ ਹੈ। ਕਿਸਾਨਾਂ ਨੇ ਮੰਤਰੀਆਂ-ਸੰਤਰੀਆਂ ਦੇ ਨਾਲ ਨਾਲ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਸਮਾਗਮਾਂ ਦੀ ਘੇਰਾਬੰਦੀ ਸ਼ੁਰੂ ਕਰ ਦਿੱਤੀ ਹੈ। ਇਸੇ ਕੜੀ ਵਿਚ ਗੁਰਦਾਸਪੁਰ ਦੇ ਸਰਕਾਰੀ ਕਿਸਾਨ ਮੇਲੇ ਦੇ ਮੰਚ ਉਤੇ ਕਿਸਾਨਾਂ ਦੇ ਕਬਜ਼ੇ ਦੀ ਕਾਰਵਾਈ ਵੇਖੀ ਜਾ ਸਕਦੀ ਹੈ। ਕਿਸਾਨ ਮੋਰਚੇ ਦੀ ਪ੍ਰਾਪਤੀ ਏਕੇ ਅਤੇ ਲਗਾਤਾਰਤਾ ਦੇ ਨਾਲ ਨਾਲ ਖੇਤ ਮਜ਼ਦੂਰਾਂ ਅਤੇ ਔਰਤਾਂ ਦੀ ਵੱਡੇ ਪੱਧਰ ਉਤੇ ਸ਼ਮੂਲੀਅਤ ਹੈ। ਇਸ ਮੋਰਚੇ ਵਿਚ ਕਿਸਾਨ ਅਤੇ ਮਜ਼ਦੂਰਾਂ ਦੇ ਮੁਆਵਜ਼ੇ ਦੀ ਮੰਗ ਜੋੜ ਕੇ ਪੇਸ਼ ਕੀਤੀ ਗਈ ਹੈ।

ਇਸ ਮਾਮਲੇ ਉਤੇ ਹੁਕਮਰਾਨ ਧਿਰ ਵਿਚ ਕੁਝ ਸਰਗਰਮੀ ਸ਼ੁਰੂ ਹੋਈ ਹੈ। ਖੇਤੀ ਮੰਤਰੀ ਤੋਤਾ ਸਿੰਘ ਦੀ ਪੇਸ਼ੀ ਹੋਈ ਹੈ। ਉਨ੍ਹਾਂ ਦਾ ਅਹੁਦਾ ਹੁਣ ਦਾਅ 'ਤੇ ਹੈ। ਭਾਜਪਾ ਦੀ ਚੁੱਪ ਅਤੇ ਖੇਤੀ ਮੰਤਰੀ ਦੀ ਭਾਜਪਾ ਨਾਲ ਨੇੜਤਾ ਇਸ ਮਾਮਲੇ ਉਤੇ ਅਸਰਅੰਦਾਜ਼ ਹੋ ਸਕਦੀ ਹੈ। ਹੁਕਮਰਾਨ ਧਿਰ ਨੇ ਸਰਕਾਰੀ ਪਹਿਲਕਦਮੀ ਤੋਂ ਪਹਿਲਾਂ ਸਿਆਸੀ ਬੈਠਕਾਂ ਕੀਤੀਆਂ ਹਨ ਕਿ ਕਿਸਾਨੀ ਨੂੰ 2017 ਦੀ ਚੋਣਾਂ ਨੂੰ ਧਿਆਨ ਵਿਚ ਰੱਖਦਿਆਂ ਨਾਲ ਕਿਵੇਂ ਜੋੜਿਆ ਜਾਵੇ। ਉਪ ਮੁੱਖ ਮੰਤਰੀ ਜਿਹੜੇ ਆਪਣੇ ਪ੍ਰਬੰਧਕੀ ਹੁਨਰ ਲਈ ਚਰਚਾ ਵਿਚ ਰਹਿੰਦੇ ਹਨ, ਦਾ ਪ੍ਰਬੰਧਕੀ ਹੁਨਰ ਵੀ ਸਰਕਾਰੀ ਪਹਿਲਕਦਮੀਆਂ ਉਤੇ ਭਾਰੂ ਪਿਆ ਹੈ।

ਨਹਿਰਾਂ, ਹੱਡਾਰੋੜੀਆਂ ਅਤੇ ਖਤਾਨਾਂ ਵਿਚ ਸੁੱਟੀਆਂ ਕੀਟਨਾਸ਼ਕਾਂ ਦੀਆਂ ਖੇਪਾਂ ਅਤੇ ਚਿੱਟੇ ਮੱਛਰ ਦੀ ਮਾਰ ਵਿਚ ਆਏ ਖੇਤੀਬਾੜੀ ਯੂਨੀਵਰਸਿਟੀ ਦੇ ਖੇਤ ਇਹ ਸਾਬਤ ਕਰਦੇ ਹਨ ਕਿ ਮੁਨਾਫ਼ਾਖੋਰਾਂ ਨੇ ਮੁਨਾਫ਼ਾ ਕਮਾਇਆ ਹੈ ਅਤੇ ਵਿਗਿਆਨੀ ਨਾਕਾਮ ਰਹੇ ਹਨ। ਭ੍ਰਿਸ਼ਟਾਚਾਰ ਦੇ ਹਵਾਲੇ ਨਾਲ ਸਰਕਾਰ ਇਸ ਮੁਨਾਫ਼ਾਖੋਰੀ ਦੀ ਭਾਈਵਾਲ ਬਣਦੀ ਹੈ। ਕੁਝ ਅਫ਼ਸਰਾਂ ਜਾਂ ਮੰਤਰੀ ਦੀ ਜਵਾਬਤਲਬੀ ਨਾਲ ਸਰਕਾਰ ਆਪਣੀ ਜ਼ਿੰਮੇਵਾਰੀ ਤੋਂ ਸੁਰਖ਼ਰੂ ਨਹੀਂ ਹੋ ਜਾਂਦੀ। ਸਰਕਾਰੀ ਮਹਿਕਮਿਆਂ ਦੀ ਹਾਲਤ ਉਪ-ਕੁਲਪਤੀ ਦੇ ਬਿਆਨ ਵਿਚੋਂ ਝਲਕਦੀ ਹੈ ਜੋ ਆਪਣੀ ਵਿਗਿਆਨਕ ਸੋਚ ਨੂੰ ਦਰਕਿਨਾਰ ਕਰ ਕੇ ਸਰਕਾਰੀ ਬੁਲਾਰੇ ਵਜੋਂ ਬੋਲਦੇ ਹਨ। ਇਨ੍ਹਾਂ ਹਾਲਾਤ ਵਿਚ ਮੁਆਵਜ਼ੇ, ਜਾਂਚ ਅਤੇ ਸਜ਼ਾਵਾਂ ਦੇ ਸੁਆਲ ਸਭ ਦੇ ਸਾਹਮਣੇ ਹਨ।

ਬੇਕਸੂਰ ਨੂੰ ਪਈ ਭ੍ਰਿਸ਼ਟਾਚਾਰ ਦੀ ਮਾਰ ਦਾ ਮੁਆਵਜ਼ਾ ਮਿਲਣਾ ਚਾਹੀਦਾ ਹੈ। ਘਪਲੇ ਦੀ ਜਾਂਚ ਹੋਣੀ ਚਾਹੀਦੀ ਹੈ। ਦੋਸ਼ੀਆਂ ਨੂੰ ਸਜ਼ਾਵਾਂ ਮਿਲਣੀਆਂ ਚਾਹੀਦੀਆਂ ਹਨ। ਕੀ ਇਹ ਮਾਮਲਾ ਮੁਆਵਜ਼ੇ, ਜਾਂਚ ਅਤੇ ਸਜ਼ਾਵਾਂ ਤੱਕ ਮਹਿਦੂਦ ਕੀਤਾ ਜਾ ਸਕਦਾ ਹੈ? ਕੁਝ ਤੱਥਾਂ ਨੂੰ ਇਨ੍ਹਾਂ ਦੇ ਘੇਰੇ ਅਤੇ ਮੌਜੂਦਾ ਵਿਕਾਸ ਦੀ ਵੰਨਗੀ ਨਾਲ ਜੋੜ ਕੇ ਚਿਰਕਾਲੀ ਮਸਲੇ ਨਾਲੋਂ ਵਿਚਾਰਿਆ ਜਾਣਾ ਚਾਹੀਦਾ ਹੈ। ਉਪਰ ਜ਼ਿਕਰ ਵਿਚ ਆਏ ਤੱਥਾਂ ਨਾਲ ਕੁਝ ਧਾਰਨਾਵਾਂ ਸਾਫ਼ ਹੁੰਦੀਆਂ ਹਨ। ਜੇ ਘਟੀਆ ਕੀਟਨਾਸ਼ਕ ਇਸਤੇਮਾਲ ਹੋਏ ਹਨ ਤਾਂ ਇਨ੍ਹਾਂ ਦੀ ਮਾਰ ਫੌਰੀ ਖ਼ਰਾਬੇ ਤੱਕ ਮਹਿਦੂਦ ਨਹੀਂ ਹੋ ਸਕਦੀ। ਨਹਿਰਾਂ, ਹੱਡਾਰੋੜੀਆਂ ਅਤੇ ਖਤਾਨਾਂ ਵਿਚ ਸੁੱਟੇ ਗਏ ਕੀਟਨਾਸ਼ਕਾਂ ਦੇ ਡੱਬਿਆਂ ਉਤੇ ਲਿਖਿਆ ਹੋਇਆ ਹੈ ਕਿ ਇਨ੍ਹਾਂ ਨੂੰ ਬੱਚਿਆਂ ਅਤੇ ਜਾਨਵਰਾਂ ਦੀ ਪਹੁੰਚ ਤੋਂ ਬਾਹਰ ਰੱਖੋ। ਇਨ੍ਹਾਂ ਨੂੰ ਰਿਹਾਇਸ਼ ਤੋਂ ਦੂਰ ਰੱਖਣ ਦੀ ਹਦਾਇਤ ਹੁਣ ਕਿਸਾਨ-ਮਜ਼ਦੂਰਾਂ ਦੀਆਂ ਖ਼ੁਦਕੁਸ਼ੀਆਂ ਅਤੇ ਬਿਮਾਰੀਆਂ (ਚਮੜੀ ਰੋਗਾਂ ਤੋਂ ਕੈਂਸਰ ਤੱਕ) ਦੇ ਹਵਾਲੇ ਨਾਲ ਲੋਕਧਾਰਾ ਦਾ ਹਿੱਸਾ ਬਣ ਚੁੱਕੀ ਹੈ। ਇਨ੍ਹਾਂ ਕੀਟਨਾਸ਼ਕਾਂ ਦੀ ਮਾਰ ਖੇਤੀ ਹਾਦਸਿਆਂ ਵਜੋਂ ਲਗਾਤਾਰ ਸਾਹਮਣੇ ਆਉਂਦੀ ਹੈ। ਇਨ੍ਹਾਂ ਦੇ ਚੜ੍ਹਨ ਨਾਲ ਕਾਮਿਆਂ ਨੇ ਹਸਪਤਾਲਾਂ ਤੋਂ ਲੈ ਕੇ ਮਸਾਣਾਂ ਤੱਕ ਦਾ ਬੇਵਕਤ ਸਫ਼ਰ ਤੈਅ ਕੀਤਾ ਹੈ। ਜੇ ਕੋਈ ਇਨ੍ਹਾਂ ਖ਼ਤਰਨਾਕ ਦਵਾਈਆਂ ਨੂੰ ਨਹਿਰਾਂ, ਹੱਡਾਰੋੜੀਆਂ ਅਤੇ ਖਤਾਨਾਂ ਵਿਚ ਸੁੱਟ ਗਿਆ ਹੈ ਤਾਂ ਉਸ ਦੀ ਸੋਚ ਦਾ ਅੰਦਾਜ਼ਾ ਲਗਾਉਣਾ ਕਿੰਨਾ ਕੁ ਔਖਾ ਹੈ? ਰਾਜਸਥਾਨ ਫੀਡਰ ਵਿਚ ਸੁੱਟੀਆਂ ਦਵਾਈਆਂ ਨੇ ਪਾਣੀ ਰਾਹੀਂ ਖੇਤਾਂ ਅਤੇ ਹਰ ਤਿਹਾਏ ਜੀਵ ਉਤੇ ਅਸਰਅੰਦਾਜ਼ ਹੋਣਾ ਹੈ। ਇਨ੍ਹਾਂ ਨੇ ਧਰਤੀ ਵਿਚ ਜ਼ੀਰ ਕੇ ਧਰਤੀ ਹੇਠਲੇ ਪਾਣੀ ਉਤੇ ਅਸਰਅੰਦਾਜ਼ ਹੋਣਾ ਹੈ। ਇਨ੍ਹਾਂ ਦਾ ਖ਼ੁਰਾਕ ਲੜੀ ਵਿਚ ਆਉਣਾ ਤੈਅ ਹੈ। ਇਨ੍ਹਾਂ ਦੀ ਮਾਰ ਤਾਂ ਬੇਜ਼ੁਬਾਨ ਪਸ਼ੂ-ਪੰਛੀਆਂ, ਵੇਲ-ਬੂਟਿਆਂ, ਡੱਡੂ-ਮੱਛੀਆਂ ਤੋਂ ਮਨੁੱਖ ਤੱਕ ਨੂੰ ਪੈਣੀ ਹੈ।

ਨਹਿਰਾਂ, ਹੱਡਾਰੋੜੀਆਂ ਅਤੇ ਖਤਾਨਾਂ ਵਿਚ ਸੁੱਟੀਆਂ ਕੀਟਨਾਸ਼ਕਾਂ ਦੀ ਖੇਪਾਂ ਨੂੰ ਕਾਨੂੰਨੀ ਕਾਰਵਾਈ ਦੇ ਬਚਾਅ ਦੀ ਮਸ਼ਕ ਵਜੋਂ ਵੇਖਿਆ ਜਾ ਸਕਦਾ ਹੈ, ਪਰ ਇਸ ਪਿਛੇ ਜਿਹੜੀ ਸੋਚ ਹੈ, ਜ਼ਿਆਦਾ ਅਹਿਮ ਹੈ। ਇਹ ਜਿਸ ਬੇਪਰਵਾਹੀ ਨਾਲ ਸੁੱਟੀਆਂ ਗਈਆਂ ਹਨ, ਉਸੇ ਬੇਪਰਵਾਹੀ ਨਾਲ ਇਨ੍ਹਾਂ ਵਿਚ ਮਿਲਾਵਟ ਅਤੇ ਧੰਦਾ ਕੀਤਾ ਜਾਂਦਾ ਹੈ। ਜੇ ਬਚਾਅ ਲਈ ਰਾਜਸਥਾਨ ਫੀਡਰ 'ਚ ਜ਼ਹਿਰ ਸੁੱਟਿਆ ਜਾ ਸਕਦਾ ਹੈ ਤਾਂ ਮੁਨਾਫ਼ੇ ਲਈ ਇਹੋ ਜ਼ਹਿਰ ਖੇਤਾਂ 'ਚ ਛਿੜਕਵਾਇਆ ਜਾ ਸਕਦਾ ਹੈ। ਇਸ ਧੰਦੇ ਦੇ ਮੁਨਾਫ਼ੇ 'ਚੋਂ ਗੱਫ਼ਾ ਮੰਤਰੀਆਂ-ਸੰਤਰੀਆਂ ਨੂੰ ਦਿੱਤਾ ਜਾ ਸਕਦਾ ਹੈ। ਇਸੇ ਧੰਦੇ ਦੇ ਪੱਖ ਵਿਚ ਯੂਨੀਵਰਸਿਟੀ ਦਾ ਉਪ-ਕੁਲਪਤੀ ਆਪਣੀ ਵਿਦਵਤਾ ਨੂੰ ਦਰਕਿਨਾਰ ਕਰ ਸਕਦਾ ਹੈ।

ਇਉਂ ਇਹ ਮਾਮਲਾ ਮਿੱਟੀ, ਪਾਣੀ ਅਤੇ ਹਵਾ ਨੂੰ ਪਲੀਤ ਕਰਨ ਨਾਲ ਜੁੜਦਾ ਹੈ। ਸਮੁੱਚੇ ਵੇਲ-ਬੂਟਿਆਂ ਅਤੇ ਜੀਅ-ਜੰਤ ਨੂੰ ਬਿਮਾਰੀਆਂ ਦਾ ਸਰਾਪ ਦੇਣ ਨਾਲ ਜੁੜਦਾ ਹੈ। ਇਸ ਵਿਚੋਂ ਜੇ ਇਸ ਘਪਲੇ ਦੀਆਂ ਤੰਦਾਂ ਦੀ ਸ਼ਨਾਖ਼ਤ ਹੁੰਦੀ ਹੈ ਤਾਂ ਇਸ ਪਿਛੇ ਸਰਗਰਮ ਸੋਚ ਦੀ ਪਛਾਣ ਵੀ ਹੁੰਦੀ ਹੈ। ਇਸ ਵਿਚੋਂ ਵਿਗਿਆਨੀਆਂ ਅਤੇ ਸਿਆਸਤਦਾਨਾਂ ਦੇ ਭਾਈਵਾਲ ਮੁਨਾਫ਼ਾਖੋਰਾਂ ਦੀ ਸੋਚ ਉਘੜ ਕੇ ਸਾਹਮਣੇ ਆਉਂਦੀ ਹੈ। ਕਿਸੇ ਵੀ ਕੀਮਤ ਉਤੇ ਮੁਨਾਫ਼ਾ ਕਮਾਉਣਾ ਅਤੇ ਡੰਗ ਟਪਾਉਣਾ।

ਫੌਰੀ ਮਸਲਿਆਂ ਰਾਹੀਂ ਡੰਗ ਟਪਾਉਣ ਤੇ ਚਿਰਕਾਲੀਆਂ ਮਸਲਿਆਂ ਨੂੰ ਨਜ਼ਰਅੰਦਾਜ਼ ਕਰਨ ਦੀ ਸੋਚ ਦਾ ਪਸਾਰਾ ਸਿਆਸਤ ਤੋਂ ਹੁੰਦਾ ਹੋਇਆ ਸਮਾਜ ਵਿਚ ਫੈਲ ਚੁੱਕਿਆ ਹੈ। ਇਹ ਮਾਮਲਾ ਆਖ਼ਰ ਸਿਰਫ਼ ਮੁਆਵਜ਼ੇ, ਜਾਂਚ ਅਤੇ ਸਜ਼ਾਵਾਂ ਤੱਕ ਮਹਿਦੂਦ ਕਿਉਂ ਹੈ? ਕੋਈ ਇਸ ਨੂੰ ਚਿਰਕਾਲੀ ਪੱਖਾਂ ਅਤੇ ਚੌਗਿਰਦਾ ਸੰਕਟ ਨਾਲ ਜੋੜ ਕੇ ਕਿਉਂ ਨਹੀਂ ਵੇਖਦਾ? ਸੁਆਲ ਇਹ ਵੀ ਹੈ ਕਿ, ਕੀ ਵਿਕਾਸ ਅਤੇ ਮੁਨਾਫ਼ੇ ਦੇ ਇਸ ਗੱਠਜੋੜ ਨੂੰ ਜ਼ਿੰਦਗੀ ਦੀ ਬੇਕਦਰੀ ਸਮਝਿਆ ਜਾਣਾ ਚਾਹੀਦਾ ਹੈ? ਕੀ ਇਸ ਨੂੰ ਸਾਡੇ ਦੌਰ ਵਿਚ ਚੱਲ ਰਹੇ ਜੀਵਨਕੁਸ਼ੀ ਦੇ ਰੁਝਾਨ ਵਜੋਂ ਦੇਖਣਾ ਚਾਹੀਦਾ ਹੈ? ਕੀ ਪੰਜਾਬ ਨੇ ਮੁਆਵਜ਼ੇ, ਜਾਂਚ ਅਤੇ ਸਜ਼ਾਵਾਂ ਤੱਕ ਮਹਿਦੂਦ ਹੋ ਕੇ ਪਾਣੀ, ਮਿੱਟੀ ਅਤੇ ਹਵਾ ਦੇ ਸੁਆਲ ਪੁੱਛਣ ਤੋਂ ਕਿਨਾਰਾ ਕਰ ਲਿਆ ਹੈ? ਇਸ ਰੁਝਾਨ ਨਾਲ ਜੋੜ ਕੇ ਨੈਤਿਕਤਾ, ਬਿਹਤਰ ਜ਼ਿੰਦਗੀ ਦੇ ਸੁਫ਼ਨਿਆਂ ਅਤੇ ਮਨੁੱਖੀ ਕਦਰਾਂ-ਕੀਮਤਾਂ ਦੇ ਸੁਆਲ ਕਿਸ ਨੂੰ ਪੁੱਛੇ ਜਾ ਸਕਦੇ ਹਨ?

ਇਨ੍ਹਾਂ ਸੁਆਲਾਂ ਦੀ ਕਿਸੇ ਅਦਾਲਤ ਵਿਚ ਕੋਈ ਅਹਿਮੀਅਤ ਨਹੀਂ ਹੈ। ਇਨ੍ਹਾਂ ਸੁਆਲਾਂ ਨੇ ਹੁਕਮਰਾਨ ਦੀ ਕੁਰਸੀ ਨੂੰ ਕੱਚਾ-ਪੱਕਾ ਕਰਨ ਵਿਚ ਵੀ ਕੋਈ ਹਿੱਸਾ ਨਹੀਂ ਪਾਉਣਾ। ਇਨ੍ਹਾਂ ਸੁਆਲਾਂ ਨੇ ਕਿਸੇ ਦੁਕਾਨ ਦੇ ਨਫ਼ੇ-ਨੁਕਸਾਨ ਦਾ ਵਹੀਖਾਤਾ ਵੀ ਨਹੀਂ ਬਦਲਣਾ ਹੈ। ਜਦੋਂ ਸਰਕਾਰਾਂ ਅਤੇ ਸਿਆਸੀ ਧਿਰਾਂ ਸਿਰਫ਼ ਕਾਨੂੰਨੀ ਘੇਰੇ ਵਿਚ ਅਖ਼ਤਿਆਰਾਂ ਦੀ ਬੋਲੀ ਸਮਝਦੀਆਂ ਹਨ ਤਾਂ ਫਿਰ ਜ਼ਿੰਦਗੀ ਦੇ ਇਨ੍ਹਾਂ ਸਵਾਲਾਂ ਨੂੰ ਬੇਮਾਅਨੇ ਕਰਾਰ ਦੇ ਦਿੱਤਾ ਜਾਵੇ? ਜੇ ਇੰਝ ਕਰ ਲਿਆ ਜਾਵੇ ਤਾਂ ਇਸ ਨਾਲ ਅਗਲੀਆਂ ਪੀੜ੍ਹੀਆਂ ਨੂੰ ਪਾਣੀ, ਮਿੱਟੀ ਅਤੇ ਹਵਾ ਦਾ ਖ਼ਜ਼ਾਨਾ ਸੌਂਪਣ ਦੀ ਜ਼ਿੰਮੇਵਾਰੀ ਖ਼ਤਮ ਨਹੀਂ ਹੋ ਜਾਂਦੀ। ਕੀ ਇਹ ਖ਼ਜ਼ਾਨਾ ਅਮਾਨਤ ਵਿਚ ਖ਼ਿਆਨਤ ਦੀ ਖੋਟ ਰਲਾ ਕੇ ਵਰਤਿਆ ਜਾਵੇਗਾ ਅਤੇ ਅਗਲੀਆਂ ਪੀੜ੍ਹੀਆਂ ਦੇ ਹਵਾਲੇ ਕੀਤਾ ਜਾਵੇਗਾ?

ਕਿਸਾਨ ਅਤੇ ਮਜ਼ਦੂਰ, ਸੰਘਰਸ਼ ਦੇ ਪਿੜ ਵਿਚ ਹਨ। ਉਨ੍ਹਾਂ ਭਾਦੋਂ ਪਿੰਡਿਆਂ 'ਤੇ ਹੰਢਾਈ ਹੈ ਅਤੇ ਨਲਕਿਆਂ ਦਾ ਪਾਣੀ ਪੀਤਾ ਹੈ। ਭਾਦੋਂ ਦੇ ਤਪਿਆਂ ਨੂੰ ਨਲਕਿਆਂ ਦੀ ਕਦਰ ਹੁੰਦੀ ਹੈ। ਇਹ ਸੁਆਲ ਸਿਰਫ਼ ਸੰਘਰਸ਼ ਦੇ ਪਿੜ ਮੱਲੀ ਬੈਠੀ ਖ਼ਲਕਤ ਨੂੰ ਕੀਤਾ ਜਾ ਸਕਦਾ ਹੈ ਕਿ ਕੀ ਇਹ ਮਸਲਾ ਮੁਆਵਜ਼ੇ, ਜਾਂਚ ਅਤੇ ਸਜ਼ਾਵਾਂ ਨਾਲ ਸਿਰੇ ਨਹੀਂ ਲੱਗਣਾ। ਇਹ ਵਕਤੀ ਰਾਹਤ ਤਾਂ ਹਰ ਹੀਲੇ ਚਾਹੀਦੀ ਹੈ, ਪਰ ਮੁਨਾਫ਼ਾਖੋਰੀ ਦੇ ਨਿਜ਼ਾਮ ਨੂੰ ਮੁਖ਼ਾਤਬ ਹੋਏ ਬਿਨਾਂ ਭਾਦੋਂ ਦੀ ਧੁੱਪ ਝੱਲੀ ਨਹੀਂ ਜਾਣੀ ਅਤੇ ਨਲਕਿਆਂ, ਖੂਹਾਂ ਅਤੇ ਨਹਿਰਾਂ ਦਾ ਪਾਣੀ (ਜੇ ਬਚਿਆ ਹੈ) ਮਿਹਨਤਕਸ਼ ਦੀ ਰੂਹ ਨੂੰ ਡੰਗ ਜਾਵੇਗਾ। ਹੁਣ ਸਰਕਾਰ, ਸਿਆਸਤ, ਵਿਗਿਆਨੀ ਅਤੇ ਦੁਕਾਨਦਾਰ ਦਾ ਗੱਠਜੋੜ ਬੇਪਰਦ ਖੜ੍ਹਾ ਹੈ ਤਾਂ ਦਰਦਮੰਦੀ ਦੀ ਸਿਆਸਤ ਅੱਗੇ ਹੀ ਮੰਗ ਪੱਤਰ ਪੇਸ਼ ਕੀਤਾ ਜਾ ਸਕਦਾ ਹੈ।

# ਦਾਦਰੀ ਕਾਂਡ: ਧਰਮ ਦੇ ਨਾਂ 'ਤੇ ਮਨੁੱਖਤਾ ਦਾ ਕਤਲ

ਉਤਰ ਪ੍ਰਦੇਸ਼ ਦੇ ਦਾਦਰੀ ਇਲਾਕੇ ਦੇ ਪਿੰਡ ਬਿਸਹਾੜਾ ਵਿਚ ਰਹਿ ਰਹੇ ਧਾਰਮਿਕ ਘੱਟ-ਗਿਣਤੀ ਨਾਲ ਸਬੰਧਿਤ, ਅਖਲਾਕ ਦੇ ਪਰਿਵਾਰ ਨੂੰ ਚਿੱਤ-ਚੇਤਾ ਵੀ ਨਹੀਂ ਸੀ ਕਿ ਪਲਾਂ ਵਿਚ ਹੀ ਬਹੁ-ਗਿਣਤੀ ਫ਼ਿਰਕੇ ਦਾ ਹਜੂਮ ਆਵੇਗਾ ਅਤੇ ਬਿਨਾਂ ਕੁਝ ਜਾਂਚਣ, ਪੜਤਾਲਣ ਅਤੇ ਸਮਝਣ ਤੋਂ ਅਖਲਾਕ ਅਤੇ ਉਨ੍ਹਾਂ ਦੇ ਬੇਟੇ ਦਾਨਿਸ਼ 'ਤੇ ਟੁੱਟ ਕੇ ਪੈ ਜਾਵੇਗਾ। ਦੋਵਾਂ ਨੂੰ ਇੰਨਾ ਕੁੱਟਿਆ ਕਿ ਅਖਲਾਕ ਦੀ ਮੌਕੇ 'ਤੇ ਮੌਤ ਹੋ ਗਈ ਅਤੇ ਦਾਨਿਸ਼ ਹਸਪਤਾਲ ਵਿਚ ਹੈ। ਕਿਸੇ ਨੇ ਪਿੰਡ ਵਿਚੋਂ ਮੰਦਿਰ ਦੇ ਲਾਊਡ ਸਪੀਕਰ ਤੋਂ ਇਹ ਕਹਿ ਦਿੱਤਾ ਸੀ ਕਿ ਅਖਲਾਕ ਦੇ ਘਰ ਗਾਂ-ਮਾਸ ਰਿੰਨ੍ਹਿਆ ਜਾ ਰਿਹਾ ਹੈ। ਭੀੜ ਨੂੰ ਭਾਵੇਂ ਉਥੇ ਗਾਂ-ਮਾਸ ਨਹੀਂ

**ਡਾ. ਗੁਰਮੀਤ ਸਿੰਘ ਸਿੱਧੂ**
ਫੋਨ: +91-98145-90699

ਮਿਲਿਆ, ਫਿਰ ਵੀ ਜਿੰਦਾ ਮਨੁੱਖ ਨੂੰ ਮਰੇ ਮਾਸ ਵਿਚ ਬਦਲਣ ਵਾਲੇ ਭੜਕੇ ਅਤੇ ਹੰਕਾਰੇ ਲੋਕਾਂ ਨੂੰ ਇਹ ਸਿੱਖਿਆ ਕਿਸ ਧਰਮ ਨੇ ਦਿੱਤੀ ਕਿ ਲੋਕਾਂ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ ਜਾਵੇ? ਦੁਨੀਆਂ ਭਰ ਦੇ ਧਰਮਾਂ ਦੇ ਸਿਧਾਂਤਾਂ ਅਤੇ ਧਰਮ ਗ੍ਰੰਥਾਂ ਵਿਚ ਕਿਸੇ ਦੂਜੇ ਨੂੰ ਮਾਰਨ ਲਈ ਕੋਈ ਸਿੱਖਿਆ ਨਹੀਂ ਹੈ, ਪਰ ਧਰਮ ਦੇ ਨਾਂ 'ਤੇ ਅਜਿਹਾ ਅਤਿ ਘਿਨਾਉਣਾ ਕਤਲੇਆਮ ਹੋ ਰਿਹਾ ਹੈ।

ਧਰਮ ਦੇ ਨਾਂ 'ਤੇ ਹੋਰ ਧਰਮਾਂ ਦੇ ਲੋਕਾਂ ਦਾ ਕਤਲੇਆਮ ਕਰਨ ਵਾਲੇ ਜਾਂ ਕਰਵਾਉਣ ਵਾਲੇ ਲੋਕ ਇਹ ਦਾਅਵਾ ਕਰਦੇ ਹਨ ਕਿ ਉਹ ਅਜਿਹਾ ਆਪਣੇ 'ਧਰਮ' ਦੇ ਹਿਤ ਲਈ ਕਰ ਰਹੇ ਹਨ। ਦਰਅਸਲ, ਅਜਿਹੇ ਲੋਕ ਧਰਮ ਪ੍ਰਤੀ ਅਣਜਾਣ ਹੁੰਦੇ ਹਨ। ਇਨ੍ਹਾਂ ਦੂਜੇ ਲੋਕਾਂ ਦੇ ਧਰਮ ਬਾਰੇ ਤਾਂ ਕੀ, ਇਹ ਖ਼ੁਦ ਆਪਣੇ ਧਰਮ ਨੂੰ ਵੀ ਪੂਰੀ ਤਰ੍ਹਾਂ ਨਾ ਜਾਣਦੇ ਹਨ ਤੇ ਨਾ ਹੀ ਸਮਝਦੇ ਹਨ। ਧਰਮ ਪ੍ਰਤੀ ਕੱਚੀ ਅਤੇ ਕੱਟੜਵਾਦੀ ਸੋਚ ਵਿਚੋਂ ਸੰਕੀਰਨਤਾ ਪੈਦਾ ਹੁੰਦੀ ਹੈ। ਇਸ ਕਰ ਕੇ ਕੇਵਲ ਆਪਣੇ ਹੀ ਧਰਮ ਨੂੰ ਸਹੀ ਅਤੇ ਉਚਾ ਸਮਝਣ ਵਾਲੇ ਲੋਕ ਹੋਰਨਾਂ ਨੂੰ ਮਾਰਨ ਦੇ ਰਾਹ ਤੁਰ ਪੈਂਦੇ ਹਨ। ਇਸ ਪ੍ਰਸੰਗ ਵਿਚ ਵੇਖਿਆ ਜਾਵੇ ਤਾਂ ਦਾਦਰੀ ਵਿਚ ਵਾਪਰੀ ਆਮ ਘਟਨਾ ਨਹੀਂ ਹੈ ਅਤੇ ਨਾ ਹੀ ਗ਼ਲਤਫ਼ਹਿਮੀ ਜਾਂ ਕੇਵਲ ਅਫ਼ਵਾਹ ਕਰ ਕੇ ਵਾਪਰੀ ਹੈ। ਇਸ ਘਟਨਾ ਦੇ ਵਿਭਿੰਨ ਪਹਿਲੂ ਹਨ। ਪਿਛਲੇ ਲੰਮੇ ਸਮੇਂ ਤੋਂ ਧਰਮ ਦੀ ਦੁਰਵਰਤੋਂ ਹੋ ਰਹੀ ਹੈ ਜਿਸ ਦੇ ਨਤੀਜੇ ਵਜੋਂ ਸੰਸਾਰ ਭਰ ਵਿਚ ਵਿਭਿੰਨ ਧਰਮਾਂ ਦੇ ਲੋਕ ਇੱਕ ਦੂਜੇ ਦੇ ਦੁਸ਼ਮਣ ਬਣੇ ਹੋਏ ਹਨ। ਧਰਮਾਂ ਦਰਮਿਆਨ ਵਧਦੇ ਟਕਰਾਅ ਨੂੰ ਅਮਰੀਕੀ ਵਿਦਵਾਨ ਐਸ ਪੀ ਹੰਟਿੰਗਟਨ 'ਸਭਿਅਤਾਵਾਂ ਦੇ ਭੇੜ' ਵਜੋਂ ਵੇਖਦਾ ਹੈ। ਉਸ ਦੀ ਧਾਰਨਾ ਹੈ ਕਿ ਅਗਲੀ ਸੰਸਾਰ ਜੰਗ ਧਰਮਾਂ/ਸਭਿਆਤਾਵਾਂ ਦਰਮਿਆਨ ਹੋ ਸਕਦੀ ਹੈ। ਉਸ ਦੀ ਇਹ ਧਾਰਨਾ ਸੰਸਾਰ ਭਰ ਦੇ ਚਿੰਤਕਾਂ ਵਿਚ ਇਸ ਕਰ ਕੇ ਚਰਚਾ ਦਾ ਵਿਸ਼ਾ ਬਣੀ ਹੋਈ ਹੈ, ਕਿਉਂਕਿ ਹੁਣ ਧਰਮਾਂ ਦੇ ਆਪਸੀ ਟਕਰਾਅ ਨਜ਼ਰ ਆ ਰਹੇ ਹਨ। ਦਾਦਰੀ ਪਿੰਡ ਦੀ ਘਟਨਾ ਨੂੰ ਇਸ ਦ੍ਰਿਸ਼ਟੀ ਤੋਂ ਵੇਖਿਆ ਜਾਵੇ ਤਾਂ ਇਸ ਦੇ ਮਨੁੱਖਤਾ ਲਈ ਭਿਆਨਕ ਸਿੱਟੇ ਨਿਕਲ ਸਕਦੇ ਹਨ।



> ***ਧਰਮ ਲੋਕਾਂ ਨੂੰ ਆਪਸ ਵਿਚ ਜੋੜਨ ਦਾ ਸਾਧਨ ਹੈ, ਪਰ ਹੁਣ ਤਕ ਦਾ ਤਜਰਬਾ ਹੈ ਕਿ ਧਰਮ ਰਾਹੀਂ ਇੱਕ ਹੀ ਧਾਰਮਿਕ ਭਾਈਚਾਰੇ ਦੇ ਲੋਕ ਆਪਸ ਵਿਚ ਜੁੜਦੇ ਹਨ, ਦੂਜੇ ਧਰਮਾਂ ਦੇ ਲੋਕਾਂ ਨੂੰ ਉਹ ਆਪਣੇ ਤੋਂ ਅਲੱਗ ਸਮਝਦੇ ਹਨ। ਇਸ ਅਲੱਗਵਾਦੀ ਸੋਚ ਵਿਚੋਂ ਦਾਦਰੀ ਕਾਂਡ ਵਾਪਰਿਆ ਹੈ। ਕੱਟੜਤਾ ਧਰਮ ਨਹੀਂ ਹੈ। ਇਸ ਨਾਲ ਧਰਮਾਂ ਵਿਚ ਦੂਰੀਆਂ ਅਤੇ ਫ਼ਿਰਕਾਪ੍ਰਸਤੀ ਦੀ ਭਾਵਨਾ ਪੈਦਾ ਹੋਈ ਹੈ। ਧਰਮ ਦੇ ਨਾਂ 'ਤੇ ਹੋਰ ਧਰਮਾਂ ਦੇ ਲੋਕਾਂ ਦਾ ਕਤਲੇਆਮ ਕਰਨ ਜਾਂ ਕਰਵਾਉਣ ਵਾਲੇ ਲੋਕ ਦਾਅਵਾ ਕਰਦੇ ਹਨ ਕਿ ਉਹ ਅਜਿਹਾ ਆਪਣੇ 'ਧਰਮ' ਦੇ ਹਿਤ ਲਈ ਕਰ ਰਹੇ ਹਨ। ਅਜਿਹੇ ਲੋਕ ਧਰਮ ਬਾਰੇ ਅਣਜਾਣ ਹੁੰਦੇ ਹਨ। ਧਰਮ ਬਾਰੇ ਕੱਚੀ ਅਤੇ ਕੱਟੜਵਾਦੀ ਸੋਚ ਵਿਚੋਂ ਸੰਕੀਰਨਤਾ ਪੈਦਾ ਹੁੰਦੀ ਹੈ। ਇਸ ਕਰ ਕੇ ਕੇਵਲ ਆਪਣੇ ਹੀ ਧਰਮ ਨੂੰ ਸਹੀ ਅਤੇ ਉਚਾ ਸਮਝਣ ਵਾਲੇ ਹੋਰਾਂ ਨੂੰ ਮਾਰਨ ਦੇ ਰਾਹ ਤੁਰ ਪੈਂਦੇ ਹਨ।***

ਧਰਮ ਦੇ ਸ਼ਾਬਦਿਕ ਅਰਥ ਜੋੜਨਾ ਤੇ ਮਿਲਾਉਣਾ ਬਣਦੇ ਹਨ। ਧਰਮ ਗ੍ਰੰਥਾਂ ਦੇ ਅਧਿਐਨ ਤੋਂ ਪਤਾ ਲਗਦਾ ਹੈ ਕਿ ਦਇਆ ਕਰਨਾ ਧਰਮ ਹੈ। ਦਇਆ ਤੋਂ ਸੱਖਣੀਆਂ ਧਾਰਮਿਕ ਰਸਮਾਂ ਅਤੇ ਭਾਵਨਾਵਾਂ ਮਨੁੱਖ ਨੂੰ ਜ਼ਾਲਮ ਬਣਾਉਂਦੀਆਂ ਹਨ। ਧਰਮ ਦੀ ਇੱਕ ਪ੍ਰਥਾ ਨੂੰ ਬਚਾਉਣ ਲਈ ਜੇ ਮਨੁੱਖਤਾ ਹੀ ਕਤਲ ਕਰ ਦਿੱਤੀ ਜਾਵੇ, ਤਾਂ ਅਜਿਹੀ ਪ੍ਰਥਾ ਕਿਸੇ ਲਈ ਵੀ ਲਾਭਕਾਰੀ ਨਹੀਂ। ਧਰਮ ਮਨੁੱਖੀ ਆਜ਼ਾਦੀ ਹੈ। ਮਨੁੱਖ ਦੀ ਆਜ਼ਾਦੀ 'ਤੇ ਰੋਕ ਲਗਾਉਣੀ ਜਾਂ ਧਰਮ ਦੇ ਨਾਂ 'ਤੇ ਹੋਰਾਂ ਨਾਲ ਵਧੀਕੀ ਨੂੰ ਧਾਰਮਿਕ ਪੱਖ ਤੋਂ ਸਹੀ ਨਹੀਂ ਕਿਹਾ ਜਾ ਸਕਦਾ। ਸੱਚਾ ਧਰਮ ਮਨੁੱਖਾਂ ਵੱਲੋਂ ਸਿਰਜੀਆਂ ਧਾਰਮਿਕ ਰੋਕਾਂ ਅਤੇ ਬੰਦਿਸ਼ਾਂ ਤੋਂ ਪਾਰ ਹੈ। ਧਰਮ ਕਿਉਂਕਿ ਸੱਚ ਹੈ, ਇਸ ਕਰ ਕੇ ਧਰਮ ਮੁਤਾਬਿਕ ਕੁਝ ਵੀ ਚੰਗਾ ਜਾਂ ਮਾੜਾ ਨਹੀਂ ਹੈ, ਬਲਕਿ ਮਨੁੱਖ ਦੀ ਸੋਚ ਮੁਤਾਬਿਕ ਹੀ ਚੰਗਾ ਜਾਂ ਮਾੜਾ ਹੁੰਦਾ ਹੈ। ਇੱਕੋ ਤਰ੍ਹਾਂ ਦਾ ਖਾਣਾ ਸਭ ਲਈ ਚੰਗਾ ਜਾਂ ਮਾੜਾ ਨਹੀਂ ਹੁੰਦਾ। ਕਿਸੇ ਦੂਜੇ ਨੂੰ ਜ਼ਬਰਦਸਤੀ ਖੁਆਉਣਾ ਜਾਂ ਕੁਝ ਖਾਣ ਤੋਂ ਜ਼ਬਰਦਸਤੀ ਰੋਕਣਾ ਧਾਰਮਿਕ ਨੈਤਿਕਤਾ ਲਈ ਦਰੁਸਤ ਨਹੀਂ ਹੈ। ਦਾਦਰੀ ਪਿੰਡ ਦੇ ਬਹੁ-ਗਿਣਤੀ ਲੋਕਾਂ ਨੇ ਆਪਣੀ ਝੂਠੀ ਤਾਕਤ ਦੇ ਜ਼ੋਰ ਨਾਲ ਘੱਟ-ਗਿਣਤੀ ਨਾਲ ਸਬੰਧਿਤ ਲੋਕਾਂ ਨਾਲ ਗ਼ੈਰ-ਮਨੁੱਖੀ ਕਾਰਵਾਈ ਕਰ ਕੇ ਆਪਣੇ-ਆਪ ਨੂੰ ਧਾਰਮਿਕ ਹੋਣ ਦਾ ਭਰਮ ਪਾਲਿਆ ਹੈ, ਜਦੋਂ ਕਿ ਉਨ੍ਹਾਂ ਨੇ ਖ਼ੁਦ ਹੀ ਧਰਮ ਦੀ ਰੂਹ ਦਾ ਕਤਲੇਆਮ ਕੀਤਾ ਹੈ।

ਪਿੰਡ ਦਾਦਰੀ ਦੀ ਘਟਨਾ ਤੋਂ ਇਹ ਪਤਾ ਲਗਦਾ ਹੈ ਕਿ ਮੁਲਕ ਅਜੋਕੇ ਸੰਸਾਰ ਨਾਲੋਂ ਉਲਟ ਦਿਸ਼ਾ ਵੱਲ ਕਦਮ ਰੱਖ ਰਿਹਾ ਹੈ। ਅਜੋਕੇ ਸੰਸਾਰ ਵਿਚ ਵਿਭਿੰਨਤਾਵਾਂ ਨੂੰ ਸਵੀਕ੍ਰਿਤੀ ਮਿਲ ਰਹੀ ਹੈ ਜਦੋਂ ਕਿ ਭਾਰਤ ਵਿਚ ਵਿਭਿੰਨਤਾਵਾਂ ਨੂੰ ਖ਼ਤਮ ਕਰਨ ਲਈ ਮਨਸੂਬੇ ਤਿਆਰ ਹੋ ਰਹੇ ਹਨ। ਇੱਕ ਪਾਸੇ 'ਮੇਕ ਇਨ ਇੰਡੀਆ' ਦਾ ਨਾਅਰਾ ਦੇ ਕੇ ਮੁਲਕ ਨੂੰ ਸੰਸਾਰ ਪੱਧਰੇ ਮੁਕਾਬਲੇ ਵਿਚ ਪਾਉਣ ਲਈ ਆਰਥਿਕ ਨੀਤੀਆਂ ਦਾ ਉਦਾਰੀਕਰਨ ਹੋ ਰਿਹਾ ਹੈ, ਪਰ ਸਭਿਆਚਾਰ ਦੇ ਖੇਤਰ ਵਿਚ ਇਕਹਿਰੀ ਨੀਤੀ ਅਪਣਾਈ ਜਾ ਰਹੀ ਹੈ। ਮੁਲਕ ਨੂੰ ਟਕਰਾਉਂਦੇ ਰਾਹਾਂ 'ਤੇ ਪਾਉਣ ਨਾਲ ਆਪਸੀ ਅਤੇ ਸਮਾਜਕ ਟਕਰਾਅ ਹੋਰ ਤਿੱਖੇ ਹੋਣ ਦੀਆਂ ਸੰਭਾਵਨਾਵਾਂ ਬਣ ਰਹੀਆਂ ਹਨ। ਇੱਕਪੱਖੀ ਅਤੇ ਇਕਹਿਰੇ ਜੀਵਨ ਮਾਡਲਾਂ ਦਾ ਯੁੱਗ ਬੀਤ ਚੁੱਕਾ ਹੈ। ਇਸ ਮੁਲਕ ਨੂੰ ਇਕੱਠਾ ਰੱਖਣ ਲਈ ਇਕਸਾਰਤਾ ਦੀ ਨੀਤੀ ਅਪਣਾਈ ਜਾ ਰਹੀ ਹੈ ਜੋ ਇਸ ਦੀਆਂ ਬੁਨਿਆਦਾਂ ਲਈ ਖ਼ਤਰਨਾਕ ਸਾਬਤ ਹੋ ਸਕਦੀ ਹੈ। ਕੱਟੜਵਾਦੀ ਅਤੇ ਸੰਕੀਰਨ ਵਿਸ਼ਵਾਸ ਦੀ ਨੀਤੀ ਹੁਣ ਪ੍ਰਸੰਗਕ ਨਹੀਂ ਰਹੀ।

ਕੱਟੜਤਾ ਧਰਮ ਨਹੀਂ ਹੈ। ਇਸ ਨਾਲ ਧਰਮਾਂ ਵਿਚ ਦੂਰੀਆਂ ਅਤੇ ਫ਼ਿਰਕਾਪ੍ਰਸਤੀ ਦੀ ਭਾਵਨਾ ਪੈਦਾ ਹੋਈ ਹੈ। ਕੱਟੜ ਸੋਚ ਵਿਚੋਂ ਹੀ ਮਨੁੱਖ ਦੂਜਿਆਂ ਨੂੰ ਆਪਣਾ ਸਹਿਯੋਗੀ ਜਾਂ ਸਹਿਭਾਗੀ ਸਮਝਣ ਦੀ ਬਜਾਏ ਵਿਰੋਧੀ ਮੰਨਦਾ ਹੈ। ਇਸ ਤਰ੍ਹਾਂ ਦਾ ਨਜ਼ਰੀਆ ਕੇਵਲ ਆਪਣੀ ਹੀ ਵਿਚਾਰਧਾਰਾ ਦਾ ਝੰਡਾ ਪ੍ਰਚੰਡ ਕਰਨ ਲਈ ਪ੍ਰੇਰਕ ਬਣਦਾ ਹੈ। ਇਸ ਵਿਚੋਂ ਸੰਕੀਰਨਤਾ ਜਨਮ ਲੈਂਦੀ ਹੈ ਜੋ ਮਨੁੱਖਾਂ ਦੀ ਆਪਸੀ ਸਾਂਝ ਅਤੇ ਪ੍ਰੇਮ ਦੇ ਰਾਹ ਵਿਚ ਵੱਡੀ ਰੁਕਾਵਟ ਬਣਦੀ ਹੈ। ਦਾਦਰੀ ਦੀ ਘਟਨਾ ਨੇ ਨਾ ਕੇਵਲ ਸਦੀਆਂ ਤੋਂ ਰਹਿ ਰਹੇ ਬਿਸਹਾੜਾ ਪਿੰਡ ਦੇ ਲੋਕਾਂ ਨੂੰ ਆਪਸ ਵਿਚ ਵੰਡਿਆ ਹੈ ਬਲਕਿ ਇਸ ਨਾਲ ਮੁਲਕ ਵਿਚ ਮਾਨਸਿਕ ਵੰਡ ਤਿੱਖੀ ਹੋਈ ਹੈ।

ਸੰਸਾਰੀਕਰਨ ਦਾ ਇੱਕ ਪਹਿਲੂ ਇਹ ਵੀ ਹੈ ਕਿ ਹੁਣ ਧਾਰਮਿਕ ਸੰਵਾਦ ਦੀ ਲਹਿਰ ਨੇ ਧਰਮ ਪ੍ਰਤੀ ਪੁਰਾਣੇ ਤੰਗ ਨਜ਼ਰ ਅਤੇ ਇੱਕਪਾਸੜ ਨਜ਼ਰੀਏ ਨੂੰ ਰੱਦ ਕਰਨਾ ਸ਼ੁਰੂ ਕਰ ਦਿੱਤਾ ਹੈ। ਅੰਤਰ-ਧਰਮ ਸੰਵਾਦ ਵਿਚੋਂ ਇਹ ਗੱਲ ਸਾਹਮਣੇ ਆ ਰਹੀ ਹੈ ਕਿ ਧਰਮ ਦੇ ਇੱਕ-ਪੱਖੀ ਨਜ਼ਰੀਏ ਕਰ ਕੇ ਇੱਕ ਧਰਮ ਦੇ ਲੋਕ ਦੂਜੇ ਧਰਮਾਂ ਦੇ ਲੋਕਾਂ ਨਾਲ ਵਧੀਕੀਆਂ ਕਰਦੇ ਹਨ। ਰੱਬ ਪ੍ਰਤੀ ਇੱਕ ਪਾਸੜ ਸੋਚ ਰੱਖਣ ਵਾਲੇ ਲੋਕ ਕੇਵਲ ਆਪਣੇ ਹੀ ਧਰਮ ਨੂੰ ਸੱਚਾ ਅਤੇ ਦੂਜਿਆਂ ਦੇ ਵਿਸ਼ਵਾਸ ਨੂੰ ਕੱਚਾ ਜਾਂ ਝੂਠਾ ਮੰਨਦੇ ਹਨ। ਇਸ ਧਾਰਨਾ ਦੇ ਤਹਿਤ ਉਹ ਬਾਕੀ ਧਰਮਾਂ ਦੇ ਵਿਸ਼ਵਾਸ/ਧਰਮ ਨੂੰ ਆਪਣੇ ਤੋਂ ਨੀਵਾਂ ਸਮਝਣ ਦੀ ਗੁਸਤਾਖ਼ੀ ਕਰਦੇ ਹਨ ਜਿੱਥੋਂ ਧਰਮਾਂ ਵਿਚ ਆਪਸੀ ਲੜਾਈ ਦਾ ਮੁੱਢ ਬੱਝਦਾ ਹੈ।

ਵਿਭਿੰਨਤਾ ਖ਼ਤਮ ਕਰਨ ਵਾਲੀ ਸੋਚ ਜਾਂ ਵਿਚਾਰਧਾਰਾ ਮਨੁੱਖੀ ਆਜ਼ਾਦੀ ਅਤੇ ਸਵੈਮਾਣ ਲਈ ਹਰ ਸਮੇਂ ਖ਼ਤਰਨਾਕ ਸਾਬਤ ਹੋਈ ਹੈ। ਇਸ ਵਿਚਾਰਧਾਰਾ ਦੇ ਤਹਿਤ ਹੋਏ ਕਤਲੇਆਮ ਵਿਚ ਹਜ਼ਾਰਾਂ ਮਨੁੱਖੀ ਜਾਨਾਂ ਚਲੀਆਂ ਗਈਆਂ ਹਨ। ਇਸ ਸੋਚ ਨੇ ਮਨੁੱਖ ਦੀਆਂ ਭਾਵਨਾਵਾਂ, ਜਜ਼ਬਾਤ ਅਤੇ ਜੀਵਨ ਦੀਆਂ ਉਮੰਗਾਂ ਨੂੰ ਦੁਨਿਆਵੀ ਮੋਹ ਦੀ ਗ੍ਰਿਫ਼ਤ ਵਿਚ ਕੈਦ ਕਰ ਕੇ ਰੱਖ ਦਿੱਤਾ ਹੈ। ਸੰਸਾਰ ਪੱਧਰ 'ਤੇ ਪੈਦਾ ਹੋ ਰਹੇ ਸਭਿਆਚਾਰਕ ਟਕਰਾਵਾਂ ਤੋਂ ਮਨੁੱਖਤਾ ਨੂੰ ਬਚਾਉਣ ਅਤੇ ਸੰਸਾਰ ਵਿਚ ਸ਼ਾਂਤੀ ਸਥਾਪਿਤ ਕਰਨ ਲਈ ਵੱਖ ਵੱਖ ਪੱਧਰ 'ਤੇ ਕੋਸ਼ਿਸ਼ਾਂ ਹੋ ਰਹੀਆਂ ਹਨ। ਇਨ੍ਹਾਂ ਕੋਸ਼ਿਸ਼ਾਂ ਵਿਚ ਧਰਮ ਦੇ ਯੋਗਦਾਨ ਨੂੰ ਮੁੜ ਤੋਂ ਵਿਚਾਰਿਆ ਜਾ ਰਿਹਾ ਹੈ। ਸੰਸਾਰ ਦੀ ਵੰਨ-ਸੁਵੰਨਤਾ ਨੂੰ ਕਾਇਮ ਰੱਖਣ ਅਤੇ ਵਿਭਿੰਨ, ਖ਼ਾਸ ਕਰ ਕੇ ਛੋਟੀਆਂ ਧਾਰਮਿਕ ਪਛਾਣਾਂ ਨੂੰ ਉਨ੍ਹਾਂ ਦਾ ਬਣਦਾ ਸਥਾਨ ਦੇਣ ਲਈ ਅਤੇ ਦੁਨੀਆਂ ਵਿਚ ਮਨੁੱਖੀ ਸਾਂਝ ਦੀਆਂ ਤੰਦਾਂ ਨੂੰ ਮਜ਼ਬੂਤ ਕਰਨ ਲਈ ਅਜੋਕਾ ਚਿੰਤਨ ਬਹੁ-ਪੱਖੀ ਜੀਵਨ ਮਾਡਲਾਂ ਦੀ ਤਲਾਸ਼ ਵਿਚ ਹੈ। ਇਸ ਚਿੰਤਨ ਵਿਚ ਜੀਵਨ ਅਤੇ ਹੋਰਨਾਂ ਪ੍ਰਤੀ ਬਹੁ-ਪੱਖੀ ਨਜ਼ਰੀਏ ਦੇ ਤਹਿਤ ਹੁਣ ਧਰਮ ਪ੍ਰਤੀ ਬਹੁ-ਪੱਖੀ ਪਹੁੰਚ ਨੂੰ ਅਪਣਾਉਣ ਲਈ ਆਮ ਸਹਿਮਤੀ ਬਣ ਰਹੀ ਹੈ।

ਸੰਸਾਰ ਧਰਮਾਂ ਦੇ ਅਧਿਐਨ ਤੋਂ ਇਹ ਪਤਾ ਲਗਦਾ ਹੈ ਕਿ ਧਰਮ ਲੋਕਾਂ ਨੂੰ ਆਪਸ ਵਿਚ ਜੋੜਨ ਦਾ ਸਾਧਨ ਹੈ, ਪਰ ਹੁਣ ਤਕ ਦਾ ਤਜਰਬਾ ਹੈ ਕਿ ਧਰਮ ਰਾਹੀਂ ਇੱਕ ਹੀ ਧਾਰਮਿਕ ਭਾਈਚਾਰੇ ਦੇ ਲੋਕ ਆਪਸ ਵਿਚ ਜੁੜਦੇ ਹਨ ਜਦੋਂ ਕਿ ਦੂਜੇ ਧਰਮਾਂ ਦੇ ਲੋਕਾਂ ਨੂੰ ਉਹ ਆਪਣੇ ਤੋਂ ਅਲੱਗ ਸਮਝਦੇ ਹਨ। ਇਸ ਅਲੱਗਵਾਦੀ ਸੋਚ ਵਿਚੋਂ ਦਾਦਰੀ ਕਾਂਡ ਵਾਪਰਿਆ ਹੈ।

---

# ਹਿੰਦੂਤਵ ਤੇ ਫਿਰਕੂ ਪਾਲਾਬੰਦੀ

ਪਿਛਲੇ ਵੀਹ ਵਰ੍ਹਿਆਂ ਦੌਰਾਨ ਉਤਰ ਪ੍ਰਦੇਸ਼ ਵਿਚ ਨੋਇਡਾ ਸਾਰੀਆਂ ਹਕੂਮਤਾਂ ਲਈ 'ਧਨ ਉਗਰਾਹੀ' ਦਾ ਬਿਹਤਰੀਨ ਅੱਡਾ ਬਣ ਚੁੱਕਾ ਹੈ। ਸਾਰੇ ਵੱਡੇ ਟੀ ਵੀ ਚੈਨਲਾਂ ਦੇ ਵੱਡੇ ਵੱਡੇ ਸਟੂਡੀਓ ਤੇ ਦਫ਼ਤਰ, ਕਈ ਅਖ਼ਬਾਰਾਂ ਦੇ ਪ੍ਰਕਾਸ਼ਨ ਅਤੇ ਵੱਡੀਆਂ ਵੱਡੀਆਂ ਕੰਪਨੀਆਂ ਦੇ ਦਫ਼ਤਰ ਇਥੇ ਹੀ ਹਨ। ਸ਼ਾਪਿੰਗ ਮਾਲਜ਼, ਸਿਨੇਮੇ, ਬੁੱਧ ਇੰਟਰਨੈਸ਼ਨਲ ਸਰਕਟ, ਆਗਰਾ ਐਕਸਪ੍ਰੈੱਸ ਹਾਈਵੇਅ ਅਤੇ ਕੀ ਕੀ ਨਹੀਂ ਨੋਇਡਾ ਵਿਚ। ਇਸ ਨੂੰ ਯੂ ਪੀ ਦੀ 'ਖ਼ੁਸ਼ਹਾਲੀ' ਦਾ ਪ੍ਰਤੀਕ ਦੱਸਿਆ ਜਾਂਦਾ ਹੈ; ਐਨ ਉਵੇਂ, ਜਿਵੇਂ ਗੁੜਗਾਓਂ ਦੀਆਂ ਉੱਚੀਆਂ ਇਮਾਰਤਾਂ ਤੇ ਲੰਮੇ-ਚੌੜੇ ਹਾਈਵੇਅ ਦਿਖਾ ਕੇ ਕਿਹਾ ਜਾਂਦਾ ਹੈ ਕਿ ਹਰਿਆਣਾ ਬਹੁਤ ਤਰੱਕੀ ਕਰ ਗਿਆ ਹੈ; ਪਰ ਔਰਤਾਂ ਅਤੇ ਦਲਿਤਾਂ ਉਪਰ ਜ਼ੁਲਮ ਦੱਸਦੇ ਹਨ ਕਿ ਮਹਿਜ਼ ਪੈਸਾ ਹੱਥ ਲੱਗ ਜਾਣ ਨਾਲ ਜ਼ਿਹਨ ਨਹੀਂ ਬਦਲ ਜਾਂਦੇ ਅਤੇ

**ਵਿਦਿਆ ਭੂਸ਼ਣ ਰਾਵਤ**
**ਤਰਜਮਾ: ਬੂਟਾ ਸਿੰਘ**

ਅੱਜ ਹਿੰਦੁਸਤਾਨ ਨੂੰ ਆਰਥਿਕ ਨਾਲੋਂ ਸਮਾਜੀ ਤੇ ਸਭਿਆਚਾਰਕ ਤਬਦੀਲੀ ਦੀ ਲੋੜ ਵੱਧ ਹੈ।

'ਸਵੱਛ ਭਾਰਤ' ਅਤੇ 'ਸ਼ਸ਼ਕਤ ਭਾਰਤ' ਦੇ ਨਾਅਰੇ ਮਹਿਜ਼ ਵਿਦੇਸ਼ਾਂ ਵਿਚ ਵਸਦੇ ਹਿੰਦੁਸਤਾਨੀਆਂ ਅਤੇ ਦੇਸੀ ਅੰਗਰੇਜ਼ਾਂ ਨੂੰ ਖ਼ੁਸ਼ ਕਰਨ ਦੀ ਜੁਮਲੇਬਾਜ਼ੀ ਹਨ, ਹਾਲਾਂਕਿ ਪੂਰਾ ਯਤਨ ਹੋ ਰਿਹਾ ਹੈ ਕਿ 'ਭਾਰਤੀ' ਨਜ਼ਰ ਆਈਏ ਅਤੇ ਇਸ ਲਈ ਸੰਯੁਕਤ ਰਾਸ਼ਟਰ ਮਹਾਂਸਭਾ ਨੂੰ ਵੀ ਬਿਹਾਰ ਦੀ ਚੋਣ ਰੈਲੀ ਬਣਾਉਣ ਤੋਂ ਗੁਰੇਜ਼ ਨਹੀਂ ਕੀਤਾ ਜਾ ਰਿਹਾ। ਜੁਮਲੇਬਾਜ਼ੀ ਮਹਿਜ਼ ਇਨ੍ਹਾਂ ਮੰਚਾਂ ਉਪਰ ਹੀ ਨਹੀਂ ਹੋ ਰਹੀ, ਸਗੋਂ ਕੁੱਲ ਆਲਮ ਵਿਚ ਸਮਾਗਮ ਮੈਨੇਜਮੈਂਟ ਕਰ ਕੇ ਉਸ ਨੂੰ ਬੌਧਿਕਤਾ ਦਾ ਜਾਮਾ ਪਹਿਨਾਇਆ ਜਾ ਰਿਹਾ ਹੈ, ਤਾਂ ਕਿ ਜੁਮਲਿਆਂ ਨੂੰ ਇਤਿਹਾਸਕ ਦਸਤਾਵੇਜ਼ ਤੇ ਅੰਕੜਿਆਂ ਵਾਂਗ ਇਸਤੇਮਾਲ ਕਰ ਕੇ ਅਫ਼ਵਾਹਾਂ ਨੂੰ ਜ਼ਰਬਾਂ ਦਿੱਤੀਆਂ ਜਾ ਸਕਣ; ਮੁਸਲਮਾਨਾਂ ਨੂੰ ਅਲੱਗ-ਥਲੱਗ ਕੀਤਾ ਜਾ ਸਕੇ ਅਤੇ ਦਲਿਤ, ਪਿਛੜੇ ਇਹ ਸਾਰੇ ਹਿੰਦੂ ਬਣ ਕੇ ਬ੍ਰਾਹਮਣ-ਬਾਣੀਆਂ ਅਗਵਾਈ ਵਿਚ ਸਮਾ ਜਾਣ।

ਮੋਦੀ ਦੇ ਸੱਤਾਧਾਰੀ ਹੁੰਦੇ ਸਾਰ ਖੁੱਲ੍ਹੇਆਮ ਗਾਲ-ਮੰਦੇ 'ਤੇ ਉਤਰੇ ਹਿੰਦੂਤਵੀ ਮਹਾਂਰਥੀਆਂ ਨੇ ਇਕੋ ਵਕਤ ਕਈ ਮੋਰਚੇ ਖੋਲ੍ਹੇ ਹੋਏ ਹਨ। ਵੱਖੋ-ਵੱਖਰੀਆਂ ਜਾਤਾਂ ਨੂੰ ਵੰਡਣ ਅਤੇ ਲੋੜ ਅਨੁਸਾਰ ਉਨ੍ਹਾਂ ਨੂੰ ਮੁਸਲਮਾਨਾਂ ਦੇ ਖ਼ਿਲਾਫ਼ ਇਸਤੇਮਾਲ ਕਰਨ ਦੀ ਚਾਲ, ਮੀਡੀਆ ਦਾ ਭਰਪੂਰ ਇਸਤੇਮਾਲ ਅਤੇ ਪਾਕਿਸਤਾਨ, ਇਸਲਾਮ ਆਦਿ ਦੇ ਨਾਂ 'ਤੇ ਮੁਸਲਮਾਨਾਂ ਉਪਰ ਦਬਾਓ; ਤੇ ਦੂਜੇ ਪਾਸੇ ਰਾਖਵੇਂਕਰਨ ਨੂੰ ਲੈ ਕੇ ਟੀ ਵੀ ਤੇ ਪ੍ਰਿੰਟ ਮੀਡੀਆ ਵਿਚ ਦਲਿਤਾਂ ਤੇ ਪਿਛੜਿਆਂ ਨੂੰ ਬਦਨਾਮ ਕਰਨ ਦੀ ਮੁਹਿੰਮ ਇਸੇ ਮਨੋਰਥ ਨਾਲ ਜੁੜੀ ਹੋਈ ਹੈ। ਜਾਤੀ ਅੰਕੜਿਆਂ ਦੀ ਗੱਲ ਕਰਨ ਵਾਲਿਆਂ ਨੂੰ ਜਾਤੀਵਾਦੀ ਕਰਾਰ ਦੇ ਕੇ 'ਬ੍ਰਾਹਮਣਵਾਦੀ' ਸੱਤਾਧਾਰੀ ਪੈਰ ਜਮਾਉਣਾ ਚਾਹੁੰਦੇ ਹਨ। ਸੰਘ ਨੇ ਕੁਝ ਦਲਿਤ ਤੇ ਪਿਛੜੇ ਆਗੂਆਂ ਨੂੰ ਚੋਗਾ ਜ਼ਰੂਰ ਪਾਇਆ, ਪਰ ਸੱਤਾ ਉਪਰ ਬ੍ਰਾਹਮਣ, ਬਾਣੀਆਂ ਦਾ ਗ਼ਲਬਾ ਜਿੰਨਾ ਅੱਜ ਹੈ, ਪਹਿਲਾਂ ਕਦੇ ਨਹੀਂ ਰਿਹਾ।

ਸਭ ਤੋਂ ਵੱਡੀ ਚਲਾਕੀ ਆਬਾਦੀ ਦੇ ਅੰਕੜਿਆਂ ਨੂੰ ਧਾਰਮਿਕ ਆਧਾਰ 'ਤੇ ਜਾਰੀ ਕਰ ਕੇ ਕੀਤੀ ਗਈ। ਇਸ ਜ਼ਰੀਏ ਮੁਸਲਿਮ ਆਬਾਦੀ ਵਿਚ ਵਾਧਾ ਦਿਖਾ ਕੇ ਇਸ ਉਪਰ ਲੋਕ ਰਾਇ ਬਣਾਈ ਗਈ। ਆਖ਼ਿਰ ਆਬਾਦੀ ਦੇ ਅੰਕੜੇ ਧਾਰਮਿਕ ਆਧਾਰ 'ਤੇ ਕਿਉਂ ਜਾਰੀ ਕੀਤੇ ਗਏ? ਕਿਉਂਕਿ ਸੰਘ ਦੇ ਬ੍ਰਾਹਮਣ-ਬਾਣੀਏ ਧਰਮ ਦੇ ਆਧਾਰ 'ਤੇ ਹੀ ਬਹੁ-ਗਿਣਤੀ ਹੋਣ ਦਾ ਦਾਅਵਾ ਕਰ ਕੇ ਗੁੰਡਾਗਰਦੀ ਕਰ ਸਕਦੇ ਹਨ। ਜਾਤ ਦੇ ਆਧਾਰ 'ਤੇ ਉਨ੍ਹਾਂ ਦੀ ਬੁਰਛਾਗਰਦੀ ਹਰ ਥਾਂ ਨਹੀਂ ਚੱਲੇਗੀ ਅਤੇ ਬਹੁ-ਗਿਣਤੀ ਹੋਣ ਦੇ ਉਨ੍ਹਾਂ ਦੇ ਦਾਅਵਿਆਂ ਦੀ ਪੋਲ ਖੁੱਲ੍ਹ ਜਾਵੇਗੀ। ਮੁਸਲਮਾਨਾਂ ਉਪਰ ਹਮਲੇ ਹੁੰਦੇ ਰਹਿਣਗੇ ਤਾਂ ਜੋ ਹਿੰਦੂਤਵੀਆਂ ਦੀਆਂ ਦਲਿਤ, ਆਦਿਵਾਸੀਆਂ ਆਦਿ ਵਿਰੋਧੀ ਨੀਤੀਆਂ ਅਤੇ ਕਾਨੂੰਨਾਂ ਉਪਰ ਕੋਈ ਬਹਿਸ ਹੀ ਨਾ ਹੋਵੇ। ਸੰਘ ਮੁਖੀ ਨੇ ਰਾਖਵੇਂਕਰਨ ਉਪਰ ਹੱਲਾ ਬੋਲ ਦਿੱਤਾ ਹੈ। ਇਹ ਨਵੀਂ ਗੱਲ ਨਹੀਂ ਕਿ ਫਿਰਕਾਪ੍ਰਸਤੀ ਦੇ ਜ਼ਿਆਦਾਤਰ ਪੁਜਾਰੀ ਸਮਾਜੀ ਨਿਆਂ ਦੇ ਘੋਰ ਵਿਰੋਧੀ ਹਨ ਅਤੇ ਉਨ੍ਹਾਂ ਦਾ ਇਹ ਕਿਰਦਾਰ ਸਾਹਮਣੇ ਆਉਂਦਾ ਰਿਹਾ ਹੈ। 1990 ਦੇ ਮੰਡਲ ਕਮਿਸ਼ਨ ਵਿਰੋਧੀ ਅੰਦੋਲਨ ਨੂੰ ਹਵਾ ਦੇਣ ਵਾਲੇ ਹੀ ਰਾਮ ਮੰਦਰ ਅੰਦੋਲਨ ਦੇ ਜਨਮਦਾਤਾ ਸਨ। ਸੰਘ ਪਰਿਵਾਰ ਦਾ ਹਿੰਦੂਵਾਦ ਦਲਿਤਾਂ, ਪਿਛੜਿਆਂ ਅਤੇ ਆਦਿਵਾਸੀਆਂ ਦੇ ਹੱਕਾਂ ਦੇ ਸਵਾਲ ਬਾਬਤ ਹਮੇਸ਼ਾ ਸ਼ੱਕ ਦੇ ਘੇਰੇ ਵਿਚ ਰਿਹਾ ਹੈ। ਸੰਘ ਨੇ ਛੂਆਛਾਤ, ਜਾਤਪਾਤ, ਦਲਿਤਾਂ ਉਪਰ ਜ਼ੁਲਮਾਂ, ਔਰਤਾਂ ਉਪਰ ਦਾਬੇ, ਦਹੇਜ, ਆਦਿਵਾਸੀਆਂ ਦੇ ਜੰਗਲ ਉਪਰ ਹੱਥ ਅਤੇ ਨਕਸਲੀਆਂ ਦੇ ਨਾਂ 'ਤੇ ਉਨ੍ਹਾਂ ਨੂੰ ਕੁਚਲਣ ਦੇ ਵਿਰੁੱਧ ਸੰਘ ਨੇ ਕਦੇ ਆਵਾਜ਼ ਨਹੀਂ ਉਠਾਈ,

> ***ਇਹ ਲੋਕ ਆਪਣੀ ਜਾਤਪਾਤੀ ਸਲਤਨਤ ਨੂੰ ਬਚਾਉਣ ਲਈ ਸਾਮ-ਦੰਡ-ਭੇਦ ਵਰਤ ਕੇ ਮੁਲਕ ਵਿਚ ਫਿਰਕੂ ਪਾਲਾਬੰਦੀ ਕਰਨਾ ਚਾਹੁੰਦੇ ਹਨ। ਇਸ ਵਕਤ ਬ੍ਰਾਹਮਣਵਾਦ ਨੂੰ ਬਚਾਉਣ ਤੇ ਫੈਲਾਉਣ ਲਈ ਮੁਸਲਮਾਨ ਸਭ ਤੋਂ ਵੱਡਾ ਹਥਿਆਰ ਹਨ। ਇਸ ਨਾਂ 'ਤੇ ਅਫ਼ਵਾਹਾਂ ਫੈਲਾਓ ਅਤੇ ਸਿਆਸਤ ਦੀ ਫ਼ਸਲ ਵੱਢੋ। ਕਿੰਨੀ ਖ਼ਤਰਨਾਕ ਖੇਡ ਹੈ। ਸੈਂਕੜੇ ਸਾਲ ਇਸ ਮੁਲਕ ਨੂੰ ਅਪਨਾਉਣ ਵਾਲੇ ਲੋਕਾਂ ਨੂੰ ਅੱਜ ਆਪਣੇ ਹੀ ਮੁਲਕ ਵਿਚ ਬੇਗਾਨਾਪਣ ਮਹਿਸੂਸ ਹੋ ਰਿਹਾ ਹੈ।***

ਸਗੋਂ ਇਨ੍ਹਾਂ ਦਾ ਮੂੰਹ ਉਲਟਾ ਖੁੱਲ੍ਹਦਾ ਹੈ। ਅੱਜ ਤਕ ਮੋਹਨ ਭਾਗਵਤ ਨੇ ਮੰਦਰਾਂ ਵਿਚ ਬ੍ਰਾਹਮਣਾਂ ਲਈ ਰਾਖਵੇਂਕਰਨ ਨੂੰ ਖ਼ਤਮ ਕਰਨ ਦੀ ਗੱਲ ਕਦੇ ਨਹੀਂ ਕੀਤੀ। ਦੂਜੇ ਪਾਸੇ, ਦੱਬੇ-ਕੁਚਲਿਆਂ ਅਤੇ ਪਿਛੜਿਆਂ ਨੂੰ ਰਾਖਵਾਂਕਰਨ ਸੰਵਿਧਾਨ ਰਾਹੀਂ ਮਿਲਿਆ ਹੋਇਆ ਹੈ, ਇਸ ਲਈ ਬ੍ਰਾਹਮਣ ਦੇ ਭਗਤ ਢਿੱਡੋਂ ਸੰਵਿਧਾਨ ਦੇ ਖ਼ਿਲਾਫ਼ ਹਨ।

ਜ਼ਮੀਨ ਗ੍ਰਹਿਣ ਬਿੱਲ ਨੂੰ ਲਾਗੂ ਕਰਨ ਲਈ ਤਾਂ ਇਹ ਬਹੁਤ ਤਾਹੂ ਹਨ, ਪਰ ਆਦਿਵਾਸੀਆਂ ਦੀ ਬੇਦਖ਼ਲੀ ਅਤੇ ਨਕਸਲੀਆਂ ਦੇ ਨਾਂ 'ਤੇ ਉਨ੍ਹਾਂ ਦੇ ਕਤਲੇਆਮ ਤੇ ਉਜਾੜੇ ਬਾਰੇ ਖ਼ਾਮੋਸ਼ ਹਨ। ਸਫ਼ਾਈ ਦੇ ਨਾਂ 'ਤੇ ਐਨਾ ਵੱਡਾ ਨਾਟਕ ਹੈ, ਪਰ ਮੈਲਾ ਢੋਣ ਵਾਲਿਆਂ ਦੀ ਦੁਰਦਸ਼ਾ, ਜ਼ੁਲਮਾਂ, ਛੂਆਛਾਤ ਬਾਰੇ ਇਨ੍ਹਾਂ ਦੀ ਜ਼ਬਾਨ ਬੰਦ ਹੈ। ਕੀ 'ਸਵੱਛ ਅਭਿਆਨ' ਇਸ ਘਿਨਾਉਣੇ ਚਿਹਰੇ ਵਾਲੇ ਵਰਣਵਾਦੀ, ਨਸਲਵਾਦੀ ਹਿੰਦੂ ਸਮਾਜ ਦੇ ਭਿਆਨਕ ਦੈਂਤ 'ਤੇ ਪਰਦਾ ਪਾਉਣ ਦਾ ਯਤਨ ਨਹੀਂ? ਭਗਾਣਾ (ਹਰਿਆਣਾ) ਦੇ ਦਲਿਤਾਂ ਨੇ ਜ਼ੁਲਮਾਂ ਤੋਂ ਤੰਗ ਆ ਕੇ ਇਸਲਾਮ ਅਪਣਾ ਲਿਆ, ਪਰ ਜ਼ਿਆਦਾਤਰ ਥਾਂਵਾਂ 'ਤੇ ਦਲਿਤਾਂ ਲਈ ਇਹ ਰਸਤਾ ਵੀ ਬੰਦ ਹੈ। ਧਰਮਬਦਲੀ ਨਾਲ ਉਨ੍ਹਾਂ ਨੂੰ ਰਾਖਵਾਂਕਰਨ ਦੀ ਰਾਹਤ ਵੀ ਨਹੀਂ ਮਿਲੇਗੀ।

ਇਨ੍ਹਾਂ ਸਵਾਲਾਂ ਦੇ ਜਵਾਬ ਤਲਾਸ਼ਣ ਦੇ ਯਤਨ ਕਰਦੇ ਹਾਂ ਤਾਂ ਅਖ਼ਲਾਕ ਦੀ ਲਾਸ਼ ਮਿਲੇਗੀ। ਦੱਬੇ-ਕੁਚਲਿਆਂ ਦੇ ਹੱਕਾਂ ਦੀ ਲੜਾਈ ਤੋਂ ਧਿਆਨ ਹਟਾਉਣ ਲਈ ਮੁਸਲਮਾਨਾਂ ਨੂੰ ਬਾਕਾਇਦਾ, ਸਾਜ਼ਿਸ਼ ਤਹਿਤ ਵੱਡਾ ਹਊਆ ਬਣਾ ਕੇ ਦਿਖਾਇਆ ਜਾ ਰਿਹਾ ਹੈ। ਦਾਦਰੀ ਕਾਂਡ ਨਾ ਇੱਕੋ-ਇਕ ਵਾਕਿਆ ਹੈ, ਨਾ ਹੀ ਆਖ਼ਰੀ। ਦੁਨੀਆਂ ਭਰ 'ਚ ਅਫ਼ਵਾਹਾਂ ਰਾਹੀਂ ਗਣੇਸ਼ ਦੀ ਮੂਰਤੀ ਨੂੰ ਦੁੱਧ ਪਿਆਉਣ ਵਾਲਾ ਸੰਘ ਅੱਜ ਫੇਸਬੁੱਕ, ਟਵਿੱਟਰ ਅਤੇ ਵੱਟਸਐਪ ਜ਼ਰੀਏ ਅਫ਼ਵਾਹਾਂ ਫੈਲਾਅ ਰਿਹਾ ਹੈ। ਦਾਦਰੀ ਵਿਚ ਅਖਲਾਕ ਦੀ ਹੱਤਿਆ ਨੂੰ ਹਾਦਸਾ ਦੱਸ ਕੇ ਉਥੋਂ ਦੇ ਸੰਸਦ ਮੈਂਬਰ ਤੇ ਕੇਂਦਰੀ ਮੰਤਰੀ ਮਹੇਸ਼ ਸ਼ਰਮਾ ਨੇ ਪ੍ਰਸ਼ਾਸਨ ਨੂੰ ਪਹਿਲਾਂ ਹੀ ਹਿੰਦੂਤਵੀ ਮੁਜਰਮਾਂ ਵਿਰੁੱਧ ਕੋਈ ਕਦਮ ਨਾ ਚੁੱਕਣ ਦਾ ਇਸ਼ਾਰਾ ਕਰ ਦਿੱਤਾ ਹੈ।

ਹੁਣ ਹਮੀਰਪੁਰ (ਕਾਨਪੁਰ ਤੋਂ 160 ਕਿਲੋਮੀਟਰ ਦੂਰ ਬਿਲਗਾਓਂ ਪਿੰਡ) ਵਿਚ 90 ਸਾਲਾ ਦਲਿਤ ਬਜ਼ੁਰਗ ਚਿਮਾ ਨੂੰ ਮੰਦਰ ਵਿਚ ਜਾਣ 'ਤੇ ਜਿਉਂਦਾ ਸਾੜ ਦਿੱਤਾ ਗਿਆ। ਸ਼ੰਕਰਾਚਾਰੀਆ ਤੇ ਹਿੰਦੂਤਵ ਦੇ ਝੰਡਾਬਰਦਾਰ ਖ਼ਾਮੋਸ਼ ਹਨ। ਸੈਲਫ਼ੀ ਤੇ ਟਵਿੱਟਰ ਉਪਰ ਛਾਏ ਰਹਿਣ ਵਾਲੇ (ਪ੍ਰਧਾਨ ਮੰਤਰੀ ਨਰੇਂਦਰ ਮੋਦੀ) ਦੀ ਜ਼ਬਾਨ ਵੀ ਬੰਦ ਹੈ। ਮੁਲਕ ਦੇ ਇਕ ਨਾਗਰਿਕ ਨੂੰ ਜਿਸ ਦਾ ਬੇਟਾ ਏਅਰਫੋਰਸ ਵਿਚ ਨੌਕਰੀ ਕਰਦਾ ਹੈ, ਉਸ ਦੇ ਘਰ ਵਿਚ ਜਾ ਕੇ ਮਾਰ ਦਿੱਤਾ ਗਿਆ, ਪਰ ਸੰਸਕ੍ਰਿਤੀ ਦੇ ਝੰਡਾਬਰਦਾਰ ਨਸੀਹਤ ਦੇ ਰਹੇ ਹਨ ਕਿ ਇਸ ਦਾ 'ਸਿਆਸੀਕਰਨ' ਨਾ ਕਰੋ। ਇਹ ਲੋਕ ਅੰਤਰਜਾਤੀ ਵਿਆਹਾਂ ਦੇ ਖ਼ਿਲਾਫ਼ ਖਾਪ ਪੰਚਾਇਤਾਂ ਦੀ ਹਿੰਸਾ ਨੂੰ ਵੀ ਸਮਾਜੀ ਰਵਾਇਤਾਂ ਦੇ ਨਾਂ 'ਤੇ ਸਹੀ ਠਹਿਰਾਉਂਦੇ ਹਨ।

ਇਹ ਲੋਕ ਆਪਣੀ ਜਾਤਪਾਤੀ ਸਲਤਨਤ ਨੂੰ ਬਚਾਉਣ ਲਈ ਸਾਮ-ਦੰਡ-ਭੇਦ ਵਰਤ ਕੇ ਮੁਲਕ ਵਿਚ ਫਿਰਕੂ ਪਾਲਾਬੰਦੀ ਕਰਨਾ ਚਾਹੁੰਦੇ ਹਨ। ਇਸ ਵਕਤ ਬ੍ਰਾਹਮਣਵਾਦ ਨੂੰ ਬਚਾਉਣ ਤੇ ਫੈਲਾਉਣ ਲਈ ਮੁਸਲਮਾਨ ਸਭ ਤੋਂ ਵੱਡਾ ਹਥਿਆਰ ਹਨ। ਇਸ ਨਾਂ 'ਤੇ ਅਫ਼ਵਾਹਾਂ ਫੈਲਾਓ ਅਤੇ ਸਿਆਸਤ ਦੀ ਫ਼ਸਲ ਵੱਢੋ। ਕਿੰਨੀ ਖ਼ਤਰਨਾਕ ਖੇਡ ਹੈ। ਸੈਂਕੜੇ ਸਾਲ ਇਸ ਮੁਲਕ ਨੂੰ ਅਪਨਾਉਣ ਵਾਲੇ ਲੋਕਾਂ ਨੂੰ ਅੱਜ ਆਪਣੇ ਹੀ ਮੁਲਕ ਵਿਚ ਬੇਗਾਨਾਪਣ ਮਹਿਸੂਸ ਹੋ ਰਿਹਾ ਹੈ। ਸਾਡਾ ਖਾਣ-ਪੀਣ, ਰਹਿਣ-ਸਹਿਣ, ਪਿਆਰ-ਮੁਹੱਬਤ, ਸਾਡੀ ਨਿੱਜੀ ਜ਼ਿੰਦਗੀ ਦੇ ਮਾਮਲੇ ਹਨ ਅਤੇ ਹਕੂਮਤ ਤੇ ਸਮਾਜ ਨੂੰ ਉਸ ਵਿਚ ਦਖ਼ਲਅੰਦਾਜ਼ੀ ਕਰਨ ਦਾ ਕੋਈ ਹੱਕ ਨਹੀਂ। ਜੇ ਅਖ਼ਲਾਕ ਗਊ ਮਾਸ ਵੀ ਖਾ ਰਿਹਾ ਸੀ, ਤਾਂ ਉਸ ਨੂੰ ਸਜ਼ਾ ਦੇਣ ਦਾ ਹਿੰਦੂਤਵ ਦੇ ਠੇਕੇਦਾਰਾਂ ਨੂੰ ਕੀ ਹੱਕ ਹੈ?

ਲਿਖਤੁਮ

# ਮਨ-ਮੌਜੀ ਮੀਦੇ ਦੀ ਸਿੱਖੀ



ਤਰਲੋਚਨ ਸਿੰਘ ਦੁਪਾਲਪੁਰ

ਫੋਨ: 408-915-1268

ਸਿਵਾਏ ਰਾਸ਼ਨ ਕਾਰਡ ਜਾਂ ਪਿੰਡ ਦੀ ਵੋਟਰ ਸੂਚੀ ਦੇ, ਉਸ ਦਾ ਪੂਰਾ ਨਾਂ (ਮਲਕੀਤ ਸਿੰਘ) ਕਿਤੇ ਨਹੀਂ ਲਿਖਿਆ ਹੋਣਾ। ਆਮ ਤੌਰ 'ਤੇ ਜਨਮ ਸਰਟੀਫਿਕੇਟਾਂ ਉਤੇ ਬਲਦੀਦ ਸਮੇਤ ਪੂਰਾ ਨਾਮ ਲਿਖਿਆ ਹੁੰਦਾ ਹੈ, ਪਰ ਸੰਨ ਸੰਤਾਲੀ ਤੋਂ ਪਹਿਲੋਂ ਦੇ ਕਿਸੇ ਸਾਲ ਜੰਮਿਆਂ ਹੋਣ ਕਰ ਕੇ ਉਸ ਦੇ ਜਨਮ ਸਰਟੀਫਿਕੇਟ ਦੀ ਕਿਸੇ ਹੋਰ ਨੂੰ ਤਾਂ ਕੀ, ਉਹਨੂੰ ਖੁਦ ਕਦੇ ਲੋੜ ਨਹੀਂ ਪਈ ਹੋਣੀ। ਬੱਸ, ਬਚਪਨ ਵੇਲੇ ਤੋਂ ਹੀ ਸਾਡੇ ਕੰਨਾਂ ਵਿਚ ਉਹਦਾ ਨਾਂ 'ਮੀਦਾ' ਹੀ ਗੂੰਜਦਾ ਆਇਆ। ਉਹਦੇ ਹਾਣੀ ਜਾਂ ਬਜ਼ੁਰਗ ਤਾਂ ਉਹਨੂੰ 'ਮੀਦਿਆ' ਕਹਿ ਕੇ ਬੁਲਾਉਂਦੇ, ਪਿੰਡ ਦੇ ਨਿਆਣੇ ਵੀ ਉਸ ਨੂੰ 'ਮੀਦਾ ਚਾਚਾ' ਜਾਂ 'ਮੀਦਾ ਤਾਇਆ' ਕਹਿ ਕੇ ਬੁਲਾਉਂਦੇ, ਪਰ ਉਹ ਸਿਆਣੀ-ਬਿਆਣੀ ਉਮਰ ਦਾ ਹੋਣ ਦੇ ਬਾਵਜੂਦ ਕੱਲ੍ਹ ਦੇ ਜੰਮੇ ਛੋਕਰਿਆਂ ਵੱਲੋਂ ਆਪਣਾ ਨਾਮ ਬੋਲਣ 'ਤੇ ਭੋਰਾ ਗੁੱਸਾ ਨਹੀਂ ਸੀ ਕਰਦਾ; ਸਗੋਂ ਨਿਆਣਿਆਂ ਦੇ ਆਪਣੇ ਕੋਲੋਂ ਹੀ ਰੱਖੇ ਪੁੱਠੇ-ਸਿੱਧੇ ਨਾਂ-ਕੁਨਾਂ ਲੈਂਦਿਆਂ, ਉਨ੍ਹਾਂ ਨੂੰ ਲੂਣ-ਸਲੂਣੀਆਂ ਟਿੱਚਰਾਂ-ਮਖੌਲ ਕਰਦਾ ਰਹਿੰਦਾ।

ਦਰਮਿਆਨਾ ਕੱਦ-ਕਾਠ, ਰੋਹੀ ਦੀ ਕਿੱਕਰ ਵਰਗਾ ਕਾਲਾ ਰੰਗ, ਇਕ ਅੱਖ ਵਿਚ ਭੈਂਗ, ਪੀਲੇ ਦੰਦ ਐਵੇਂ ਜਿਵੇਂ ਦਾਤਣ ਕਦੇ ਇਨ੍ਹਾਂ ਦੇ ਨੇੜੇ ਹੀ ਨਾ ਗਈ ਹੋਵੇ। ਅੱਧ ਵੱਢੀ ਜਿਹੀ ਕਰੜ-ਬਰੜੀ ਦਾੜ੍ਹੀ, ਸਿਰ 'ਤੇ ਨੰਗੀ ਜੂੜੀ, ਪਰ ਵਾਲ ਇੱਦਾਂ ਦੇ ਜਿਵੇਂ ਤੇਲ ਜਾਂ ਕੰਘੀ ਉਨ੍ਹਾਂ ਨੂੰ ਕਦੇ ਨਸੀਬ ਹੀ ਨਾ ਹੋਈ ਹੋਵੇ, ਨਿਰੀਆਂ ਜਟੂਰੀਆਂ। ਖੁਸ਼ਕੀ ਦੀਆਂ ਮਾਰੀਆਂ ਲੱਤਾਂ, ਬਿਨਾਂ ਬਟਨ ਲੱਗੀ ਖੁੱਲ੍ਹੀ ਕਮੀਜ਼, ਪੈਰੀਂ ਦੇਸੀ ਜੁੱਤੀ, ਪਰ ਪੁਲਸੀਆਂ ਵਰਗੀ ਰੋਹਬਦਾਰ ਭਰਵੀਂ ਆਵਾਜ਼। ਇਹੋ ਜਿਹਾ ਸਾਰਾ ਉਘੜ-ਦੁਘੜ ਜਿਹਾ ਮਿਲਾ ਕੇ ਅੰਗੂਠਾ ਛਾਪ ਮਨ-ਮੌਜੀ 'ਮੀਦਾ' ਬਨਦਾ ਸੀ ਜੋ ਆਪਣੇ ਦੋਹ ਭਰਾਵਾਂ ਨਾਲ ਖੇਤੀਬਾੜੀ ਵਿਚ ਵੀ ਹੱਥ ਵਟਾਉਂਦਾ, ਪਰ ਸਵੇਰੇ, ਦੁਪਹਿਰੇ ਜਾਂ ਸ਼ਾਮੀ ਪਿੰਡ ਵਿਚ ਗੇੜੇ ਜ਼ਰੂਰ ਮਾਰਦਾ ਰਹਿੰਦਾ।

ਛੂਆ-ਛਾਤ ਦੇ ਉਸ ਜ਼ਮਾਨੇ ਵਿਚ ਕਹੀ ਜਾਂਦੀ ਉਚ ਜਾਤੀ ਨਾਲ ਸਬੰਧਤ ਹੁੰਦਿਆਂ ਵੀ ਉਹ ਸਾਰੇ ਵਰਗਾਂ ਦੇ ਘਰਾਂ ਵਿਚ ਬੇ-ਝਿਜਕ ਖਾਂਦਾ ਪੀਂਦਾ ਰਹਿੰਦਾ; ਖਾਸ ਕਰ ਕੇ ਆਪਣੇ ਆਦਿਧਰਮੀ ਦੋਸਤਾਂ ਦੇ ਘਰੇ ਮਹਿਫਿਲ ਲਾਈ ਬੈਠਾ ਸਿਗਰਟਾਂ ਫੂਕਦਾ, ਭੱਠੀ ਵਾਂਗ ਧੂੰਏਂ ਦੇ ਫਰਾਟੇ ਛੱਡਦਾ ਰਹਿੰਦਾ। ਇਹ ਉਸ ਦਾ ਦੋਗਲਾਪਣ ਕਹਿ ਲਓ ਜਾਂ ਉਸ ਦਾ ਆਪਹੁਦਰਾ ਸੁਭਾਅ ਸਮਝੋ ਕਿ ਜਾਤ ਅਭਿਮਾਨ ਵਿਚ ਸੜੇ ਕਿਸੇ ਉਚ ਜਾਤੀਏ ਵੱਲੋਂ ਆਦਿਧਰਮੀ ਭਰਾਵਾਂ ਦੇ ਘਰੇ ਖਾ-ਪੀ ਲੈਣ ਦਾ ਮਿਹਣਾ ਮਾਰਨ ਉਤੇ ਤਾਂ ਉਹ ਅਗਲੇ ਨੂੰ ਕੁੱਦ ਕੇ ਪੈ ਜਾਂਦਾ।

"ਕੀ? ਇਨ੍ਹਾਂ ਦਾ ਹੱਡ, ਚੰਮ, ਲਹੂ ਸਾਡੇ ਵਰਗਾ ਨਹੀਂ? ਇਹ ਤਾਂ ਪੰਡਤਾਂ ਦੇ ਰਿਸ਼ੀਆਂ ਮੁਨੀਆਂ ਦੀ ਬੇੜੀ ਬੈਠੀ ਹੋਈ ਆ, ਜਿਨ੍ਹਾਂ ਨੇ ਜਾਤਾਂ ਬਣਾ ਦਿੱਤੀਆਂ। ਜਿਹੜਾ ਰੱਬ ਸਾਡੇ ਵਿਚ ਬੈਠੈ, ਉਹ ਇਨ੍ਹਾਂ ਵਿਚ ਹੈਨੀ?"

ਪਰ ਘੜੀ ਕੁ ਮਗਰੋਂ ਉਕਤ 'ਗਿਆਨ ਸੂਤਰ' ਭੁਲਾ ਕੇ ਉਹ ਆਪਣੇ ਯਾਰ ਬੇਲੀਆਂ ਨੂੰ ਜਾਤ ਦਾ ਨਾਂ ਲੈ ਲੈ ਕੇ ਰੰਗ-ਬੇਰੰਗੀਆਂ ਘਤਿਤਾਂ ਪੜ੍ਹਦਾ ਰਹਿੰਦਾ। ਅੰਗਿਓਂ ਹੁੱਕੇ-ਸਿਗਰਟਾਂ ਦਾ ਧੂੰਆਂ ਛੱਡਦਿਆਂ ਹੱਸਦੇ ਹੋਏ ਉਹ ਵੀ ਮੀਦੇ ਨੂੰ ਉਸ ਦੀ ਬਰਾਦਰੀ ਬਾਰੇ ਪ੍ਰਚਲਿਤ ਹਾਸੋ-ਹੀਣੇ ਟੋਟਕੇ ਸੁਣਾ ਕੇ ਹਿਸਾਬ ਬਰਾਬਰ ਕਰ ਲੈਂਦੇ। ਦੋਵਾਂ ਪਾਸਿਆਂ ਤੋਂ ਇਕ-ਦੂਜੇ ਦੀ ਬਰਾਦਰੀ ਬਾਰੇ ਮੰਦਾ ਚੰਗਾ ਬੋਲਿਆ ਜਾਂਦਾ ਰਹਿੰਦਾ, ਪਰ ਇਹ ਸਾਰੀ ਗੱਪ-ਗੋਸ਼ਟੀ ਸੁਣਦਿਆਂ ਸਹਿੰਦਿਆਂ ਮੀਦਾ ਵੀ ਖਸਿਆਨੀ ਹਾਸੀ ਹੱਸਦਾ ਰਹਿੰਦਾ ਤੇ ਉਹਦੇ ਸੰਗੀ-ਸਾਥੀ ਵੀ ਠਹਾਕੇ ਮਾਰਦੇ ਰਹਿੰਦੇ। ਜਾਤੀ ਸੂਚਕ ਸ਼ਬਦਾਂ ਦੀ ਠੇਸ ਸ਼ਾਇਦ ਲੱਗਦੀ ਹੀ ਨਹੀਂ ਸੀ ਹੁੰਦੀ ਉਦੋਂ!

ਦੂਰ ਦੂਰ ਜਾ ਕੇ ਛਿੰਝਾਂ ਦੇਖਣੀਆਂ, ਮੇਲੇ-ਮਸ੍ਹਾਵੇ ਗਾਹੁਣੇ, ਆਪਣੇ ਕੰਮ ਨਾਲ ਮਤਲਬ ਰੱਖਣਾ, ਪਰ ਗੁਰਦੁਆਰੇ ਭੁੱਲ ਕੇ ਵੀ ਨਾ ਜਾਣ ਵਰਗੇ ਗੁਣਾਂ ਦੇ ਧਾਰਨੀ ਮੀਦੇ ਨੂੰ ਧਰਮ ਕਰਮ ਜਾਂ ਸਿੱਖੀ ਨਾਲ ਵੀ ਕੋਈ ਤਿਹ-ਮੋਹ ਹੋਵੇਗਾ? ਉਤੇ ਬਿਆਨ ਕੀਤੀ ਉਸ ਦੀ ਸ਼ਕਲ-ਸੂਰਤ ਜਾਂ ਉਸ ਦੀ ਅਲਬੇਲੀ ਜੀਵਨ ਸ਼ੈਲੀ ਪੜ੍ਹ ਕੇ ਤਾਂ ਇਹੀ ਕਿਹਾ ਜਾਵੇਗਾ ਕਿ ਉਹਨੂੰ ਸਿੱਖੀ ਦੇ 'ਊੜੇ ਐੜੇ' ਦਾ ਵੀ ਪਤਾ ਨਹੀਂ ਹੋਣਾ, ਪਰ ਉਸ ਨਾਲ ਜੁੜੇ ਕੁਝ ਵਾਕਿਆ ਐਸੇ ਨੇ, ਜੋ ਇਸ ਧਾਰਨਾ ਨੂੰ ਗਲਤ ਸਾਬਤ ਕਰਦੇ ਨੇ ਕਿ ਉਸ ਨੂੰ ਆਪਣੇ ਆਲੇ-ਦੁਆਲੇ ਦੇ ਹਾਲਾਤ ਬਾਰੇ ਕੋਈ ਸੋਝੀ ਨਹੀਂ ਸੀ। ਇਨ੍ਹਾਂ ਵਿਚੋਂ ਕੁਝ ਮੇਰੇ ਅੱਖੀਂ ਦੇਖੇ ਹਨ।

ਪਿੰਡ ਦੇ ਸਾਂਝੇ ਕੰਮ, ਖਾਸ ਕਰ ਕੇ ਗੁਰਦੁਆਰੇ ਗੁਰਪੁਰਬ ਮਨਾਉਣ ਦੇ ਪ੍ਰਬੰਧ-ਉਪਰਾਲੇ ਕਰਨ ਦੀ ਜ਼ਿੰਮੇਵਾਰੀ, ਬਜ਼ੁਰਗ ਪੀੜ੍ਹੀ ਤੋਂ ਅਸੀਂ ਸੰਭਾਲ ਚੁੱਕੇ ਸਾਂ। ਸਾਥੋਂ ਕੁਝ ਵੱਡੀ ਉਮਰ ਦੇ ਮੁੰਡੇ ਮੋਹਰੀ ਹੋ ਕੇ ਅਜਿਹੇ ਕੰਮ ਉਤਸ਼ਾਹ ਨਾਲ ਕਰਨ ਲੱਗ ਪਏ। ਇਕ ਸਾਲ ਕੱਤਕ ਮਹੀਨੇ ਅਸੀਂ ਗੁਰੂ ਨਾਨਕ ਦਾ ਅਵਤਾਰ ਪੁਰਬ ਮਨਾਉਣ ਲਈ ਤਿਆਰੀ ਅਰੰਭੀ। ਉਸ ਮੌਕੇ ਪਿੰਡ ਦੇ ਗੁਰਦੁਆਰੇ ਵਿਚ ਸੇਵਾ ਸੰਭਾਲ ਦੀ ਡਿਊਟੀ ਸਾਡੇ ਹੀ ਪਿੰਡ ਦਾ ਸੱਤਰ-ਪਚੱਤਰ ਸਾਲ ਦਾ ਬਜ਼ੁਰਗ ਕਰਦਾ ਸੀ ਜਿਸ ਨੂੰ ਭਗਵੇਂ ਕੱਪੜੇ ਪਾਉਣ ਕਰ ਕੇ ਸਾਰਾ ਪਿੰਡ 'ਸੁਆਮੀ ਜੀ' ਕਹਿੰਦਾ ਸੀ। ਡੰਗੋਰੀ ਆਸਰੇ ਹੌਲੀ ਹੌਲੀ ਤੁਰਦਾ ਇਹ ਬਾਬਾ ਔਖੇ-ਸੌਖੇ ਸੰਗਰਾਂਦ ਵਗੈਰਾ ਮਨਾ ਦਿੰਦਾ।

ਅਸੀਂ ਗੁਰਪੁਰਬ ਲਈ ਪਿੰਡ ਵਿਚ ਉਗਰਾਹੀ ਕਰ ਰਹੇ ਸਾਂ। ਕਾਪੀ ਪੈਨਸਿਲ ਲੈ ਕੇ ਸਾਡਾ ਮੁੰਡਿਆਂ ਦਾ ਜਥਾ ਮੀਦੇ ਹੁਣਾ ਦੇ ਘਰ ਪਹੁੰਚਿਆ। ਸਾਨੂੰ ਦੇਖ ਮੀਦੇ ਦਾ ਵੱਡਾ ਭਰਾ ਜਦ ਆਪਣਾ ਬਟੂਆ ਜੇਬ ਵਿਚੋਂ ਕੱਢਣ ਲੱਗਾ ਤਾਂ ਮੰਜੇ ਉਤੇ ਰੋਟੀ ਖਾਂਦਾ ਮੀਦਾ ਆਪਣੇ ਭਰਾ ਨੂੰ ਕਹਿੰਦਾ, "ਇਨ੍ਹਾਂ ਨੂੰ ਨਾ ਇਕ ਆਨਾ ਵੀ ਦਿਓ।" ਸਾਡਾ ਮੁਖੀਆ ਮੂਹਰੇ ਹੋ ਕੇ ਕਹਿੰਦਾ, "ਕਿਉਂ ਜੀ?" ਮੀਦਾ ਬੋਲਿਆ, "ਪਹਿਲਾਂ ਗੁਰਦੁਆਰੇ ਦਾ ਭਾਈ ਤਾਂ ਕੋਈ ਚੱਜ ਦਾ ਰੱਖੋ।" ਅਸੀਂ ਇਕ ਜ਼ੁਬਾਨ ਹੋ ਕੇ ਕਿਹਾ, "ਸੁਆਮੀ ਬਾਬਾ ਕਰਦਾ ਈ ਐ ਸੇਵਾ।"

"ਕਿਆ ਕਿਹਾ?" ਮੀਦਾ ਸਾਨੂੰ ਟੁੱਟ ਕੇ ਪੈ ਗਿਆ, "ਹੂੰਅ! ਸੁਆਹ ਸੇਵਾ ਕਰਦਾ ਐ ਸੁਆਮੀ? ਉਠ ਉਹਤੋਂ ਹੁੰਦਾ ਨੀਂ, ਮਹਾਰਾਜ ਦਾ ਨਾਸ ਮਾਰਿਆ ਪਿਆ ਉਹਨੇ?"

ਮੀਦੇ ਮੂੰਹੋਂ ਇਹ ਗੱਲ ਸੁਣ ਕੇ ਸਾਡੀਆਂ ਹੱਸਦਿਆਂ ਦੀਆਂ ਵੱਖੀਆਂ ਥੱਕ ਗਈਆਂ ਤੇ ਉਹਦੇ ਘਰ ਦੇ ਵੀ ਸਾਰੇ ਹੱਸ-ਹੱਸ ਲੋਟ-ਪੋਟ ਹੋ ਗਏ।

ਅਮਨ-ਅਮਾਨ ਨਾਲ ਵੱਸਦੇ ਸਾਡੇ ਪਿੰਡ ਦੇ ਸਭ ਅਮੀਰ-ਗਰੀਬ ਇਕੋ ਇਕ ਗੁਰਦੁਆਰੇ ਦੇ ਹੀ ਸ਼ਰਧਾਲੂ ਸਨ। ਗਮੀਆਂ-ਖੁਸ਼ੀਆਂ 'ਤੇ ਸਾਰੇ ਹੀ ਸਹਿਜ ਪਾਠ ਜਾਂ ਅਖੰਡ ਪਾਠ ਕਰਵਾਉਂਦੇ ਸਨ। ਗੁਰੂ ਘਰ ਤੋਂ ਬਗੈਰ ਸਾਡੇ ਪਿੰਡ ਦਾ ਕੋਈ ਹੋਰ 'ਬਾਬਾ' ਪੂਜਣਯੋਗ ਨਾ ਹੁੰਦਾ। ਲਾਂਭਲੇ ਪਿੰਡ ਆ ਕੇ ਸਾਡੇ ਪਿੰਡ ਵਸਿਆ ਇਕ ਬੰਦਾ ਕਿਸੇ ਰਿਸ਼ਤੇਦਾਰ ਦੇ ਕਹੇ-ਕਹਾਏ ਜਲੰਧਰ ਕੋਲ ਦੇ ਇਕ ਡੇਰੇ ਤੋਂ 'ਨਾਮ ਦਾਨ' ਲੈ ਆਇਆ। ਕਰਨੀ ਰੱਬ ਦੀ ਐਸੀ ਹੋਈ ਕਿ ਦੋ ਕੁ ਹਫਤਿਆਂ ਬਾਅਦ ਹੀ ਉਸ ਦੀ ਪਿੰਡ ਦੇ ਇਕ ਪਰਿਵਾਰ ਨਾਲ ਲੜਾਈ ਹੋ ਗਈ ਤੇ ਉਹ ਵਿਚਾਰਾ ਹਸਪਤਾਲ ਜਾ ਕੇ ਮਰ ਗਿਆ। ਉਸ ਦਾ ਸਸਕਾਰ ਹੋਣ ਦੀ ਦੇਰ ਸੀ ਕਿ ਮੀਦੇ ਨੇ ਸਾਰੇ ਪਿੰਡ ਡੌਂਡੀ ਪਿੱਟ ਦਿੱਤੀ। ਹੱਟੀ ਭੱਠੀ, ਖੁੰਢਾਂ 'ਤੇ ਉਚੀ ਉਚੀ ਕਹਿੰਦਾ ਫਿਰੇ, "ਦੇਖਿਆ ਫੇਰ? ਸਾਡਾ ਪਿੰਡ ਤਾਂ ਬਾਬੇ ਨਾਨਕ ਦਾ ਈ ਸਿੱਖ ਐ! ਆਹ ਫਲਾਣਾ ਸੁੰਹ ਆਇਆ ਸੀ 'ਨਾਮ' ਲੈ ਕੇ, ਮਹੀਨਾ ਪੂਰਾ ਨ੍ਹੀਂ ਹੋਣ ਦਿੱਤਾ 'ਸਾਡੇ ਬਾਬੇ' ਨੇ!"

ਬਾਬੇ ਨਾਨਕ ਦਾ 'ਅਨੋਖਾ ਸਿੱਖ' ਮੀਦਾ ਕਈ ਦਿਨ ਇਹ ਪ੍ਰਚਾਰ ਕਰਦਾ ਰਿਹਾ। ਸੁਣ ਸੁਣ ਕੇ ਲੋਕ ਮਸੀਂ ਹਾਸਾ ਰੋਕਦੇ। ਕੋਈ ਹੋਰ ਵਿਸ਼ਾ ਹੱਥ ਲੱਗਣ ਤੱਕ ਉਹ ਇਸੇ ਸੁਨੇਹੇ ਨੂੰ ਘਰ ਘਰ ਪਹੁੰਚਾਉਂਦਾ ਰਿਹਾ।

ਇਸੇ ਤਰ੍ਹਾਂ ਸਾਡੇ ਗੁਆਂਢੀ ਪਿੰਡ ਦੇ ਇਕ ਅੰਮ੍ਰਿਤਧਾਰੀ, ਕਿਸੇ ਸੰਤ ਦੇ ਸ਼ਰਧਾਲੂ ਬੰਦੇ ਨੇ ਆਪਣੇ ਖੇਤਾਂ ਵਿਚ ਕਿੱਡੀ ਸਾਰੀ ਸਮਾਧ ਉਸਾਰ ਲਈ। ਉਹ ਸਾਡੇ ਪਿੰਡ ਦੀ ਹੱਟੀ ਤੋਂ ਕੋਈ ਸੌਦਾ ਪੱਤਾ ਲੈਣ ਆ ਗਿਆ। ਉਹਦੀ ਮਾੜੀ ਕਿਸਮਤ ਨੂੰ ਮੀਦਾ ਵੀ ਉਸੇ ਹੱਟੀ ਤੋਂ ਸਿਗਰਟਾਂ ਦੀ ਡੱਬੀ ਲੈਣ ਚਲਾ ਗਿਆ। ਉਸ ਨੂੰ ਦੇਖਦਿਆਂ ਹੀ ਮੀਦਾ ਬਿਫ਼ਰ ਪਿਆ, "ਗੱਲ ਸੁਣ ਖਾਲਸਿਆ! ਜਿਹੜੇ ਤੇਰੇ ਪਿਉਆਂ ਨੇ ਆਹ ਤੇਰੇ ਗਾਤਰਾ ਪਾਇਆ ਸੀਗਾ, ਉਨ੍ਹਾਂ ਤੈਨੂੰ ਕਿਹਾ ਸੀਗਾ ਕਿ ਮੜ੍ਹੀ ਬਣਾ ਕੇ ਪੂਜੀਂ?" ਸਾਡੇ ਪਿੰਡ ਦੀ ਉਤਰ ਵੱਲ ਦੀ ਦਿਸ਼ਾ ਨੂੰ ਹੱਥ ਕਰ ਕੇ ਮੀਦਾ ਉਸ 'ਖਾਲਸੇ' ਨੂੰ ਸਮਝੌਤੀ ਦਿੰਦਾ ਬੋਲਿਆ, "ਔਹ ਦੇਖ, ਸਾਡੇ ਪਿੰਡ ਦੇ ਮੂਰਖ ਬੁੜ੍ਹਿਆਂ ਨੇ ਕਿਤੇ ਚਾਰ ਇੱਟਾਂ ਲਾ ਕੇ 'ਗੁੱਗਾ' ਬਣਾਇਆ ਹੋਣਾ ਐਂ, ਪਰ ਅੱਜ ਤੱਕ ਅਸੀਂ ਉਥੇ ਪੰਜਵੀਂ ਇੱਟ ਨ੍ਹੀਂ ਲੱਗਣ ਦਿੱਤੀ (ਸੱਚ-ਮੁੱਚ ਸਾਡੇ ਪਿੰਡ ਦੇ ਗੁੱਗੇ ਨੇ ਹਾਲੇ ਤੱਕ ਵੀ 'ਤਰੱਕੀ' ਨਹੀਂ ਕੀਤੀ)। ਤੁਸੀਂ ਬਾਣੇ ਪਾ ਕੇ ਵੀ ਪੁੱਠੇ ਕੰਮ ਕਰੀ ਜਾਨੇ ਐਂ।"

ਮੀਦੇ ਦੀਆਂ ਖਰੀਆਂ ਖਰੀਆਂ ਸੁਣਦਿਆਂ ਉਸ ਬੰਦੇ ਨੂੰ ਪਿੱਛਾ ਛੁਡਾਉਣਾ ਔਖਾ ਹੋ ਗਿਆ। ਆਪਣੇ ਸਰਪੰਚ ਭਰਾ ਨੂੰ ਇਕ ਵਾਰ ਉਸ ਨੇ ਭਰੇ ਇਕੱਠ ਵਿਚ ਗੁਰਦੁਆਰਾ ਯਾਦ ਕਰਵਾ ਕੇ ਆਪਣੇ ਸਿੱਖ ਹੋਣ ਦਾ ਸਬੂਤ ਦਿੱਤਾ। ਹੋਇਆ ਇੰਜ ਕਿ ਉਸ ਦੇ ਵੱਡੇ ਭਰਾ ਦੇ 'ਸਰਪੰਚੀ ਕਾਲ' ਮੌਕੇ ਦੋ ਪਰਿਵਾਰਾਂ ਦੀ ਜਗ੍ਹਾ ਬਦਲੇ ਲੜਾਈ ਹੋ ਗਈ। ਇਕ ਜਣਾ ਜਗ੍ਹਾ ਨੂੰ ਆਪਣੀ ਮਾਲਕੀ ਕਹਿ ਰਿਹਾ ਸੀ ਤੇ ਦੂਜਾ ਆਪਣੀ। ਝਗੜਾ ਸਰਕਾਰੇ-ਦਰਬਾਰੇ ਪਹੁੰਚ ਗਿਆ। ਕੋਈ ਵੱਡਾ ਅਫਸਰ ਮੌਕਾ ਦੇਖਣ ਪਿੰਡ ਆਇਆ। ਸਾਰੇ ਪਿੰਡ ਦਾ ਇਕੱਠ ਜੁੜਿਆ ਹੋਇਆ ਸੀ। ਕਿਸੇ ਹੋਰ ਦੇ ਬਿਆਨ ਲੈਣ ਤੋਂ ਪਹਿਲਾਂ ਅਫਸਰ ਨੇ ਸਰਪੰਚ ਨੂੰ ਪੁੱਛਿਆ ਕਿ ਤੁਸੀਂ ਦੱਸੋ ਜੀ, ਇਸ ਜਗ੍ਹਾ ਦਾ ਅੱਜ ਤੱਕ ਮਾਲਕ ਕੌਣ ਚਲਿਆ ਆ ਰਿਹਾ ਹੈ? ਥਾਂ ਦੇ ਹੱਕੀ ਮਾਲਕ ਪਰਿਵਾਰ ਨੇ ਸਰਪੰਚ ਨੂੰ ਵੋਟ ਨਹੀਂ ਸੀ ਪਾਈ ਅਤੇ ਧੱਕੇਸ਼ਾਹੀ ਕਰਨ ਵਾਲਾ ਟੱਬਰ ਸਰਪੰਚ ਦਾ ਹਮਾਇਤੀ ਸੀ।

ਸੋ, ਸਰਪੰਚ ਨੇ ਜਦ ਗੋਲ-ਮੋਲ ਜਿਹੀਆਂ ਗੱਲਾਂ ਕਰ ਕੇ ਆਪਣੇ ਹਮਾਇਤੀ ਦਾ ਪੱਖ ਪੂਰਿਆ, ਤਾਂ ਭਰੀ ਸਭਾ ਵਿਚ ਲੱਕ 'ਤੇ ਹੱਥ ਰੱਖ ਕੇ ਮੀਦਾ ਉਠ ਖੜ੍ਹਿਆ, "ਗੱਲ ਸੁਣ ਭਰਾਵਾ, ਤੈਨੂੰ ਇਸ ਨਗਰ ਖੇੜੇ ਦੀ ਖਲਕਤ ਨੇ ਇਸ ਕਰ ਕੇ ਸਰਪੰਚ ਬਣਾਇਆ ਐ ਕਿ ਤੂੰ ਝੂਠਿਆਂ ਦੇ ਹੱਕ ਵਿਚ ਭੁਗਤੇਂ?" ਇਨ੍ਹਾਂ ਗਰਜਵੇਂ ਬੋਲਾਂ ਸਦਕਾ ਸਭਾ ਵਿਚ ਸੁੰਨ ਪੱਸਰ ਗਈ। ਅਫਸਰ ਸਮੇਤ ਸਾਰੇ ਜੀਅ-ਜੰਤ 'ਦੁੱਲਾ ਸੂਰਮਾ' ਬਣੇ ਮੀਦੇ ਵੱਲ ਵੇਖਣ ਲੱਗੇ। ਪੂਰੇ ਜੋਸ਼ ਨਾਲ ਉਸ ਨੇ ਗੁਰਦੁਆਰੇ ਦੇ ਝੂਲਦੇ ਨਿਸ਼ਾਨ ਸਾਹਿਬ ਵੱਲ ਹੱਥ ਕਰ ਕੇ ਆਪਣੇ ਭਰਾ ਨੂੰ ਬੇਬਾਕ ਕਹਿ ਦਿੱਤਾ, "ਇਹੀ ਗੱਲ ਗੁਰਦੁਆਰੇ ਚੱਲ ਕੇ ਕਹਿ ਸਕਦਾਂ?"

ਦੋ ਨੇਕ ਧੀਆਂ ਦਾ ਬਾਪ ਇਹ ਮਸਤ-ਮੌਲਾ ਤੇ ਮਨ-ਮੌਜੀ ਮਲਕੀਤ ਸਿੰਘ, ਪਰ ਪਿੰਡ ਵਾਸੀਆਂ ਦਾ ਮੀਦਾ ਇਕ ਸਵੇਰ ਆਪਣੇ ਖੇਤਾਂ ਵਿਚ ਝੋਨੇ ਦੀ ਆੜ ਖੁਰਚਣ ਲਈ ਗਿਆ। ਢਾਈ-ਤਿੰਨ ਕੁ ਵਜੇ ਸਾਈਕਲ 'ਤੇ ਘਰੇ ਆ ਕੇ ਕਹਿੰਦਾ ਕਿ ਮੈਨੂੰ ਤਾਪ ਚੜ੍ਹਿਆ ਲਗਦੈ। ਘਰ ਵਾਲੇ ਡਾਕਟਰ ਨੂੰ ਬੁਲਾਉਣ ਚਲੇ ਗਏ। ਡਾਕਟਰ ਦੇ ਆਉਣ ਤੋਂ ਪਹਿਲਾਂ ਹੀ ਉਸ ਦੇ ਪ੍ਰਾਣ ਪੰਖੇਰੂ ਉਡ ਚੁੱਕੇ ਸਨ।

#

ਵਿਅੰਗ

# ਹੈਲੋ ਮੈਂ ਪਲਟਾ ਸਿਹੁੰ ਬੋਲਦਾਂ

ਰਵੇਲ ਸਿੰਘ ਇਟਲੀ

ਹੈਲੋ ਮੈਂ ਪਲਟਾ ਸਿਹੁੰ ਬੋਲਦਾਂ, ਪਛਾਣਿਆਂ ਯਾਰ ਘਚੋਲਾ ਰਾਮਾ।

ਲੈ ਭਾ ਪਛਾਣ ਲਿਆ, ਪਛਾਣਾਂ ਨਾ, ਇਹ ਕਿਵੇਂ ਹੋ ਸਕਦੈ? ਮੈਂ ਤੇਰੀ ਆਵਾਜ਼ ਨਾ ਪਛਾਣਾਂ, ਟੱਲ ਵਾਂਗ ਖੜਕਦੀ, ਕਦੇ ਢੋਲ ਵਾਂਗ ਗੱਜਦੀ, ਇਹ ਆਵਾਜ਼ ਮੈਨੂੰ ਕਦੇ ਭੁੱਲ ਸਕਦੀ ਵਾ।

ਹੱਛਾ ਚੱਲ, ਸੁਣਾ ਕੀ ਹਾਲ ਚਾਲ ਵਾ ਤੇਰਾ ਯਾਰ, ਕਾਫੀ ਦੇਰ ਹੋ ਗਈ ਸੀ, ਤੇਰੇ ਨਾਲ ਗੱਲਾਂ-ਬਾਤਾਂ ਕੀਤਿਆਂ, ਮੈਂ ਸੋਚਿਆ ਅੱਜ ਥੋੜ੍ਹੀ ਵਿਹਲ ਮਸਾਂ ਮਸਾਂ ਮਿਲੀ, ਸੋਚਿਆ ਤੇਰੇ ਨਾਲ ਵੀ ਅੱਜ ਗੱਲ-ਬਾਤਾਂ ਕਰੀਏ, ਹੋਰ ਸੁਣਾ ਕੋਈ ਨਵੀਂ ਤਾਜ਼ੀ! ਵੈਸੇ ਅਖਬਾਰਾਂ ਵਿਚ ਤਾਂ ਅੱਜ ਕੱਲ ਖਬਰਾਂ ਦੀ ਕੋਈ ਕਮੀ ਨਹੀਂ ਹੁੰਦੀ, ਪਰ ਤੇਰੇ ਨਾਲ ਗੱਲਾਂ-ਬਾਤਾਂ ਕਰਨ ਦਾ ਸਵਾਦ ਕੁਝ ਵੱਖਰਾ ਹੀ ਹੈ। ਪਿੱਛੇ ਜਿਹੇ ਇੱਕ ਦਿਨ ਸਾਡਾ ਪੁਰਾਣਾ ਬੇਲੀ ਮਿਲਾਵਟੀ ਰਾਮ ਮਿਲਿਆ, ਉਸ ਦੀ ਵੀ ਅੱਜ ਕਲ ਚਾਂਦੀ ਹੈ, ਹਰ ਚੀਜ਼ 'ਤੇ। ਮਠਿਆਈਆਂ ਹੋਣ, ਦੁਆਈਆਂ ਹੋਣ, ਭਾਵੇਂ ਖਾਣ ਪੀਣ ਦੀ ਚੀਜ਼ਾਂ ਵਸਤਾਂ ਹੋਣ ਹਰ ਚੀਜ਼ 'ਤੇ ਉਸ ਦਾ ਸਿੱਕਾ ਚਲਦਾ ਹੈ।

ਸੰਨ 1947 ਤੋਂ ਪਹਿਲਾਂ ਤਾਂ ਉਹ ਇੱਕ ਪਾਟੀ ਜਿਹੀ ਫਤੂਹੀ ਤੇ ਧੋਤੀ ਵਿਚ ਲਾਸ਼ ਵਾਂਗੂੰ ਲਪੇਟਿਆ ਹੀ ਲਗਦਾ ਸੀ ਪਰ ਅੱਜ ਕੱਲ ਤਾਂ ਲੱਖਾਂ ਕਰੋੜਾਂ ਵਿਚ ਖੇਡਦੈ। ਉਸ ਨੂੰ ਮਿਲਣ ਲਈ ਵੀ ਸਮਾਂ ਲੈਣਾ ਪੈਂਦੈ। ਸਰਕਾਰੇ ਦਰਬਾਰੇ, ਖਾਸ ਕਰ ਚੋਣਾਂ ਵੇਲੇ ਤਾਂ ਵੱਡੇ ਵੱਡੇ ਨੇਤਾਵਾਂ ਦੇ ਚਮਚੇ ਵੀ ਉਸ ਤੋਂ ਚੰਦੇ ਦੇ ਰੂਪ ਵਿਚ ਭਿਖਿਆ ਲਈ ਠੂਠੇ ਫੜੀ ਫਿਰਦੇ ਨੇ।

ਲੈ ਇਸ ਦੇ ਨਾਲ ਹੀ ਆਪਣੇ ਇੱਕ ਹੋਰ ਲੰਗੋਟੀਏ ਯਾਰ ਧੱਕਾ ਰਾਮ ਬਾਰੇ ਵੀ ਸੁਣ ਲੈ। ਉਹ ਵੀ ਅੱਜ ਕੱਲ ਕੋਈ ਨਵੇਂ ਤੋਂ ਨਵਾਂ ਚੰਦ ਚੜ੍ਹਾਈ ਰੱਖਦਾ ਹੈ। ਪਿੱਛੇ ਜਿਹੇ ਇੱਕ ਵਾਰ ਮੈਨੂੰ ਮਿਲਿਆ ਤੇ ਕਹਿਣ ਲੱਗਾ, ਯਾਰ ਤੈਨੂੰ ਮਿਲ ਕੇ ਬੜੀ ਖੁਸ਼ੀ ਹੋਈ, ਸੇਵਾ ਪਾਣੀ ਦੱਸ। ਮੈਂ ਕਿਹਾ, ਹੱਦ ਹੋ ਗਈ ਯਾਰ ਸੇਵਾ ਪਾਣੀ ਕੋਈ ਪੁੱਛ ਪੁੱਛ ਕੇ ਕਰੀਦੀ ਐ? ਜੇ ਕਹਿ ਹੀ ਬੈਠਾ ਹੈਂ ਤਾਂ ਗੱਲ ਵੀ ਸਿਰੇ ਚੜ੍ਹਾ।

ਕਹਿਣ ਦੀ ਦੇਰ ਸੀ ਝੱਟ ਪੱਟ ਚਾਰ ਬੰਦੇ ਇੱਧਰੋਂ-ਉੱਧਰੋਂ ਇਕੱਠੇ ਕਰ ਕੇ 'ਠੇਕੇ ਬੰਦ ਕਰੋ, ਠੇਕੇ ਬੰਦ ਕਰੋ। ਅਪਣੇ ਘਰਾਂ ਵਿਚ ਪੀਣ ਦਾ ਪ੍ਰਬੰਧ ਕਰੋ' ਦੇ ਨਾਅਰੇ ਲਾਉਂਦੇ ਜਾ ਠੇਕੇ 'ਤੇ ਹੱਲਾ ਬੋਲਿਆ। ਠੇਕੇ ਵਾਲਾ ਭੀੜ ਵੇਖ ਕੇ ਠੇਕਾ ਛੱਡ ਕੇ ਜਾਨ ਬਚਾਉਣ ਦਾ ਮਾਰਾ ਭੱਜ ਗਿਆ। ਭੀੜ ਨੇ ਠੇਕੇ 'ਤੇ ਹੱਲਾ ਬੋਲ ਦਿੱਤਾ। ਲੋੜਵੰਦ ਬੋਤਲਾਂ ਲੈ ਗਏ, ਧੱਕਾ ਰਾਮ ਨੇ ਵੀ ਡੱਬ ਵਿਚ ਦੋ ਤਿੰਨ ਬੋਤਲਾਂ ਇੱਧਰ-ਉੱਧਰ ਫਸਾ ਕੇ ਘਰ ਆ ਬੂਹਾ ਖੜਕਾਇਆ। ਬੱਸ ਫਿਰ ਕੀ ਸੀ। ਘਰ ਵਾਲੀ ਬਥੇਰੀ ਕਲਪਦੀ ਰਹੀ, ਬੱਸ ਕਰੋ, ਨਾ ਡੱਫੋ, ਕਿਤੇ ਸੁੱਤੇ ਹੀ ਨਾ ਰਹਿ ਜਾਇਓ। ਪਰ ਮੇਰਾ ਯਾਰ ਬੋਲਿਆ, ਹੁਣ ਬੜੀਆਂ ਗੱਲਾਂ ਆ ਗਈਆਂ ਤੈਨੂੰ? ਆਪੇ ਤਾਂ ਇਕੱਠੀਆਂ ਹੋ ਹੋ ਕੇ ਠੇਕੇ ਬੰਦ ਕਰਾਉਣ ਤੁਰ ਪੈਂਦੀਆਂ ਓ। ਜੇ ਅਸੀਂ ਖਾਂਦੇ ਪੀਂਦੇ ਮਰ ਗਏ ਤਾਂ ਮਰ ਜਾਈਏ ਤੈਨੂੰ ਕੀ? ਪਰ ਅਜੇ ਤੇਰੀ ਚਲਦੇ ਘਰਾਟ ਵਿਚ ਗੀਟੀ ਅੜਾਉਣ ਦੀ ਪੁਰਾਣੀ ਆਦਤ ਕਿਉਂ ਨਹੀਂ ਜਾਂਦੀ? ਉਹ ਵਿਚਾਰੀ ਖਪ ਖਿਝ ਕੇ ਹਟ ਗਈ ਪਰ ਅਸੀਂ ਸਾਰੀ ਰਾਤ ਮੌਜਾਂ ਲੁੱਟੀਆਂ।

ਰਾਤ ਪਤਾ ਨਹੀਂ ਕਦੋਂ ਲੰਘ ਗਈ। ਵਾਪਸੀ ਵੇਲੇ ਕਹਿਣ ਲੱਗਾ, ਯਾਰ ਮਿਲਦਾ-ਗਿਲ੍ਹਦਾ ਰਿਹਾ ਕਰ। ਤੇਰੇ ਨਾਲ ਮਿਲ ਕੇ ਸਮਾਂ ਵਾਹਵਾ ਲੰਘ ਜਾਂਦਾ ਹੈ। ਨਾਲੇ ਪੁੱਛਣ ਲੱਗਾ, ਯਾਰ ਉਹ ਆਪਣਾ ਪੁਰਾਣਾ ਬੇਲੀ ਰਗੜਾ ਰਾਮ ਕਿੱਥੇ ਰਹਿੰਦਾ ਏ ਹੁਣ, ਮੈਂ ਤਾਂ ਉਸ ਨੂੰ ਬਥੇਰਾ ਲੱਭਣ ਦਾ ਯਤਨ ਕੀਤਾ ਹੈ ਪਰ ਪਤਾ ਨਹੀਂ ਉਹ ਭਲਮਾਨਸ ਹੁਣ ਕਿਹੜੀ ਦੁਨੀਆਂ ਵਿਚ ਰਹਿੰਦਾ ਹੈ?

ਰਗੜਾ ਰਾਮ ਬਾਰੇ ਸੁਣ ਕੇ ਘਚੋਲਾ ਰਾਮ ਹੀਂ ਹੀਂ ਕਰਦਾ ਬੋਲਿਆ, ਉਸ ਨੇ ਤਾਂ ਕਮਾਲ ਹੀ ਕਰ ਦਿੱਤੀ ਯਾਰ। ਕਿਤੋਂ ਕੁਝ ਰੰਗ-ਬਰੰਗੇ ਮਣਕੇ ਲੱਭ ਕੇ ਦੋ ਚਾਰ ਮਾਲਾ ਗਲ ਵਿਚ ਪਾ ਬਾਬਿਆਂ ਵਾਲਾ ਚੋਲਾ ਪਾ ਕੇ ਕਿਸੇ ਪਿੰਡ ਲਾਗੇ ਇੱਕ ਉਜਾੜ ਜਿਹੀ ਥਾਂ ਢਾਬ ਦੇ ਕੰਢੇ 'ਤੇ ਜਾ ਡੇਰੇ ਲਾਏ ਨੇ। ਭੰਗ ਦੇ ਰਗੜੇ ਲਾਉਣੇ, ਅੱਖਾਂ ਮੀਟ ਕੇ ਨਸ਼ੇ ਦੀ ਮਸਤੀ ਵਿਚ ਬੈਠੇ ਰਹਿਣਾ, ਕੁਝ ਦਿਨਾਂ ਵਿਚ ਹੀ ਪਿੰਡ ਦੀ ਵਿਹਲੜ ਮੁੰਡੀਰ, ਜਿਨ੍ਹਾਂ ਦੇ ਟੱਬਰਾਂ ਦੇ ਬਾਹਰ ਰਹਿੰਦੇ ਜੀਅ ਉਨ੍ਹਾਂ ਨੂੰ ਬਾਹਰ ਦੀ ਕਮਾਈ ਵਿਚੋਂ ਡਾਲਰ, ਯੂਰੋ ਹਰ ਮਹੀਨੇ ਭੇਜ ਛੱਡਦੇ ਹਨ, ਤੇ ਸਾਰਾ ਕੁਝ ਭੰਈਆਂ 'ਤੇ ਛੱਡ ਕੇ ਕਈ ਕਈ ਕਿਸਮਾਂ ਦੇ ਨਸ਼ਿਆਂ ਦੀ ਮਾਰ ਦੇ ਮਾਰੇ, ਪੱਕੇ ਹੀ ਘਰਾਂ ਦੇ ਕੰਮ ਕਾਰ ਛੱਡ ਕੇ, ਉਹਦੇ ਡੇਰੇ ਰੌਣਕਾਂ ਲਾਈ ਰੱਖਦੇ ਹਨ। ਮੈਂ ਵੀ ਇੱਕ ਦਿਨ ਭੁਲ ਭੁਲੇਖੇ ਉਸ ਦੇ ਡੇਰੇ ਕੋਲ ਜਾ ਪਹੁੰਚਾ ਅਤੇ ਕੋਲੋਂ ਦੀ ਲੰਘਦੀ ਇੱਕ ਮਾਈ ਨੂੰ ਉਸ ਥਾਂ ਬਾਰੇ ਪੁੱਛ ਬੈਠਾ, ਮਾਤਾ ਇਹ ਕਿਸ ਮਹਾਤਮਾ ਦਾ ਡੇਰਾ ਹੈ? ਮਾਈ ਦੋਵੇਂ ਹੱਥ ਜੋੜੀ ਉਸ ਡੇਰੇ ਵੱਲ ਮੂੰਹ ਕਰਕੇ ਬੋਲੀ, ਵੇ ਪੁੱਤ ਕੁਝ ਨਾ ਪੁੱਛ ਇਸ ਮਹਾਤਮਾ ਬਾਰੇ, ਰੱਬ ਦਾ ਰੂਪ ਵਾ ਬਾਬਾ ਢਾਬਾਂ ਵਾਲਾ। ਜਿਹੜੀ ਗੱਲ ਮੂੰਹੋਂ ਕੱਢੇ ਬਿਰਥੀ ਨਹੀਂ ਜਾਂਦੀ ਇਸ ਦੀ। ਮੇਰੀ ਨੂੰਹ ਦੀ ਕੁੱਖ ਪੂਰੇ ਛੇ ਸਾਲਾਂ ਬਾਅਦ ਹਰੀ ਹੋਈ ਇਸੇ ਬਾਬੇ ਦੀ ਕਿਰਪਾ ਨਾਲ।

ਪੁੱਤ ਮੈਂ ਤੈਨੂੰ ਕੀ ਦੱਸਾਂ, ਇੱਕੋ ਇੱਕ ਪੁੱਤ ਵਾ ਜੋ ਧੱਕੇ ਧੋੜੇ ਖਾਂਦਾ ਪਰਦੇਸ ਗਿਆ, ਇਸੇ ਬਾਬੇ ਦੀ ਕਿਰਪਾ ਨਾਲ ਅਤੇ ਹੁਣ ਪੱਕਾ ਹੋ ਕੇ ਮਸਾਂ ਮਸਾਂ ਕਾਗਤ ਪੱਤਰ ਬਣਾ ਕੇ ਘਰ ਆਉਣ ਜੋਗਾ ਹੋਇਆ ਇਸੇ ਬਾਬੇ ਦੀ ਕਿਰਪਾ ਨਾਲ, ਪਿੱਛੇ ਜਿਹੇ। ਮਹੀਨਾ ਕੁ ਰਹਿ ਗਿਆ। ਨਾਲੇ ਬਾਬੇ ਦੀ ਖੁੱਲ੍ਹੇ ਦਿਲ ਨਾਲ ਸੇਵਾ ਵੀ ਕਰ ਗਿਆ, ਡੇਰਾ ਤਾਂ ਬੰਦਗੀ ਕਰਨ ਲਈ ਉਸ ਦਾ ਪਹਿਲਾਂ ਵੀ ਸੀ, ਪਰ ਹੁਣ ਇੱਕ ਬੜਾ ਵੱਡਾ ਸਾਰਾ ਕਮਰਾ ਵੀ ਨਾਲ ਬਣਾ ਗਿਆ ਹੈ। ਮੈਂ ਮਾਈ ਨੂੰ ਪੁੱਛਿਆ, ਕੀ ਨਾਂ ਮਾਈ ਬਾਬੇ ਦਾ। ਮਾਈ ਦਿਮਾਗ 'ਤੇ ਪੂਰਾ ਜੋਰ ਲਾ ਕੇ ਬੋਲੀ, ਵੇ ਵੀਰਾ ਨਾਂ ਦਾ ਕਿਸੇ ਨੂੰ ਵੀ ਪਤਾ ਨਹੀਂ ਪਰ ਸਾਰੇ ਉਸ ਨੂੰ ਬਾਬਾ ਢਾਬਾਂ ਵਾਲਾ ਹੀ ਕਹਿੰਦੇ ਹਨ। ਤੂੰ ਜਾ ਕੇ ਕੇਰਾਂ ਦਰਸ਼ਨ ਤਾਂ ਕਰ ਕੇ ਵੇਖ, ਕਿਵੇਂ ਲਾਲੀ ਭਖਦੀ ਏ ਉਹਦੇ ਮੂੰਹ 'ਤੇ, ਬੜੀ ਕਮਾਈ ਵਾਲਾ ਵਾ ਇਹ ਮਹਾਤਮਾ। ਸਰਕਾਰੇ-ਦਰਬਾਰੇ ਵੀ ਵਾਹਵਾ ਚਲਦੀ ਆ ਇਹਦੀ। ਨਾਲੇ ਦਵਾ ਦਾਰੂ ਵੀ ਕਰਦਾ ਆ ਤੇ ਨਾਲੇ ਕਾਲਾ ਇਲਮ ਵੀ ਜਾਣਦਾ ਆ, ਤੂੰ ਇੱਕ ਵਾਰ ਦਰਸ਼ਨ ਕਰੇਂਗਾ ਤਾਂ ਤੈਨੂੰ ਸਭ ਕੁਝ ਆਪ ਹੀ ਪਤਾ ਲੱਗ ਜਾਣੈ। ਪੁੱਤ ਵੇਖਣ-ਸੁਣਨ ਵਿਚ ਬੜਾ ਫਰਕ ਹੁੰਦਾ ਵਾ।

ਮਾਈ ਦੀਆਂ ਗੱਲਾਂ ਸੁਣ ਕੇ ਮੈਂ ਵੀ ਡੇਰੇ ਜਾ ਪਹੁੰਚਾ। ਪਰ ਮੈਂ ਕਾਫੀ ਦੇਰ ਉਸ ਮਹਾਤਮਾ ਵੱਲ ਵੇਖਦਾ ਹੀ ਰਿਹਾ ਤੇ ਸੋਚੀਂ ਜਾਵਾਂ ਕਿ ਰੱਬ ਨਾ ਭੁਲਾਏ ਯਾਰ, ਇਹ ਸ਼ਕਲ ਕੁਝ ਜਾਣੀ-ਪਛਾਣੀ ਜਿਹੀ ਲੱਗਦੀ ਹੈ, ਪਰ ਉਸ ਨੇ ਮੈਨੂੰ ਪਛਾਣ ਲਿਆ ਤੇ ਝੱਟ ਇਸ਼ਾਰਾ ਕਰਕੇ ਆਪਣੇ ਕੋਲ ਬੁਲਾ ਕੇ ਮੇਰੇ ਕੰਨ ਵਿਚ ਕੁਝ ਕਿਹਾ, ਤੇ ਮੈਂ ਵੀ ਘੇਸ ਵੱਟ ਕੇ ਕੋਲ ਹੀ ਬੈਠ ਗਿਆ। ਇੱਕ ਚੇਲੇ ਨੂੰ ਉਸ ਨੇ ਕਿਹਾ ਕਿ ਭਗਤਾ ਇਹ ਆਪਣੇ ਪੁਰਾਣੇ ਸੇਵਕ ਆਏ ਹਨ। ਇਨ੍ਹਾਂ ਦੀ ਸੇਵਾ ਚੰਗੀ ਤਰ੍ਹਾਂ ਕਰੋ, ਝੱਟ ਪਟ ਕੂੰਡੇ ਡੰਡੇ ਖੜਕਣ ਲੱਗ ਪਏ ਪਰ ਬਾਬਾ ਕਹਿਣ ਲੱਗਾ, ਇਨ੍ਹਾਂ ਦਾ ਅਸਾਂ ਸਵਾ ਮਹੀਨੇ ਲਈ ਬੰਧਾਨ ਕੀਤਾ ਹੋਇਆ ਹੈ, ਹੋਰ ਜਲ-ਪਾਣੀ ਦੀ ਸੇਵਾ ਕਰੋ। ਮੈਂ ਬੋਲਿਆ, ਨਹੀਂ ਬਾਬਾ ਜੀ ਮੈਨੂੰ ਭੁੱਖ ਬਹੁਤ ਲੱਗੀ ਹੈ, ਪਹਿਲਾਂ ਪ੍ਰਸ਼ਾਦਾ ਛਕਾ ਦਿਓ, ਬਾਕੀ ਬਾਅਦ ਵਿਚ ਵੇਖੀ ਜਾਏਗੀ। ਇੱਕ ਵਾਰ ਤਾਂ ਸੱਚ ਜਾਣੀਂ ਭਾ ਮੇਰੇ ਤਾਂ ਉਸ ਦੀ ਠਾਠ ਬਾਠ ਵੇਖ ਕੇ ਟਟਹਿਣੇ ਹੀ ਭੌਂ ਗਏ। ਤੈਨੂੰ ਪਤਾ ਹੀ ਹੈ ਕਿ ਉਸ ਪਾਸ ਇੱਕ ਅੰਗਰੇਜ਼ਾਂ ਵੇਲੇ ਦਾ ਸਾਈਕਲ ਹੁੰਦਾ ਸੀ, ਪਰ ਹੁਣ ਉਸ ਡੇਰੇ ਵਿਚ ਉਸ ਪਾਸ ਵਧੀਆ ਕਿਸਮ ਦਾ ਮੋਟਰ ਸਾਈਕਲ ਹੈ ਜਿਸ 'ਤੇ ਉਸ ਦੇ ਚੇਲੇ ਮਜਾਲ ਏ ਕਿਤੇ ਵੀ ਧੂੜ-ਮਿੱਟੀ ਲੱਗਣ ਦੇਣ। ਅੱਵਲ ਤਾਂ ਉਸ ਦੇ ਕਈ ਸ਼ਰਧਾਲੂ ਉਸ ਨੂੰ ਬੜੀ ਸ਼ਰਧਾ ਨਾਲ ਆਪਣੀਆਂ ਕਾਰਾਂ ਗੱਡੀਆਂ 'ਤੇ ਹੀ ਲਈ ਫਿਰਦੇ ਹਨ।

ਤੇਰੇ ਨਾਲ ਗੱਲਾਂ ਕਰਾਂਗਾ ਤੇ ਨਾਲੇ ਦੱਸਾਂਗਾ ਕਿ ਕਿੰਦਾਂ ਅਜੋਕੀ ਰਾਜਨੀਤੀ ਵਿਚ ਪਲਟੇ ਮਾਰੀਦੇ ਹਨ, ਤੇ ਤੇਰੇ ਨਾਲ ਗੱਲਾਂ ਤਾਂ ਹੋਰ ਵੀ ਕਈ ਕਰਨ ਵਾਲੀਆਂ ਸਨ, ਪਰ ਤੈਨੂੰ ਪਤਾ ਹੀ ਹੈ ਕਿ ਸਾਰੀਆਂ ਗੱਲਾਂ ਫੋਨ 'ਤੇ ਕਰਨ ਵਾਲੀਆਂ ਨਹੀਂ ਹੁੰਦੀਆਂ ਕਿਉਂਕਿ ਅੱਜ ਕੱਲ ਵੱਡੇ ਵੱਡੇ ਲੀਡਰਾਂ ਦੇ ਫੋਨ ਟੇਪ ਵੀ ਹੁੰਦੇ ਹਨ। ਤੇ ਅਸੀਂ ਵੀ ਕਿਹੜੇ ਮਾੜੇ-ਮੋਟੇ ਲੀਡਰ ਆਂ। ਚੰਗਾ ਫਿਰ ਮੇਰੇ ਲਾਇਕ ਕੋਈ ਛੋਟੀ-ਵੱਡੀ ਸੇਵਾ ਹੋਵੇ ਤਾਂ ਦੱਸੀਂ। ਫਿਰ ਵੇਖੀਂ ਕੰਮ ਤੇਰੇ ਯਾਰ ਪਲਟਾ ਸਿਹੁੰ ਦੇ, ਨਾਲੇ ਮੇਰਾ ਫੋਨ ਨੰਬਰ ਵੀ ਨੋਟ ਕਰ ਲੈ, ਕਦੇ ਲੋੜ ਪੈ ਹੀ ਜਾਂਦੀ ਹੈ। ਚੰਗਾ ਫਿਰ ਮਿਲਾਂਗੇ, ਗੁੱਡ ਨੈਟ।

# ਵਿਗੜੇ ਤੱਤਾਂ ਦੀਆਂ ਸੈਨਾਵਾਂ ਤੇ ਦੇਸ਼ ਦਾ ਭਵਿੱਖ

**ਸਿਆਸਤ ਦਾ ਪਿੜ**



ਜਤਿੰਦਰ ਪਨੂੰ
ਫੋਨ: 91-98140-68455

ਇਸ ਗੱਲ ਨਾਲ ਸਾਡਾ ਕੋਈ ਮੱਤਭੇਦ ਨਹੀਂ ਕਿ 'ਮਜ਼ਹਬ ਨਹੀਂ ਸਿੱਖਾਤਾ ਆਪਸ ਮੇਂ ਬੈਰ ਰਖਨਾ', ਪਰ ਇਹ ਕਹਿਣਾ ਸਾਡੇ ਲਈ ਜ਼ਰੂਰੀ ਹੈ ਕਿ ਇਨਸਾਨੀਅਤ ਦਾ ਜਿੰਨਾ ਘਾਣ ਹੁਣ ਤੱਕ 'ਮਜ਼ਹਬ' ਅਤੇ ਧਰਮ' ਨਾਲ ਜੁੜੇ ਹੋਏ ਲੋਕਾਂ ਨੇ ਕੀਤਾ ਹੈ, ਹੋਰ ਕਿਸੇ ਨੇ ਨਹੀਂ ਕੀਤਾ ਹੋਵੇਗਾ। ਸਮਰਾਟ ਅਸ਼ੋਕ ਨੂੰ ਬੜਾ ਮਹਾਨ ਅਤੇ ਸ਼ਾਂਤੀ ਦਾ ਪੁਜਾਰੀ ਕਿਹਾ ਜਾਂਦਾ ਹੈ, ਪਰ ਸੱਚਾਈ ਇਹ ਹੈ ਕਿ ਜਦੋਂ ਉਸ ਨੂੰ ਦੱਸਿਆ ਗਿਆ ਕਿ ਉਸ ਦੇ ਇਸ਼ਟ ਨੂੰ ਦੂਸਰੇ ਲੋਕਾਂ ਦੇ ਇਸ਼ਟ ਸਾਹਮਣੇ ਨੀਵਾਂ ਦਿਖਾਇਆ ਗਿਆ ਹੈ ਤਾਂ ਉਸ ਨੇ ਕਤਲੇਆਮ ਕਰਵਾ ਕੇ ਹਜ਼ਾਰਾਂ ਲੋਕ ਮਾਰ ਛੱਡੇ ਸਨ। ਅਸੀਂ ਉਸ ਦੇ ਸਤੰਭਾਂ ਨੂੰ ਅੱਜ ਵੀ ਸ਼ਾਂਤੀ ਦੇ ਪ੍ਰਤੀਕ ਮੰਨੀ ਜਾ ਰਹੇ ਹਾਂ। ਇਹ ਗੱਲ ਕਦੇ ਅੱਖੋਂ ਓਹਲੇ ਨਹੀਂ ਕਰਨੀ ਚਾਹੀਦੀ ਕਿ ਲੋਕ ਏਦਾਂ ਦੀ ਹਰ ਗੱਲ ਸੱਚੀ ਮੰਨ ਸਕਦੇ ਹਨ, ਜਿਹੜੀ ਉਨ੍ਹਾਂ ਦੇ ਧਰਮ ਦੀ ਬੇਇੱਜ਼ਤੀ ਦਾ ਮੁੱਦਾ ਬਣਾ ਕੇ ਕਹੀ ਜਾਵੇ। ਆਮ ਲੋਕਾਂ ਨੂੰ ਉਸ ਮੌਕੇ ਭੜਕਾ ਲੈਣਾ ਬਹੁਤ ਸੌਖਾ ਹੁੰਦਾ ਹੈ। ਇਸ ਤਰ੍ਹਾਂ ਭੜਕਾਉਣ ਵਾਲਿਆਂ ਨੂੰ ਇਸ ਸੁਭਾਵਕ ਵਰਤਾਰੇ ਦਾ ਪਤਾ ਹੈ ਤੇ ਪਤਾ ਹੋਣ ਕਾਰਨ ਹੀ ਰਾਜਸੀ ਹਿੱਤਾਂ ਦੇ ਲਈ ਇਸ ਦੀ ਦੁਰਵਰਤੋਂ ਕੀਤੀ ਜਾਂਦੀ ਹੈ। ਇਹੋ ਜਿਹੀ ਦੁਰਵਰਤੋਂ ਹੁਣ ਵੀ ਕੀਤੀ ਜਾ ਰਹੀ ਹੈ।

ਉਤਰ ਪ੍ਰਦੇਸ਼ ਵਿਚ ਇਸ ਹਫਤੇ ਇੱਕ ਦਿਨ ਇੱਕ ਪਿੰਡ ਵਿਚ ਭੀੜ ਭੜਕ ਪਈ ਤੇ ਇੱਕ ਗਰੀਬ ਮੁਸਲਿਮ ਕਾਰੀਗਰ ਦੇ ਘਰ ਜਾ ਕੇ ਨਾ ਸਿਰਫ ਭੰਨ-ਤੋੜ ਕੀਤੀ, ਉਸ ਨੂੰ ਸਿਰ ਵਿਚ ਇੱਟਾਂ ਮਾਰ-ਮਾਰ ਕੇ ਮਾਰ ਦਿੱਤਾ ਤੇ ਉਸ ਦੇ ਪੁੱਤਰ ਨੂੰ ਏਨਾ ਕੁੱਟਿਆ ਗਿਆ ਕਿ ਜਾਨ ਬਚ ਵੀ ਜਾਵੇ ਤਾਂ ਠੀਕ ਹੁੰਦਿਆਂ ਕਈ ਮਹੀਨੇ ਲੱਗਣਗੇ। ਘਰ ਦੀਆਂ ਔਰਤਾਂ ਨਾਲ ਬਦਤਮੀਜ਼ੀ ਵੀ ਕੀਤੀ ਗਈ ਤੇ ਉਨ੍ਹਾਂ ਨੂੰ ਬੁਰੀ ਤਰ੍ਹਾਂ ਕੁੱਟਿਆ ਵੀ ਗਿਆ। ਹੁਣ ਰਾਜਨੀਤੀ ਹੋ ਰਹੀ ਹੈ। ਸਾਰੇ ਪੁਆੜੇ ਦੀ ਜੜ੍ਹ ਮੋਬਾਈਲ ਫੋਨ ਉਤੇ ਆਇਆ ਇੱਕ ਵਟਸਐਪ ਮੈਸੇਜ ਬਣਿਆ, ਜਿਸ ਵਿਚ ਇਹ ਕਿਹਾ ਗਿਆ ਸੀ ਕਿ ਇਸ ਮੁਸਲਿਮ ਘਰ ਵਿਚ ਗਊ ਮਾਸ ਹੈ। ਈਦ ਦੇ ਦਿਨ ਹਨ, ਮੁਸਲਿਮ ਘਰਾਂ ਵਿਚ ਇਨ੍ਹਾਂ ਦਿਨਾਂ ਵਿਚ ਆਮ ਹੀ ਮੀਟ ਹੁੰਦਾ ਹੈ, ਤੇ ਉਸ ਦੇ ਘਰ ਵੀ ਸੀ, ਪਰ ਉਹ ਗਾਂ ਦਾ ਨਹੀਂ, ਬੱਕਰੇ ਦਾ ਮੀਟ ਸੀ। ਗਊ ਦੇ ਮਾਸ ਦੀ ਗੱਲ ਇੱਕ ਗਿਣੀ-ਮਿੱਥੀ ਸਾਜ਼ਿਸ਼ ਦੇ ਨਾਲ ਫੈਲਾਈ ਗਈ ਅਤੇ ਉਸ ਪਿੰਡ ਵਿਚਲੇ ਮੰਦਰ ਵਿਚੋਂ ਇਸ ਦੀ ਬਾਕਾਇਦਾ ਅਨਾਊਂਸਮੈਂਟ ਕਰਵਾਈ ਗਈ ਸੀ। ਮੰਦਰ ਦਾ ਪੁਜਾਰੀ ਪਹਿਲਾਂ ਮੀਡੀਏ ਵਾਲਿਆਂ ਕੋਲ ਇਹ ਕਹਿੰਦਾ ਰਿਹਾ ਕਿ ਉਹ ਨੌਂ ਵਜੇ ਸੌਂ ਗਿਆ ਸੀ, ਬਾਅਦ ਵਿਚ ਕਿਸੇ ਨੇ ਆਪਣੇ ਆਪ ਸਪੀਕਰ ਲਾ ਕੇ ਕੁਝ ਕਿਹਾ ਹੋਵੇਗਾ ਤਾਂ ਉਸ ਨੂੰ ਇਸ ਦਾ ਪਤਾ ਨਹੀਂ। ਬਾਅਦ ਵਿਚ ਜਾਂਚ ਦੌਰਾਨ ਇਹ ਕਹਿਣ ਲੱਗ ਪਿਆ ਕਿ ਬਾਹਰੋਂ ਆਏ ਦੋ ਨੌਜਵਾਨਾਂ ਨੇ ਦਬਾਅ ਪਾ ਕੇ ਉਸ ਦੇ ਕੋਲੋਂ ਅਨਾਊਂਸਮੈਂਟ ਕਰਵਾਈ ਸੀ। ਅਸਲ ਵਿਚ ਉਹ ਵੀ ਭੀੜ ਦੇ ਨਾਲ ਰਲਿਆ ਜਾਪਦਾ ਹੈ।

ਭੀੜ ਭੜਕਾਉਣ ਦਾ ਕੰਮ ਜਿਸ ਹਿੰਦੂ ਮੁੰਡੇ ਦੇ ਨਾਂ ਲੱਗਾ ਹੈ, ਉਸ ਨੂੰ ਉਸ ਦੇ ਆਪਣੇ ਪਿੰਡ ਦਾ ਓਸੇ ਹਿੰਦੂ ਧਰਮ ਨਾਲ ਸਬੰਧਤ ਸਰਪੰਚ 'ਇੱਕ ਵਿਗੜਿਆ ਹੋਇਆ ਨੌਜਵਾਨ' ਕਹਿੰਦਾ ਹੈ। ਸਰਪੰਚ ਕਹਿੰਦਾ ਹੈ ਕਿ ਉਸ ਮੁੰਡੇ ਦੇ ਕਾਰੇ ਚੰਗੇ ਨਹੀਂ ਹਨ, ਪਰ ਉਸ ਦੇ ਕੀਤੇ ਇਸ ਕਾਰੇ ਪਿੱਛੋਂ ਹਲਕੇ ਦਾ ਸਾਬਕਾ ਭਾਜਪਾ ਵਿਧਾਇਕ ਢਾਲ ਦੀ ਤਰ੍ਹਾਂ ਉਸ ਦੇ ਬਚਾਅ ਲਈ ਆ ਗਿਆ ਹੈ। ਕੇਂਦਰ ਤੋਂ ਭਾਜਪਾ ਦਾ ਇੱਕ ਮੰਤਰੀ ਆਇਆ ਤੇ ਉਸ ਪਿੰਡ ਵਿਚ ਓਸੇ ਮੰਦਰ ਵਿਚ ਮੀਟਿੰਗ ਕਰ ਕੇ ਕਹਿ ਗਿਆ ਕਿ ਐਵੇਂ ਲੋਕ ਕਿਸੇ ਤਰ੍ਹਾਂ ਤੈਸ਼ ਵਿਚ ਆ ਗਏ ਤਾਂ ਇਸ ਨੂੰ ਹਾਦਸਾ ਹੀ ਕਹਿਣਾ ਚਾਹੀਦਾ ਹੈ, ਕਿਸੇ ਤਰ੍ਹਾਂ ਦੀ ਕੋਈ ਸਾਜ਼ਿਸ਼ ਨਹੀਂ ਸੀ। ਇਸ ਤੋਂ ਵੱਡੀ ਵਕਾਲਤ ਕੀ ਹੋ ਸਕਦੀ ਹੈ?

ਸਾਜ਼ਿਸ਼ ਨਾ ਹੋਣ ਦੀ ਗੱਲ ਭਾਜਪਾ ਦਾ ਪਾਰਲੀਮੈਂਟ ਮੈਂਬਰ ਅਤੇ ਕੇਂਦਰ ਦਾ ਮੰਤਰੀ ਕਹਿ ਸਕਦਾ ਹੈ, ਹਾਲਾਤ ਇਸ ਦੇ ਨਾਲ ਜੁੜੀਆਂ ਕਈ ਤੰਦਾਂ ਨੂੰ ਇੱਕ ਬਾਕਾਇਦਾ ਸਾਜ਼ਿਸ਼ ਸਾਬਤ ਕਰ ਸਕਦੇ ਹਨ। ਇਸ ਵਾਰਦਾਤ ਦੇ ਲਈ ਆਪਣੇ ਪਿੰਡ ਦੇ ਸਰਪੰਚ ਦੇ ਸ਼ਬਦਾਂ ਵਿਚ ਜਿਹੜਾ 'ਇੱਕ ਵਿਗੜਿਆ ਹੋਇਆ ਨੌਜਵਾਨ' ਜ਼ਿੰਮੇਵਾਰ ਹੈ, ਉਹ ਇੱਕ 'ਸਮਾਧਾਨ ਸੈਨਾ' ਬਣਾ ਕੇ ਉਸ ਇਲਾਕੇ ਵਿਚ ਕਈ ਪੁੱਠੇ ਕੰਮ ਕਰ ਚੁੱਕਾ ਹੈ। ਗਊ ਮਾਸ ਦਾ ਰੌਲਾ ਪਾਉਣ ਤੇ ਲੋਕਾਂ ਦੀ ਭੀੜ ਭੜਕਾ ਕੇ ਇੱਕ ਵਿਅਕਤੀ ਦਾ ਕਤਲ ਕਰਵਾ ਦੇਣ ਤੇ ਸਾਰੇ ਟੱਬਰ ਦੇ ਲੋਕਾਂ ਨੂੰ ਕੁਟਾਪਾ ਚਾੜ੍ਹਨ ਵਾਲਾ ਕੰਮ ਜਿਵੇਂ ਏਥੇ ਕੀਤਾ ਗਿਆ ਹੈ, ਜਿਵੇਂ ਇਸ ਜੁਰਮ ਦੇ ਮੁੱਖ ਦੋਸ਼ੀ ਦੇ ਪੱਖ ਵਿਚ ਭਾਜਪਾ ਦਾ ਸਾਬਕਾ ਵਿਧਾਇਕ ਵੀ ਇਹ ਕਹਿੰਦਾ ਹੈ ਕਿ 'ਜਦੋਂ ਗਾਂ ਦੇ ਮਾਸ ਦਾ ਪਤਾ ਲੱਗੇ ਤਾਂ ਖੂਨ ਖੌਲਦਾ ਹੈ', ਇਸ ਤੋਂ ਸਾਫ ਹੋ ਜਾਂਦਾ ਹੈ ਕਿ ਵਾਰਦਾਤ ਨਾ ਸਿਰਫ ਇੱਕ ਸਾਜ਼ਿਸ਼ ਦਾ ਸਿੱਟਾ ਸੀ, ਸਗੋਂ ਸਾਰੇ ਭਾਰਤ ਵਿਚ ਫੈਲਾਈ ਪਈ ਸਾਜ਼ਿਸ਼ਾਂ ਦੀ ਤਾਣੀ ਦਾ ਇੱਕ ਅਹਿਮ ਕੁੰਡਾ ਹੈ। ਇਹ ਤਾਣੀ ਮਹਾਰਾਸ਼ਟਰ, ਕਰਨਾਟਕਾ ਤੇ ਗੋਆ ਤੱਕ ਜਾਂਦੀ ਹੈ ਤੇ ਇਸ ਦੀਆਂ ਤਾਰਾਂ ਇਸ ਦੇਸ਼ ਦੇ ਕਈ ਹੋਰ ਖੇਤਰਾਂ ਤੱਕ ਵੀ ਜੁੜਨ ਦੀ ਚਰਚਾ ਮੀਡੀਏ ਵਿਚ ਕਈ ਚੈਨਲਾਂ ਵੱਲੋਂ ਹੋ ਰਹੀ ਹੈ।

ਮਹਾਰਾਸ਼ਟਰ, ਕਰਨਾਟਕਾ ਤੇ ਗੋਆ ਦਾ ਜ਼ਿਕਰ ਅਸੀਂ ਖਾਸ ਤੌਰ 'ਤੇ ਇਸ ਲਈ ਕਰ ਰਹੇ ਹਾਂ ਕਿ ਜਗਦੇ ਮੱਥੇ ਵਾਲੀਆਂ ਸਾਡੇ ਸਮਾਜ ਦੀਆਂ ਤਿੰਨ ਸ਼ਖਸੀਅਤਾਂ ਦੀਆਂ ਮੌਤਾਂ ਦਾ ਸਬੰਧ ਇਸ ਨੂੰ ਉਸ ਨਾਲ ਜੋੜਦਾ ਹੈ। ਪਹਿਲਾਂ ਮਹਾਰਾਸ਼ਟਰ ਵਿਚ ਨਰਿੰਦਰ ਡਾਬੋਲਕਰ ਦਾ ਕਤਲ ਕੀਤਾ ਗਿਆ। ਉਸ ਦਾ ਕਸੂਰ ਇਹ ਸੀ ਕਿ ਉਹ ਤੰਤਰ-ਮੰਤਰ ਤੇ ਜਾਦੂ-ਟੂਣੇ ਉਤੇ ਇਸ ਲਈ ਪਾਬੰਦੀ ਦੀ ਮੰਗ ਕਰਦਾ ਸੀ ਕਿ ਅੰਧ-ਸ਼ਰਧਾ ਦੇ ਕਾਰਨ ਕਈ ਲੋਕਾਂ ਦੇ ਬੱਚੇ ਬਲੀ ਚਾੜ੍ਹ ਦਿੱਤੇ ਜਾਂਦੇ ਹਨ। ਆਸਾ ਰਾਮ ਤੇ ਉਸ ਦੇ ਪੁੱਤਰ ਵਿਰੁਧ ਵੀ ਇਹੋ ਜਿਹੇ ਚਾਰ ਕੇਸ ਦਰਜ ਹਨ, ਜਿਨ੍ਹਾਂ ਦਾ ਸਬੰਧ ਬੱਚਿਆਂ ਨੂੰ ਤੰਤਰ-ਮੰਤਰ ਲਈ ਬਲੀ ਚਾੜ੍ਹ ਦੇਣ ਨਾਲ ਹੈ। ਇਹ ਕੇਸ ਕਾਂਗਰਸ ਨੇ ਨਹੀਂ ਬਣਾਏ। ਦੋ ਕੇਸ ਨਰਿੰਦਰ ਮੋਦੀ ਦੇ ਮੁੱਖ ਮੰਤਰੀ ਹੁੰਦਿਆਂ ਗੁਜਰਾਤ ਦੀ ਪੁਲਿਸ ਨੇ ਬਣਾਏ ਸਨ ਤੇ ਦੋ ਮੱਧ ਪ੍ਰਦੇਸ਼ ਦੇ ਭਾਜਪਾ ਰਾਜ ਦੀ ਪੁਲਿਸ ਨੇ ਸਬੂਤਾਂ ਦੇ ਆਧਾਰ ਉਤੇ ਬਣਾਏ ਹਨ। ਨਰਿੰਦਰ ਡਾਬੋਲਕਰ ਦੇ ਪਿੱਛੋਂ ਮਹਾਰਾਸ਼ਟਰ ਦੇ ਇਹੋ ਫਰਜ਼ ਨਿਭਾਉਣ ਵਾਲੇ ਕਾਮਰੇਡ ਗੋਵਿੰਦ ਪੰਸਾਰੇ ਨੂੰ ਕਤਲ ਕੀਤਾ ਗਿਆ ਸੀ। ਇਨ੍ਹਾਂ ਦੋਵਾਂ ਕਤਲਾਂ ਦੀ ਪੈੜ ਗੋਆ ਦੀ ਸਨਾਤਨ ਸੰਸਥਾ ਨਾਲ ਜੁੜੇ ਕੁਝ ਲੋਕਾਂ ਦੀ ਗ੍ਰਿਫਤਾਰੀ ਤੱਕ ਲੈ ਗਈ ਤੇ ਜਦੋਂ ਉਹ ਲੋਕ ਫੜੇ ਗਏ ਤਾਂ ਉਨ੍ਹਾਂ ਅਗਲੀ ਗੱਲ ਇਹ ਦੱਸ ਦਿੱਤੀ ਕਿ ਉਨ੍ਹਾਂ ਨੂੰ ਹਥਿਆਰਾਂ ਦੀ ਟਰੇਨਿੰਗ ਵੀ ਸਨਾਤਨ ਸੰਸਥਾ ਤੋਂ ਮਿਲੀ ਸੀ। ਗੋਆ ਦੀ ਸਨਾਤਨ ਸੰਸਥਾ ਬਾਰੇ ਲੋਕ ਦੁਹਾਈਆਂ ਪਾ ਰਹੇ ਹਨ ਕਿ ਬੱਚਿਆਂ ਨੂੰ ਹਿਪਨੋਟਾਈਜ਼ ਕਰ ਕੇ ਉਨ੍ਹਾਂ ਤੋਂ ਮਾੜੇ ਕੰਮ ਕਰਵਾਉਂਦੀ ਹੈ, ਪਰ ਉਥੋਂ ਦੀ ਭਾਜਪਾ ਸਰਕਾਰ ਕਾਰਵਾਈ ਨਹੀਂ ਕਰਦੀ, ਕਿਉਂਕਿ ਇੱਕ ਮੰਤਰੀ ਉਸ ਸੰਸਥਾ ਨਾਲ ਜੁੜਿਆ ਹੋਇਆ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਭੇਜਿਆ ਇੱਕ 'ਸ਼ੁਭ ਸੰਦੇਸ਼' ਵੀ ਉਸ ਸੰਸਥਾ ਦੇ ਕੋਲ ਪਿਆ ਹੈ।

ਪਿਛਲੇ ਮਹੀਨੇ ਕਰਨਾਟਕਾ ਵਿਚ ਇੱਕ ਸਾਬਕਾ ਵਾਈਸ ਚਾਂਸਲਰ ਮਲੇਸ਼ਅੱਪਾ ਮਾਦੀਵਾਲੱਪਾ ਕਲਬੁਰਗੀ ਦਾ ਕਤਲ ਹੋਇਆ ਸੀ। ਅੰਧ-ਸ਼ਰਧਾ ਤੇ ਜਾਦੂ-ਟੂਣੇ ਉਤੇ ਪਾਬੰਦੀ ਦੀ ਮੁਹਿੰਮ ਵਿਚ ਉਹ ਵੀ ਸਰਗਰਮ ਸੀ। ਕਤਲ ਦੀ ਜਾਂਚ ਜਿਨ੍ਹਾਂ ਦੋਸ਼ੀਆਂ ਤੱਕ ਪਹੁੰਚੀ, ਉਨ੍ਹਾਂ ਨੂੰ ਪੁਲਿਸ ਵੱਲੋਂ ਹੱਥ ਪਾਏ ਜਾਣ ਤੋਂ ਪਹਿਲਾਂ ਭਾਜਪਾ ਆਗੂ ਤੇ ਆਰ ਐਸ ਐਸ ਨਾਲ ਜੁੜੇ ਹੋਏ ਪ੍ਰਚਾਰਕ ਉਨ੍ਹਾਂ ਦੇ ਬਚਾਅ ਲਈ ਅੱਗੇ ਆ ਗਏ। ਉਹ ਕਹਿੰਦੇ ਸਨ ਕਿ ਹਰ ਵਾਰਦਾਤ ਦੇ ਲਈ ਹਿੰਦੂ ਸੰਸਥਾਵਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਮਹਾਰਾਸ਼ਟਰ ਵਿਚ ਉਨ੍ਹਾਂ ਦੀ ਆਪਣੀ ਸਰਕਾਰ ਹੈ। ਨਰਿੰਦਰ ਡਾਬੋਲਕਰ ਦਾ ਜਿਹੜਾ ਕਤਲ ਕਾਂਗਰਸੀ ਮੁੱਖ ਮੰਤਰੀ ਦੇ ਰਾਜ ਵੇਲੇ ਹੋਇਆ ਸੀ, ਉਸ ਦੀ ਜਾਂਚ ਗੋਆ ਦੀ ਸਨਾਤਨ ਸੰਸਥਾ ਤੱਕ ਭਾਜਪਾ ਮੁੱਖ ਮੰਤਰੀ ਦੀ ਪੁਲਿਸ ਨੇ ਪੁਚਾਈ ਹੈ। ਕੀ ਭਾਜਪਾ ਰਾਜ ਦੀ ਪੁਲਿਸ ਵੀ ਹਿੰਦੂ ਸੰਸਥਾਵਾਂ ਬਾਰੇ ਭਰਮ ਫੈਲਾਉਣ ਵਿਚ ਸ਼ਾਮਲ ਹੈ? ਉਹ ਤਾਂ ਇਨ੍ਹਾਂ ਦੇ ਆਪਣੇ ਹਨ, ਪਰ ਕਾਨੂੰਨੀ ਕਾਰਵਾਈ ਕਰਨੀ ਪਈ ਹੈ।

ਹੁਣ ਸਵਾਲ ਹੈ ਗੋਆ ਤੋਂ ਮਹਾਰਾਸ਼ਟਰ ਤੇ ਕਰਨਾਟਕਾ ਤੱਕ ਖਿੱਲਰ ਕੇ ਉਤਰ ਪ੍ਰਦੇਸ਼ ਦੇ ਇੱਕ ਪਿੰਡ ਤੀਕਰ ਪਹੁੰਚੀ ਤਾਣੀ ਲਈ ਬਣਾਏ ਗਏ ਬਹਾਨੇ ਦਾ। ਕਹਿੰਦੇ ਹਨ ਕਿ ਉਸ ਦੇ ਘਰ ਗਊ ਮਾਸ ਪਿਆ ਸੀ। ਮਾਸ ਓਥੇ ਜ਼ਰੂਰ ਪਿਆ ਸੀ, ਪਰ ਗਾਂ ਦਾ ਨਹੀਂ, ਬੱਕਰੇ ਦਾ ਮਾਸ ਸੀ। ਸਵਾਲ ਇਹ ਹੈ ਕਿ ਜੇ ਓਥੇ ਗਾਂ ਦਾ ਮਾਸ ਵੀ ਹੁੰਦਾ ਤਾਂ ਭੀੜ ਨੂੰ ਇਹ ਹੱਕ ਕੌਣ ਦੇਂਦਾ ਹੈ ਕਿ ਉਹ ਆਪ ਕਾਰਵਾਈ ਕਰੇ ਤੇ ਉਸ ਵਿਅਕਤੀ ਦਾ ਕਤਲ ਕਰ ਦੇਵੇ? ਇਸ ਪੱਖੋਂ ਗੱਲ ਜਦੋਂ ਕਰਨੀ ਹੈ ਤਾਂ ਇਹ ਉਤਰ ਪ੍ਰਦੇਸ਼ ਤੱਕ ਸੀਮਤ ਨਹੀਂ ਰੱਖੀ ਜਾ ਸਕਦੀ। ਅਸੀਂ ਪਿਛਲੇ ਮਹੀਨੇ ਚਰਚਾ ਸੁਣਦੇ ਅਤੇ ਕਰਦੇ ਰਹੇ ਹਾਂ ਕਿ ਮਹਾਰਾਸ਼ਟਰ ਤੋਂ ਸ਼ੁਰੂ ਕਰ ਕੇ ਭਾਰਤ ਵਿਚ ਜਿੱਥੇ ਵੀ ਭਾਜਪਾ ਸਰਕਾਰਾਂ ਹਨ, ਸਭ ਨੇ ਕੁਝ ਗਿਣੇ ਹੋਏ ਦਿਨਾਂ ਲਈ ਗਊ ਮਾਸ ਉਤੇ ਪਾਬੰਦੀ ਲਾ ਦਿੱਤੀ ਸੀ। ਪਾਬੰਦੀ ਠੀਕ ਜਾਂ ਗਲਤ ਬਾਰੇ ਅਸੀਂ ਚਰਚਾ ਕਰ ਚੁੱਕੇ ਹਾਂ, ਹੁਣ ਦੁਹਰਾਉਣ ਦਾ ਕੋਈ ਫਾਇਦਾ ਨਹੀਂ, ਸੋਚਣ ਦਾ ਨੁਕਤਾ ਇਹ ਹੈ ਕਿ ਉਨ੍ਹਾਂ ਖਾਸ ਦਿਨਾਂ ਲਈ ਪਾਬੰਦੀ ਲਾਉਣਾ ਹੀ ਦੱਸਦਾ ਹੈ ਕਿ ਬਾਕੀ ਸਾਰਾ ਸਾਲ ਓਥੇ ਗਾਂ ਦਾ ਮਾਸ ਖਾਣ ਦੀ ਕੋਈ ਪਾਬੰਦੀ ਨਹੀਂ। ਜਦੋਂ ਭਾਜਪਾ ਦੀਆਂ ਸਰਕਾਰਾਂ ਦੇ ਅਧੀਨ ਚੱਲਦੇ ਰਾਜਾਂ ਵਿਚ ਵੀ ਮਿੱਥੇ ਗਏ ਪਾਬੰਦੀ ਵਾਲੇ ਦਿਨਾਂ ਤੋਂ ਬਿਨਾਂ ਗਊ ਮਾਸ ਖਾਣ ਦੀ ਪਾਬੰਦੀ ਨਹੀਂ ਤਾਂ ਉਤਰ ਪ੍ਰਦੇਸ਼ ਵਿਚ ਕਿਸੇ ਵਿਅਕਤੀ ਵਿਰੁਧ ਗਾਂ ਦਾ ਮਾਸ ਖਾਣ ਦੇ ਨਾਂ ਹੇਠ ਇਸ ਤਰ੍ਹਾਂ ਭੀੜ ਭੜਕਾ ਕੇ ਇਹ ਕਾਰਵਾਈ ਕਿਹੜੇ ਮਕਸਦ ਦੀ ਪ੍ਰਾਪਤੀ ਲਈ ਕੀਤੀ ਜਾਂ ਕਰਵਾਈ ਗਈ ਹੈ?

ਮਕਸਦ ਸਾਫ ਹੈ ਕਿ ਉਤਰ ਪ੍ਰਦੇਸ਼ ਇਸ ਦੇਸ਼ ਦਾ ਸਭ ਤੋਂ ਵੱਡਾ ਰਾਜ ਹੈ, ਜਿਸ ਦੀ ਜੇਬ ਵਿਚ ਪਾਰਲੀਮੈਂਟ ਦੀਆਂ ਪੰਜ ਸੌ ਤਿਰਤਾਲੀ ਵਿਚੋਂ ਅੱਸੀ ਸੀਟਾਂ ਵਾਲਾ ਵੱਡਾ ਰੁੱਗ ਹੈ। ਜਿਹੜੀ ਸਿਆਸੀ ਧਿਰ ਪਿਛਲੇ ਸਾਲ ਲੋਕ ਸਭਾ ਚੋਣਾਂ ਮੌਕੇ ਓਥੋਂ ਦੀਆਂ ਅੱਸੀ ਵਿਚੋਂ ਇਕੱਤਰ ਸੀਟਾਂ ਜਿੱਤਣ ਵਿਚ ਕਾਮਯਾਬ ਰਹੀ, ਉਸ ਨੂੰ ਸਾਰੇ ਦੇਸ਼ ਵਿਚ ਹੁਣ ਪਾਣੀ ਲੱਥਦਾ ਮਹਿਸੂਸ ਹੋ ਰਿਹਾ ਹੈ ਤੇ ਡੇਢ ਸਾਲ ਬਾਅਦ ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਲਖਨਊ ਦੀ ਨਵਾਬੀ ਉਸ ਦੇ ਕਿਸੇ ਆਗੂ ਨੂੰ ਮਿਲਣ ਦੀ ਆਸ ਦਾ ਪੱਲਾ ਛੁੱਟਦਾ ਜਾਂਦਾ ਹੈ। ਉਸ ਰਾਜ ਵਿਚ ਲੋਕਾਂ ਨੂੰ ਇੱਕ ਵਾਰ ਫਿਰ ਓਸੇ ਧਰਮ ਲਈ ਅੰਧ-ਸ਼ਰਧਾ ਦੀ ਗੁੜ੍ਹਤੀ ਨਾਲ ਅਗਲੀ ਚੋਣ ਜੰਗ ਦੇ ਲਈ ਤਿਆਰ ਕੀਤਾ ਜਾ ਰਿਹਾ ਹੈ। 'ਸਮਾਧਾਨ ਸੈਨਾ' ਵਰਗੀਆਂ ਜਿਹੜੀਆਂ ਸੈਨਾਵਾਂ ਬਣਾਈਆਂ ਜਾ ਰਹੀਆਂ ਹਨ ਤੇ ਜਿਵੇਂ ਸਰਪੰਚ ਦੇ ਸ਼ਬਦਾਂ ਵਿਚ 'ਵਿਗੜਿਆ ਹੋਇਆ' ਹਰ ਕੋਈ ਮੁੰਡਾ ਉਨ੍ਹਾਂ ਨਾਲ ਜੋੜ ਕੇ ਇਹ ਖੇਡਾਂ ਹੋ ਰਹੀਆਂ ਹਨ, ਉਹ ਸੈਨਾ ਕਿਨ੍ਹਾਂ ਲਈ ਕੰਮ ਕਰਦੀ ਮੰਨੀ ਜਾ ਰਹੀ ਹੈ, ਇਸ ਬਾਰੇ ਆਮ ਲੋਕਾਂ ਨੂੰ ਪਤਾ ਹੈ। ਭਵਿੱਖ ਸਾਊ ਸੰਕੇਤ ਨਹੀਂ ਦੇ ਰਿਹਾ। ਜਿਨ੍ਹਾਂ ਨੇ 'ਅੱਛੇ ਦਿਨ ਆਨੇ ਵਾਲੇ' ਦਾ ਨਾਅਰਾ ਦਿੱਤਾ ਸੀ, ਉਹ ਹੁਣ ਭਾਰਤ ਦੀ ਆਮ ਜਨਤਾ ਲਈ ਸਮਾਜ ਦੇ 'ਵਿਗੜੇ ਹੋਏ' ਤੱਤਾਂ ਨੂੰ ਅੱਗੇ ਲਾ ਕੇ ਕਿੱਦਾਂ ਦੇ 'ਅੱਛੇ ਦਿਨ' ਲਿਆਉਣਗੇ, ਇਸ ਬਾਰੇ ਓਹਲਾ ਨਹੀਂ ਰਹਿ ਸਕਦਾ।

WEBSITE - DHOLRADIO.CO
DHOL RADIO
ਪਿੰਡ ਤੋਂ ਚੱਲਣ ਵਾਲਾ ਦੁਨੀਆਂ ਦਾ ਪਹਿਲਾ ਪੰਜਾਬੀ ਰੇਡੀਓ
REQUEST SONG
MUSIC 24/7
LISTEN ON PHONE
ਹੁਣ ਸ਼ਿਕਾਗੋ ਤੋਂ
Application For Android and iPhone - Dhol Radio
LIVE CALLS → USA 951-824-6365
skype - DHOLRADIO.ORG
LISTEN BY CALL → USA 702-489-0211
Sukhpal Gill 10 pm to 12 am (IST)
Puran singh waraich 2:30 pm to 4 pm (IST)



SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR
JET AIRWAYS DELTA, AIR INDIA, KLM, LUFTHANSA.
For Emergency Call anytime at 847-673-3825
EARLY BIRD SALE!!!!
India $545
London $250



Flat Rate Funding Group
Are you tired of waiting to get paid on your outstanding freight invoices?
Get your $$$ now!
At Flat Rate Funding Group, we offer the lowest fixed factoring rate in the transportation industry-
***1.5%!***
Call Goldy Dhillon 734-444-9625
sales@flatratefunding.com
ਕੀ ਤੁਸੀਂ ਆਪਣੀਆਂ ਫਰੇਟ ਇਨਵਾਇਸਾਂ ਦੀ ਬੇਸਬਰੀ ਨਾਲ ਉਡੀਕ ਕਰ ਰਹੇ ਹੋ?
ਅੱਜ ਹੀ ਲੋੜੀਂਦਾ ਪੈਸਾ ਲਓ
ਫਲੈਟ ਰੇਟ ਫੰਡਿੰਗ ਗਰੁਪ ਵਲੋਂ ਟਰਾਂਸਪੋਰਟੇਸ਼ਨ ਇੰਡਸਟਰੀ ਵਿਚ ਸਭ ਤੋਂ ਘੱਟ ਤੇ ਨਿਸ਼ਚਤ ਦਰਾਂ ਉਤੇ ਪੈਸਾ ਦਿੱਤਾ ਜਾਂਦਾ ਹੈ
ਅੱਜ ਹੀ ਸੰਪਰਕ ਕਰੋ
ਗੋਲਡੀ ਢਿੱਲੋਂ, ਫੋਨ: 734-444-9625



# ਗੋਵਰਧਨ ਗੱਬੀ ਦੀ ਪੁਸਤਕ 'ਪੂਰਨ ਕਥਾ' ਰਿਲੀਜ਼

**ਟੋਰਾਂਟੋ, ਕੈਨੇਡਾ (ਬਿਊਰੋ):** ਕੈਨੇਡਾ ਦੌਰੇ 'ਤੇ ਆਏ ਪੰਜਾਬੀ ਸਾਹਿਤਕਾਰ ਗੋਵਰਧਨ ਗੱਬੀ ਦੀ ਨਵੀਂ ਕਿਤਾਬ 'ਪੂਰਨ ਕਥਾ' ਸਥਾਨਕ 'ਪੰਜਾਬੀ ਕਲਮਾਂ ਦਾ ਕਾਫਲਾ' ਸਭਾ ਦੀ ਹੋਈ ਮਹੀਨੇਵਾਰ ਮੀਟਿੰਗ ਵਿਚ ਰਿਲੀਜ਼ ਕੀਤੀ ਗਈ। ਪੁਸਤਕ ਰਿਲੀਜ਼ ਕਰਨ ਦੀ ਰਸਮ ਨਾਮਵਰ ਸਾਹਿਤਕਾਰਾਂ ਸੁਰਜਨ ਜ਼ੀਰਵੀ, ਵਰਿਆਮ ਸਿੰਘ ਸੰਧੂ, ਕੁਲਵਿੰਦਰ ਖਹਿਰਾ ਤੇ ਬਰਜਿੰਦਰ ਕੌਰ ਗੁਲਾਟੀ ਨੇ ਨਿਭਾਈ। ਇਹ ਕਿਤਾਬ ਚੰਡੀਗੜ੍ਹ ਸਾਹਿਤ ਅਕਾਦਮੀ (ਚੰਡੀਗੜ੍ਹ) ਵੱਲੋਂ ਮਿਲੀ ਵਿਤੀ ਮਦਦ ਨਾਲ ਛਾਪੀ ਗਈ ਹੈ।

ਗੋਵਰਧਨ ਗੱਬੀ ਨੇ ਦੱਸਿਆ ਕਿ ਇਹ ਕਿਤਾਬ ਉਨ੍ਹਾਂ ਦੇ ਮਰਹੂਮ ਪਿਤਾ ਸ਼੍ਰੀ ਪੂਰਨ ਚੰਦ ਦੇ ਸੰਘਰਸ਼ਮਈ ਜੀਵਨ ਬਾਰੇ ਹੈ। ਕਿਤਾਬ ਛੇ ਭਾਗਾਂ ਵਿਚ ਵੰਡੀ ਹੋਈ ਹੈ ਜਿਸ ਦੀ ਸ਼ੁਰੂਆਤ ਵੰਡ ਦੇ ਸਮੇਂ ਤੋਂ ਹੁੰਦੀ ਹੈ। ਗੋਵਰਧਨ ਗੱਬੀ ਅਨੁਸਾਰ ਉਸ ਵੇਲੇ ਉਨ੍ਹਾਂ ਦੇ ਪਿਤਾ ਦੀ ਉਮਰ ਦਸ ਗਿਆਰਾਂ ਸਾਲ ਦੀ ਸੀ। ਉਨ੍ਹਾਂ ਦਾ ਪਰਿਵਾਰ ਪਾਕਿਸਤਾਨ ਬਣਨ ਦੇ ਬਾਵਜੂਦ ਭਾਰਤ ਵੱਲ ਪਲਾਇਨ ਨਹੀਂ ਸੀ ਕਰਨਾ ਚਾਹੁੰਦਾ। ਉਨ੍ਹਾਂ ਨੂੰ ਯਕੀਨ ਹੀ ਨਹੀਂ ਸੀ ਆਉਂਦਾ ਕਿ ਸਦੀਆਂ ਤੋਂ ਇੱਕਠੇ ਰਹਿ ਰਹੇ ਲੋਕ ਅਚਾਨਕ ਵੱਖ ਹੋ ਜਾਣਗੇ। ਦੋ ਮੁਲਕਾਂ ਵਿਚ ਵੰਡੇ ਜਾਣਗੇ ਪਰ ਉਸ ਵੇਲੇ ਦੇ ਸਿਆਸੀ ਨੇਤਾਵਾਂ ਦੇ ਕੌਤਕਾਂ ਅੱਗੇ ਆਮ ਲੋਕਾਂ





ਦੀ ਕੋਈ ਨਹੀਂ ਚਲੀ ਤੇ ਦੇਸ਼ ਵੰਡਿਆ ਗਿਆ। ਫਿਰ ਹਾਲਾਤ ਇੰਜ ਦੇ ਬਣਦੇ ਗਏ ਕਿ ਉਹ ਕਈ ਵਾਰੀ ਲੁੱਟਾਂ-ਖਸੁੱਟਾਂ ਦੇ ਸ਼ਿਕਾਰ ਹੁੰਦੇ ਹੋਏ ਤੇ ਆਪਣੇ ਹੀ ਵਾਕਫਕਾਰਾਂ ਕੋਲੋਂ ਮਾਰਾਂ ਖਾਂਦੇ ਹੋਏ ਕਿਸੇ ਨਾ ਕਿਸੇ ਤਰ੍ਹਾਂ ਭਾਰਤੀ ਪੰਜਾਬ ਪਹੁੰਚ ਗਏ ਸਨ।

1947 ਦੀ ਵੰਡ ਦਾ ਮਾਰਮਿਕ ਵਰਣਨ ਇਸ ਗੱਲ ਦਾ ਗਵਾਹ ਹੈ ਕਿ ਕਿੰਜ ਲੋਕ ਰਾਤੋ ਰਾਤ ਹੀ ਇੱਕ ਦੂਸਰੇ ਦੇ ਦੁਸ਼ਮਣ ਬਣ ਗਏ ਸਨ। ਕਿੰਜ ਸਦੀਆਂ ਤੋਂ ਇੱਕਠੇ ਰਹਿ ਰਹੇ ਹਿੰਦੂ, ਸਿੱਖ ਤੇ ਮੁਸਲਮਾਨ ਇੱਕ ਦੂਸਰੇ ਦੇ ਖੂਨ ਦੇ ਪਿਆਸੇ ਬਣ ਗਏ ਸਨ।

ਭਾਰਤ ਪਹੁੰਚ ਕੇ ਉਨ੍ਹਾਂ ਦਾ ਪਰਿਵਾਰ ਰੋਟੀ ਰੋਜੀ ਵਾਸਤੇ ਹੱਥ ਪੈਰ ਮਾਰਦਾ ਦਿਹਾੜੀਆਂ ਲਾਉਂਦਾ ਹੈ ਤੇ ਲੋਕਾਂ ਦੇ ਘਰੀਂ ਕੰਮ ਕਰਦਾ ਹੈ। ਪੂਰਨ ਆਪਣੇ ਵੱਡੇ ਭਰਾ ਸਮੇਤ ਜ਼ਿਮੀਦਾਰਾਂ ਦੇ ਘਰ ਰਹਿ ਕੇ ਉਨ੍ਹਾਂ ਦੇ ਘਰੇਲੂ ਕੰਮਕਾਜ ਕਰਦਾ ਤੇ ਡੰਗਰ ਚਾਰਦਾ ਹੋਇਆ ਜੁਆਨ ਹੁੰਦਾ ਹੈ।

ਫਿਰ ਪੂਰਨ ਅਠਾਰਾਂ ਸਾਲ ਦੀ ਉਮਰ ਵਿਚ ਭਾਰਤੀ ਫੌਜ ਵਿਚ ਸਿਪਾਹੀ ਭਰਤੀ ਹੋ ਜਾਂਦਾ ਹੈ। ਕੇਵਲ ਅੱਠ ਕੁ ਸਾਲ ਦੀ ਨੌਕਰੀ ਬਾਅਦ ਸਾਲਾਨਾ ਛੁੱਟੀ ਆਇਆਂ ਉਸ ਨਾਲ ਇਕ ਹਾਦਸਾ ਵਾਪਰ ਜਾਂਦਾ ਹੈ ਤੇ ਉਹ ਆਪਣਾ ਖੱਬਾ ਹੱਥ ਗਵਾ ਲੈਂਦਾ ਹੈ। ਪਰ ਉਸ ਵੇਲੇ ਉਸ ਦੀ ਨਵ ਵਿਆਹੀ ਪਤਨੀ ਉਸ ਦਾ ਜੀਵਨ ਭਰ ਸਾਥ ਦੇਣ ਦਾ ਵਚਨ ਦਿੰਦੀ ਹੈ, ਜੋ ਉਹ ਪੁਗਾਂਦੀ ਵੀ ਹੈ। ਉਸ ਵੇਲੇ ਦੀ ਸਰਕਾਰ ਨਿਯਮਾਂ ਮੁਤਾਬਿਕ ਉਸ ਨੂੰ ਬਿਨਾਂ ਪੈਨਸ਼ਨ ਦਿੱਤਿਆਂ ਫੌਜ ਤੋਂ ਹਮੇਸ਼ਾ ਵਾਸਤੇ ਛੁੱਟੀ ਕਰ ਦਿੰਦੀ ਹੈ। ਉਹ ਨਕਾਰਾ ਤੇ ਬੇਕਾਰ ਹੋ ਜਾਂਦਾ ਹੈ ਪਰ ਉਹ ਹਾਰ ਨਹੀਂ ਮੰਨਦਾ ਤੇ ਜ਼ਿੰਦਗੀ ਨਾਲ ਬਾਇੱਜ਼ਤ ਦੋ ਹੱਥ ਕਰਨ ਦਾ ਮਨ ਬਣਾ ਲੈਂਦਾ ਹੈ। ਉਹ ਚਪੜਾਸੀ ਦੀ ਨੌਕਰੀ ਕਰਦਾ ਹੈ, ਦੁਕਾਨ ਚਲਾਉਂਦਾ ਹੈ ਤੇ ਸਾਈਕਲ ਉਪਰ ਪਿੰਡ ਪਿੰਡ ਫੇਰੀ ਲਗਾ ਕੇ ਚਪਲਾਂ-ਬੂਟ ਆਦਿ ਵੇਚਦਾ ਹੈ। ਉਨ੍ਹਾਂ ਦੇ ਘਰ ਬੱਚੇ ਹੁੰਦੇ ਹਨ। ਉਹ ਜ਼ਮੀਨ ਖਰੀਦਦਾ ਹੈ। ਬਾਗ ਲਗਾਉਂਦਾ ਹੈ। ਬੱਚੇ ਪੜ੍ਹ ਲਿਖ ਕੇ ਡਾਕਟਰ, ਇੰਜੀਨੀਅਰ ਬਣਦੇ ਹਨ। ਜ਼ਿੰਦਗੀ ਵਿਚ ਸਫ਼ਲ ਹੁੰਦੇ ਹਨ। ਉਹ ਅਪੂਰਨ ਹੋ ਕੇ ਵੀ ਇੱਕ ਪੂਰਨ ਮਨੁੱਖ ਦੀ ਤਰ੍ਹਾਂ ਜੀਵਨ ਨੂੰ ਆਤਮ ਸਨਮਾਨ ਨਾਲ ਜਿਉਂਦਾ ਹੈ। ਅਖੀਰ ਉਹ ਆਪਣੇ ਪੁੱਤਰਾਂ ਨਾਲ ਚੰਡੀਗੜ੍ਹ ਵਿਚ ਰਹਿੰਦਾ ਹੋਇਆ 2012 ਵਿਚ ਆਪਣਾ ਜੀਵਨ ਸਫਰ ਪੂਰਾ ਕਰਦਾ ਸਵਰਗ ਸਿਧਾਰ ਜਾਂਦਾ ਹੈ।

ਗੱਬੀ ਨੇ ਦੱਸਿਆ ਕਿ ਪੂਰਨ ਕਥਾ ਸਾਨੂੰ ਸਬਕ ਦਿੰਦੀ ਹੈ ਕਿ ਹਾਲਾਤ ਕੁਝ ਵੀ ਹੋ ਜਾਣ, ਮਨੁੱਖ ਨੂੰ ਕਦੇ ਵੀ ਹਿੰਮਤ ਨਹੀਂ ਹਾਰਨੀ ਚਾਹੀਦੀ ਤੇ ਲਗਾਤਾਰ ਚਲਦੇ ਰਹਿਣਾ ਚਾਹੀਦਾ ਹੈ।

ਸਮਾਗਮ ਵਿਚ ਇਕਬਾਲ ਰਾਮੂਵਾਲੀਆ, ਗੁਰਦਿਆਲ ਬੱਲ, ਪ੍ਰਿੰ. ਸਰਵਣ ਸਿੰਘ, ਜਗੀਰ ਸਿੰਘ ਕਾਹਲੋਂ, ਲਵੀਨ ਕੌਰ ਗਿੱਲ, ਸਾਹਿਬ ਸਿੰਘ ਗਿੱਲ, ਵਕੀਲ ਕਲੇਰ, ਆਰਟਿਸਟ ਪਰਤੀਕ ਤੇ ਹੋਰ ਬਹੁਤ ਸਾਰੇ ਸਾਹਿਤਕਾਰ ਹਾਜ਼ਰ ਸਨ।

# ਕੈਨੇਡਾ 'ਚ 'ਨਕਸਲੀ ਲਹਿਰ ਤੇ ਪੰਜਾਬੀ ਨਾਵਲ' ਬਾਰੇ ਗੋਸ਼ਟੀ

**ਵੈਨਕੂਵਰ, ਕੈਨੇਡਾ (ਬਿਊਰੋ):** ਪੰਜਾਬੀ ਸਾਹਿਤਕ ਅਤੇ ਸਭਿਆਚਾਰਕ ਵਿਚਾਰ ਮੰਚ, ਸਰੀ ਵੱਲੋਂ 'ਨਕਸਲਬਾੜੀ ਲਹਿਰ ਅਤੇ ਪੰਜਾਬੀ ਨਾਵਲ' ਬਾਰੇ ਇਕ ਸੈਮੀਨਾਰ ਇਥੇ ਕਰਵਾਇਆ ਗਿਆ ਜਿਸ ਵਿਚ ਆਸ-ਪਾਸ ਦੇ ਸ਼ਹਿਰਾਂ ਤੋਂ ਵਿਦਵਾਨਾਂ, ਚਿੰਤਕਾਂ ਅਤੇ ਸੁਚੇਤ ਪਾਠਕਾਂ ਨੇ ਸਰਗਰਮ ਹਿੱਸਾ ਲਿਆ। ਪ੍ਰਧਾਨਗੀ ਮੰਡਲ ਵਿਚ ਪ੍ਰੋ. ਹਰਭਜਨ ਸਿੰਘ, ਮਹਿੰਦਰਪਾਲ ਧਾਲੀਵਾਲ, ਹਰਜਿੰਦਰ ਪੰਧੇਰ ਅਤੇ ਡਾ. ਸੁਰਿੰਦਰ ਧੰਜਲ ਸ਼ਾਮਲ ਸਨ।

ਮੰਚ ਦੇ ਜਨਰਲ ਸਕੱਤਰ ਅਤੇ ਕਹਾਣੀਕਾਰ ਅਮਰਜੀਤ ਚਾਹਲ ਨੇ ਹਾਜ਼ਰੀਨ ਦਾ ਸਵਾਗਤ ਕਰਦਿਆਂ ਸੈਮੀਨਾਰ ਦਾ ਆਗਾਜ਼ ਕੀਤਾ। ਸਟੇਜ ਸਕੱਤਰ ਸਤਵੰਤ ਦੀਪਕ ਨੇ ਸੈਮੀਨਾਰ ਦੀ ਰੂਪ ਰੇਖਾ ਪੇਸ਼ ਕਰਦਿਆਂ ਇਸ ਦੇ ਮੰਤਵ ਬਾਰੇ ਕੁਝ ਨੁਕਤੇ ਸਾਂਝੇ ਕੀਤੇ। ਉਪਰੰਤ ਕਰਨਾਟਕਾ ਤੋਂ ਕੰਨੜ ਸਾਹਿਤ ਦੇ ਤਰਕਸ਼ੀਲ, ਫਿਰਕਾਪ੍ਰਸਤੀ ਵਿਰੋਧੀ, ਪ੍ਰਗਤੀਸ਼ੀਲ ਲੇਖਕ ਸ੍ਰੀ ਐਮ ਐਮ ਕੁਲਵਰਗੀ ਦੇ ਫਾਸ਼ੀਵਾਦੀ ਤੱਤਾਂ ਹੱਥੋਂ ਕਤਲ ਦੇ ਵਿਰੁਧ ਮਤਾ ਪਾਸ ਕਰਦਿਆਂ ਦੋ ਮਿੰਟ ਦਾ ਮੌਨ ਧਾਰ ਕਰ ਕੇ ਸ਼ਰਧਾਂਜਲੀ ਭੇਟ ਕੀਤੀ ਗਈ।

ਡਾ. ਸੁਰਜੀਤ ਬਰਾੜ ਅਤੇ ਮਹਿੰਦਰਪਾਲ ਧਾਲੀਵਾਲ ਵਲੋਂ ਸੰਪਾਦਿਤ ਨਿਬੰਧ ਸੰਗ੍ਰਿਹ 'ਨਕਸਲਬਾੜੀ ਲਹਿਰ ਅਤੇ ਪੰਜਾਬੀ ਨਾਵਲ' ਲੋਕ ਅਰਪਣ ਕੀਤਾ ਗਿਆ। ਇਸ ਸੰਗ੍ਰਿਹ ਵਿਚ ਪੰਜਾਬੀ ਦੇ ਨਾਮਵਰ ਵਿਦਵਾਨਾਂ ਦੇ 23 ਖੋਜ ਨਿਬੰਧ ਸ਼ਾਮਲ ਕੀਤੇ ਗਏ ਹਨ। ਇਸ ਸੰਗ੍ਰਿਹ ਬਾਰੇ ਸਾਹਿਤ ਸਭਾ ਕੈਲੀਫੋਰਨੀਆ ਦੇ ਪ੍ਰਧਾਨ ਹਰਜਿੰਦਰ ਸਿੰਘ ਪੰਧੇਰ ਨੇ ਖੋਜ ਭਰਪੂਰ ਪਰਚਾ ਪੜ੍ਹਦਿਆਂ ਨਕਸਲਬਾੜੀ ਲਹਿਰ ਦੇ ਪਿਛੋਕੜ, ਕੁਰਬਾਨੀਆਂ, ਲੋਕ ਹਿਤੈਸ਼ੀ ਸਰੋਕਾਰਾਂ ਅਤੇ ਦੇਸ਼ ਵਿਆਪੀ ਪਸਾਰ ਦੀ ਗੱਲ ਕਰਦਿਆਂ ਮਾਰਕਸਵਾਦੀ ਵਿਚਾਰਧਾਰਾ ਨੂੰ ਹਿੰਦੁਸਤਾਨ ਦੀਆਂ ਠੋਸ ਹਕੀਕਤਾਂ ਵਿਚ ਲਾਗੂ ਕਰਨ ਦੀਆਂ ਵਿਹਾਰਕ ਸਮੱਸਿਆਵਾਂ ਤੋਂ ਇਲਾਵਾ ਸਾਮਰਾਜੀ ਤਾਕਤਾਂ ਤੇ ਹਾਕਮ ਜਮਾਤਾਂ ਦੇ ਗਠਜੋੜ ਵਲੋਂ ਖੱਪਤ ਅਤੇ ਲੱਚਰ ਸਭਿਆਚਾਰ ਦੇ ਹਮਲੇ, ਵਿਦਿਆ ਦੇ ਬਾਜ਼ਾਰੀਕਰਨ ਅਤੇ ਅੰਨੇ ਤਕਨੀਕੀ ਵਿਕਾਸ ਦੇ ਬੁਰੇ ਪ੍ਰਭਾਵ ਬਾਰੇ ਵਿਸਥਾਰ ਸਹਿਤ ਚਰਚਾ ਕੀਤੀ।

ਬਹੁ-ਚਰਚਿਤ ਨਾਵਲ 'ਰੁੱਤਾਂ ਲਹੂ ਲੁਹਾਣ' ਦੇ ਰਚੈਤਾ ਮਹਿੰਦਰਪਾਲ ਸਿੰਘ ਧਾਲੀਵਾਲ ਨੇ ਆਪਣੇ ਨਾਵਲ ਦੀ ਸਿਰਜਣ ਪ੍ਰਕਿਰਿਆ ਬਾਰੇ ਦੱਸਦਿਆਂ ਨਕਸਲਬਾੜੀ ਲਹਿਰ ਨੂੰ ਦਰਪੇਸ਼ ਚਣੌਤੀਆਂ ਤੇ ਹਕੀਕੀ ਸਮੱਸਿਆਵਾਂ ਬਾਰੇ ਚਰਚਾ ਛੇੜੀ।

ਇੰਗਲੈਂਡ ਤੋਂ ਆਏ ਨਾਵਲਕਾਰ ਮਹਿੰਦਰਪਾਲ ਧਾਲੀਵਾਲ ਨੇ ਤਮਾਮ ਪ੍ਰਗਤੀਸ਼ੀਲ



ਸਾਹਿਤਕਾਰਾਂ ਤੇ ਅਗਾਂਹਵਧੂ ਸਮਾਜਕ ਵਰਕਰਾਂ ਦੀ ਫੌਰੀ ਪ੍ਰੋਗਰਾਮ ਆਧਾਰਤ ਇਕਜੁਟਤਾ ਅਤੇ ਸਾਂਝੀ ਕਾਰਵਾਈ ਦਾ ਸੰਕਲਪ ਪੇਸ਼ ਕੀਤਾ।

ਡਾ. ਸੁਰਿੰਦਰ ਧੰਜਲ ਨੇ 'ਨਕਸਲਬਾੜੀ ਲਹਿਰ ਅਤੇ ਪੰਜਾਬੀ ਨਾਵਲ' ਖੋਜ ਨਿਬੰਧ ਸੰਗ੍ਰਿਹ ਵਿਚ ਲਹਿਰ ਬਾਰੇ ਵਿਚਾਰੇ ਗਏ ਪ੍ਰਮੁੱਖ ਨਾਵਲਾਂ ਤੋਂ ਇਲਾਵਾ ਪੰਦਰਾਂ ਦੇ ਕਰੀਬ ਹੋਰ ਨਾਵਲਾਂ ਨੂੰ ਵੀ ਆਪਣੀ ਚਰਚਾ ਦਾ ਵਿਸ਼ਾ ਬਣਾ ਕੇ ਉਸਾਰੂ ਵਿਚਾਰ ਪੇਸ਼ ਕੀਤੇ।

ਤ੍ਰੈਲੜੀ ਨਾਵਲ 'ਜੋ ਹਾਰੇ ਨਹੀਂ' ਦੇ ਲੇਖਕ ਪ੍ਰੋ. ਹਰਭਜਨ ਸਿੰਘ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਹੁਣ ਜਦੋਂ ਵਿਸ਼ਵ ਸਰਵਹਾਰਾ ਇਨਕਲਾਬੀ ਸੰਗਰਾਮ ਨੂੰ ਹਰ ਥਾਂ ਗੰਭੀਰ ਨੁਕਸਾਨ ਝੱਲਣੇ ਪਏ ਹਨ, ਸਮੁੱਚੀ ਇਨਕਲਾਬੀ ਲਹਿਰ ਮੱਠੀ ਪੈ ਗਈ ਹੈ, ਇਸ ਸਥਿਤੀ ਵਿਚ ਵਿਸ਼ਵ ਵਿਆਪੀ ਸਾਹਿਤਕ ਸਭਿਆਚਾਰਕ ਲਹਿਰ ਦਾ ਮਹੱਤਵ ਹੋਰ ਵੀ ਵਧ ਗਿਆ ਹੈ। ਉਨ੍ਹਾਂ ਇਹ ਵੀ ਕਿਹਾ ਕਿ ਕਾਰਪੋਰੇਟ ਵਿਸ਼ਵੀਕਰਨ ਦੇ ਇਸ ਦੌਰ ਵਿਚ ਪ੍ਰਗਤੀਸ਼ੀਲ ਸਾਹਿਤਕਾਰਾਂ ਦੀ ਜ਼ਿੰਮੇਵਾਰੀ ਹੋਰ ਵਧ ਗਈ ਹੈ। ਹਰਲੇਮ ਜਾਗ੍ਰਿਤੀ (ਸੰਨ 1920-1935) ਲਹਿਰ ਦਾ ਜ਼ਿਕਰ ਕਰਦਿਆਂ ਪ੍ਰੋ. ਹਰਭਜਨ ਸਿੰਘ ਨੇ ਕਿਹਾ, ਜਿਸ ਤਰ੍ਹਾਂ ਐਫਰੋ-ਅਮਰੀਕਨ ਸਾਹਿਤ ਨੇ 'ਕਾਲਾ ਰੰਗ ਬੁਲੰਦ ਤੇ ਖੂਬਸੂਰਤ' ਹੈ (ਭਲਅਚਕ ਸਿ ਬੋਲਦ ਅਨਦ ਬਇਅੁਟਿ੍ਲ) ਵਰਗਾ ਨਾਹਰਾ ਬੁਲੰਦ ਕਰ ਕੇ ਸਾਹਿਤ, ਕਲਾ ਅਤੇ ਸੰਗੀਤ ਵਿਚ ਵੱਡੀ ਹਲਚਲ ਲਿਆਂਦੀ ਸੀ, ਉਸੇ ਤਰ੍ਹਾਂ ਨਵੀਂ ਕਿਸਮ ਦੀ ਅੰਤਰ-ਰਾਸ਼ਟਰੀ ਗੁਲਾਮੀ ਅਤੇ ਫਾਸ਼ੀਵਾਦ ਦੇ ਵਿਰੁਧ ਵਿਸ਼ਵ ਵਿਆਪੀ ਸਾਹਿਤਕ ਸਭਿਆਚਾਰਕ ਵਿਸਫੋਟ ਦੀ ਲੋੜ ਹੈ।

ਉਪਰੰਤ ਹੋਈ ਭਖਵੀਂ ਬਹਿਸ ਵਿਚ ਬਲਦੇਵ ਦੂਹੜੇ, ਅਜਮੇਰ ਰੋਡੇ, ਪਰਮਿੰਦਰ ਸਵੈਚ, ਹਰਭਜਨ ਚੀਮਾ, ਅਵਤਾਰ ਸਿੰਘ ਗਿੱਲ, ਸੀਤਾ ਰਾਮ (ਚੇਤਨਾ ਮੰਚ) ਆਦਿ ਵਿਦਵਾਨਾਂ ਨੇ ਹਿੱਸਾ ਲਿਆ। ਡਾ. ਸੁਰਿੰਦਰ ਧੰਜਲ ਨੇ ਨਕਸਲਬਾੜੀ ਲਹਿਰ ਬਾਰੇ ਵੀਹ ਨਾਵਲਾਂ ਦੀ ਪ੍ਰਦਰਸ਼ਨੀ ਲਾਈ ਜਿਸ ਨੇ ਦਰਸ਼ਕਾਂ ਦਾ ਧਿਆਨ ਖਿਚਿਆ।

# ਪੰਜਾਬੀ ਸਾਹਿਤ ਸਭਾ ਐਬਟਸਫੋਰਡ ਦਾ 8ਵਾਂ ਸਥਾਪਨਾ ਦਿਵਸ ਮਨਾਇਆ

**ਕੈਨੇਡਾ (ਬਿਊਰੋ):** ਪੰਜਾਬੀ ਸਾਹਿਤ ਸਭਾ, ਐਬਟਸਫੋਰਡ ਦਾ 8ਵਾਂ ਸਥਾਪਨਾ ਦਿਵਸ ਲੰਘੀ 27 ਸਤੰਬਰ ਨੂੰ ਇਥੇ ਗੁਰਦੁਆਰਾ ਖਾਲਸਾ ਦੀਵਾਨ ਸੁਸਾਇਟੀ, ਐਬਟਸਫੋਰਡ ਦੇ ਲਾਇਬ੍ਰੇਰੀ ਹਾਲ ਵਿਚ ਉਤਸ਼ਾਹ ਨਾਲ ਮਨਾਇਆ ਗਿਆ।



ਸਮਾਗਮ ਦੀ ਪ੍ਰਧਾਨਗੀ ਕਰਦਿਆਂ ਸੁਰਜੀਤ ਸਿੰਘ ਅੱਚਰਵਾਲ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਆਖਿਆ। ਸਟੇਜ ਸਕੱਤਰ ਸੁਰਜੀਤ ਕਲਸੀ ਨੇ ਮਹਿਮਾਨ ਸਾਹਿਤਕਾਰਾਂ-ਪ੍ਰੋ. ਹਰਭਜਨ ਸਿੰਘ, ਨਾਵਲਕਾਰ ਮਹਿੰਦਰਪਾਲ ਸਿੰਘ ਧਾਲੀਵਾਲ ਤੇ ਕੈਲੀਫੋਰਨੀਆ ਸਾਹਿਤ ਸਭਾ ਦੇ ਪ੍ਰਧਾਨ ਹਰਜਿੰਦਰ ਸਿੰਘ ਪੰਧੇਰ ਨੂੰ ਸਟੇਜ 'ਤੇ ਬੈਠਣ ਦਾ ਸੱਦਾ ਦਿੱਤਾ। ਇਨ੍ਹਾਂ ਸਾਹਿਤਕਾਰਾਂ ਨੇ ਪ੍ਰੋ. ਹਰਭਜਨ ਸਿੰਘ ਰਚਿਤ ਨਾਵਲ 'ਜੋ ਹਾਰੇ ਨਹੀਂ' ਅਤੇ ਮਹਿੰਦਰਪਾਲ ਧਾਲੀਵਾਲ ਰਚਿਤ 'ਰੁੱਤਾਂ ਲਹੂ ਲੁਹਾਣ' ਬਾਰੇ ਵਿਚਾਰ-ਚਰਚਾ ਕਰਦਿਆਂ ਦੱਸਿਆ ਕਿ ਇਨ੍ਹਾਂ ਨਾਵਲਾਂ ਬਾਰੇ ਵਿਦਵਾਨਾਂ ਵਲੋਂ ਲਿਖੇ ਕੋਈ 22 ਲੇਖ 'ਨਕਸਲਬਾੜੀ ਸਾਹਿਤ ਤੇ ਪੰਜਾਬੀ ਨਾਵਲ' ਪੁਸਤਕ ਵਿਚ ਦਰਜ ਹਨ।

ਸਮਾਗਮ ਦੇ ਅਰੰਭ ਵਿਚ ਪ੍ਰੋ. ਹਰਭਜਨ ਸਿੰਘ, ਮਹਿੰਦਰਪਾਲ ਧਾਲੀਵਾਲ ਤੇ ਹਰਜਿੰਦਰ ਸਿੰਘ ਪੰਧੇਰ ਬਾਰੇ ਜਾਣਕਾਰੀ ਕਹਾਣੀਕਾਰ ਅਮਰਜੀਤ ਚਾਹਲ ਨੇ ਦਿੱਤੀ ਅਤੇ ਉਨ੍ਹਾਂ ਦੀ ਸਾਹਿਤਕ ਦੇਣ ਬਾਰੇ ਜਾਣਕਾਰੀ ਨਾਮਵਰ ਸਾਹਿਤਕਾਰ ਅਜਮੇਰ ਰੋਡੇ ਨੇ ਸਾਂਝੀ ਕੀਤੀ। ਇਸ ਮੌਕੇ ਮਹਿਮਾਨ ਸਾਹਿਤਕਾਰਾਂ ਦਾ ਪਲੇਕਾਂ ਦੇ ਕੇ ਸਨਮਾਨ ਕੀਤਾ ਗਿਆ।

ਇਸ ਸਮੇਂ ਸਰੋਤਿਆਂ ਦੇ ਸਵਾਲਾਂ ਦਾ ਜੁਆਬ ਦਿੰਦਿਆਂ ਇਨ੍ਹਾਂ ਲੇਖਕਾਂ ਨੇ ਆਪਣੇ ਪਿਛੋਕੜ ਬਾਰੇ ਜਾਣਕਾਰੀ ਦੇਣ ਦੇ ਨਾਲ ਨਾਲ ਆਪਣੇ ਸਿਰਜਣਾ ਸਫਰ ਬਾਰੇ ਵਿਚਾਰ ਸਾਂਝੇ ਕੀਤੇ। ਇਸ ਤੋਂ ਇਲਾਵਾਂ ਪ੍ਰੋ. ਗੁਰਮੀਤ ਸਿੰਘ ਟਿਵਾਣਾ, ਅਜਮੇਰ ਰੋਡੇ, ਅਮਰਜੀਤ ਚਾਹਲ, ਪਿਆਰਾ ਸਿੰਘ ਤੇ ਹੋਰਾਂ ਨੇ ਵਿਚਾਰ-ਚਰਚਾ ਵਿਚ ਹਿੱਸਾ ਲਿਆ। ਕਵੀ ਦਰਬਾਰ ਵਿਚ ਨਾਮਵਰ ਸ਼ਾਇਰ ਨਵਤੇਜ ਭਾਰਤੀ ਤੋਂ ਇਲਾਵਾ ਗੁਰਦੇਵ ਸਿੰਘ ਬੁੱਟਰ, ਹਕੂਮਤ ਸਿੰਘ ਨਿੱਝਰ, ਓਂਕਾਰ ਸਿੰਘ, ਗੁਰਮੇਲ ਸਿੰਘ ਬਰਾੜ, ਬਲਦੇਵ ਸੁਖੀ ਰੋਡੇ, ਸੁਰਜੀਤ ਕਲਸੀ, ਪਵਨ ਗਿੱਲਾਂਵਾਲਾ, ਪ੍ਰੋ. ਹਰਭਜਨ ਸਿੰਘ ਤੇ ਅਜਮੇਰ ਰੋਡੇ ਨੇ ਆਪਣੀਆਂ ਕਵਿਤਾਵਾਂ ਪੇਸ਼ ਕੀਤੀਆਂ। ਰਤਨ ਜੀ ਰਤਨ ਨੇ ਪਵਨ ਦਾ ਇਕ ਗੀਤ ਤੇ ਬੱਲ ਜੀ ਨੇ ਇਕ-ਦੋ ਗੀਤ ਪੇਸ਼ ਕਰਕੇ ਰੰਗ ਬੰਨਿਆ। ਸਭਾ ਦੇ ਮੈਂਬਰ ਜਗਰੂਪ ਗਿੱਲ ਨੇ ਆਪਣੀਆਂ ਦੋ-ਦੋ ਪੁਸਤਕਾਂ ਆਏ ਮਹਿਮਾਨਾਂ ਨੂੰ ਭੇਟ ਕੀਤੀਆਂ।

ਸਭਾ ਦੇ ਪ੍ਰਧਾਨ ਸ. ਅੱਚਰਵਾਲ ਨੇ ਇਕ ਕਵਿਤਾ ਪੇਸ਼ ਕੀਤੀ ਅਤੇ ਸਭਾ ਵਲੋਂ ਛਾਪਿਆ ਮੈਂਬਰਾਂ ਦੀਆਂ ਕਵਿਤਾਵਾਂ ਦਾ ਪਹਿਲਾ ਕਾਵਿ-ਸੰਗ੍ਰਿਹ 'ਸ਼ਬਦਾਂ ਦੀ ਸਾਂਝ-ਕਲਮਾਂ ਫਰੇਜ਼ਰ ਵੈਲੀ ਦੀਆਂ' ਦੀ ਇਕ ਇਕ ਕਾਪੀ ਮਹਿਮਾਨਾਂ ਨੂੰ ਭੇਟ ਕੀਤੀ।

Punjabi RADIO USA
Uniting Punjabi's All Over
24 ਘੰਟੇ ਸੱਤੇ ਦਿਨ ਸੁਣੋ
Listen on :
Radio Sets (CA, WA, NV)
Dial in
832-551-5029 or 605-475-6868
Android & iPhone App
www.PunjabiRadioUSA.com
Ph: 408-272-5200

# ਨੂਰਾਂ ਭੈਣਾਂ ਨੇ ਵਿਖਾਇਆ ਸੂਫੀ ਗਾਇਕੀ ਦਾ ਨਿਵੇਕਲਾ ਰੰਗ

**ਸੰਨੀਵੇਲ (ਬਿਊਰੋ):** ‘ਕੁੱਲੀ ਰਾਹ ਵਿਚ ਪਾਈ ਅਸਾਂ ਤੇਰੇ ਤੇ ਆਉਂਦਾ ਜਾਂਦਾ ਤੱਕਦਾ ਰਹੀਂ’, ‘ਸਾਨੂੰ ਨਹਿਰ ਵਾਲੇ ਪੁਲ ’ਤੇ ਬੁਲਾ ਕੇ ਖੌਰੇ ਮਾਹੀ ਕਿੱਥੇ ਖੋ ਗਿਆ’, ‘ਦਮ ਮਸਤ ਕਲੰਦਰ ਮਸਤ ਮਸਤ’, ‘ਵੰਗਾਂ ਚੜ੍ਹਾ ਲਓ ਕੁੜੀਓ ਮੇਰੇ ਸਾਈਂ ਦੇ ਦਰਬਾਰ ਦੀਆਂ’ ਆਦਿ ਰੰਗਾਂ ਨੂੰ ਪੇਸ਼ ਕਰਨ ਦਾ ਜਿਹੜਾ ਅੰਦਾਜ਼ ਲੰਘੇ ਸਨਿਚਰਵਾਰ ਦੀ ਰਾਤ ਨੂੰ ਸਨੀਵੇਲ ਹਿੰਦੂ ਟੈਂਪਲ ਸਥਿਤ ਕਮਿਉਨਿਟੀ ਸੈਂਟਰ ਵਿਚ ਨੂਰਾਂ ਭੈਣਾਂ- ਜੋਤੀ ਤੇ ਸੁਲਤਾਨਾ ਨੇ ਅੱਧੀ ਰਾਤ ਤੱਕ ਬਿਖੇਰਿਆ, ਉਹ ਸਿਲੀਕਾਨ ਵੈਲੀ ਤੇ ਬੇਅ ਏਰੀਆ ਵਿਚ ਵਸਦੇ ਪੰਜਾਬੀਆਂ ਨੂੰ ਬਹੁਤ ਦੇਰ ਤੱਕ ਨਹੀਂ ਭੁੱਲੇਗਾ।





*ਨੂਰਾਂ ਭੈਣਾਂ ਦੀ ਪੇਸ਼ਕਾਰੀ ਦਾ ਇਕ ਦ੍ਰਿਸ਼ ਅਤੇ (ਸੱਜੇ) ਗੁਰੂ ਰਵਿਦਾਸ ਪਿਟਸਬਰਗ ਵਲੋਂ ਸਨਮਾਨ ਕੀਤੇ ਜਾਣ ਸਮੇਂ ਨੂਰਾਂ ਭੈਣਾਂ*

ਜ਼ਿਕਰਯੋਗ ਹੈ ਕਿ ਸੂਫੀ ਅਤੇ ਕੱਵਾਲੀ ਗਾਇਕੀ ਦੀ ਪਰੰਪਰਾ ਨੂੰ ਮੁੜ ਤੋਂ ਸਿਖਰ ਦੇਣ ਵਾਲੀਆਂ ਨੂਰਾਂ ਭੈਣਾਂ ਅੱਜਕੱਲ੍ਹ ‘ਫਾਈਵ ਸਟਾਰ ਐਂਟਰਟੇਨਮੈਂਟ’ ਦੇ ਸੱਦੇ ’ਤੇ ਜੱਸੀ ਬੰਗਾ ਦੀ ਅਗਵਾਈ ਹੇਠ ਵੱਖ ਵੱਖ ਸ਼ਹਿਰਾਂ ਵਿਚ ਆਪਣੀ ਗਾਇਕੀ ਦਾ ਨਿਵੇਕਲਾ ਰੰਗ ਪੇਸ਼ ਕਰ ਰਹੀਆਂ ਹਨ।

ਬੱਬੂ ਵਾਲੀਆ ਦੇ ਪ੍ਰਬੰਧ ਹੇਠ ਅਯੋਜਿਤ ਇਸ ਸੂਫੀ ਸ਼ਾਮ ਵਿਚ ਨਾ ਸਿਰਫ ਇਨ੍ਹਾਂ ਕੁੜੀਆਂ ਦੀ ਗਾਇਕੀ ਦੌਰਾਨ ਕਈ ਵਾਰ ਸਰੋਤੇ ਆਪਣੀ ਮਸਤੀ ਵਿਚ ਨੱਚਦੇ ਗਾਉਂਦੇ ਵੇਖੇ ਗਏ। ਨੂਰਾਂ ਭੈਣਾਂ ਦੇ ਤਾਲ ਵਾਦਨ ਨਾਲ ਹੱਥ ਉਠਾ ਕੇ ਵੱਜਦੀਆਂ ਤਾੜੀਆਂ ਹਾਲ ਵਿਚ ਬੈਠੇ ਸਰੋਤਿਆਂ ਨੂੰ ਵੀ ਤਾਲ ਦੇਣ ਲਈ ਮਜਬੂਰ ਕਰਦੀਆਂ ਰਹੀਆਂ।

ਨੂਰਾਂ ਭੈਣਾਂ ਦੇ ਪਿਤਾ ਗੁਲਸ਼ਨ ਮੀਰ ਨੇ ਵੀ ਸੂਫੀਆਨਾ ਕਲਾਮ ‘ਮੈਂ ਤਾਂ ਪੀਣੀ ਆ’ ਕੱਵਾਲੀ ਪੇਸ਼ ਕਰਦਿਆਂ ਬੁੱਲ੍ਹੇ ਸ਼ਾਹ ਦੀ ਸ਼ਾਇਰੀ ਪੰਜਾਬੀਆਂ ਦੀ ਝੋਲੀ ਵਿਚ ਰੱਜ ਕੇ ਪਾਈ। ਸੰਨੀਵੇਲ ਟੈਂਪਲ ਦੇ ਰਾਜ ਭਨੋਟ ਤੇ ਲਤਾਨ ਬਾਹੂ ਅਤੇ ਪ੍ਰਬਧਕਾਂ ਵਲੋਂ ਜਿਥੇ ਨਰਾਂ ਭੈਣਾਂ ਦਾ ਸਨਮਾਨ ਕੀਤਾ ਗਿਆ।

## ਗੁਰੂ ਰਵਿਦਾਸ ਸਭਾ ਪਿਟਸਬਰਗ ਵਲੋਂ ਵਿਸ਼ੇਸ਼ ਸਨਮਾਨ

ਪਿਟਸਬਰਗ: ਨੂਰਾਂ ਭੈਣਾਂ ਜਦੋਂ ਲੰਘੇ ਐਤਵਾਰ ਸਥਾਨਕ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਟੈਂਪਲ ਦੀ ਪ੍ਰਬੰਧਕ ਕਮੇਟੀ ਦੇ ਸੱਦੇ ‘ਤੇ ਗੁਰੂ ਘਰ ਦਰਸ਼ਨਾਂ ਲਈ ਗਈਆਂ ਤਾਂ ਪ੍ਰਬੰਧਕ ਕਮੇਟੀ ਨੇ ਉਨ੍ਹਾਂ ਦਾ ਉਚੇਚਾ ਸਨਮਾਨ ਕੀਤਾ। ਉਸ ਸਮੇਂ ਪ੍ਰੋਮੋਟਰ ਜੱਸੀ ਬੰਗਾ ਵੀ ਉਨ੍ਹਾਂ ਦੇ ਨਾਲ ਸਨ।

ਨੂਰਾਂ ਭੈਣਾਂ ਨੇ ਜਿਥੇ ਸ੍ਰੀ ਗੁਰੂ ਰਵਿਦਾਸ ਜੀ ਦੀ ਮਹਿਮਾ ਵਿਚ ਕੁਝ ਗੀਤਾਂ ਨੂੰ ਕੱਵਾਲੀ ਰੰਗ ਵਿਚ ਪੇਸ਼ ਕੀਤਾ, ਉਥੇ ਉਨ੍ਹਾਂ ਦੇ ਪਿਤਾ ਗੁਲਸ਼ਨ ਮੀਰ ਨੇ ਪ੍ਰਬੰਧਕ ਕਮੇਟੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਗੁਰੂਘਰ ਵਲੋਂ ਇਨ੍ਹਾਂ ਬੱਚੀਆਂ ਨੂੰ ਦਿੱਤਾ ਗਿਆ ਆਸ਼ੀਰਵਾਦ ਅਤੇ ਮਾਣ ਸਨਮਾਨ ਉਨ੍ਹਾਂ ਨੂੰ ਹਮੇਸ਼ਾ ਯਾਦ ਰਹੇਗਾ। ਨੂਰਾਂ ਭੈਣਾਂ ਨੇ ਕਿਹਾ ਕਿ ਉਹ ਪਹਿਲੀ ਵਾਰ ਅਮਰੀਕਾ ਆਈਆਂ ਹਨ ਅਤੇ ਪੰਜਾਬੀਆਂ ਵਲੋਂ ਉਨ੍ਹਾਂ ਨੂੰ ਹੱਥੀਂ ਛਾਂਵਾਂ ਕੀਤੀਆਂ ਜਾ ਰਹੀਆਂ ਹਨ। ਗੁਰੂ ਰਵਿਦਾਸ ਸਭਾ ਦੇ ਚੇਅਰਮੈਨ ਫਕੀਰ ਚੰਦ ਮਹਿਮੀ ਨੇ ਕਿਹਾ ਕਿ ਉਨ੍ਹਾਂ ਦੀ ਹਮੇਸ਼ਾ ਕੋਸ਼ਿਸ਼ ਰਹੀ ਹੈ ਕਿ ਕਮਿਊਨਟੀ ਦਾ ਨਾਂ ਉਚਾ ਕਰਨ ਵਾਲੇ ਕਲਾਕਾਰਾਂ ਨੂੰ ਉਚੇਚਾ ਬੁਲਾ ਕੇ ਮਾਣ ਸਨਮਾਨ ਦਿੱਤਾ ਜਾਵੇ। ਪ੍ਰਬੰਧਕ ਕਮੇਟੀ ਨੇ ਸਿਰਪਾਓ ਅਤੇ ਨਕਦ ਰਾਸ਼ੀ ਨਾਲ ਨੂਰਾਂ ਭੈਣਾਂ ਦਾ ਸਨਮਾਨ ਵੀ ਕੀਤਾ।

# ਤਿੰਨ ਵਿਗਿਆਨੀਆਂ ਨੂੰ ਮੈਡੀਸਨ ਨੋਬੇਲ ਇਨਾਮ

**ਲੰਡਨ:** ਜਾਪਾਨ, ਚੀਨ ਤੇ ਆਇਰਲੈਂਡ ਦੇ ਤਿੰਨ ਵਿਗਿਆਨੀਆਂ ਨੂੰ ਮੈਡੀਸਨ ਦੇ ਨੋਬੇਲ ਇਨਾਮ ਲਈ ਚੁਣਿਆ ਗਿਆ ਹੈ। ਇਨ੍ਹਾਂ ਵਿਗਿਆਨੀਆਂ ਨੂੰ ਮਲੇਰੀਆ ਤੇ ਐਲੀਫੈਂਟਾਈਸਸ (ਟਿਸ਼ੂਆਂ ਵਿਚ ਸੋਜ਼) ਵਰਗੀਆਂ ਪਰਜੀਵੀਆਂ ‘ਤੇ ਆਧਾਰਤ ਬਿਮਾਰੀਆਂ ਦੇ ਟਾਕਰੇ ਲਈ ਨਵੀਆਂ ਦਵਾਈਆਂ ਦੀ ਖੋਜ ਲਈ ਇਹ ਇਨਾਮ ਦੇਣ ਦਾ ਫੈਸਲਾ ਕੀਤਾ ਗਿਆ। \

ਇਨ੍ਹਾਂ ਵਿਚ ਆਇਰਲੈਂਡ ਦਾ ਵਿਲੀਅਮ ਕੈਂਬਲ, ਜਾਪਾਨ ਦਾ ਸਤੋਸ਼ੀ ਓਮੂਰਾ ਤੇ ਚੀਨ ਦਾ ਯੂਯੂ ਟੂ ਸ਼ਾਮਲ ਹਨ।

# ਰਣਜੀਤ ਕੌਰ ਨੇ ਲਾਈ ਗੀਤਾਂ ਦੀ ਛਹਿਬਰ



*ਗੀਤ ਪੇਸ਼ ਕਰਦੀ ਹੋਈ ਰਣਜੀਤ ਕੌਰ*

**ਸਟਾਕਟਨ (ਬਿਊਰੋ):** ਸਾਫ-ਸੁਥਰੀ ਪੰਜਾਬੀ ਗਾਇਕੀ ਨੂੰ ਪ੍ਰਫੁਲਿਤ ਕਰਨ ਵਾਲੇ ਅਵਤਾਰ ਲਾਖਾ ਅਤੇ ਸਹਿਯੋਗੀਆਂ ਨੇ ਨਵੀਂ ਪੰਜਾਬੀ ਗਾਇਕਾ ਰਣਜੀਤ ਕੌਰ ਦੇ ਗੀਤਾਂ ਦੀ ਸ਼ਾਮ ਸਟਾਕਟਨ ਵਿਚ ਮਨਾਈ।

ਮਹਿਫਿਲ ਦੀ ਵਿਲੱਖਣਤਾ ਇਹ ਸੀ ਕਿ ਪ੍ਰੋਗਰਾਮ ਦੌਰਾਨ ਸਰੋਤਿਆਂ ਵਿਚ ਬਹੁ-ਗਿਣਤੀ ਲੇਖਕ, ਕਵੀ, ਗੀਤਕਾਰ ਅਤੇ ਸੰਗੀਤ ਦੀ ਦੁਨੀਆਂ ਨਾਲ ਜੁੜੀਆਂ ਸਖਸ਼ੀਅਤਾਂ ਨੂੰ ਬੁਲਾਇਆ ਗਿਆ ਸੀ। ਇਸ ਸਮੇਂ ਰਣਜੀਤ ਕੌਰ ਨੇ ਹਾਜ਼ਰ ਸ਼ਾਇਰਾਂ ਦੇ ਗੀਤ ਗਾਉਣ ਦੇ ਨਾਲ-ਨਾਲ ਹੋਰ ਬਹੁਤ ਸਾਰੇ ਪ੍ਰਸਿੱਧ ਗੀਤ ਵੀ ਗਾਏ। ਕੋਈ ਦੋ ਘੰਟੇ ਚੱਲੇ ਇਸ ਪ੍ਰੋਗਰਾਮ ਵਿਚ ਗਾਇਕਾ ਨੇ ਆਪਣੀ ਮਧੁਰ ਆਵਾਜ਼ ਰਾਹੀਂ ਸਰੋਤਿਆਂ ਨੂੰ ਕੀਲੀ ਰੱਖਿਆ।

ਇਸ ਮੌਕੇ ਗਜ਼ਲ ਗਾਇਕ ਸੁਖਦੇਵ ਸਾਹਿਲ, ਪ੍ਰਸਿੱਧ ਗਾਇਕ ਧਰਮਵੀਰ ਥਾਂਦੀ ਅਤੇ ਚੰਦਨ ਸਿੰਘ ਨੇ ਵੀ ਆਪਣੇ ਫਨ ਦਾ ਇਜ਼ਹਾਰ ਕੀਤਾ ਜਦੋਂਕਿ ਕਵੀਆਂ ਵਿਚੋਂ ਕੁਲਵੰਤ ਸਿੰਘ ਸੇਖੋਂ, ਜਸਵੰਤ ਸਿੰਘ ਸ਼ਾਦ, ਮੌਂਟੀ ਸਿੰਘ ਅਤੇ ਪਾਲੀ ਧਨੌਲਾ ਨੇ ਵੀ ਹਾਜ਼ਰੀ ਲਵਾਈ। ਸਟੇਜ ਸੰਚਾਲਨ ਅਤੇ ਕਮੇਡੀ ਵਿਜੇ ਨੇ ਕੀਤਾ।

Jammu Chiropractic

ਕੀ ਤੁਹਾਨੂੰ ਲਗਾਤਾਰ ਕਮਰ, ਗਰਦਨ, ਗੋਡਿਆਂ, ਸਿਰ ਦਰਦ ਜਾਂ ਕਿਸੇ ਵੀ ਕਿਸਮ ਦੇ ਜੋੜਾਂ ਦੇ ਦਰਦ ਜਾਂ ਪੱਠਿਆਂ ਦੇ ਦਰਦ ਨੇ ਸਤਾਇਆ ਹੋਇਆ ਹੈ?

ਅਸੀਂ ਤੁਹਾਨੂੰ ਇਸ ਦਰਦ ਤੋਂ ਛੁਟਕਾਰਾ ਦਿਵਾ ਸਕਦੇ ਹਾਂ।



*We Accept Personal Injury (PI) Cases*

Medicare & Most Private Insurances Accepted



*Contact:* Dr. Baljit Jammu

*Doctor of Chiropractic*

Ph: 510-940-8236

1090 La Playa Dr., Hayward CA 94545



# ਖੂਬ ਭਰਵਾਂ ਰਿਹਾ ਸ਼ੇਰੇ ਪੰਜਾਬ ਸੁਸਾਇਟੀ ਦਾ ਮੇਲਾ

**ਸਿਨਸਿਨੈਟੀ, ਓਹਾਇਓ (ਬਿਊਰੋ):** ਖੁੱਲ੍ਹਾ-ਡੁੱਲ੍ਹਾ ਜੀ ਈ ਪਾਰਕ, ਅਕਾਸ਼ 'ਤੇ ਕੁਝ ਬੱਦਲਵਾਈ, ਤਿਆਰੀਆਂ ਦਾ ਜਾਇਜ਼ਾ ਲੈ ਰਹੇ ਪ੍ਰਬੰਧਕ। ਹੌਲੀ ਹੌਲੀ ਲੋਕ ਕਾਰਾਂ ਪਾਰਕ ਕਰਕੇ ਮੈਦਾਨ ਵਲ ਆ ਰਹੇ ਸਨ। ਜਲੇਬੀਆਂ ਲਈ ਕੜ੍ਹਾਈਆਂ ਤਿਆਰ ਹੋ ਰਹੀਆਂ ਸਨ ਤੇ ਚਾਹ ਦੇ ਪਤੀਲੇ ਉਬਲ ਰਹੇ ਸਨ, ਪਕੌੜੇ ਤਲੇ ਜਾ ਰਹੇ ਸਨ। ਇਧਰ ਜਲੇਬੀਆਂ ਨਿਕਲਣ ਲੱਗੀਆਂ ਤੇ ਓਧਰ ਮੇਲਾ ਭਰ ਗਿਆ। ਇਹ ਨਜ਼ਾਰਾ ਸੀ ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਸੁਸਾਇਟੀ, ਸਿਨਸਿਨੈਟੀ ਦੇ 5ਵੇਂ ਖੇਡ ਤੇ ਸਭਿਆਚਾਰਕ ਮੇਲੇ ਦਾ।



ਅਰਦਾਸ ਉਪਰੰਤ ਕਬੱਡੀ ਤੇ ਵਾਲੀਬਾਲ ਦੇ ਮੈਚ ਸ਼ੁਰੂ ਹੋਏ ਤੇ ਕੁੜੀਆਂ-ਮੁੰਡਿਆਂ ਦੀਆਂ ਦੌੜਾਂ ਲੱਗਣ ਲੱਗੀਆਂ। ਬੱਦਲਵਾਈ ਸਵੇਰ ਤੋਂ ਹੀ ਸੀ, ਬਾਅਦ ਦੁਪਹਿਰ ਮੀਂਹ ਵੀ ਆ ਗਿਆ ਪਰ ਮੈਚ ਜਿਵੇਂ ਕਿਵੇਂ ਬੰਨੇ ਲੱਗ ਗਏ।

ਕਬੱਡੀ ਦੀਆਂ ਪੰਜਾਬ ਵਿਚ ਹੁੰਦੇ ਵਿਸ਼ਵ ਕਬੱਡੀ ਕੱਪ ਟੂਰਨਾਮੈਂਟ ਵਿਚ ਹਿੱਸਾ ਲੈਣ ਵਾਲੀਆਂ ਵਿਸ਼ਵ ਪ੍ਰਸਿੱਧ ਤਿੰਨ ਟੀਮਾਂ-ਅਮਰੀਕਾ, ਇੰਡੀਆ ਤੇ ਕੈਨੇਡਾ ਮੈਦਾਨ ਵਿਚ ਨਿਤਰੀਆਂ। ਮੈਚ ਕਾਫੀ ਫਸਵੇਂ ਰਹੇ। ਫਾਈਨਲ ਮੈਚ ਵੇਲੇ ਜਿੰਨਾ ਜੋਰ ਰੇਡਰਾਂ ਤੇ ਸਟਾਪਰਾਂ ਦਾ ਪੁਆਇੰਟ ਲੈਣ ਲਈ ਲੱਗਦਾ ਸੀ, ਉਸ ਤੋਂ ਵੱਧ ਦਰਸ਼ਕਾਂ ਦਾ ਲੱਗੀ ਜਾਂਦਾ। ਜੋਸ਼ ਵਿਚ ਆਏ ਦਰਸ਼ਕਾਂ ਨੇ ਚੰਗੇ ਰੇਡਾਂ ਅਤੇ ਸਟਾਪਾਂ ਉਤੇ ਡਾਲਰ ਵੀ ਦਿਲ ਖੋਲ੍ਹ ਕੇ ਵਰ੍ਹਾਏ। ਫਾਈਨਲ ਵਿਚ ਜੇਤੂ ਇੰਡੀਆ ਦੀ ਟੀਮ ਰਹੀ ਅਤੇ 11,000 ਡਾਲਰ ਦੇ ਪਹਿਲੇ ਇਨਾਮ ਦੀ ਹੱਕਦਾਰ ਬਣੀ। ਦੂਜੇ ਥਾਂ ਰਹੀ ਅਮਰੀਕਾ ਦੀ ਟੀਮ ਨੂੰ 10,000 ਡਾਲਰ ਦਾ ਇਨਾਮ ਮਿਲਿਆ ਜਦੋਂਕਿ ਤੀਜੇ ਥਾਂ ਰਹੀ ਕੈਨੇਡਾ ਦੀ ਟੀਮ ਨੂੰ 7,000 ਡਾਲਰ ਦੇ ਤੀਜੇ ਇਨਾਮ ਨਾਲ ਸਬਰ ਕਰਨਾ ਪਿਆ।

ਕਬੱਡੀ ਦਾ ਪਹਿਲਾ ਇਨਾਮ ਫਾਈਵ ਰਿਵਰ ਐਂਟਰਟੇਨਮੈਂਟ (ਇੰਡੀਆਨਾ) ਵਲੋਂ ਕਬੱਡੀ ਪ੍ਰੇਮੀ ਅਤੇ ਪ੍ਰੋਮੋਟਰ ਸਵਰਗੀ ਤੀਰਥ ਸਿੰਘ ਅਟਵਾਲ ਦੀ ਯਾਦ ਵਿਚ ਦਿੱਤਾ ਗਿਆ ਜਦੋਂਕਿ ਦੂਜਾ ਇਨਾਮ ਹੈਰੀ ਘੁੰਮਣ, ਇੰਡੀਆਨਾ ਨੇ ਸਪਾਂਸਰ ਕੀਤਾ।

ਟੋਰਾਂਟੋ ਤੋਂ ਖੇਡ ਲੇਖਕ ਪ੍ਰਿੰਸੀਪਲ ਸਰਵਣ ਸਿੰਘ ਤੇ ਉਨ੍ਹਾਂ ਦੇ ਨਾਲ ਆਏ ਸੁਖਚੈਨ ਬਰਾੜ ਅਤੇ ਸਰੀ ਕੈਨੇਡਾ ਤੋਂ ਇਕਬਾਲ ਗਾਲਿਬ ਨੇ ਕਬੱਡੀ ਦੀ ਕੁਮੈਂਟਰੀ ਆਪੋ-ਆਪਣੇ ਅੰਦਾਜ਼ ਵਿਚ ਕਰਕੇ ਖੇਡ ਦਾ ਮਜ਼ਾ ਦੂਣਾ-ਚੌਣਾ ਕਰੀ ਰਖਿਆ ਜਦੋਂਕਿ ਸਟੇਜ ਦੀ ਸੇਵਾ ਕੁਮਾਰ ਪਵਨਦੀਪ ਅਤੇ ਆਗਿਆਪਾਲ ਸਿੰਘ ਬਾਠ ਨੇ ਨਿਭਾਈ।

ਕਬੱਡੀ ਅੰਡਰ-21 ਦਾ 1500 ਡਾਲਰ ਦਾ ਪਹਿਲਾ ਇਨਾਮ ਕੈਨੇਡਾ ਅਤੇ ਦੂਜਾ 500 ਡਾਲਰ ਦਾ ਇਨਾਮ ਅਮਰੀਕਾ ਦੇ ਹਿੱਸੇ ਆਇਆ।

ਵਾਲੀਬਾਲ ਮੈਚ ਇੰਡੋ-ਕੈਨ (ਕੈਨੇਡਾ) ਅਤੇ ਵਿੰਡਸਰ, ਕੈਨੇਡਾ ਦੀਆਂ ਟੀਮਾਂ ਵਿਚਾਲੇ ਹੋਇਆ ਅਤੇ ਇੰਡੋ-ਕੈਨ ਟੀਮ ਜੇਤੂ ਰਹੀ ਜਿਸ ਨੂੰ 3100 ਡਾਲਰ ਦਾ ਇਨਾਮ ਮਿਲਿਆ। ਦੂਜੇ ਥਾਂ ਰਹੀ ਵਿੰਡਸਰ ਦੀ ਟੀਮ ਨੂੰ 2100 ਡਾਲਰ ਦਾ ਇਨਾਮ ਮਿਲਿਆ।

ਸਾਕਰ ਦੇ ਮੈਚਾਂ ਵਿਚ ਪਹਿਲਾ ਇਨਾਮ 1100 ਡਾਲਰ ਦਾ ਇਨਾਮ ਡੇਅਟਨ ਟੀਮ ਨੂੰ ਅਤੇ ਦੂਜਾ 700 ਡਾਲਰ ਦਾ ਇਨਾਮ ਇੰਡੀਆਨਾ ਨੂੰ ਮਿਲਿਆ।

ਬਾਸਕਟਬਾਲ ਦੇ ਮੈਚਾਂ ਵਿਚ ਪਹਿਲਾ 500 ਡਾਲਰ ਤੇ ਦੂਜਾ 300 ਡਾਲਰ ਦਾ ਇਨਾਮ ਲੋਕਲ ਟੀਮਾਂ ਨੂੰ ਮਿਲੇ। ਉਂਜ ਖਿਡਾਰੀਆਂ ਵਿਚ ਖੇਡ ਲਈ ਕਾਫੀ ਉਤਸ਼ਾਹ ਨਜ਼ਰ ਆਇਆ।

ਬੱਚਿਆਂ ਦੀਆਂ ਦੌੜਾਂ ਵੀ ਹੋਈਆਂ ਤੇ ਉਨ੍ਹਾਂ ਨੂੰ ਨਕਦ ਇਨਾਮ ਦਿਤੇ ਗਏ। ਪਹਿਲੇ ਥਾਂ ਆਉਣ ਵਾਲੇ ਬੱਚੇ ਨੂੰ 50 ਡਾਲਰ ਅਤੇ ਦੂਜੇ ਥਾਂ ਆਉਣ ਵਾਲੇ ਬੱਚੇ ਨੂੰ 25 ਡਾਲਰ ਦਾ ਨਕਦ ਇਨਾਮ ਹੌਸਲਾ ਅਫਜ਼ਾਈ ਵਜੋਂ ਦਿੱਤਾ ਗਿਆ।

ਕੁਸ਼ਤੀਆਂ ਵਿਚ ਚਾਰ ਪਹਿਲਵਾਨਾਂ ਦਾ ਦਸਤਪੰਜਾ ਪਿਆ। ਪਹਿਲਵਾਨ ਰਣਧੀਰ ਸਿੰਘ ਅਤੇ ਕਰਤਾਰ ਸਿੰਘ ਤਾਰੀ ਕ੍ਰਮਵਾਰ ਪਹਿਲੇ ਤੇ ਦੂਜੇ ਥਾਂ ਰਹੇ।

ਇਕ ਪਾਸੇ ਲਗੇ ਸਟਾਲਾਂ 'ਚ ਵੰਗਾਂ ਚੂੜੀਆਂ, ਲਹਿੰਗਿਆਂ, ਗੁਟਕਿਆਂ, ਪੱਖੀਆਂ ਤੇ ਕੰਘੇ ਕੜਿਆਂ ਤੋਂ ਲੈ ਕੇ ਕੁਲਫੀਆਂ, ਟਾਫੀਆਂ ਤੇ ਧਾਰਮਿਕ ਪੋਸਟਰਾਂ ਤਕ ਸਭ ਕੁਝ ਸੀ। ਸੂਟਾਂ ਤੇ ਗਹਿਣਿਆਂ ਦੇ ਸਟਾਲ ਬੀਬੀਆਂ ਵਿਚ ਘਿਰੇ ਹੋਏ ਸਨ।



ਸ਼ਾਮ ਨੂੰ ਮਾਨ ਭਰਾਵਾਂ-ਹਰਭਜਨ ਮਾਨ ਅਤੇ ਗੁਰਸੇਵਕ ਮਾਨ ਦੀ ਸਤਰੰਗੀ ਪੀਂਘ ਦਾ ਅਖਾੜਾ ਲੱਗਿਆ। ਉਦੋਂ ਤੱਕ ਧੁੱਪ ਫਿਰ ਨਿਕਲ ਆਈ ਸੀ ਜਿਸ ਕਰਕੇ ਸਤਰੰਗੀ ਪੀਂਘ ਦਾ ਨਜ਼ਾਰਾ ਖੂਬ ਬੱਝਾ।

ਹਰਭਜਨ ਮਾਨ ਭੂਰੇ ਕਮੀਜ਼ ਪਜਾਮੇ ਤੇ ਨਾਭੀ ਵਾਸਕਟ ਵਿਚ ਸਜਿਆ ਪੌੜੀਆਂ ਚੜ੍ਹਿਆ। ਉਸ ਨੇ ਸਟੇਜ ਨੂੰ ਮੱਥਾ ਟੇਕਿਆ ਤੇ ਸਾਹਮਣੇ ਬੈਠੇ ਸਰੋਤਿਆਂ ਨੂੰ ਨਮਸਕਾਰ ਕੀਤੀ। ਇਕਹਿਰਾ ਜੁੱਸਾ ਅਥਲੀਟਾਂ ਵਰਗਾ, ਪੋਟਾ ਮਾਸ ਵੀ ਵਾਧੂ ਨਹੀਂ। ਸਰੋਤਿਆਂ ਨੇ ਤਾੜੀਆਂ ਮਾਰ ਕੇ ਉਸ ਦਾ ਸਵਾਗਤ ਕੀਤਾ। ਪਹਿਲਾਂ ਉਸ ਨੇ ਬੰਦਨਾ ਕੀਤੀ-ਤੇਰੀ ਰਜ਼ਾ ਵਿਚ ਦਾਤਿਆ ਸੁਖੀ ਵਸੇ ਸਰਬੱਤ। ਬੂਟਾ ਮੇਰੀ ਆਸ ਦਾ ਕਰ ਦੇ ਹਰਿਆ ਭਰਿਆ...। ਕਈ ਜੱਗ 'ਤੇ ਹੁਕਮ ਚਲਾ ਤੁਰ ਗਏ, ਪਤਾ ਨੀ ਰੱਬ ਕਿਹੜਿਆਂ ਰੰਗਾਂ ਵਿਚ ਰਾਜ਼ੀ...।

ਵਿਚ ਵਿਚ ਉਹ ਹਾਸੇ ਖੇਡੇ ਦੀਆਂ, ਕਰਨੈਲ ਸਿੰਘ ਪਾਰਸ ਦੀਆਂ ਤੇ ਬਾਬੂ ਸਿੰਘ ਮਾਨ ਦੀਆਂ ਗੱਲਾਂ ਵੀ ਕਰਦਾ ਰਿਹਾ ਤੇ ਉਨ੍ਹਾਂ ਦੇ ਗੀਤ ਵੀ ਗਾਉਂਦਾ ਗਿਆ। ਫਿਰ ਗੁਰਸੇਵਕ ਮਾਨ ਵੀ ਉਹਦੇ ਨਾਲ ਆ ਰਲਿਆ। ਦੋਵੇਂ ਅਜੇ ਬੱਚੇ ਸਨ ਜਦੋਂ ਉਨ੍ਹਾਂ ਦੀ ਮਾਂ ਸੁਰਗਵਾਸ ਹੋਈ। ਉਨ੍ਹਾਂ ਨੇ ਸੋਜ਼ ਭਰੀ ਆਵਾਜ਼ ਵਿਚ ਗਾਇਆ-ਮਾਂਵਾਂ ਮਾਂਵਾਂ ਮਾਂਵਾਂ, ਮਾਂ ਜੰਨਤ ਦਾ ਪਰਛਾਵਾਂ...। ਕਿਥੇ ਗਈਆਂ ਮਾਂ ਸਾਡੇ ਹਿੱਸੇ ਦੀਆਂ ਲੋਰੀਆਂ। ਇਨ੍ਹਾਂ ਗੀਤਾਂ ਨੇ ਬਹੁਤ ਸਾਰੇ ਸਰੋਤਿਆਂ ਨੂੰ ਭਾਵੁਕ ਕਰ ਦਿੱਤਾ। ਫਿਰ ਤਾਂ ਗੀਤਾਂ ਦੀ ਝੜੀ ਹੀ ਲੱਗ ਗਈ-ਜੱਗ ਜੰਕਸ਼ਨ ਰੇਲਾਂ ਦਾ...ਆ ਸੋਹਣਿਆਂ ਵੇ ਜੱਗ ਜਿਓਂਦਿਆਂ ਦੇ ਮੇਲੇ...ਮਾਨਾਂ ਮਰ ਜਾਣਾ ਪਿੱਛੇ ਯਾਦਾਂ ਰਹਿ ਜਾਣੀਆਂ...। ਅਖਾੜਾ ਰਾਤੀਂ ਸਾਢੇ ਨੌਂ ਵਜੇ ਤਕ ਚਲਿਆ ਤੇ ਸਰੋਤੇ ਅਨੰਦੋ-ਅਨੰਦ ਹੋਏ ਘਰਾਂ ਨੂੰ ਪਰਤੇ।



ਸਥਾਨਕ ਗਾਇਕ ਨਿੰਮਾ ਡੱਲੇਵਾਲਾ ਨੇ ਵੀ ਸਰੋਤਿਆਂ ਦਾ ਭਰਵਾਂ ਮਨੋਰੰਜਨ ਕੀਤਾ।

ਮੇਲੇ ਦੇ ਮੁੱਖ ਮਹਿਮਾਨ ਬਲਦੇਵ ਸਿੰਘ ਸੱਲ੍ਹਾਂ ਸਨ ਜੋ ਪਰਿਵਾਰ ਸਮੇਤ ਇੰਡੀਆਨਾ ਤੋਂ ਪਹੁੰਚੇ। ਹੋਰ ਮਹਿਮਾਨਾਂ ਵਿਚ ਇੰਡੀਆਨਾ ਤੋਂ ਦਰਸ਼ਨ ਸਿੰਘ ਦਰੜ, ਜਿੰਮੀ ਬਰਾੜ, ਮੱਖਣ ਬੰਦੇਸ਼ਾ, ਪ੍ਰਿਥਪਾਲ ਘੋਤੜਾ; ਮਿਲਵਾਕੀ ਤੋਂ ਲਖਬੀਰ ਢੀਂਡਸਾ, ਦੀਦਾਰ ਸਿੰਘ ਧਨੋਆ, ਬੱਬੂ ਖੱਟੜਾ, ਅਮਰਜੀਤ ਸਿੰਘ ਢੀਂਡਸਾ; ਇੰਡੀਆਨਾ ਤੋਂ ਕੁਲਦੀਪ ਸਿੰਘ ਲੰਗ, ਮਨਦੀਪ ਸਿੰਘ ਭੂਰਾ, ਸਰਵਣ ਸਿੰਘ ਟਿਵਾਣਾ, ਗੁਰਮੀਤ ਸਿੰਘ ਬਾਠ, ਰਿੰਪੀ ਖੱਟੜਾ ਅਤੇ ਕੋਲੰਬਸ, ਓਹਾਇਓ ਤੋਂ ਪਲਵਿੰਦਰ ਗਿੱਲ ਅਤੇ ਸੁਖਵਿੰਦਰ ਸਿੰਘ ਆਪਣੇ ਸਾਥੀਆਂ ਸਮੇਤ ਪਹੁੰਚੇ ਹੋਏ ਸਨ। ਨਿਊ ਯਾਰਕ ਤੋਂ ਵੀ ਪ੍ਰਮੁੱਖ ਸ਼ਖਸੀਅਤਾਂ ਇਸ ਮੇਲੇ ਦੀ ਰੌਣਕ ਵਧਾਉਣ ਲਈ ਪਹੁੰਚੀਆਂ ਹੋਈਆਂ ਸਨ।

ਮੇਲਾ ਪੂਰੀ ਤਰ੍ਹਾਂ ਭਰਿਆ ਹੋਇਆ ਸੀ ਅਤੇ ਕਈ ਦਰਸ਼ਕਾਂ ਦਾ ਖਿਆਲ ਸੀ ਕਿ ਹੁਣ ਤੱਕ ਹੋਏ ਸੁਸਾਇਟੀ ਦੇ ਸਾਰੇ ਮੇਲਿਆਂ ਵਿਚ ਇਹ ਮੇਲਾ ਨਾ ਸਿਰਫ ਭਰਵਾਂ ਹੀ ਰਿਹਾ ਸਗੋਂ ਇਸ ਦਾ ਰੰਗ ਵੀ ਬਹੁਤ ਬੱਝਾ। ਪ੍ਰਬੰਧਕ ਮੇਲੇ ਦੀ ਕਾਮਯਾਬੀ ਤੋਂ ਪੂਰੀ ਤਰ੍ਹਾਂ ਬਾਗੋਬਾਗ ਸਨ। ਜਦੋਂ ਕੋਈ ਦਰਸ਼ਕ ਉਨ੍ਹਾਂ ਨੂੰ ਵਧਾਈ ਦਿੰਦਾ ਤਾਂ ਖੁਸ਼ੀ ਉਨ੍ਹਾਂ ਦੇ ਚਿਹਰਿਆਂ 'ਤੇ ਡੁੱਲ੍ਹ ਡੁੱਲ੍ਹ ਪੈਂਦੀ।

ਮੇਲੇ ਦੇ ਅਖੀਰ ਵਿਚ ਪ੍ਰਬੰਧਕਾਂ ਨੇ ਸਪਾਂਸਰਾਂ ਅਤੇ ਸ਼ੁਭ ਚਿੰਤਕਾਂ ਦਾ ਸਹਿਯੋਗ ਲਈ ਧੰਨਵਾਦ ਕੀਤਾ ਜਿਨ੍ਹਾਂ ਕਰ ਕੇ ਇਹ ਮੇਲਾ ਕਾਮਯਾਬ ਹੋ ਸਕਿਆ। ਉਨ੍ਹਾਂ ਵੱਖ ਵੱਖ ਸ਼ਹਿਰਾਂ ਤੋਂ ਪਹੁੰਚੇ ਦਰਸ਼ਕਾਂ/ਸਰੋਤਿਆਂ ਅਤੇ ਪਤਵੰਤੇ ਸੱਜਣਾਂ ਦਾ ਧੰਨਵਾਦ ਕੀਤਾ ਹੈ।

# ਸ. ਗੰਗਾ ਸਿੰਘ ਢਿੱਲੋਂ ਦੀ ਪਹਿਲੀ ਬਰਸੀ ਮਨਾਈ

**ਮਨਾਸਸ, ਵਰਜੀਨੀਆ:** ਮਰਹੂਮ ਸ. ਗੰਗਾ ਸਿੰਘ ਢਿੱਲੋਂ ਸਿੱਖ ਕੌਮ ਦੇ ਉਹ ਸਿਰਮੌਰ ਆਗੂ ਸਨ, ਜਿਨ੍ਹਾਂ ਨਾ ਸਿਰਫ ਸਿੱਖ ਕੌਮ ਦੀ ਹੋਣੀ ਅਤੇ ਹਸਤੀ ਬਾਰੇ ਆਪਣੇ ਵਿਚਾਰਾਂ ਉਤੇ ਹੀ ਦ੍ਰਿੜਤਾ ਨਾਲ ਪਹਿਰਾ ਦਿਤਾ ਸਗੋਂ 1947 ਦੀ ਵੰਡ ਪਿਛੋਂ ਪਾਕਿਸਤਾਨ ਰਹਿ ਗਏ ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ ਅਤੇ ਹੋਰ ਗੁਰਦੁਆਰਿਆਂ ਦੇ ਖੁੱਲ੍ਹੇ ਦਰਸ਼ਨ ਦੀਦਾਰਿਆਂ ਦਾ ਹੱਕ ਵੀ ਸਿੱਖਾਂ ਨੂੰ ਲੈ ਕੇ ਦਿਤਾ। ਇਹ ਵਿਚਾਰ ਸ. ਗੰਗਾ ਸਿੰਘ ਢਿੱਲੋਂ ਦੀ ਪਹਿਲੀ ਬਰਸੀ ਮੌਕੇ ਇਥੇ ਸਿੱਖ ਸੈਂਟਰ ਆਫ ਵਰਜੀਨੀਆ ਵਿਖੇ ਲੰਘੇ ਸਨਿਚਰਵਾਰ ਹੋਏ ਸਮਾਗਮ ਨੂੰ ਸੰਬੋਧਨ ਕਰਦਿਆਂ ਵਖ ਵਖ ਬੁਲਾਰਿਆਂ ਨੇ ਪ੍ਰਗਟਾਏ।

ਸਮਾਗਮ ਦਾ ਅਰੰਭ ਸਹਿਜਪਾਠ ਦੇ ਭੋਗ ਉਪਰੰਤ ਸ਼ਬਦ ਕੀਰਤਨ ਨਾਲ ਹੋਇਆ। ਇਸ ਪਿਛੋਂ ਮਰਹੂਮ ਸ. ਢਿੱਲੋਂ ਦੇ ਰਿਸ਼ਤੇਦਾਰਾਂ ਤੇ ਦੋਸਤਾਂ ਤੋਂ ਇਲਾਵਾ ਵਾਸ਼ਿੰਗਟਨ, ਨਿਊ ਯਾਰਕ, ਮੇਰੀਲੈਂਡ, ਨਾਰਥ ਕੈਰੋਲਾਈਨਾ, ਕੈਲੀਫੋਰਨੀਆ, ਨਿਊ ਜਰਸੀ ਅਤੇ ਹੋਰ ਕਈ ਸੂਬਿਆਂ ਤੇ ਸ਼ਹਿਰਾਂ ਤੋਂ ਪਹੁੰਚੇ ਪੰਥ ਦਰਦੀਆਂ ਨੇ ਉਨ੍ਹਾਂ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ। ਜ਼ਿਕਰਯੋਗ ਹੈ ਕਿ ਸ. ਢਿੱਲੋਂ 24 ਸਤੰਬਰ 2014 ਨੂੰ 86 ਸਾਲ ਦੀ ਉਮਰ ਭੋਗ ਕੇ ਗੁਰੂ ਨੂੰ ਪਿਆਰੇ ਹੋ ਗਏ ਸਨ। ਇਸ ਸਮਾਗਮ ਵਿਚ ਕੈਲੀਫੋਰਨੀਆ ਤੋਂ ਸਿੱਖ ਵਿਦਵਾਨ ਡਾ. ਤਰਲੋਚਨ ਸਿੰਘ ਨਾਹਲ ਤੇ ਪੰਥਕ ਆਗੂ ਭਾਈ ਦਵਿੰਦਰ ਸਿੰਘ ਅਤੇ ਨਿਊ ਯਾਰਕ ਤੋਂ ਡਾ. ਅਮਰਜੀਤ ਸਿੰਘ ਤੋਂ ਇਲਾਵਾ ਮਰਹੂਮ ਸ.ਢਿੱਲੋਂ ਦੇ ਪੁਰਾਣੇ ਦੋਸਤ ਅਤੇ ਸ੍ਰੀ ਨਨਕਾਣਾ ਸਾਹਿਬ ਫਾਊਂਡੇਸ਼ਨ ਦੇ ਪੁਰਾਣੇ ਮੈਂਬਰ ਸ. ਕਰਤਾਰ ਸਿੰਘ ਬੱਲ ਤੇ ਡਾ. ਉਜਾਗਰ ਸਿੰਘ ਬਾਵਾ ਵਿਸ਼ੇਸ਼ ਤੌਰ ਤੇ ਪਹੁੰਚੇ। ਉਨ੍ਹਾਂ ਵਿਸਥਾਰ ਨਾਲ ਦੱਸਿਆ ਕਿ ਕਿਵੇਂ ਸ. ਢਿੱਲੋਂ ਨੇ ਆਪਣੀ ਉਮਰ ਦੇ ਕਰੀਬ 41 ਸਾਲ ਪੰਥ ਦੇ ਲੇਖੇ ਲਾ ਦਿਤੇ ਅਤੇ ਪੰਥ ਤੋਂ ਵਿਛੋੜੇ ਗਏ ਜਿਨ੍ਹਾਂ ਗੁਰਧਾਮਾਂ ਦੇ ਦਰਸ਼ਨਾਂ ਤੇ ਸੇਵਾ ਸੰਭਾਲ ਦਾ ਦਾਨ ਬਖਸ਼ਣ ਲਈ ਸਿੱਖ ਵਾਹਿਗੁਰੂ ਅਗੇ ਸਵੇਰੇ-ਸ਼ਾਮ ਅਰਦਾਸ ਕਰਦੇ ਹਨ, ਉਸ ਨੂੰ ਅਮਲੀ ਰੂਪ ਦਿਤਾ। ਹੁਣ ਪਾਕਿਸਤਾਨ ਵਿਚ ਸ੍ਰੀ ਨਨਕਾਣਾ ਸਾਹਿਬ ਅਤੇ ਹੋਰ ਗੁਰਦੁਆਰਿਆਂ ਦੀ ਸੇਵਾ ਸੰਭਾਲ ਉਥੋਂ ਦੇ ਸਿੱਖ ਕਰਦੇ ਹਨ ਅਤੇ ਬਾਹਰਲੇ ਸਿੱਖ ਉਨ੍ਹਾਂ ਦੀ ਹਰ ਤਰ੍ਹਾਂ ਨਾਲ ਮਦਦ ਕਰਦੇ ਹਨ। ਕੁਝ ਦਹਾਕੇ ਪਹਿਲਾਂ ਸਿੱਖ ਯਾਤਰੀਆਂ 'ਤੇ ਬਹੁਤ ਪਬੰਦੀਆਂ ਸਨ ਪਰ ਹੁਣ ਇਹ ਪਾਬੰਦੀਆਂ ਨਹੀਂ ਹਨ। ਇਹ ਸੇਵਾ ਗੁਰੂ ਸਾਹਿਬਾਨ ਨੇ ਸ. ਗੰਗਾ ਸਿੰਘ ਢਿੱਲੋਂ ਤੋਂ ਆਪ ਕਰਵਾਈ ਹੈ।

ਡਾ. ਤਰਲੋਚਨ ਸਿੰਘ ਨਾਹਲ ਨੇ ਸ. ਢਿੱਲੋਂ ਨੂੰ ਸ਼ਰਧਾਜਲੀ ਭੇਟ ਕਰਦਿਆਂ ਕਿਹਾ ਕਿ ਉਨ੍ਹਾਂ ਨਾ ਸਿਰਫ ਸ੍ਰੀ ਨਨਕਾਣਾ ਸਾਹਿਬ ਅਤੇ ਹੋਰ ਗੁਰਧਾਮਾਂ ਦੀ ਸੇਵਾ ਸੰਭਾਲ ਹੀ ਸਿੱਖਾਂ ਨੂੰ ਦੁਆਈ ਸਗੋਂ ਇਸ ਖਾਤਰ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਪਾਕਿਸਤਾਨ ਵਿਚ ਨਨਕਾਣਾ ਸਾਹਿਬ ਫਾਊਂਡੇਸ਼ਨ ਦੀ ਸਥਾਪਨਾ ਲਈ ਵੀ ਮੋਹਰੀ ਭੂਮਿਕਾ ਨਿਭਾਈ। ਪਾਕਿਸਤਾਨ ਦੇ ਤਤਕਾਲੀ ਪ੍ਰਧਾਨ ਮੰਤਰੀ ਚੌਧਰੀ ਸ਼ੁਜਾਤ ਹੁਸੈਨ ਨੇ ਇਸ ਮਾਮਲੇ ਵਿਚ ਬਹੁਤ ਹੀ ਅਹਿਮ ਰੋਲ ਅਦਾ ਕੀਤਾ। ਸ਼ੁਜਾਤ ਹੁਸੈਨ ਦੇ ਪਿਤਾ ਚੌਧਰੀ ਜ਼ਹੂਰ ਇਲਾਹੀ ਪਾਕਿਸਤਾਨ ਮੁਸਲਿਮ ਲੀਗ ਦੇ ਵੱਡੇ ਲੀਡਰ ਸਨ ਅਤੇ ਪਾਕਿਸਤਾਨ ਦੀ ਨੈਸ਼ਨਲ ਅਸੈਂਬਲੀ ਦੇ ਮੈਂਬਰ ਸਨ। ਸ. ਢਿੱਲੋਂ ਦੀ ਉਨ੍ਹਾਂ ਨਾਲ ਗੂੜ੍ਹੀ ਦੋਸਤੀ ਸੀ। ਇਸ ਕਾਰਜ ਵਿਚ ਕਰਨਲ ਚੌਧਰੀ ਹਾਮਿਦ ਅਲੀ ਨੇ ਵੀ ਬਹੁਤ ਵਧੀਆ ਰੋਲ ਅਦਾ ਕੀਤਾ ਸੀ।

ਪੰਥਕ ਬੁਲਾਰੇ ਭਾਈ ਦਵਿੰਦਰ ਸਿੰਘ (ਅਮੈਰਿਕਨ ਸਿੱਖ ਆਰਗੇਨਾਈਜ਼ੇਸ਼ਨ) ਨੇ ਕਿਹਾ ਕਿ ਸ. ਗੰਗਾ ਸਿੰਘ ਢਿੱਲੋਂ ਵਲੋਂ 1981 ਦੀ ਸਿੱਖ ਐਜੂਕੇਸ਼ਨ ਕਾਨਫਰੰਸ ਵਿਚ ਪੜ੍ਹਿਆ ਇਤਿਹਾਸਕ ਦਸਤਾਵੇਜ਼ 'ਸਿੱਖ ਇਕ ਵੱਖਰੀ ਕੌਮ ਹਨ' ਸ. ਗੰਗਾ ਸਿੰਘ ਢਿੱਲੋਂ ਦੀ ਡੂੰਘੀ ਸਿਆਸੀ ਸੂਝ ਅਤੇ ਦੂਰ ਦ੍ਰਿਸ਼ਟੀ ਦੀ ਸ਼ਾਹਦੀ ਭਰਦਾ ਹੈ। ਉਨ੍ਹਾਂ ਕਿਹਾ ਕਿ ਸ. ਢਿੱਲੋਂ ਨੇ ਸਾਰੀ ਉਮਰ ਸ੍ਰੀ ਨਨਕਾਣਾ ਸਾਹਿਬ ਅਤੇ ਹੋਰ ਗੁਰਦੁਆਰਿਆਂ ਦੀ ਸੇਵਾ ਸੰਭਾਲ ਦੇ ਲੇਖੇ ਲਾ ਦਿਤੀ ਪਰ ਉਹ ਖੁਦ ਸ੍ਰੀ ਅੰਮ੍ਰਿਤਸਰ ਦੇ ਦਰਸ਼ਨ ਦੀਦਾਰ ਕਰਨ ਤੋਂ ਵਾਂਝੇ ਰਹਿ ਗਏ ਕਿਉਂਕਿ ਭਾਰਤ ਸਰਕਾਰ ਨੇ ਉਨ੍ਹਾਂ ਦੇ ਉਥੇ ਜਾਣ 'ਤੇ ਪੱਕੀ ਪਾਬੰਦੀ ਲਾ ਦਿਤੀ ਸੀ।

ਖਾਲਿਸਤਾਨੀ ਆਗੂ ਡਾ. ਅਮਰਜੀਤ ਸਿੰਘ ਨੇ ਕਿਹਾ ਕਿ ਨਹਿਰੂ-ਲਿਆਕਤ ਅਲੀ ਸਮਝੌਤੇ ਤਹਿਤ ਸਾਲ ਵਿਚ ਸਿਰਫ ਚਾਰ ਜਥੇ ਪਾਕਿਸਤਾਨ ਜਾਂਦੇ ਸਨ ਅਤੇ 1947 ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਉਥੋਂ ਦੇ ਗੁਰਦੁਆਰਿਆਂ ਦੀ ਸੇਵਾ ਸੰਭਾਲ ਦਾ ਕੋਈ ਵੀ ਉਪਰਾਲਾ ਨਾ ਕੀਤਾ। ਉਨ੍ਹਾਂ ਕਿਹਾ ਕਿ ਪਾਕਿਸਤਾਨ ਵਿਚ ਗੁਰਦੁਆਰਿਆਂ ਦੇ ਨਾਂ ਕਰੀਬ 72,000 ਏਕੜ ਜ਼ਮੀਨ ਹੈ, ਪਰ ਉਸ ਉਪਰ ਸਿੱਖਾਂ ਦਾ ਕੋਈ ਕੰਟਰੋਲ ਨਹੀਂ ਹੈ। ਉਨ੍ਹਾਂ ਕਿਹਾ ਕਿ ਜੇ ਸਿੱਖ ਕੌਮ ਨੂੰ ਗੁਰਧਾਮਾਂ ਦੀ ਸੇਵਾ ਸੰਭਾਲ ਦਾ ਮੌਕਾ ਮਿਲਿਆ ਹੈ ਤਾਂ ਇਸ ਦਾ ਸਿਹਰਾ ਸ. ਗੰਗਾ ਸਿੰਘ ਢਿੱਲੋਂ ਦੇ ਸਿਰ ਬੱਝਦਾ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਅਜੀਤ ਸਿੰਘ, ਰਜਿੰਦਰ ਸਿੰਘ (ਨਿਊ ਯਾਰਕ), ਦਵਿੰਦਰ ਸਿੰਘ ਗਿੱਲ ਅਤੇ ਹਰਭਜਨ ਸਿੰਘ ਚਾਹਲ ਵੀ ਮੌਜੂਦ ਸਨ। ਸਟੇਜ ਦੀ ਸੇਵਾ ਸ. ਗੰਗਾ ਸਿੰਘ ਢਿੱਲੋਂ ਦੇ ਛੋਟੇ ਭਰਾ ਸ. ਗੁਰਬਖਸ਼ ਸਿੰਘ ਢਿੱਲੋਂ ਨੇ ਨਿਭਾਈ। ਸ. ਢਿੱਲੋਂ ਦੇ ਵੱਡੇ ਪੁੱਤਰ ਸ. ਇੰਦਰਜਸਬੀਰ ਸਿੰਘ ਢਿੱਲੋਂ ਨੇ ਸਮੂਹ ਸੰਗਤਾਂ ਦਾ ਧੰਨਵਾਦ ਕੀਤਾ।



*ਇੰਦਰਜਸਬੀਰ ਸਿੰਘ ਢਿੱਲੋਂ ਤੇ ਗੁਰਬਖਸ਼ ਸਿੰਘ ਢਿੱਲੋਂ, ਉਜਾਗਰ ਸਿੰਘ ਬਾਵਾ, ਕਰਤਾਰ ਸਿੰਘ ਬੱਲ, ਦਵਿੰਦਰ ਸਿੰਘ, ਡਾ. ਅਮਰਜੀਤ ਸਿੰਘ ਤੇ ਡਾ. ਤਰਲੋਚਨ ਸਿੰਘ ਨਾਹਲ*

# ਵਿਪਸਾ ਵਲੋਂ ਸਾਲਾਨਾ ਸਮਾਗਮ ਦੀਆਂ ਤਿਆਰੀਆਂ

**ਫਰਿਜ਼ਨੋ (ਬਿਊਰੋ):** ਵਿਸ਼ਵ ਪੰਜਾਬੀ ਸਾਹਿਤ ਅਕਾਦਮੀ (ਵਿਪਸਾ) ਵਲੋਂ ਸਾਲਾਨਾ ਸਮਾਗਮ ਦੀ ਤਿਆਰੀ ਲਈ ਵਿਸ਼ੇਸ਼ ਮੀਟਿੰਗ ਅਕਾਦਮੀ ਦੇ ਪ੍ਰਧਾਨ ਡਾ. ਗੁਰੂਮੇਲ ਸਿੱਧੂ ਦੀ ਦੇਖ ਰੇਖ ਹੇਠ ਹੋਈ। ਮੁੱਖ ਮਹਿਮਾਨ ਵਜੋਂ ਵਰਲਡ ਪੰਜਾਬੀ ਸੈਂਟਰ, ਪਟਿਆਲਾ ਦੇ ਡਾਇਰੈਕਟਰ ਡਾ. ਦੀਪਕ ਮਨਮੋਹਨ ਸਿੰਘ ਵੀ ਹਾਜ਼ਰ ਸਨ।



*ਅਕਾਦਮੀ ਦੇ ਮੈਂਬਰਾਂ ਨਾਲ ਡਾ. ਦੀਪਕ ਮਨਮੋਹਨ ਸਿੰਘ 'ਵਾਸ-ਪਰਵਾਸ' ਪਰਚਾ ਜਾਰੀ ਕਰਦੇ ਹੋਏ*

ਅਕਾਦਮੀ ਦੇ ਸਕੱਤਰ ਹਰਜਿੰਦਰ ਕੰਗ ਨੇ ਪਿਛਲੀਆਂ ਸਰਗਰਮੀਆਂ ਦੀ ਰਿਪੋਰਟ ਪੇਸ਼ ਕੀਤੀ ਤੇ ਸਾਲਾਨਾ ਸਮਾਗਮ ਨੂੰ ਕਾਮਯਾਬ ਕਰਨ ਲਈ ਮੈਂਬਰਾਂ ਨੂੰ ਤਨਦੇਹੀ ਨਾਲ ਕੰਮ ਕਰਨ ਲਈ ਕਿਹਾ। ਉਨ੍ਹਾਂ ਕਿਹਾ ਕਿ ਸੈਂਟਰਲ ਵੈਲੀ ਵਿਚ ਕੰਮ ਕਰਦੀਆਂ ਸਾਰੀਆਂ ਸਾਹਿਤਕ ਤੇ ਸਭਿਆਚਾਰਕ ਜਥੇਬੰਦੀਆਂ ਦੀ ਸ਼ਮੂਲੀਅਤ ਨੂੰ ਯਕੀਨੀ ਬਣਾਉਣ ਲਈ ਪਹੁੰਚ ਕੀਤੀ ਜਾਵੇਗੀ।

ਸੰਗੀਤ ਦੇ ਨਾਲ ਨਾਲ ਵੈਲੀ ਦੇ ਕਵੀ ਜਨ ਆਪਣਾ ਕਲਾਮ ਪੇਸ਼ ਕਰਨਗੇ। ਪ੍ਰਧਾਨ ਸ੍ਰੀ ਸਿੱਧੂ ਨੇ ਦੱਸਿਆ ਕਿ ਪੰਜਾਬੀ ਸਭਿਆਚਾਰ ਵਿਚ ਸਾਹਿਤ ਅਤੇ ਸ਼ਬਦ ਦੀ ਭੂਮਿਕਾ 'ਤੇ ਵਿਦਵਾਨ ਪੇਪਰ ਪੜ੍ਹਨਗੇ।

ਮੀਟਿੰਗ ਵਿਚ ਹਾਜ਼ਰ ਕਵੀਆਂ ਹਰਜਿੰਦਰ ਕੰਗ, ਸਾਧੂ ਸਿੰਘ ਸੰਘਾ, ਸੰਤੋਖ ਮਿਨਹਾਸ ਅਤੇ ਸੁੱਖੀ ਧਾਲੀਵਾਲ ਨੇ ਆਪਣੀਆਂ ਕਵਿਤਾਵਾ ਪੜ੍ਹੀਆਂ। ਕਾਵਿਕਤਾ ਅਤੇ ਨਿਭਾਅ ਬਾਰੇ ਹੋਈ ਭਰਵੀਂ ਚਰਚਾ ਵਿਚ ਡਾ. ਸਿੱਧੂ, ਕਹਾਣੀਕਾਰ ਕਰਮ ਸਿੰਘ ਮਾਨ, ਅਵਤਾਰ ਗੋਂਦਾਰਾ ਤੇ ਜਗਜੀਤ ਸਿੰਘ ਪੰਨੂੰ ਨੇ ਭਾਗ ਲਿਆ। ਸਾਰੀ ਚਰਚਾ ਗੱਦ ਨਾਲੋਂ ਕਵਿਤਾ ਦੇ ਵਖਰੇਵੇਂ ਅਤੇ ਕਵਿਤਾ ਦੇ ਜੀਵਨ ਨਾਲ ਸਬੰਧਾਂ 'ਤੇ ਕੇਂਦਰਿਤ ਰਹੀ।

ਵਰਲਡ ਪੰਜਾਬੀ ਸੈਂਟਰ ਵਲੋਂ ਪ੍ਰਕਾਸ਼ਿਤ, ਪਰਵਾਸੀਆਂ ਦੇ ਸਰੋਕਾਰਾਂ ਨਾਲ ਸਬੰਧਤ ਪਰਚੇ 'ਵਾਸ-ਪਰਵਾਸ' ਦਾ ਪਹਿਲਾ ਅੰਕ ਡਾ. ਦੀਪਕ ਮਨਮੋਹਨ ਸਿੰਘ ਨੇ ਵੈਲੀ ਦੇ ਪਾਠਕਾਂ ਲਈ ਜਾਰੀ ਕੀਤਾ। ਸੁਨੱਖੀ ਦਿੱਖ ਵਾਲੇ ਸਚਿੱਤਰ ਪਰਚੇ ਵਿਚ ਕਵਿਤਾ ਪਾਠ ਤੋਂ ਬਿਨਾਂ ਵਿਦਵਾਨ ਲੇਖਕਾਂ ਵਲੋਂ ਪੰਜਾਬ ਦੀ ਸਿਆਸਤ, ਆਰਥਿਕਤਾ ਅਤੇ ਪਰਵਾਸੀਆਂ ਦੇ ਜੀਵਨ ਨਾਲ ਸਬੰਧਤ ਵਿਸ਼ਿਆਂ ਬਾਰੇ ਰੌਚਿਕ ਤੇ ਗਿਆਨ ਭਰਪੂਰ ਲੇਖ ਹਨ।

## ਬਾਜ਼ ਨੂੰ ਪੰਜਾਬ ਦਾ ਰਾਜ ਪੰਛੀ ਐਲਾਨਿਆ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਇਕ ਨੋਟੀਫਿਕੇਸ਼ਨ ਜਾਰੀ ਕਰਕੇ ਬਾਜ਼ ਨੂੰ ਰਾਜ ਪੰਛੀ ਐਲਾਨਿਆ। ਪੰਜਾਬ ਸਰਕਾਰ ਦੇ ਇਕ ਬੁਲਾਰੇ ਨੇ ਦੱਸਿਆ ਕਿ ਇਸ ਬਾਰੇ 15 ਮਾਰਚ 1989 ਨੂੰ ਜਾਰੀ ਕੀਤੇ ਗਏ ਪਹਿਲੇ ਨੋਟੀਫਿਕੇਸ਼ਨ ਵਿਚ ਅੰਸ਼ਿਕ ਸੋਧ ਕੀਤੀ ਗਈ ਹੈ।


Northwest Truck Driving School
3241 Industrial Drive, Yuba City, CA 95993

ਨਾਰਥਵੈਸਟ ਟਰੱਕਿੰਗ ਕੰਪਨੀ ਨੇ ਯੂਬਾ ਸਿਟੀ ਵਿਚ ਆਪਣਾ ਟਰੱਕ ਡਰਾਈਵਿੰਗ ਸਕੂਲ ਖੋਲ੍ਹ ਦਿੱਤਾ ਹੈ

- ਇਥੇ $1200 ਵਿਚ Commercial A Class License ਲੈਣ ਲਈ 10 ਸਪੀਡ ਦੇ ਟਰੱਕ ਸਿਖਾਉਂਦੇ ਹਾਂ
- ਲਾਇਸੈਂਸ ਮਿਲਣ 'ਤੇ ਜੌਬ ਦੀ ਗਾਰੰਟੀ



Northwest Freightway ਨੂੰ ਡਰਾਈਵਰਾਂ ਦੀ ਲੋੜ ਹੈ
40 ਸੈਂਟ ਪ੍ਰਤੀ ਮੀਲ

ਹੋਰ ਜਾਣਕਾਰੀ ਲਈ ਸੰਪਰਕ ਕਰੋ
ਗੁਰਪ੍ਰੀਤ ਸੰਘਾ, ਫੋਨ: 530-777-6737

*To Advertise with Punjab Times Call: 847-359-0746*

Need Water? Tired of waiting in Line?
Call: 844-486-9355
We have Multiple Drilling Rigs
and We Convert Pumps to Solar too
Run Your Well Without Bill



Kamaljit Dhillon



Simran Deol



Deep Grewal

Hydro Tech Solutions
One Stop Shop





# ਹਦੀਕਾ ਦੀ ਹੇਕ




ਕਲਾ ਪਰਿਕਰਮਾ

**ਆਮਨਾ ਅਮੀਨ, ਲਾਹੌਰ**

ਹਦੀਕਾ ਕਿਆਨੀ ਪਿਛਲੇ ਦੋ ਦਹਾਕਿਆਂ ਤੋਂ ਸੰਜੀਦਾ ਸਰੋਤਿਆਂ ਦੀ ਪਸੰਦ ਬਣੀ ਹੋਈ ਹੈ। ਜਿੰਨੀ ਸਫਲਤਾ ਉਸ ਨੇ ਸੰਗੀਤ ਦੇ ਖੇਤਰ ਵਿਚ ਹਾਸਲ ਕੀਤੀ ਹੈ, ਉਨੀ ਕਿਸੇ ਹੋਰ ਗਾਇਕ/ਗਾਇਕਾ ਦੇ ਹਿੱਸੇ ਨਹੀਂ ਆ ਸਕੀ। ਇਸੇ ਦੀ ਬਦੌਲਤ ਉਸ ਨੂੰ ਪਾਕਿਸਤਾਨ ਦੇ ਚੌਥੇ ਵੱਡੇ ਸਿਵਲੀਅਨ ਖਿਤਾਬ 'ਤਮਗਾ-ਏ-ਇਮਤਿਆਜ਼' ਨਾਲ ਨਵਾਜਿਆ ਗਿਆ। ਇਹ ਖਿਤਾਬ ਉਸ ਨੂੰ 2006 ਵਿਚ ਦਿੱਤਾ ਗਿਆ ਸੀ। ਆਪਣੇ ਗੀਤ 'ਬੂਹੇ ਬਾਰੀਆਂ' ਵਾਂਗ ਉਹ ਸੰਗੀਤ ਦੇ ਆਸਮਾਨ ਉਤੇ ਛਾ ਗਈ।

ਹਦੀਕਾ ਦਾ ਸ਼ਾਬਦਿਕ ਅਰਥ ਬਾਗ਼ ਹੁੰਦਾ ਹੈ। ਸੱਚਮੁੱਚ, ਹਦੀਕਾ ਨੇ ਆਪਣੇ ਨਾਂ ਦੀ ਲੱਜ ਪਾਲੀ ਹੈ। ਉਹ ਸੁਰਾਂ ਨਾਲ ਬਾਗ਼ ਦੀ ਮਹਿਕ ਚੁਫੇਰੇ ਵੰਡ ਰਹੀ ਹੈ। ਉਹਨੇ 2005 ਵਿਚ 'ਈਦੀ ਫਾਊਂਡੇਸ਼ਨ' ਤੋਂ ਇਕ ਪੁੱਤਰ ਗੋਦ ਲਿਆ ਸੀ ਜਿਸ ਦਾ ਨਾਂ ਉਸ ਨੇ ਨਾਦ-ਏ-ਅਲੀ ਰੱਖਿਆ। ਅਸਲ ਵਿਚ ਉਹ ਉਦੋਂ ਸਿਰਫ ਤਿੰਨ ਵਰ੍ਹਿਆਂ ਦੀ ਸੀ ਜਦੋਂ ਉਸ ਦੇ ਪਿਤਾ ਦਾ ਦੇਹਾਂਤ ਹੋ ਗਿਆ ਸੀ। ਫਿਰ ਜਦੋਂ 2005 ਵਿਚ ਪਾਕਿਸਤਾਨ ਵਿਚ ਭਿਅੰਕਰ ਭੂਚਾਲ ਆਇਆ ਤਾਂ ਉਸ ਅੰਦਰ ਬਚਪਨ ਤੋਂ ਪਲ ਰਹੀ ਮਮਤਾ ਨੇ ਉਛਾਲਾ ਮਾਰਿਆ ਅਤੇ ਉਸ ਨੇ ਨਾਦ-ਏ-ਅਲੀ ਨੂੰ ਗੋਦ ਲੈ ਲਿਆ। ਮਗਰੋਂ ਉਸ ਨੇ ਇੰਗਲੈਂਡ ਵੱਸਦੇ ਅਫਗਾਨ ਕਾਰੋਬਾਰੀ ਸਈਦ ਫਰੀਦ ਸਰਵਰੀ ਨਾਲ ਵਿਆਹ ਵੀ ਕਰਵਾਇਆ, ਪਰ ਇਹ ਵਿਆਹ ਬਹੁਤੀ ਦੇਰ ਚੱਲ ਨਾ ਸਕਿਆ।

ਆਪਣੇ ਬਚਪਨ ਬਾਰੇ ਹਦੀਕਾ ਦੱਸਦੀ ਹੈ ਕਿ ਉਸ ਦੀ ਅੰਮੜੀ ਖਾਵਰ, ਰਾਵਲਪਿੰਡੀ ਦੇ





ਕੁੜੀਆਂ ਵਾਲੇ ਸਰਕਾਰੀ ਸਕੂਲ ਦੀ ਪ੍ਰਿੰਸੀਪਲ ਸੀ। ਅੰਮਾਂ ਨੇ ਉਸ ਅਤੇ ਉਸ ਦੇ ਵੱਡੇ ਭੈਣ-ਭਰਾ ਇਰਫਾਨ ਕਿਆਨੀ ਤੇ ਸਾਸ਼ਾ ਨੂੰ ਸੰਗੀਤ ਦੀ ਤਾਲੀਮ ਲਈ ਪ੍ਰੇਰਿਆ। ਮਗਰੋਂ ਉਸ ਨੂੰ ਪਾਕਿਸਤਾਨ ਕੌਮੀ ਆਰਟਸ ਕੌਂਸਲ ਵਿਚ ਦਾਖਲਾ ਮਿਲ ਗਿਆ ਅਤੇ ਫਿਰ ਉਸ ਨੇ ਕਦੀ ਪਿਛਾਂਹ ਮੁੜ ਕੇ ਨਹੀਂ ਦੇਖਿਆ। ਝਾਕਾ ਉਸ ਦਾ ਬਚਪਨ ਵਿਚ ਹੀ ਖੁੱਲ੍ਹ ਗਿਆ ਸੀ। ਬਚਪਨ ਵਿਚ ਹੀ ਉਹ ਕਈ ਬਾਲ ਮੇਲਿਆਂ ਵਿਚ ਗਾ ਚੁੱਕੀ ਸੀ। ਉਸ ਦੀ ਸੰਗੀਤ ਦੀ ਅਧਿਆਪਕਾ ਨਰਗਿਸ ਨਾਹੀਦ ਨੇ ਉਸ ਦੀ ਬੜੀ ਮਦਦ ਕੀਤੀ ਅਤੇ ਉਹ ਉਸ ਲਈ ਰਾਹ ਦਸੇਰਾ ਹੋ ਨਿਬੜੀ। ਫਿਰ ਉਸ ਨੇ ਲਾਹੌਰ, ਉਸਤਾਦ ਫੈਜ਼ ਅਹਿਮਦ ਖਾਨ ਅਤੇ ਵਾਜਿਦ ਅਲੀ ਖਾਨ ਤੋਂ ਸੰਗੀਤ ਦੀ ਤਾਲੀਮ ਹਾਸਲ ਕੀਤੀ। ਫਿਰ ਆਇਆ ਸਾਲ 1990 ਅਤੇ ਹਦੀਕਾ ਨੇ ਪੀ ਟੀ ਵੀ ਲਈ ਬੱਚਿਆਂ ਦਾ ਸੰਗੀਤ ਪ੍ਰੋਗਰਾਮ 'ਆਂਗਨ ਆਂਗਨ ਤਾਰੇ' ਹੋਸਟ ਕੀਤਾ। ਇਹ ਪ੍ਰੋਗਰਾਮ ਕੋਈ ਸਾਢੇ ਤਿੰਨ ਸਾਲ ਚੱਲਿਆ ਅਤੇ ਉਸ ਨੇ ਇਸ ਦੌਰਾਨ ਬੱਚਿਆਂ ਲਈ ਸੈਂਕੜੇ ਗੀਤ ਗਾਏ। ਇਸ ਤੋਂ ਬਾਅਦ ਉਸ ਨੂੰ ਫਿਲਮਾਂ ਵਿਚ ਗਾਉਣ ਦੀ ਪੇਸ਼ਕਸ਼ ਹੋਈ ਜੋ ਉਸ ਨੇ ਸਵੀਕਾਰ ਕਰ ਲਈ। ਇਸ ਤੋਂ ਬਆਦ ਤਾਂ ਉਸ ਲਈ ਇਨਾਮਾਂ ਦੀ ਝੜੀ ਲੱਗ ਗਈ। ਇਹ 1995 ਦੀਆਂ ਗੱਲਾਂ ਹਨ ਅਤੇ ਇਸੇ ਸਾਲ ਹੀ ਉਸ ਦੀ ਪਹਿਲੀ ਸੰਗੀਤ ਐਲਬਮ 'ਰਾਜ਼' ਰਿਲੀਜ਼ ਹੋਈ। ਇਸ ਤੋਂ ਬਾਅਦ 'ਰੋਸ਼ਨੀ' (1998), 'ਰੰਗ' (2002), 'ਰਫ ਕੱਟ' (2007), 'ਆਸਮਾਨ' (2009) ਐਲਬਮਾਂ ਰਿਲੀਜ਼ ਹੋਈਆਂ।



## ਕੱਵਾਲੀ ਵਾਲਾ 'ਵਜਦ'

*ਹਦੀਕਾ ਕਿਆਨੀ ਹੁਣ ਸੂਫੀ ਐਲਬਮ 'ਵਜਦ' ਵੱਲ ਉਚੇਚਾ ਧਿਆਨ ਦੇ ਰਹੀ ਹੈ। ਕੁਝ ਸਲਾਹਕਾਰਾਂ ਨੇ ਉਸ ਨੂੰ ਆਖਿਆ ਸੀ ਕਿ ਅੱਜ ਕੱਲ੍ਹ ਇੰਟਰਨੈੱਟ ਅਤੇ ਯੂਟਿਊਬ ਦੇ ਜ਼ਮਾਨੇ ਵਿਚ ਐਲਬਮਾਂ ਦਾ ਕੋਈ ਮਤਲਬ ਨਹੀਂ ਰਹਿ ਗਿਆ, ਲੋਕ ਤਾਂ ਸਾਈਟਾਂ ਤੋਂ ਗੀਤ ਡਾਊਨਲੋਡ ਕਰ ਕਰ ਕੇ ਸੁਣੀ ਜਾਂਦੇ ਹਨ, ਪਰ ਉਸ ਦਾ ਆਖਣਾ ਹੈ ਕਿ ਐਲਬਮਾਂ ਦੀ ਮਾਰਕੀਟ ਕਦੀ ਖਤਮ ਨਹੀਂ ਹੋਣੀ। ਉਂਜ ਵੀ ਉਹ ਆਪਣੀਆਂ ਐਲਬਮਾਂ ਨੂੰ ਬੱਚਿਆਂ ਜਿੰਨਾ ਹੀ ਦੁਲਾਰਦੀ ਅਤੇ ਪਿਆਰ ਕਰਦੀ ਹੈ। ਇਨ੍ਹਾਂ ਦੀ ਤਿਆਰੀ ਤੱਕ ਉਹ ਕਿਸੇ ਮਾਂ ਵਾਂਗ ਹੀ ਸਦਾ ਫਿਕਰ ਵਿਚ ਰਹਿੰਦੀ ਹੈ।*

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 17 ਅਕਤੂਬਰ 2015 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-190



**ਦੇਖੋ ਕਿੱਦਾਂ ਮਸਤ ਪਏ ਨੇ, ਬਾਲ ਵਰੇਸੇ ਦੋਵੇਂ।**
**ਤੂੰ ਵੀ ਰੱਬਾ ਦੰਗ ਰਹਿ ਜਾਵੇਂ, ਕੋਲ ਕਿਤੇ ਜੇ ਹੋਵੇਂ।**
**ਵਫਾਦਾਰ ਹੋਊ ਪੂਰਾ ਦੇਖੀਂ, ਨਾਲ ਪਿਆ ਜੋ ਸੁੱਤਾ।**
**ਦੂਜਾ ਦੇਣਗੇ ਇਸ ਬਚੜੇ ਨੂੰ, ਊਂ ਆਖ ਕੇ ਕੁੱਤਾ।**

## ਕੈਪਸ਼ਨ ਮੁਕਾਬਲਾ-188



ਗੁੱਲੀ ਡੰਡਾ ਵਿਸਰ ਗਿਆ
ਜਦ ਧੂਹ ਕ੍ਰਿਕਟ ਨੇ ਪਾਈ।
ਵਿਕਟਾਂ ਬੱਲੇ ਲੈ ਨ੍ਹੀਂ ਸਕਦੇ
ਇੱਟਾਂ ਦੀ ਚਿਣਤੀ ਲਾਈ।
ਥਾਪੀ ਲੈ ਕੇ ਖੜ੍ਹ'ਗੇ ਮੂਹਰੇ
ਜਾਂਦੇ ਚੌਕੇ ਛਿੱਕੇ ਲਾਈ।
ਅਸੀਂ ਤਾਂ ਆਪਣਾ ਮਨ ਪ੍ਰਚਾਈਏ
ਕਰਨੀ ਨਾ ਅਸਾਂ ਕੋਈ ਕਮਾਈ।

***-ਜਗਮੀਤ ਸਿੰਘ ਪੰਧੇਰ***

---

ਅਮਨ ਕਹਿੰਦਾ ਗੋਲਡੀ ਨੂੰ
ਆ ਜਾ ਖੇਡੀਏ ਯਾਰਾ ਗੁੱਲੀ-ਡੰਡਾ।
ਵਿਪਨ ਕਹਿੰਦਾ, ਇਹ ਖੇਡ ਪੁਰਾਣੀ
ਯਾਰੋ ਐਵੇਂ ਲਓ ਨਾ ਪੰਗਾ।
ਆਓ ਸਾਰੇ ਕ੍ਰਿਕਟ ਖੇਡੀਏ
ਨਾਲੇ ਆਪਣੀ ਸਿਹਤ ਬਣਾਈਏ।
ਚੌਕੇ-ਛੱਕੇ ਲਾ ਕੇ ਆਪਾਂ
ਨਾਲੇ ਭੰਗੜੇ-ਲੁੱਡੀਆਂ ਪਾਈਏ।
ਮੈਚ ਫਿਕਸਿੰਗ ਦਾ ਦੌਰ ਹੈ ਚੱਲਦਾ
ਆਪਾਂ ਵੀ ਕੁਝ ਨੋਟ ਕਮਾਈਏ।
ਆਓ ਸਾਰੇ 'ਕੱਠੇ ਹੋ ਕੇ
ਕ੍ਰਿਕਟ ਦੀ ਇਕ ਟੀਮ ਬਣਾਈਏ।

***-ਰਾਮ ਕੁਮਾਰ ਐਸ਼ ਜਾਜਾ***
***ਫੋਨ: 408-859-6555***

---

ਕ੍ਰਿਕਟ ਨੇ ਐਸੀ ਧੂਮ ਮਚਾਈ
ਤਾਪ ਹੈ ਸਭ ਨੂੰ ਚੜ੍ਹਿਆ।
ਜੋੜ ਕੇ ਇੱਟਾਂ ਵਿਕਟ ਬਣਾਏ
ਚੁੱਕ ਥਾਪੜੀ ਬੱਲਾ ਫੜ੍ਹਿਆ।
ਸੋਨੂੰ, ਦੀਪੂ, ਰੂਬਲ 'ਕੱਠੇ ਹੋ ਕੇ
ਗਲੀ ਦੀ ਹੀ ਪਿੱਚ ਬਣਾਈ।
ਸੰਨੀ ਭੱਜ ਭੱਜ ਪਾਵੇ ਬਾਲਾਂ
ਜੈਰੀ, ਮੋਨੂੰ ਤੋਂ ਫੀਲਡਿੰਗ ਕਰਾਈ।
ਚੌਕੇ-ਛੱਕੇ ਲਾ ਲਾ ਦੀਪੂ ਨੇ
ਸਭ ਦੀ ਬਸ ਕਰਾਈ।
ਕਾਸ਼! ਨਾ ਭੁੱਲੀਏ ਛਿੰਦਾ ਦੰਗਲ
'ਕੱਲਾ ਕ੍ਰਿਕਟ ਪਿਛੇ ਹੀ ਲੱਗ ਕੇ।
ਡੰਡ ਬੈਠਕਾਂ, ਖਿੱਦੋ ਖੂੰਡੀ ਵੀ
ਨਾਲ ਨਾਲ ਹੀ ਚੱਲ ਰਲ ਕੇ।

***-ਸੇਵਾ ਸਿੰਘ ਨੂਰਪੁਰੀ***
***ਫੋਨ: 408-912-3438***

---

ਯਾਰਾਂ ਦੋਸਤਾਂ ਪੈਸੇ 'ਕੱਠੇ ਕਰਕੇ
ਲੈ ਆਂਦੀ ਗੇਂਦ ਤੇ ਨਾਲੇ ਬੱਲਾ।
ਅੱਠ ਦਸ ਜਣੇ ਇਹ ਖੇਡ ਖੇਡਣ
ਕੋਈ ਖੇਡ ਨਹੀਂ ਸਕਦਾ 'ਕੱਲਾ।
ਬਰੋਟੇ ਹੇਠਾਂ ਇਕੱਠੇ ਹੋ ਗਏ
ਗਲੀ ਮੁਹੱਲੇ ਦੇ ਸਭ ਬੱਚੇ।
ਖੇਡਣ ਭਾਵੇਂ ਖੇਡ ਇਹ ਨਕਲੀ
ਪਰ ਦਿਲੋਂ ਇਹ ਨੇ ਸੱਚੇ।
ਇਸ ਖੇਡ ਦਾ ਵੱਡੇ ਪੱਧਰ 'ਤੇ
ਜਦ ਟੀ ਵੀ 'ਤੇ ਪ੍ਰਸਾਰਣ ਚੱਲੇ।
ਬੰਦਾ ਟੀ ਵੀ ਨਾਲ ਨੂੜ ਹੋ ਜਾਂਦਾ
ਬਸ ਫਿਰ ਕ੍ਰਿਕਟ ਦੀ ਬੱਲ ਬੱਲੇ।
ਇਸ ਖੇਡ ਨੇ ਹਰ ਇਕ ਦੀ
ਦੇਖੋ ਕਿੰਜ ਸੁਰਤ ਭੁਲਾਈ।
ਖੜ੍ਹ ਖੜ੍ਹ ਕੇ ਇਕ ਦੂਜੇ ਨੂੰ ਪੁੱਛਦੇ
ਕਿੰਨੇ ਰਨ ਤੇ ਕਿੰਨੇ ਆਊਟ ਭਾਈ?

***-ਗੋਰਾ ਪ੍ਰਜਾਪਤ, ਨਿਊ ਯਾਰਕ***
***ਫੋਨ: 718-690-8403***

## ਕੈਪਸ਼ਨ ਮੁਕਾਬਲਾ-187

ਆ ਜਾ ਦੋਵੇਂ ਰਲ ਮਿਲ ਕੱਟੀਏ
ਜ਼ਿੰਦਗੀ ਦਾ ਇਹ ਪੰਧ ਲੰਮੇਰਾ।
ਕਹਿੰਦੇ ਦੁਨੀਆਂ ਮਤਲਬ ਦੀ ਹੈ
ਇਥੇ ਕੋਈ ਨਾ ਸਕਾ ਤੇਰਾ-ਮੇਰਾ।
ਭਾਰ ਵੀ ਚੁੱਕੀਏ ਫਿਫਟੀ ਫਿਫਟੀ
ਜਿਵੇਂ ਵੰਡਾਏ ਗਮ ਖੁਸ਼ੀਆਂ ਖੇੜੇ।
ਨਿੱਤ ਮੰਗੀਏ ਖੈਰਾਂ ਕਰ ਸ਼ੁਕਰ ਰੱਬ ਦਾ
ਉਮਰਾਂ ਦੇ ਚਰਖੇ ਦੇ ਹਰ ਗੇੜੇ।

***-ਸੇਵਾ ਸਿੰਘ ਨੂਰਪੁਰੀ***

# ਅਗਲੇ ਵਰ੍ਹੇ ਕੈਲੀਫੋਰਨੀਆ 'ਚ ਹੋਣਗੇ ਚਾਰ ਕਬੱਡੀ ਕੱਪ:ਗਾਖਲ

**ਵਾਟਸਨਵਿਲ, ਕੈਲੀਫੋਰਨੀਆ (ਬਿਊਰੋ):** ਅਗਲੇ ਸਾਲ ਕੈਲੀਫੋਰਨੀਆ ਵਿਚ ਚਾਰ ਵੱਡੇ ਕਬੱਡੀ ਕੱਪ ਗੁਰੂ ਤੇਗ ਬਹਾਦਰ ਸਪੋਰਟਸ ਕਲੱਬ, ਕਿੰਗ ਸਪੋਰਟਸ ਕਲੱਬ, ਸ਼ੇਰੇ ਪੰਜਾਬ ਸਪੋਰਟਸ ਕਲੱਬ ਅਤੇ ਯੁਨਾਈਟਿਡ ਸਪੋਰਟਸ ਕਲੱਬ ਵਲੋਂ ਸਾਂਝੇ ਰੂਪ ਵਿਚ ਕਰਵਾਏ ਜਾਣਗੇ। ਇਸ ਸਬੰਧੀ ਫੈਸਲਾ ਕਬੱਡੀ ਨੂੰ ਉਤਸ਼ਾਹਿਤ ਕਰਨ ਵਾਲੇ ਕਲੱਬਾਂ ਅਤੇ ਕਬੱਡੀ ਨਾਲ ਜੁੜੀਆਂ ਨਾਮੀ ਹਸਤੀਆਂ ਦੀ ਇਥੇ 'ਏ ਐਂਡ ਆਈ ਟਰੱਕਿੰਗ ਕੰਪਨੀ' ਦੇ ਮੁੱਖ ਦਫਤਰ ਵਿਚ ਯੁਨਾਈਟਿਡ ਸਪੋਰਟਸ ਕਲੱਬ ਦੇ ਚੇਅਰਮੈਨ ਸ. ਅਮੋਲਕ ਸਿੰਘ ਗਾਖਲ ਦੀ ਪ੍ਰਧਾਨਗੀ ਹੇਠ ਹੋਈ ਇਕ ਮੀਟਿੰਗ ਲਿਆ ਗਿਆ।

ਇਨ੍ਹਾਂ ਵਿਚੋਂ ਦੋ ਕਲੱਬ ਬੇ ਏਰੀਏ ਵਿਚ, ਇਕ ਲਿਵਿੰਗਸਟਨ ਅਤੇ ਇਕ ਸੈਕਰਾਮੈਂਟੋਂ ਵਿਚ ਕਬੱਡੀ ਕੱਪ ਕਰਵਾਉਣਗੇ। ਇਸ ਸਬੰਧੀ ਇਕ ਚਾਰ ਮੈਂਬਰੀ ਤਾਲਮੇਲ ਕਮੇਟੀ ਬਣਾ ਦਿੱਤੀ ਗਈ ਹੈ ਜਿਸ ਦੇ ਚੇਅਰਮੈਨ ਅਮੋਲਕ ਸਿੰਘ ਗਾਖਲ ਹੀ ਹੋਣਗੇ ਅਤੇ ਮੈਂਬਰ ਤਰਲੋਚਨ ਸਿੰਘ ਲੱਛਰ, ਕੁੰਦਨ ਭਲਵਾਨ, ਮੰਗਲ ਸਿੰਘ ਭੰਡਾਲ ਅਤੇ ਕੁਲਵੰਤ ਸਿੰਘ ਖਹਿਰਾ ਹੋਣਗੇ। ਇਹੀ ਕਮੇਟੀ ਤਰੀਕਾਂ ਦਾ ਐਲਾਨ ਕਰੇਗੀ।

ਵਰਣਨਯੋਗ ਹੈ ਕਿ ਕਬੱਡੀ ਨੂੰ ਉਤਸ਼ਾਹਿਤ ਕਰਨ ਲਈ ਕੈਲੀਫੋਰਨੀਆ ਦੇ ਕਈ ਕਲੱਬ ਸਰਗਰਮ ਹਨ। ਅਮੋਲਕ ਸਿੰਘ ਗਾਖਲ ਦੀ ਅਗਵਾਈ ਹੇਠ ਪਹਿਲਾਂ ਵੀ ਪੰਜ ਵਾਰ ਵਰਲਡ ਕਬੱਡੀ ਕੱਪ ਯੁਨਾਈਟਿਡ ਸਪੋਰਟਸ ਕਲੱਬ ਵਲੋਂ ਕਰਵਾਇਆ ਜਾ ਚੁੱਕਾ ਹੈ। ਮੀਟਿੰਗ ਤੋਂ ਬਾਅਦ ਸ. ਗਾਖਲ ਨੇ ਕਿਹਾ ਕਿ ਖੇਡ ਕਬੱਡੀ ਨੂੰ ਨਸ਼ਾ ਮੁਕਤ ਕਰਨ ਲਈ ਉਹ ਸਮੂਹ ਸਾਥੀਆਂ ਦੇ ਸਹਿਯੋਗ ਨਾਲ ਯਤਨਸ਼ੀਲ ਰਹਿਣਗੇ। ਮੀਟਿੰਗ ਵਿਚ ਇਕਬਾਲ ਸਿੰਘ ਗਾਖਲ, ਤਲਵਿੰਦਰ ਸਿੰਘ ਗਾਖਲ, ਅਮਰਜੀਤ ਸਿੰਘ ਸੰਘਾ ਅਤੇ ਹਰਵਿੰਦਰ ਲੱਛਰ ਵੀ ਹਾਜ਼ਰ ਸਨ।

ਇਸੇ ਦੌਰਾਨ ਗਾਖਲ ਭਰਾਵਾਂ ਅਤੇ ਯੁਨਾਈਟਡ ਸਪੋਰਟਸ ਕਲੱਬ ਕੈਲੀਫੋਰਨੀਆ ਨੇ ਬੇਅ ਏਰੀਆ ਸਪੋਰਟਸ ਕਲੱਬ ਦੀ ਟੀਮ ਵਲੋਂ ਪਿਛਲੇ ਅਰਸੇ ਦੌਰਾਨ ਜਿੱਤੇ ਗਏ ਚਾਰ ਕਬੱਡੀ ਕੱਪਾਂ ਲਈ ਟੀਮ ਅਤੇ ਪ੍ਰਬੰਧਕਾਂ ਨੂੰ ਵਧਾਈ ਦਿੰਦਿਆਂ ਕਿਹਾ ਹੈ ਕਿ ਰੁੜਕੇ ਵਾਲੇ ਸੰਧੂ ਭਰਾਵਾਂ ਨੇ ਕਬੱਡੀ ਲਈ ਲਗਾਤਾਰ ਤਨਦੇਹੀ ਨਾਲ ਕੰਮ ਕੀਤਾ ਹੈ। ਸ. ਅਮੋਲਕ ਸਿੰਘ ਗਾਖਲ ਨੇ ਕਿਹਾ ਕਿ ਇਸੇ ਦਾ ਹੀ ਸਿੱਟਾ ਹੈ ਕਿ ਟੀਮ ਅਤੇ ਕਲੱਬ ਨੇ ਅਮਰੀਕਾ ਅਤੇ ਕੈਨੇਡਾ ਵਿਚ ਆਪਣੀ ਪਛਾਣ ਬਣਾਈ ਹੈ। ਸੈਟਾਂ ਕਰੂਜ਼ ਦੇ ਇਕ ਰੈਸਟੋਰੈਂਟ ਵਿਚ ਜੇਤੂ ਕਬੱਡੀ ਟੀਮ ਨੂੰ ਦਿੱਤੇ ਗਏ ਰਾਤ ਦੇ ਖਾਣੇ ਸਮੇਂ ਬੋਲਦਿਆਂ ਬੇਅ ਏਰੀਆ ਸਪੋਰਟਸ ਕਲੱਬ ਦੇ ਚੇਅਰਮੈਨ ਸ. ਬਲਜੀਤ ਸਿੰਘ ਸੰਧੂ ਨੇ ਕਿਹਾ ਕਿ ਅਸੀਂ ਪਹਿਲਾਂ ਸਾਰੇ ਭਰਾ ਆਪ ਕਬੱਡੀ ਖੇਡਦੇ ਰਹੇ ਹਾਂ ਅਤੇ ਹੁਣ ਪਿਛਲੇ 15 ਸਾਲਾਂ ਤੋਂ ਕਬੱਡੀ ਨੂੰ ਪ੍ਰਮੋਟ ਕਰਨ ਲਈ ਯਤਨ ਕਰ ਰਹੇ ਹਾਂ।

ਇਸ ਮੌਕੇ ਯੁਨਾਈਟਿਡ ਸਪੋਰਟਸ ਕਲੱਬ ਦੇ ਜਨਰਲ ਸਕੱਤਰ ਗੁਰਦਾਵਰ ਸਿੰਘ ਮਹੇੜੂ ਨੇ ਵੀ ਜੇਤੂ ਟੀਮ ਨੂੰ ਵਧਾਈ ਦਿੱਤੀ। ਇਕਬਾਲ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ, ਬਲਵੀਰ ਸਿੰਘ ਭਾਟੀਆ, ਅਕਾਲੀ ਆਗੂ ਕੁਲਵੰਤ ਸਿੰਘ ਖਹਿਰਾ, ਮੰਗਲ ਸਿੰਘ ਭੰਡਾਲ, ਨਰਿੰਦਰ ਸਹੋਤਾ ਵੀ ਇਸ ਜਸ਼ਨ ਸਮਾਰੋਹ ਵਿਚ ਹਾਜ਼ਰ ਸਨ। ਅਮੋਲਕ ਸਿੰਘ ਗਾਖਲ ਨੇ ਇਸ ਮੌਕੇ ਐਲਾਨ ਕੀਤਾ ਕਿ ਜੇ ਬੇਅ ਏਰੀਆ ਸਪੋਰਟਸ ਕਲੱਬ ਦੀ ਕਬੱਡੀ ਟੀਮ ਅਗਲੇ ਦਿਨੀਂ ਫਰਿਜ਼ਨੋ ਦੇ ਕਬੱਡੀ ਮੇਲੇ ਵਿਚ ਕੱਪ ਜਿੱਤਦੀ ਹੈ ਤਾਂ ਗਾਖਲ ਭਰਾਵਾਂ ਵਲੋਂ ਪੰਜ ਹਜ਼ਾਰ ਡਾਲਰ ਦਾ ਇਨਾਮ ਦਿੱਤਾ ਜਾਵੇਗਾ।

## ਗਾਖਲ ਭਰਾਵਾਂ ਵਲੋਂ ਬੇਅ ਏਰੀਆ ਸਪੋਰਟਸ ਕਲੱਬ ਦੀ ਕਬੱਡੀ ਟੀਮ ਦਾ ਸਨਮਾਨ



ਚਾਰ ਕਬੱਡੀ ਕੱਪਾਂ ਦਾ ਐਲਾਨ ਕਰਦੀ ਹੋਈ ਸਮੁੱਚੀ ਤਾਲਮੇਲ ਕਮੇਟੀ ਅਤੇ (ਹੇਠਾਂ) ਬੇਏਰੀਆ ਸਪੋਰਟਸ ਕਲੱਬ ਦੇ ਚੇਅਰਮੈਨ ਬਲਜੀਤ ਸਿੰਘ ਸੰਧ ਆਪਣੀ ਜੇਤੂ ਟੀਮ ਨਾਲ ਗਾਖਲ ਭਰਾਵਾਂ ਤੋਂ ਮਾਣ ਹਾਸਲ ਕਰਦੇ ਹੋਏ




## ਬਰਤਾਨੀਆ ਨੇ ਨੇਤਾ ਜੀ ਦੀਆਂ ਫਾਈਲਾਂ ਨਸ਼ਰ ਕਰਨ ਲਈ ਹੋਰ ਸਮਾਂ ਮੰਗਿਆ

**ਨਵੀਂ ਦਿੱਲੀ:** ਨੇਤਾ ਜੀ ਸੁਭਾਸ਼ ਚੰਦਰ ਬੋਸ ਦੇ ਪਰਿਵਾਰਕ ਮੈਂਬਰਾਂ ਨੇ ਕਿਹਾ ਕਿ ਬਰਤਾਨੀਆ ਨੇ ਨੇਤਾ ਜੀ ਬਾਰੇ ਗੁਪਤ ਫਾਈਲਾਂ ਨਸ਼ਰ ਕਰਨ ਬਾਰੇ ਫੈਸਲਾ ਲੈਣ ਲਈ ਕੁਝ ਸਮਾਂ ਮੰਗਿਆ ਹੈ। ਨੇਤਾ ਜੀ ਦੇ ਪਰਿਵਾਰ ਨੇ ਹਾਲ ਹੀ ਵਿਚ ਬਰਤਾਨਵੀ ਅਥਾਰਟੀਆਂ ਤੱਕ ਪਹੁੰਚ ਕਰਕੇ ਸਾਲ 1945 ਵਿਚ ਨੇਤਾ ਜੀ ਦੇ ਅਚਾਨਕ ਗਾਇਬ ਹੋਣ ਬਾਰੇ ਫਾਈਲਾਂ ਨਸ਼ਰ ਕਰਨ ਦੀ ਮੰਗ ਕੀਤੀ ਸੀ।

ਨੇਤਾ ਜੀ ਦੇ ਪਰਿਵਾਰਕ ਮੈਂਬਰ ਸੂਰਿਆ ਕੁਮਾਰ ਬੋਸ ਨੇ ਦੱਸਿਆ ਕਿ ਉਨ੍ਹਾਂ ਦੀ ਭੈਣ ਮਾਧੂਰੀ ਬੋਸ ਨੇ ਬਰਤਾਨੀਆ ਸਰਕਾਰ ਤੱਕ ਪਹੁੰਚ ਕੀਤੀ ਸੀ। ਉਸ ਨੂੰ ਇਸ ਬਾਰੇ ਕਈ ਜਵਾਬ ਮਿਲੇ, ਜਿਨ੍ਹਾਂ ਵਿਚ ਇਹ ਗੱਲ ਮੰਨੀ ਗਈ ਸੀ ਕਿ ਨੇਤਾ ਜੀ ਸਬੰਧੀ ਫਾਈਲਾਂ ਮੌਜੂਦ ਹਨ, ਪਰ ਉਨ੍ਹਾਂ ਨੂੰ ਨਸ਼ਰ ਕਰਨ ਬਾਰੇ ਫੈਸਲਾ ਲੈਣ ਲਈ ਹੋਰ ਸਮੇਂ ਦੀ ਲੋੜ ਹੈ।





ਗੁਰਦੁਆਰਾ ਸੈਨ ਹੋਜ਼ੇ

ਮੁਫਤ ਟੀਕਾਕਰਨ!

ਫਲੂ ਟੀਕਾਕਰਨ ਕਲੀਨਿਕ
ਇਸ ਸੀਜ਼ਨ ਦੇ ਫਲੂ ਦੇ ਲਈ ਆਪਣੇ ਟੀਕਾਕਰਨ ਲਵੋ
ਸਥਾਨ: ਗੁਰਦੁਆਰਾ ਸਾਹਿਬ ਸੈਨ ਹੋਜ਼ੇ
ਐਤਵਾਰ, 11 ਅਕਤੂਬਰ 2015
ਸਵੇਰੇ 10 ਤੋਂ ਬਾਅਦ ਦੁਪਹਿਰ 2 ਵਜੇ ਤੱਕ
ਆਪਣੇ ਸਥਾਨਕ ਵਾਲਗਰੀਨਸ ਫਾਰਮੇਸੀ ਵਲੋਂ ਮੁਹੱਈਆ
ਜੇ ਸੰਭਵ ਹੋਵੇ, ਆਪਣੀ ਬੀਮਾ ਜਾਣਕਾਰੀ ਲਿਆਓ

Flu shot Clinic

Get you immunization for this season's flu
The San Jose Sikh Gurdwara
Sunday, October 11, 2015 10 AM to 2 PM
Provided by the your local Walgreens Pharmacy team
Bring your insurance information, if possible.
If no insurance, we can still give the immunization!

# ਕਿਸਾਨਾਂ ਵੱਲੋਂ ਪੰਜਾਬ ਸਰਕਾਰ ਖਿਲਾਫ ਪੱਕੀ ਮੋਰਚੇਬੰਦੀ

**ਚੰਡੀਗੜ੍ਹ:** ਕੁਦਰਤ ਤੇ ਸਰਕਾਰ ਦੀ ਕਰੋਪੀ ਦਾ ਸ਼ਿਕਾਰ ਹੋਏ ਕਿਸਾਨਾਂ ਨੇ ਹੁਣ ਸੰਘਰਸ਼ ਦਾ ਰਾਹ ਅਖਤਿਆਰ ਕਰ ਲਿਆ ਹੈ। ਪੰਜਾਬ ਵਿਚ ਕਿਸਾਨੀ ਮੁੱਦਿਆਂ ਨੂੰ ਲੈ ਕੇ ਸੂਬੇ ਦੀਆਂ ਅੱਠ ਕਿਸਾਨ ਜਥੇਬੰਦੀਆਂ ਵੱਲੋਂ ਸਰਕਾਰ ਨੂੰ ਘੇਰਨ ਲਈ ਰਣਨੀਤੀ ਤਿਆਰ ਕੀਤੀ ਜਾ ਰਹੀ ਹੈ। ਦੂਜੇ ਪਾਸੇ ਸਰਕਾਰ ਵੀ ਸਥਿਤੀ ਨੂੰ ਵੇਖਦੇ ਹੋਏ ਸੋਚੀਂ ਪਈ ਨਜ਼ਰ ਆ ਰਹੀ ਹੈ।

ਪਿਛਲੇ ਕਾਫੀ ਦਿਨਾਂ ਤੋਂ ਕਿਸਾਨਾਂ ਵੱਲੋਂ ਸਿਆਸੀ ਰੈਲੀਆਂ ਤੇ ਕਿਸਾਨ ਮੇਲਿਆਂ ਵਿਚ ਸਿਆਸੀ ਆਗੂਆਂ ਨੂੰ ਨਿਸ਼ਾਨਾਂ ਬਣਾਇਆ ਜਾ ਰਿਹਾ ਹੈ। ਕਿਸਾਨਾਂ ਵੱਲੋਂ ਗਠਿਤ ਸੰਗਠਨ 'ਪਗੜੀ ਸੰਭਾਲ ਜੱਟਾ ਲਹਿਰ' ਦੇ ਕਾਰਕੁਨਾਂ ਨੇ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਲਾਏ ਜ਼ਿਲ੍ਹਾ ਪੱਧਰੀ ਕਿਸਾਨ ਮੇਲੇ ਦੌਰਾਨ ਪ੍ਰਬੰਧਕਾਂ ਨੂੰ ਖਦੇੜ ਕੇ ਸਟੇਜ 'ਤੇ ਕਬਜ਼ਾ ਕਰ ਲਿਆ।

ਕੇਂਦਰ ਤੇ ਸੂਬਾ ਸਰਕਾਰ ਦੀਆਂ ਕਿਸਾਨ ਵਿਰੋਧੀ ਨੀਤੀਆਂ ਖਿਲਾਫ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਗਈ। ਸਥਿਤੀ ਦੇ ਮੱਦੇਨਜ਼ਰ ਮੁੱਖ ਤੇ ਵਿਸ਼ੇਸ਼ ਮਹਿਮਾਨ ਮੇਲੇ ਵਿਚ ਨਹੀਂ ਪੁੱਜ ਸਕੇ। ਕਿਸਾਨ ਰੋਹ ਦੀ ਇਹ ਕੋਈ ਨਵੀਂ ਘਟਨਾ ਨਹੀਂ ਹੈ। ਮਾਲਵਾ ਪੱਟੀ ਵਿਚ ਨਰਮੇ ਦੀ ਫਸਲ ਦੀ ਬਰਬਾਦੀ ਤੇ ਕੀਟਨਾਸ਼ਕ ਦਵਾਈਆਂ ਵਿਚ ਘਪਲੇ ਬਾਰੇ ਖੁਲਾਸੇ ਪਿੱਛੋਂ ਕਿਸਾਨਾਂ ਵੱਲੋਂ ਸਰਕਾਰ ਖਿਲਾਫ ਸੰਘਰਸ਼ ਦਾ ਰਾਹ ਅਖਤਿਆਰ ਕਰ ਲਿਆ ਹੈ। ਵੱਡੀ ਗਿਣਤੀ ਕਿਸਾਨ ਜਥੇਬੰਦੀਆਂ ਵੱਲੋਂ ਇਸ ਦੀ ਹਮਾਇਤ ਕਾਰਨ ਸਰਕਾਰ ਦੀ ਹਾਲਤ ਪਤਲੀ ਹੁੰਦੀ ਜਾ ਰਹੀ ਹੈ।

ਕਿਸਾਨ ਜਥੇਬੰਦੀਆਂ ਨੇ ਮੰਗ ਕੀਤੀ ਹੈ ਕਿ ਬੀਜ ਤੇ ਕੀਟਨਾਸ਼ਕਾਂ ਦੀ ਖਰੀਦ ਵਿਚ ਹੋਏ ਘਪਲਿਆਂ ਦੀ ਜਾਂਚ ਕਰਾ ਕੇ ਅਫਸਰਾਂ ਤੇ ਸਿਆਸਤਦਾਨਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇ। ਕਿਸਾਨਾਂ ਦੀਆਂ ਮੰਗ ਵਿਚ ਨਰਮਾ ਉਤਪਾਦਕਾਂ ਨੂੰ 40 ਹਜ਼ਾਰ ਪ੍ਰਤੀ ਏਕੜ ਮੁਆਵਜ਼ਾ, ਮਜ਼ਦੂਰਾਂ ਨੂੰ 20 ਹਜ਼ਾਰ ਪ੍ਰਤੀ ਪਰਿਵਾਰ ਮੁਆਵਜ਼ਾ, ਬਾਸਮਤੀ 1509 ਨੂੰ 4500 ਰੁਪਏ ਪ੍ਰਤੀ ਕੁਇੰਟਲ ਤੇ 1121 ਨੂੰ ਪੰਜ ਹਜ਼ਾਰ ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਖਰੀਦਣ, ਖੁਦਕੁਸ਼ੀਆਂ ਕਰ ਚੁੱਕੇ ਕਿਸਾਨ-ਮਜ਼ਦੂਰਾਂ ਦੇ ਪਰਿਵਾਰਾਂ ਨੂੰ ਪ੍ਰਤੀ ਪਰਿਵਾਰ ਪੰਜ ਲੱਖ ਮੁਆਵਜ਼ਾ ਤੇ ਇਕ ਜੀਅ ਨੂੰ ਨੌਕਰੀ ਦੇਣਾ ਆਦਿ ਸ਼ਾਮਲ ਹਨ। ਕਿਸਾਨ ਜਥੇਬੰਦੀਆਂ ਨੇ ਦੋਸ਼ ਲਾਇਆ ਕਿ ਸੂਬੇ ਵਿਚ ਜਮਹੂਰੀਅਤ ਦਾ ਜਨਾਜ਼ਾ ਨਿਕਲ ਚੁੱਕਾ ਹੈ। ਮੁੱਖ ਮੰਤਰੀ ਵੱਲੋਂ ਅਕਸਰ ਕਿਸਾਨ ਪੱਖੀ ਹੋਣ ਦਾ ਢੋਂਗ ਰਚਿਆ ਜਾਂਦਾ ਹੈ, ਪਰ ਸੂਬੇ ਅੰਦਰ ਕਿਸਾਨ 17 ਸਤੰਬਰ ਤੋਂ ਆਪਣੇ ਘਰ-ਬਾਰ ਛੱਡ ਕੇ ਸੜਕਾਂ 'ਤੇ ਬੈਠੇ ਹਨ। ਉਨ੍ਹਾਂ ਦੀ ਕੋਈ ਸਾਰ ਨਹੀਂ ਲੈ ਰਿਹਾ।

ਕਿਸਾਨਾਂ ਦੇ ਨਾਂ 'ਤੇ ਘਪਲੇ ਕਰਨ ਵਾਲੇ ਸਿਆਸੀ ਵਿਅਕਤੀਆਂ ਤੇ ਅਫ਼ਸਰਾਂ ਨੂੰ ਸਜ਼ਾਵਾਂ ਦੇਣ ਦੀ ਥਾਂ ਪੁਸ਼ਤਪਨਾਹੀ ਕੀਤੀ ਜਾ ਰਹੀ ਹੈ। 33 ਕਰੋੜ ਰੁਪਏ ਦੀਆਂ ਕੀਟਨਾਸ਼ਕ ਦਵਾਈਆਂ ਖ਼ਰੀਦਣ ਸਮੇਂ ਹੀ ਸਿਆਸੀ ਆਗੂਆਂ ਤੇ ਅਫ਼ਸਰਾਂ ਨੇ ਹੱਥ ਨਹੀਂ ਸਨ ਰੰਗੇ ਸਗੋਂ ਬੀਜ ਵੇਚਣ ਦੀ ਪ੍ਰਵਾਨਗੀ ਦੇਣ ਸਮੇਂ ਹੀ ਕਿਸਾਨਾਂ ਦੀ ਹੋਣੀ ਦਾ ਮੁੱਲ ਵੱਟ ਲਿਆ ਸੀ। ਇਕੱਲੇ ਫਾਜ਼ਿਲਕਾ ਜ਼ਿਲ੍ਹੇ ਵਿਚ ਦੋ ਲੱਖ 28 ਹਜ਼ਾਰ ਏਕੜ ਰਕਬੇ ਵਿਚ ਕਪਾਹ ਨੂੰ ਨੁਕਸਾਨ ਹੋਇਆ ਹੈ। ਇਹ ਨੁਕਸਾਨ 48335 ਏਕੜ ਵਿਚ 33 ਤੋਂ ਲੈ ਕੇ 75 ਪ੍ਰਤੀਸ਼ਤ ਤੱਕ ਤੇ 179676 ਏਕੜ ਵਿਚ 76 ਤੋਂ ਲੈ ਕੇ 100 ਪ੍ਰਤੀਸ਼ਤ ਤੱਕ ਹੋਇਆ ਹੈ। ਜ਼ਿਲ੍ਹੇ ਵਿਚ ਤਕਰੀਬਨ 2.5 ਲੱਖ ਏਕੜ ਰਕਬੇ ਵਿਚ ਕਪਾਹ ਦੀ ਬਿਜਾਈ ਕੀਤੀ ਗਈ ਸੀ ਜਦ ਕਿ ਪੂਰੇ ਸੂਬੇ ਵਿਚ ਕਪਾਹ ਦਾ ਕੁੱਲ ਰਕਬਾ 12 ਲੱਖ ਏਕੜ ਦੇ ਕਰੀਬ ਹੈ। ਫਾਜ਼ਿਲਕਾ ਤੋਂ ਇਲਾਵਾ ਮੁਕਤਸਰ, ਫਿਰੋਜ਼ਪੁਰ, ਮੋਗਾ, ਬਠਿੰਡਾ, ਮਾਨਸਾ, ਬਰਨਾਲਾ, ਫਰੀਦਕੋਟ ਤੇ ਸੰਗਰੂਰ ਜ਼ਿਲ੍ਹਿਆਂ ਵਿਚ ਵੀ ਕਿਸਾਨਾਂ ਦਾ ਚਿੱਟੀ ਮੱਖੀ ਦੇ ਹਮਲੇ ਕਾਰਨ ਨੁਕਸਾਨ ਹੋਇਆ ਹੈ। ਪੰਜਾਬ ਦੇ ਮਾਲ ਵਿਭਾਗ ਵੱਲੋਂ ਸਰਕਾਰ ਨੂੰ ਨਰਮੇ ਦੇ ਖਰਾਬੇ ਬਾਰੇ ਦਿੱਤੀ ਰਿਪੋਰਟ ਮੁਤਾਬਕ ਅੱਠ ਲੱਖ 30 ਹਜ਼ਾਰ ਏਕੜ ਰਕਬੇ ਵਿਚ ਇਹ ਫਸਲ ਖਰਾਬ ਹੋਈ ਹੈ।



### ਕਿਸਾਨਾਂ ਦੀਆਂ ਮੁੱਖ ਮੰਗਾਂ

ਨਰਮਾ ਉਤਪਾਦਕਾਂ ਨੂੰ 40 ਹਜ਼ਾਰ ਪ੍ਰਤੀ ਏਕੜ ਮੁਆਵਜ਼ਾ
ਮਜ਼ਦੂਰਾਂ ਨੂੰ 20 ਹਜ਼ਾਰ ਪ੍ਰਤੀ ਪਰਿਵਾਰ ਮੁਆਵਜ਼ਾ
ਬਾਸਮਤੀ 1509 ਨੂੰ 4500 ਰੁਪਏ ਪ੍ਰਤੀ ਕੁਇੰਟਲ ਤੇ 1121 ਨੂੰ ਪੰਜ ਹਜ਼ਾਰ ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਖਰੀਦਣ
ਖੁਦਕੁਸ਼ੀਆਂ ਕਰ ਚੁੱਕੇ ਕਿਸਾਨ-ਮਜ਼ਦੂਰਾਂ ਦੇ ਪਰਿਵਾਰਾਂ ਨੂੰ ਪ੍ਰਤੀ ਪਰਿਵਾਰ ਪੰਜ ਲੱਖ ਮੁਆਵਜ਼ਾ ਤੇ ਇਕ ਜੀਅ ਨੂੰ ਨੌਕਰੀ ਦੇਣਾ

### ਕਿਸਾਨਾਂ ਦੇ ਮਸਲੇ ਕੇਂਦਰ ਕੋਲ ਉਠਾਵਾਂਗੇ: ਬਾਦਲ

**ਚੰਡੀਗੜ੍ਹ:** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਹੈ ਕਿ ਕਿਸਾਨਾਂ ਦੀਆਂ ਮੰਗਾਂ ਨੂੰ ਕੇਂਦਰ ਕੋਲ ਉਠਾਇਆ ਜਾਏਗਾ। ਕਿਸਾਨਾਂ ਨੂੰ ਸੰਘਰਸ਼ ਖਤਮ ਕਰਨ ਦੀ ਅਪੀਲ ਕਰਦਿਆਂ ਉਨ੍ਹਾਂ ਦਾਅਵਾ ਕੀਤਾ ਕਿ ਕਿਸਾਨੀ ਮਸਲਿਆਂ ਬਾਰੇ ਸੂਬਾ ਸਰਕਾਰ ਗੰਭੀਰ ਹੈ ਤੇ ਉਨ੍ਹਾਂ ਦੀ ਹਰ ਸੰਭਵ ਮਦਦ ਕੀਤੀ ਜਾ ਰਹੀ ਹੈ। ਜੋ ਮੁੱਦੇ ਕੇਂਦਰ ਸਰਕਾਰ ਨੇ ਹੱਲ ਕਰਨੇ ਹਨ, ਅਜਿਹੇ ਮੁੱਦਿਆਂ ਦੇ ਹੱਲ ਲਈ ਕੇਂਦਰ ਨਾਲ ਰਾਬਤਾ ਕਾਇਮ ਕੀਤਾ ਹੋਇਆ ਹੈ।

### ਕਿਸਾਨਾਂ ਦੇ ਰੋਹ ਨੂੰ ਐਵੇਂ ਨਾ ਲੈਣ ਬਾਦਲ: ਕੈਪਟਨ

**ਚੰਡੀਗੜ੍ਹ:** ਲੋਕ ਸਭਾ ਵਿਚ ਕਾਂਗਰਸ ਦੇ ਡਿਪਟੀ ਲੀਡਰ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਮੁੱਖ ਮੰਤਰੀ ਵੱਲੋਂ ਕਿਸਾਨਾਂ ਨਾਲ ਗੱਲ ਨਾ ਕਰਨ ਕਰਕੇ ਰੋਸ ਸੂਬੇ ਦੇ ਹੋਰ ਹਿੱਸਿਆਂ ਵਿਚ ਵੀ ਫੈਲਦਾ ਜਾ ਰਿਹਾ ਹੈ। ਜੇਕਰ ਕਿਸਾਨਾਂ ਦੇ ਮਸਲਿਆਂ ਨੂੰ ਨਾ ਸੁਲਝਾਇਆ ਗਿਆ ਤਾਂ ਹਾਲਾਤ ਖਰਾਬ ਹੋ ਸਕਦੇ ਹਨ। ਬਾਦਲ ਕਿਸਾਨਾਂ ਦੇ ਰੋਹ ਨੂੰ ਹਲਕੇ ਵਿਚ ਲੈ ਰਹੇ ਹਨ ਜਾਂ ਫਿਰ ਉਹ ਕਿਸੇ ਕ੍ਰਿਸ਼ਮੇ ਦੀ ਉਡੀਕ ਵਿਚ ਬੈਠੇ ਹਨ ਕਿ ਕਿਸਾਨ ਆਪੇ ਸ਼ਾਂਤ

## ਪੰਜਾਬ ਸਣੇ ਜਲ ਭੰਡਾਰਾਂ 'ਚ ਪਾਣੀ ਦਾ ਪੱਧਰ ਡਿੱਗਾ

**ਨਵੀਂ ਦਿੱਲੀ:** ਦੇਸ਼ ਦੇ 91 ਮੁੱਖ ਜਲ ਭੰਡਾਰਾਂ ਵਿਚ ਪਿਛਲੇ ਸਾਲ ਦੇ ਮੁਕਾਬਲੇ ਇਸ ਵਾਰ ਘੱਟ ਪਾਣੀ ਜਮ੍ਹਾਂ ਹੋਇਆ ਹੈ। ਪਿਛਲੇ 10 ਸਾਲਾਂ ਵਿਚ ਔਸਤ ਭੰਡਾਰਣ ਵਿਚ ਸੁਧਾਰ ਹੋਇਆ ਹੈ। ਪਾਣੀ ਦੇ ਘੱਟ ਭੰਡਾਰਣ ਵਾਲੇ ਸੂਬਿਆਂ ਵਿਚ ਪੰਜਾਬ ਵੀ ਸ਼ਾਮਲ ਹੈ। ਹਿਮਾਚਲ ਪ੍ਰਦੇਸ਼ ਤੇ ਤ੍ਰਿਪੁਰਾ ਵਿਚ ਪਿਛਲੇ ਸਾਲ ਨਾਲੋਂ ਜਲ ਭੰਡਾਰਾਂ ਵਿਚ ਵਾਧੂ ਪਾਣੀ ਜਮ੍ਹਾਂ ਹੋਇਆ ਹੈ। ਸਾਰੇ ਮੁੱਖ ਜਲ ਭੰਡਾਰਾਂ ਦੀ ਸਮਰੱਥਾ ਕੁੱਲ ਸਟੋਰੇਜ ਨਾਲੋਂ 62 ਫੀਸਦੀ ਦੇ ਕਰੀਬ ਹੈ।

## ਛੱਤੀਸਗੜ੍ਹ ਹਾਈਕੋਰਟ ਵੱਲੋਂ ਡੇਰਾ ਮੁਖੀ ਨੂੰ ਨੋਟਿਸ

**ਬਿਲਾਸਪੁਰ:** ਛੱਤੀਸਗੜ੍ਹ ਹਾਈਕੋਰਟ ਵੱਲੋਂ ਡੇਰਾ ਸਿਰਸਾ ਦੇ ਮੁਖੀ ਨੂੰ ਫਿਲਮ 'ਐਮ.ਐਸ.ਜੀ.-2' ਲਈ ਨੋਟਿਸ ਜਾਰੀ ਕੀਤਾ ਗਿਆ। 'ਛੱਤੀਸਗੜ੍ਹ ਆਦਿਵਾਸੀ ਸਰਵ ਸਮਾਜ' ਵੱਲੋਂ ਹਾਈਕੋਰਟ ਵਿਚ ਦਾਇਰ ਪਟੀਸ਼ਨ ਵਿਚ ਦੋਸ਼ ਲਾਇਆ ਗਿਆ ਹੈ ਕਿ ਫਿਲਮ ਵਿਚ ਕਬਾਇਲੀ ਭਾਈਚਾਰੇ ਦੇ ਲੋਕਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਈ ਗਈ ਹੈ। ਜਸਟਿਸ ਮਹਿੰਦਰ ਮੋਹਨ ਸ੍ਰੀਵਾਸਤਵ ਨੇ ਡੇਰਾ ਮੁਖੀ, ਛੱਤੀਸਗੜ੍ਹ ਸਰਕਾਰ, ਕੇਂਦਰੀ ਸੂਚਨਾ ਤੇ ਪ੍ਰਸਾਰਣ ਮੰਤਰਾਲਾ ਤੇ ਸੈਂਸਰ ਬੋਰਡ ਨੂੰ ਨੋਟਿਸ ਜਾਰੀ ਕਰਕੇ ਪੰਜ ਹਫਤਿਆਂ ਵਿਚ ਜਵਾਬ ਦੇਣ ਲਈ ਕਿਹਾ ਹੈ।

## ਡੇਰਾ ਮੁਖੀ ਨੂੰ ਵਿਦੇਸ਼ ਜਾਣ ਦੀ ਇਜਾਜ਼ਤ

**ਸਿਰਸਾ:** ਸਥਾਨਕ ਅਦਾਲਤ ਨੇ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਨੂੰ ਆਪਣੀ ਨਵੀਂ ਫਿਲਮ ਦੇ ਪ੍ਰਚਾਰ ਲਈ ਵਿਦੇਸ਼ ਜਾਣ ਦੀ ਇਜਾਜ਼ਤ ਦੇ ਦਿੱਤੀ ਗਈ ਹੈ।

ਡੇਰਾ ਮੁਖੀ ਨੇ ਕਤਲ ਤੇ ਜਬਰ ਜਨਾਹ ਦੇ ਮਾਮਲਿਆਂ ਵਿਚ ਸੀ.ਬੀ.ਆਈ. ਦੀ ਪੰਚਕੂਲਾ ਵਿਖੇ ਵਿਸ਼ੇਸ਼ ਅਦਾਲਤ ਵਿਚ ਪੇਸ਼ੀ ਭੁਗਤੀ। ਪੇਸ਼ੀ ਦੌਰਾਨ ਡੇਰਾ ਸ਼ਰਧਾਲੂ ਅਦਾਲਤ ਦੇ ਬਾਹਰ ਤੇ ਅਦਾਲਤ ਨੂੰ ਜਾਣ ਵਾਲੀ ਸੜਕ ਉਤੇ ਵੱਡੀ ਗਿਣਤੀ ਵਿਚ ਹੱਥਾਂ ਵਿਚ ਡਾਂਗਾਂ ਲੈ ਕੇ ਤਾਇਨਾਤ ਰਹੇ। ਕੇਸਾਂ ਦੀ ਸੁਣਵਾਈ ਲਈ ਅਗਲੀ ਪੇਸ਼ੀ 17 ਅਕਤੂਬਰ ਦੀ ਤੈਅ ਕੀਤੀ ਗਈ ਹੈ।

## ਮੁਸ਼ੱਰਫ ਨੇ ਪਾਕਿਸਤਾਨ ਵਾਪਸੀ ਤੋਂ ਪਹਿਲਾਂ ਭੁੱਟੋ ਨੂੰ ਦਿੱਤੀ ਸੀ ਧਮਕੀ

**ਇਸਲਾਮਾਬਾਦ:** ਪਾਕਿਸਤਾਨ ਦੇ ਸਾਬਕਾ ਫੌਜੀ ਤਾਨਾਸ਼ਾਹ ਪਰਵੇਜ਼ ਮੁਸ਼ੱਰਫ਼ ਨੇ 2007 ਵਿਚ ਖੁਦ ਜਲਾਵਤਨੀ 'ਤੇ ਗਈ ਸਾਬਕਾ ਪ੍ਰਧਾਨ ਮੰਤਰੀ ਬੇਨਜ਼ੀਰ ਭੁੱਟੋ ਨੂੰ ਦੇਸ਼ ਵਾਪਸ ਮੁੜਨ ਤੋਂ ਪਹਿਲਾਂ ਧਮਕੀ ਦਿੱਤੀ ਸੀ। ਇਹ ਦਾਅਵਾ ਇਕ ਅਮਰੀਕੀ ਪੱਤਰਕਾਰ ਨੇ ਕੀਤਾ ਹੈ। ਦੋ ਵਾਰ ਪ੍ਰਧਾਨ ਮੰਤਰੀ ਬਣੀ ਭੁੱਟੋ ਦੀ ਰਾਵਲਪਿੰਡੀ ਵਿਚ ਦਸੰਬਰ 2007 ਵਿਚ ਕਾਰ ਬੰਬ ਧਮਾਕੇ ਵਿਚ ਮੌਤ ਹੋ ਗਈ ਸੀ। ਉਸ ਸਮੇਂ ਮੁਸ਼ੱਰਫ ਦੇਸ਼ ਦੇ ਰਾਸ਼ਟਰਪਤੀ ਸਨ।



ਸਾਬਕਾ ਜਨਰਲ ਮੁਸ਼ੱਰਫ 'ਤੇ ਇਸ ਕੇਸ ਵਿਚ ਦੋਸ਼ ਲਾਏ ਗਏ ਹਨ। ਅਮਰੀਕੀ ਪੱਤਰਕਾਰ ਮਾਰਕ ਸੀਗਲ ਨੇ ਦਾਅਵਾ ਕੀਤਾ ਹੈ ਕਿ ਮੁਸ਼ੱਰਫ ਨੇ ਉਸ ਦੀ ਮੌਜੂਦਗੀ ਵਿਚ ਬੇਨਜ਼ੀਰ ਨੂੰ ਫੋਨ ਕੀਤਾ ਤੇ ਉਸ ਨੂੰ ਧਮਕੀ ਦਿੱਤੀ ਕਿ ਉਹ ਪਾਕਿਸਤਾਨ ਵਾਪਸ ਨਾ ਆਵੇ।

ਸਥਾਨਕ ਮੀਡੀਆ ਅਨੁਸਾਰ ਸੀਗਲ ਨੇ ਦੱਸਿਆ ਹੈ ਕਿ ਅਕਤੂਬਰ 2007 ਵਿਚ ਬੇਨਜ਼ੀਰ ਦੇ ਜਲਾਵਤਨੀ ਤੋਂ ਵਾਪਸ ਮੁੜਨ ਤੋਂ ਕੁਝ ਦਿਨ ਪਹਿਲਾਂ ਹੀ ਮੁਸ਼ੱਰਫ ਨੇ ਅਮਰੀਕਾ ਵਿਚ ਬੇਨਜ਼ੀਰ ਨੂੰ ਫੋਨ 'ਤੇ ਧਮਕੀ ਦਿੱਤੀ ਸੀ। ਮੁਸ਼ੱਰਫ ਨੇ ਅਜਿਹਾ ਕੋਈ ਵੀ ਫੋਨ ਕਰਨ ਤੋਂ ਇਨਕਾਰ ਕੀਤਾ ਤੇ ਕਿਹਾ ਕਿ ਉਨ੍ਹਾਂ ਨੇ ਉਸ ਸਮੇਂ ਕਦੇ ਵੀ ਮੋਬਾਈਲ ਫੋਨ ਨਹੀਂ ਵਰਤਿਆ। ਕੇਸ ਵਿਚ ਸੀਗਲ ਦੇ ਬਿਆਨ ਨੂੰ ਮਹੱਤਵਪੂਰਨ ਸਮਝਿਆ ਜਾ ਰਿਹਾ ਹੈ।

## ਮਹਾਰਾਜਾ ਦਲੀਪ ਸਿੰਘ ਦੀਆਂ ਫੋਟੋਆਂ ਵਾਲੀ ਐਲਬਮ ਦੀ ਬੋਲੀ

**ਲੰਡਨ:** ਸਿੱਖ ਰਿਆਸਤ ਦੇ ਆਖਰੀ ਮਹਾਰਾਜਾ ਦਲੀਪ ਸਿੰਘ ਦੀਆਂ ਤਸਵੀਰਾਂ ਵਾਲੀ ਫੋਟੋ ਐਲਬਮ 22 ਹਜ਼ਾਰ ਪੌਂਡ ਵਿਚ ਵਿਕੀ ਹੈ। ਇਹ ਆਸ ਨਾਲੋਂ 22 ਗੁਣਾ ਵੱਧ ਕੀਮਤ 'ਤੇ ਵਿਕੀ ਹੈ। 'ਡੇਲੀ ਮੇਲ' ਅਖਬਾਰ ਵਿਚ ਛਪੀ ਇਕ ਦੀ ਰਿਪੋਰਟ ਅਨੁਸਾਰ, ਚਮੜੇ ਦੀ ਜਿਲਦ ਵਾਲੀ ਇਸ ਐਲਬਮ ਵਿਚ ਕੁੱਲ 240 ਤਸਵੀਰਾਂ ਹਨ, ਜਿਨ੍ਹਾਂ ਵਿਚੋਂ ਚਾਰ ਮਹਾਰਾਜਾ ਦਲੀਪ ਸਿੰਘ ਦੀਆਂ ਹਨ।



ਗੌਰਤਲਬ ਹੈ ਕਿ ਇਹ ਐਲਬਮ ਈਸਟ ਇੰਡੀਆ ਕੰਪਨੀ ਲਈ ਕੰਮ ਕਰ ਚੁੱਕੇ ਤੇ ਦਲੀਪ ਸਿੰਘ ਦੀ ਪੰਜ ਸਾਲ ਦੀ ਉਮਰ ਵਿਚ ਉਨ੍ਹਾਂ ਦੇ ਅਧਿਆਪਕ ਨਿਯੁਕਤ ਹੋਏ ਸਰ ਜੌਹਨ ਸਪੈਂਸਰ ਲੋਗਿਨ ਨਾਲ ਸਬੰਧਤ ਹੈ। ਇਹ ਐਲਬਮ ਹਾਲ ਹੀ ਵਿਚ ਇਕ ਮਕਾਨ ਦੀ ਸਫਾਈ ਕਰਦਿਆਂ ਕਾਮਿਆਂ ਨੂੰ ਅਚਾਨਕ ਮਿਲੀ ਸੀ। ਇਸ ਵਿਚ ਸ਼ਾਮਲ ਇਕ ਤਸਵੀਰ ਵਿਚ ਦਲੀਪ ਸਿੰਘ ਓਸਬੌਰਨ ਵਿਚਲੇ ਘਰ ਦੇ ਬਾਹਰ ਖੜ੍ਹਾ ਦਿਖਾਈ ਦੇ ਰਿਹਾ ਹੈ। ਜਿਸ ਸਮੇਂ ਦੀ ਇਹ ਤਸਵੀਰ ਹੈ, ਉਸ ਸਮੇਂ ਉਨ੍ਹਾਂ ਦੀ ਉਮਰ 17 ਸਾਲ ਸੀ। ਮਹਾਰਾਜਾ ਦੀ 1853 ਵਿਚ ਬਣਾਈ ਪਹਿਲੀ ਚਿੱਤਰਕਲਾ ਵੀ ਇਸ ਐਲਬਮ ਵਿਚ ਸ਼ਾਮਲ ਹੈ। ਇਸ ਸਣੇ ਦੋ ਹੋਰ ਐਲਬਮਾਂ ਦੀ ਰੋਚੈਸਟਰ ਵਿਚ ਸੀਐਂਡਟੀ ਨਿਲਾਮੀਘਰ ਵਿਚ ਬੋਲੀ ਲੱਗੀ। ਇਨ੍ਹਾਂ ਐਲਬਮਾਂ ਨੂੰ ਭਾਰਤੀ ਮੂਲ ਦੇ ਇਕ ਬਰਤਾਨਵੀ ਨਾਗਰਿਕ ਨੇ 19 ਹਜ਼ਾਰ ਪੌਂਡ ਵਿਚ ਖਰੀਦਿਆ ਪਰ ਸਾਰੀਆਂ ਫੀਸਾਂ ਸਣੇ ਇਸ ਦੀ ਕੀਮਤ 22,400 ਪੌਂਡ ਰਹੀ।

## ਨਵੇਂ ਟਿਊਬਵੈਲ ਕੁਨੈਕਸ਼ਨ ਜਾਰੀ ਕਰਨ ਦਾ ਫੈਸਲਾ ਕਿਸੇ ਬੰਨ੍ਹੇ ਨਾ ਲੱਗਾ

**ਗੁਰਦਾਸਪੁਰ:** ਨੈਸ਼ਨਲ ਗਰੀਨ ਟ੍ਰਿਬਿਊਨਲ ਵੱਲੋਂ ਨਵੇਂ ਟਿਊਬਵੈੱਲ ਕੁਨੈਕਸ਼ਨ ਜਾਰੀ ਕਰਨ ਤੋਂ ਰੋਕ ਹਟਾਉਣ ਦੇ ਬਾਵਜੂਦ ਕਿਸਾਨਾਂ ਨੂੰ ਨਵੇਂ ਕੁਨੈਕਸ਼ਨ ਜਾਰੀ ਕਰਨ ਬਾਰੇ ਕੋਈ ਨੀਤੀ ਨਹੀਂ ਬਣ ਸਕੀ। ਪਿਛਲੇ ਸਾਲ ਹੋਈਆਂ ਲੋਕ ਸਭਾ ਚੋਣਾਂ ਤੋਂ ਐਨ ਪਹਿਲਾਂ ਪੰਜਾਬ ਸਰਕਾਰ ਨੇ ਸੂਬੇ ਭਰ ਅੰਦਰ ਸੰਗਤ ਦਰਸ਼ਨਾਂ ਤੇ ਹੋਰ ਜਨਤਕ ਪ੍ਰੋਗਰਾਮਾਂ ਰਾਹੀਂ ਤਕਰੀਬਨ ਸਵਾ ਲੱਖ ਨਵੇਂ ਕੁਨੈਕਸ਼ਨਾਂ ਲਈ ਡਿਮਾਂਡ ਨੋਟਿਸ ਜਾਰੀ ਕੀਤੇ ਸਨ। ਇਸ ਪਿੱਛੋਂ ਬਹੁਤ ਸਾਰੇ ਕਿਸਾਨਾਂ ਨੇ ਕਰਜ਼ਾ ਚੁੱਕ ਕੇ ਪ੍ਰਤੀ ਕੁਨੈਕਸ਼ਨ ਤਕਰੀਬਨ 60 ਹਜ਼ਾਰ ਰੁਪਏ ਜਮ੍ਹਾ ਕਰਵਾਏ ਸਨ, ਪਰ ਪੰਜ ਮਾਰਚ, 2014 ਨੂੰ ਹੀ ਟ੍ਰਿਬਿਊਨਲ ਨੇ ਇਨ੍ਹਾਂ ਕੁਨੈਕਸ਼ਨਾਂ 'ਤੇ ਰੋਕ ਲਗਾ ਦਿੱਤੀ ਸੀ, ਜਿਸ ਪਿੱਛੋਂ ਕੁਨੈਕਸ਼ਨ ਨਾ ਮਿਲਣ ਕਾਰਨ ਕਿਸਾਨਾਂ ਦੇ ਕਰੋੜਾਂ ਰੁਪਏ ਪਾਵਰਕੌਮ ਵੱਲ ਹੀ ਫਸੇ ਹੋਏ ਸਨ।

ਬੇਸ਼ੱਕ ਟ੍ਰਿਬਿਊਨਲ ਨੇ 16 ਮਹੀਨਿਆਂ ਬਾਅਦ ਜੁਲਾਈ 2015 ਵਿਚ ਨਵੇਂ ਕੁਨੈਕਸ਼ਨਾਂ ਤੋਂ ਰੋਕ ਹਟਾ ਦਿੱਤੀ ਸੀ, ਪਰ ਇਸ ਦੇ ਬਾਵਜੂਦ ਸਰਕਾਰ ਨੇ ਨਵੇਂ ਕੁਨੈਕਸ਼ਨ ਜਾਰੀ ਨਹੀਂ ਕੀਤੇ।



ਪੰਜਾਬ ਅੰਦਰ ਸਿੰਜਾਈ ਯੋਗ ਕੁੱਲ ਰਕਬੇ ਵਿਚੋਂ 73 ਫੀਸਦੀ 'ਤੇ ਕਰੀਬ 14 ਲੱਖ ਟਿਊਬਵੈੱਲਾਂ ਨਾਲ ਸਿੰਜਾਈ ਹੁੰਦੀ ਹੈ, ਜਦੋਂ ਕਿ 27 ਫੀਸਦੀ ਰਕਬਾ ਨਹਿਰਾਂ ਤੇ ਹੋਰ ਸਾਧਨਾਂ 'ਤੇ ਨਿਰਭਰ ਹੈ। ਵਾਹੀਯੋਗ ਜ਼ਮੀਨਾਂ ਦੀ ਲਗਾਤਾਰ ਹੋ ਰਹੀ ਵੰਡ ਸਮੇਤ ਹੋਰ ਕਈ ਕਾਰਨਾਂ ਸਦਕਾ ਪੰਜਾਬ ਅੰਦਰ ਟਿਊਬਵੈੱਲਾਂ ਦੀ ਗਿਣਤੀ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਇਨ੍ਹਾਂ ਕੁਨੈਕਸ਼ਨਾਂ ਦੀ ਬਦੌਲਤ ਹੀ ਧਰਤੀ ਹੇਠਲੇ ਪਾਣੀ ਦਾ ਪੱਧਰ ਲਗਾਤਾਰ ਡਿੱਗ ਰਿਹਾ ਹੈ। ਸਰਕਾਰ ਵੱਲੋਂ ਦਿੱਤੀ ਜਾ ਰਹੀ ਮੁਫਤ ਬਿਜਲੀ ਵੀ ਇਨ੍ਹਾਂ ਕੁਨੈਕਸ਼ਨਾਂ ਦੀ ਮੰਗ ਵਧਾ ਰਹੀ ਹੈ।

### ਤੁਪਕਾ ਸਿੰਜਾਈ ਸਕੀਮ ਤੋਂ ਪਿੱਛੇ ਹਟੀ ਸਰਕਾਰ

**ਚੰਡੀਗੜ੍ਹ:** ਸਰਕਾਰ ਵੱਲੋਂ ਪਾਣੀ ਦੀ ਬੱਚਤ ਤੇ ਛੋਟੇ ਕਿਸਾਨਾਂ ਨੂੰ ਉਤਸ਼ਾਹਿਤ ਕਰਨ ਲਈ ਤਕਰੀਬਨ 10 ਸਾਲ ਪਹਿਲਾਂ ਤੁਪਕਾ ਸਿੰਜਾਈ ਸਕੀਮ ਵੀ ਸ਼ੁਰੂ ਕੀਤੀ ਸੀ, ਜਿਸ ਵਿਚ ਕੇਂਦਰ ਵੱਲੋਂ 40 ਫੀਸਦੀ ਤੇ ਸੂਬੇ ਵੱਲੋਂ 10 ਫੀਸਦੀ ਸਬਸਿਡੀ ਮਿਲਾ ਕੇ ਕਿਸਾਨਾਂ ਨੂੰ ਕੁੱਲ 50 ਫੀਸਦੀ ਸਬਸਿਡੀ ਦਿੱਤੀ ਜਾਂਦੀ ਸੀ।

ਇਸ ਮੌਕੇ ਇਸ ਸਬਸਿਡੀ ਵਿਚ ਕੀਤੇ ਵੱਡੇ ਬਦਲਾਅ ਦੇ ਚੱਲਦਿਆਂ ਕੇਂਦਰ ਸਰਕਾਰ 25 ਫੀਸਦੀ ਤੇ ਪੰਜਾਬ ਸਰਕਾਰ 55 ਫੀਸਦੀ ਹਿੱਸਾ ਪਾ ਕੇ ਕਿਸਾਨਾਂ ਨੂੰ ਕੁੱਲ 80 ਫੀਸਦੀ ਸਬਸਿਡੀ ਦੇ ਰਹੀ ਹੈ, ਪਰ ਟਿਊਬਵੈੱਲ ਕੁਨੈਕਸ਼ਨਾਂ 'ਤੇ ਲੱਗੀ ਰੋਕ ਤੇ ਸਮੇਂ ਸਿਰ ਸਬਸਿਡੀ ਨਾ ਮਿਲਣ ਕਾਰਨ ਇਹ ਅਹਿਮ ਪ੍ਰੋਜੈਕਟ ਵੀ ਪ੍ਰਭਾਵਿਤ ਹੋ ਰਿਹਾ ਹੈ।

# ਪੰਜਾਬ ਸਿਰ ਭਾਰੀ ਹੁੰਦੀ ਜਾ ਰਹੀ ਹੈ ਕਰਜ਼ ਵਾਲੀ ਪੰਡ

**ਚੰਡੀਗੜ੍ਹ:** ਪੰਜਾਬ ਉਤੇ ਕਰਜ਼ੇ ਦੀ ਪੰਡ ਲਗਾਤਾਰ ਭਾਰੀ ਹੁੰਦੀ ਜਾ ਰਹੀ ਹੈ ਤੇ ਸੂਬਾ ਸਰਕਾਰ ਦੀ ਕਮਾਈ ਤੇ ਖਰਚ ਵਿਚਲਾ ਪਾੜਾ ਲਗਾਤਾਰ ਵਧਦਾ ਜਾ ਰਿਹਾ ਹੈ। ਇਹੀ ਹਾਲ ਰਿਹਾ ਤਾਂ ਅਗਲੇ ਸਾਲ ਤੱਕ ਪੰਜਾਬ ਸਰਕਾਰ ਤੇ ਸਰਕਾਰੀ ਏਜੰਸੀਆਂ ਉਤੇ ਕੁੱਲ ਕਰਜ਼ਾ 2.10 ਲੱਖ ਕਰੋੜ ਤੋਂ ਉਪਰ ਹੋ ਜਾਵੇਗਾ। ਵਧਦੇ ਕਰਜ਼ੇ ਕਾਰਨ ਸਰਕਾਰ ਨੂੰ ਆਪਣੀ ਕਮਾਈ ਦਾ ਵੱਡਾ ਹਿੱਸਾ ਕਰਜ਼ੇ ਦੇ ਵਿਆਜ ਵਜੋਂ ਦੇਣਾ ਪੈ ਰਿਹਾ ਹੈ। ਚਾਲੂ ਵਰ੍ਹੇ ਦੌਰਾਨ ਇਹ 9900 ਕਰੋੜ ਦੇ ਕਰੀਬ ਬਣਦਾ ਹੈ। ਪੰਜਾਬ ਉਤੇ 117352.96 ਕਰੋੜ ਰੁਪਏ ਦਾ ਕੁੱਲ ਕਰਜ਼ਾ ਹੈ। ਚਾਲੂ ਵਰ੍ਹੇ ਵਿਚ ਸਰਕਾਰ ਨੇ 20756 ਕਰੋੜ ਰੁਪਏ ਕਰਜ਼ਾ ਲਿਆ ਹੈ, ਜੋ ਪਿਛਲੇ ਵਰ੍ਹਿਆਂ ਦੇ ਮੁਕਾਬਲੇ ਸਭ ਤੋਂ ਵੱਧ ਹੈ। 31 ਮਾਰਚ 2007 ਨੂੰ ਪੰਜਾਬ ਸਰਕਾਰ ਉਤੇ 51153 ਕਰੋੜ ਰੁਪਏ ਕਰਜ਼ਾ ਸੀ।

ਇਸੇ ਕਰਜ਼ੇ ਦੀ ਵਿਆਜ ਸਮੇਤ ਪੰਜਾਬ ਸਰਕਾਰ 'ਤੇ 67573 ਕਰੋੜ ਰੁਪਏ ਦੀ ਰਕਮ ਬਕਾਇਆ ਹੈ। ਅੰਕੜੇ ਦੱਸਦੇ ਹਨ ਕਿ ਹਰ ਵਰ੍ਹੇ ਸਰਕਾਰ ਨੂੰ ਪਿਛਲੇ ਸਾਲ ਦੇ ਮੁਕਾਬਲੇ ਵੱਧ ਕਰਜ਼ਾ ਲੈਣਾ ਪੈ ਰਿਹਾ ਹੈ। 2007-08 ਵਿਚ



ਜਿਥੇ ਸਰਕਾਰ ਨੇ 10698 ਕਰੋੜ ਦਾ ਕਰਜ਼ਾ ਲਿਆ, ਅਗਲੇ ਸਾਲ 12544 ਕਰੋੜ ਹੋ ਗਿਆ। 2011-12 ਤੇ 2012-13 ਵਿਚ ਕਰਜ਼ੇ ਦੀ ਦਰ ਹੋਰ ਤੇਜ਼ ਹੋਈ। ਸਾਲ 2011-12 ਵਿਚ ਸਰਕਾਰ ਨੇ 16723 ਕਰੋੜ ਦਾ ਕਰਜ਼ਾ ਲਿਆ, ਜੋ ਔਸਤ ਤੋਂ 3160 ਕਰੋੜ ਜ਼ਿਆਦਾ ਸੀ। ਸਾਲ 2012-13 ਵਿਚ 18406 ਕਰੋੜ ਰੁਪਏ ਕਰਜ਼ਾ ਲਿਆ। ਸਰਕਾਰੀ ਏਜੰਸੀਆਂ 'ਤੇ 62317 ਕਰੋੜ ਰੁਪਏ ਕਰਜ਼ਾ ਹੈ।

ਸਾਲ 2014-15 ਵਿਚ ਸਰਕਾਰੀ ਏਜੰਸੀਆਂ ਦੇ ਕਰਜ਼ੇ ਨੂੰ ਜੋੜ ਲਿਆ ਜਾਵੇ ਤਾਂ ਪੰਜਾਬ ਸਿਰ 1.89 ਕਰੋੜ ਰੁਪਏ ਕਰਜ਼ਾ ਹੈ, ਜੋ ਅਗਲੇ ਵਿੱਤੀ ਵਰ੍ਹੇ 2.10 ਲੱਖ ਕਰੋੜ ਤੱਕ ਜਾਣ ਦਾ ਅੰਦਾਜ਼ਾ ਹੈ। ਸਰਕਾਰ ਇਸ ਮਸਲੇ ਦੇ ਹੱਲ ਦੀ ਥਾਂ ਨਗਰ ਕੌਂਸਲਾਂ ਤੇ ਹੋਰ ਅਦਾਰਿਆਂ ਨੂੰ ਆਪਣੀਆਂ ਜ਼ਮੀਨਾਂ ਵੇਚਣ ਦੀ ਸਲਾਹ ਦੇ ਰਹੀ ਹੈ। ਪੈਪਸੂ ਰੋਡਵੇਜ਼ ਟਰਾਂਸਪੋਰਟ ਕਾਰਪੋਰੇਸ਼ਨ (ਪੀ.ਆਰ.ਟੀ.ਸੀ.) ਤਿੰਨ ਵਾਰ ਆਪਣੀਆਂ ਜ਼ਮੀਨਾਂ ਵੇਚਣ ਲਈ ਟੈਂਡਰ ਕੱਢ ਚੁੱਕੀ ਹੈ ਪਰ ਬਦਕਿਸਮਤੀ ਨਾਲ ਅਜੇ ਤੱਕ ਕੋਈ ਖਰੀਦਦਾਰ ਨਹੀਂ ਬਹੁੜਿਆ।

### ਕੇਂਦਰ ਸਰਕਾਰ ਵੀ ਨਹੀਂ ਦੇ ਰਹੀ ਕੋਈ ਰਾਹ

**ਚੰਡੀਗੜ੍ਹ:** ਬਾਦਲ ਸਰਕਾਰ ਨੂੰ ਕੇਂਦਰ ਵਿਚ ਭਾਈਵਾਲਾਂ ਦੀ ਸਰਕਾਰ ਆਉਣ ਪਿੱਛੋਂ ਵੱਡੀਆਂ ਉਮੀਦਾਂ ਸਨ, ਪਰ ਕੇਂਦਰ ਨੇ ਪੰਜਾਬ ਦੀਆਂ ਵਿਸ਼ੇਸ਼ ਵਿੱਤੀ ਪੈਕੇਜ ਦੀਆਂ ਇਕ ਤੋਂ ਬਾਅਦ ਇਕ ਭੇਜੀਆਂ ਤਜਵੀਜ਼ਾਂ ਨੂੰ ਰੱਦ ਕਰ ਦਿੱਤਾ। ਪੰਜਾਬ ਸਰਕਾਰ ਨੂੰ ਪੈਕੇਜ ਦੇਣਾ ਤਾਂ ਦੂਰ ਦੀ ਗੱਲ ਹੈ ਸਗੋਂ ਸੂਬੇ ਨੂੰ ਮਾਲੀ ਤੰਗੀ ਵਾਲੇ ਵਰਗ ਵਿਚੋਂ ਬਾਹਰ ਕਰਕੇ ਵੱਡਾ ਧੱਕਾ ਦਿੱਤਾ ਹੈ। ਕੇਂਦਰੀ ਟੈਕਸਾਂ ਵਿਚੋਂ ਸੂਬਿਆਂ ਦਾ ਹਿੱਸਾ ਵਧਾਉਣ ਦੇ ਬਾਵਜੂਦ ਪੰਜਾਬ ਨੂੰ ਲਾਭ ਦੀ ਬਜਾਇ ਨੁਕਸਾਨ ਹੋਇਆ ਹੈ। ਟੈਕਸਾਂ ਤੋਂ 10 ਫੀਸਦੀ ਹਿੱਸਾ ਵਧਾ ਕੇ ਸੂਬੇ ਨੂੰ ਅੱਠ ਹਜ਼ਾਰ ਕਰੋੜ ਰੁਪਏ ਜ਼ਿਆਦਾ ਮਿਲਣੇ ਹਨ ਜਦਕਿ ਪਿਛਲੇ ਸਾਲ ਪੰਜ ਹਜ਼ਾਰ ਕਰੋੜ ਰੁਪਏ ਮਿਲੇ ਸਨ। ਤਿੰਨ ਹਜ਼ਾਰ ਕਰੋੜ ਜ਼ਿਆਦਾ ਮਿਲਣ ਦੇ ਮੁਕਾਬਲੇ ਯੋਜਨਾਗਤ ਖਰਚੇ ਉਤੇ ਅੱਠ ਫੀਸਦੀ ਕਟੌਤੀ ਕਰਨ ਨਾਲ ਯੋਜਨਾਗਤ ਖਰਚੇ ਵਿਚੋਂ 2200 ਕਰੋੜ ਰੁਪਏ ਦੇ ਕਰੀਬ ਹਿੱਸਾ ਘੱਟ ਮਿਲੇਗਾ।

### ਆਮਦਨ ਨਾਲੋਂ ਖਰਚੇ ਵੱਧ

**ਚੰਡੀਗੜ੍ਹ:** ਪੰਜਾਬ ਸਰਕਾਰ ਨੂੰ ਟੈਕਸਾਂ ਤੋਂ ਜੋ ਆਮਦਨ ਹੁੰਦੀ ਹੈ, ਇਸ ਵਿਚੋਂ 25,536 ਕਰੋੜ ਰੁਪਏ ਤਨਖਾਹਾਂ ਤੇ ਪੈਨਸ਼ਨਾਂ ਵਿਚ ਨਿਕਲ ਜਾਂਦੇ ਹਨ, ਜੋ ਕਿ ਟੈਕਸਾਂ ਤੋਂ ਹੁੰਦੀ ਆਮਦਨ ਦਾ 90 ਫੀਸਦੀ ਬਣਦੇ ਹਨ। ਇਸ ਨੂੰ ਵਿਆਜ ਤੇ ਕਰਜ਼ੇ ਦੀਆਂ ਕਿਸ਼ਤਾਂ ਦੀ ਅਦਾਇਗੀ ਲਈ ਸਾਲਾਨਾ 9900 ਕਰੋੜ ਰੁਪਏ ਅਦਾ ਕਰਨੇ ਪੈਂਦੇ ਹਨ। ਸੂਬੇ ਦੇ ਕੁੱਲ ਘਰੇਲੂ ਉਤਪਾਦਨ ਦੇ ਮੁਕਾਬਲੇ ਇਸ ਸਿਰ ਕਰਜ਼ਾ 32 ਫ਼ੀਸਦੀ ਹੈ, ਜਦੋਂ ਕਿ ਭਾਰਤ ਦੇ ਦੂਜੇ ਰਾਜਾਂ ਵਿਚੋਂ ਕੁਝ ਇਕ ਨੂੰ ਛੱਡ ਕੇ ਬਾਕੀ ਰਾਜਾਂ ਸਿਰ ਉਨ੍ਹਾਂ ਦੇ ਕੁੱਲ ਘਰੇਲੂ ਉਤਪਾਦਨ ਦੇ ਮੁਕਾਬਲੇ 21 ਫੀਸਦੀ ਕਰਜ਼ਾ ਹੈ। ਪੰਜਾਬ ਆਪਣੇ ਕੁੱਲ ਘਰੇਲੂ ਉਤਪਾਦਨ ਦੇ ਮੁਕਾਬਲੇ ਵਿਕਾਸ ਆਧਾਰਿਤ ਪੂੰਜੀ ਖਰਚਾ ਸਿਰਫ 1.4 ਫ਼ੀਸਦੀ ਕਰਦਾ ਹੈ, ਜਦੋਂ ਕਿ ਦੂਜੇ ਰਾਜਾਂ ਦੀ ਇਹ ਦਰ 2.6 ਫ਼ੀਸਦੀ ਹੈ।

### ਮੋਦੀ ਸਰਕਾਰ ਬਾਬਤ ਨੀਤੀ ਸਪਸ਼ਟ ਕਰਨ ਬਾਦਲ: ਭੱਠਲ

**ਲਹਿਰਾਗਾਗਾ:** ਪੰਜਾਬ ਦੀ ਸਾਬਕਾ ਮੁੱਖ ਮੰਤਰੀ ਬੀਬੀ ਰਾਜਿੰਦਰ ਕੌਰ ਭੱਠਲ ਨੇ ਕਿਹਾ ਹੈ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਚਾਹੀਦਾ ਹੈ ਕਿ ਉਹ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵੱਲੋਂ ਪੰਜਾਬ ਦੀਆਂ ਮੰਗਾਂ ਨਾ ਮੰਨੇ ਜਾਣ ਸਬੰਧੀ ਆਪਣੀ ਸਥਿਤੀ ਸਪੱਸ਼ਟ ਕਰਨ। ਉਹ ਇਹ ਦੱਸਣ ਕਿ ਕੇਂਦਰ ਵੱਲੋਂ ਪੰਜਾਬ ਨੂੰ ਅਣਗੌਲਿਆ ਕਰਨ ਦੀ ਹਾਲਤ ਵਿਚ ਵੀ ਬਾਦਲ ਨੇ ਮੋਦੀ ਦੇ ਹੱਕ ਵਿਚ ਹੀ ਖੜ੍ਹਨਾ ਹੈ ਜਾਂ ਪੰਜਾਬ ਦੇ ਹਿੱਤਾਂ ਲਈ ਵੱਖਰੇ ਤੌਰ ਉਤੇ ਖੜ੍ਹਨਾ ਹੈ। ਬੀਬੀ ਭੱਠਲ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਬਿਹਾਰ ਦੀ ਤਾਂ ਚੋਣਾਂ ਕਰਕੇ 125 ਹਜ਼ਾਰ ਕਰੋੜ ਰੁਪਏ ਦੀ ਆਰਥਿਕ ਮਦਦ ਕਰ ਦਿੱਤੀ ਪਰ ਪੰਜਾਬ ਵੱਲੋਂ ਮੰਗੇ 8000 ਕਰੋੜ ਰੁਪਏ ਦੇਣ ਤੋਂ ਕੋਰੀ ਨਾਂਹ ਕਰ ਦਿੱਤੀ।



## ਫਿਲਮ 'ਸੁੱਖਾ-ਜਿੰਦਾ' ਦੇ ਮਾਮਲੇ 'ਚ ਕੇਂਦਰ ਤੇ ਪੰਜਾਬ ਨੂੰ ਨੋਟਿਸ

**ਚੰਡੀਗੜ੍ਹ:** ਫਿਲਮ 'ਸੁੱਖਾ-ਜਿੰਦਾ' ਉਤੇ ਲੱਗੀ ਰੋਕ ਖਿਲਾਫ ਦਾਇਰ ਪਟੀਸ਼ਨ ਉਤੇ ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਕੇਂਦਰ ਤੇ ਪੰਜਾਬ ਸਰਕਾਰ ਸਮੇਤ ਸੈਂਸਰ ਬੋਰਡ ਨੂੰ ਨੋਟਿਸ ਜਾਰੀ ਕਰਦਿਆਂ ਜਵਾਬ ਮੰਗਿਆ ਹੈ। ਸੁਣਵਾਈ ਦੌਰਾਨ ਕੇਂਦਰ, ਪੰਜਾਬ ਸਰਕਾਰ ਤੇ ਸੈਂਸਰ ਬੋਰਡ ਨੇ ਆਪਣਾ ਜਵਾਬ ਦਾਇਰ ਕਰਨ ਲਈ ਹਾਈਕੋਰਟ ਤੋਂ ਕੁਝ ਸਮੇਂ ਦੀ ਮੰਗ ਕੀਤੀ, ਜਿਸ 'ਤੇ ਜਸਟਿਸ ਹਰਿੰਦਰ ਸਿੰਘ ਸਿੱਧੂ ਨੇ ਤਿੰਨਾਂ ਧਿਰਾਂ ਨੂੰ ਸਮਾਂ ਦਿੰਦਿਆਂ ਮਾਮਲੇ ਦੀ ਸੁਣਵਾਈ 20 ਅਕਤੂਬਰ ਉਤੇ ਪਾ ਦਿੱਤੀ।

'ਦਾ ਮਾਸਟਰ ਮਾਈਂਡ ਸੁੱਖਾ-ਜਿੰਦਾ' ਨਾਂ ਦੀ ਇਸ ਫਿਲਮ ਦੇ ਨਿਰਦੇਸ਼ਕ ਦਰਸ਼ਨ ਸਿੰਘ ਨੇ ਹਾਈਕੋਰਟ ਵਿਚ ਦਾਇਰ ਅਰਜ਼ੀ ਵਿਚ ਦੱਸਿਆ ਸੀ ਕਿ ਇਹ ਫਿਲਮ ਅਪ੍ਰੇਸ਼ਨ ਬਲੂਸਟਾਰ ਦੀ ਅਗਵਾਈ ਕਰਨ ਵਾਲੇ ਜਨਰਲ ਵੈਦਿਆ ਨੂੰ ਮਾਰਨ ਵਾਲਿਆਂ ਦੇ ਜੀਵਨ 'ਤੇ ਬਣਾਈ ਗਈ ਹੈ। ਪਟੀਸ਼ਨ ਅਨੁਸਾਰ ਫਿਲਮ ਦੇ ਪ੍ਰਦਰਸ਼ਨ ਤੋਂ ਪਹਿਲਾਂ ਭਾਰਤੀ ਸੈਂਸਰ ਬੋਰਡ ਦੇ ਮੈਂਬਰਾਂ ਨੇ ਇਹ ਫਿਲਮ ਦੇਖੀ ਸੀ।

ਫਿਲਮ ਦੇਖਣ ਤੋਂ ਬਾਅਦ ਬੋਰਡ ਦੇ ਮੈਂਬਰਾਂ ਦੇ ਇਤਰਾਜ਼ 'ਤੇ ਕੁਝ ਸੀਨ ਫਿਲਮ ਵਿਚੋਂ ਕੱਟ ਦਿੱਤੇ ਗਏ ਸਨ, ਜਿਸ ਤੋਂ ਬਾਅਦ ਸੈਂਸਰ ਬੋਰਡ ਨੇ ਲੰਘੀ 24 ਜੁਲਾਈ ਨੂੰ ਫਿਲਮ ਦਿਖਾਏ ਜਾਣ ਦੀ ਆਗਿਆ ਦੇ ਦਿੱਤੀ ਸੀ, ਪਰ ਸੱਤ ਸਤੰਬਰ ਨੂੰ ਪਟੀਸ਼ਨਰ ਨੂੰ ਸੈਂਸਰ ਬੋਰਡ ਦਾ ਪੱਤਰ ਮਿਲਿਆ, ਜਿਸ ਵਿਚ ਫਿਲਮ ਨੂੰ ਰਿਲੀਜ਼ ਕੀਤੇ ਜਾਣ ਤੋਂ ਪਹਿਲਾਂ ਇਕ ਵਾਰ ਫਿਰ ਸੈਂਸਰ ਬੋਰਡ ਦੇ ਮੈਂਬਰਾਂ ਨੂੰ ਦਿਖਾਉਣ ਬਾਰੇ ਲਿਖਿਆ।

ਅੱਠ ਸਤੰਬਰ ਨੂੰ ਸੈਂਸਰ ਬੋਰਡ ਦੇ ਮੈਂਬਰਾਂ ਨੇ ਦੁਬਾਰਾ ਫਿਲਮ ਦੇਖੀ ਤੇ ਕਿਹਾ ਕਿ ਇਸ ਫਿਲਮ ਦਾ ਪ੍ਰਦਰਸ਼ਨ ਨਹੀਂ ਕੀਤਾ ਜਾ ਸਕਦਾ, ਕਿਉਂਕਿ ਕੇਂਦਰ ਸਰਕਾਰ ਨੇ ਇਸ ਫਿਲਮ ਦੇ ਪ੍ਰਦਰਸ਼ਨ ਦੀ ਆਗਿਆ ਨਹੀਂ ਦਿੱਤੀ ਹੈ। ਪਟੀਸ਼ਨਰ ਅਨੁਸਾਰ ਜਦੋਂ ਇਕ ਵਾਰ ਸੈਂਸਰ ਬੋਰਡ ਫਿਲਮ ਰਿਲੀਜ਼ ਕਰਨ ਦੀ ਆਗਿਆ ਦੇ ਚੁੱਕਾ ਸੀ ਤਾਂ ਦੁਬਾਰਾ ਕਿਹੜੇ ਆਧਾਰ 'ਤੇ ਫਿਲਮ ਦੇ ਪ੍ਰਦਰਸ਼ਨ ਉਤੇ ਰੋਕ ਲਗਾਈ ਗਈ।

## ਭਾਰਤੀ ਮੂਲ ਦਾ ਨਾਗਰਿਕ ਕਤਰ 'ਚ ਰਾਜਦੂਤ ਨਿਯੁਕਤ

**ਲੰਡਨ:** ਯੂ.ਕੇ. ਵਿਚ ਰਹਿੰਦੇ ਭਾਰਤੀ ਮੂਲ ਦੇ ਅਜੇ ਸ਼ਰਮਾ ਨੂੰ ਕਤਰ ਵਿਚ ਰਾਜਦੂਤ ਨਿਯੁਕਤ ਕੀਤਾ ਗਿਆ ਹੈ। ਸ਼ਰਮਾ ਇਰਾਨ ਵਿਚ ਰਾਜਦੂਤ ਵਜੋਂ ਸੇਵਾਵਾਂ ਨਿਭਾਅ ਰਹੇ ਹਨ ਜਦਕਿ ਉਹ ਕਤਰ ਵਿਚ ਨਵੰਬਰ ਵਿਚ ਆਪਣਾ ਅਹੁਦਾ ਸੰਭਾਲਣਗੇ।

ਯੂ.ਕੇ. ਸਰਕਾਰ ਦੀ ਅਧਿਕਾਰਤ ਵੈੱਬਸਾਈਟ ਅਨੁਸਾਰ ਨਿਕੋਲਸ ਹੌਪਟਨ ਦੀ ਹੋਰ ਥਾਂ ਬਦਲੀ ਕਰ ਦਿੱਤੀ ਜਾਵੇਗੀ ਤੇ ਇਹ ਅਹੁਦਾ ਅਜੇ ਸ਼ਰਮਾ ਸੰਭਾਲ ਲੈਣਗੇ। ਇਸ ਤੋਂ ਪਹਿਲਾਂ ਅਜੇ ਸ਼ਰਮਾ ਰਾਸ਼ਟਰਮੰਡਲ ਦਫਤਰ ਵਿਚ ਇਰਾਨ ਵਿਭਾਗ ਦੇ ਮੁਖੀ ਵਜੋਂ ਤਾਇਨਾਤ ਸਨ ਤੇ ਪਰਵਾਸੀਆਂ ਬਾਰੇ ਕੰਮ ਕਰਦੇ ਸਨ। ਬਰਤਾਨੀਆ ਚਾਰ ਸਾਲ ਬਾਅਦ ਮੁੜ ਆਪਣੀ ਅੰਬੈਸੀ ਇਰਾਨ ਵਿਚ ਖੋਲ੍ਹਣ ਜਾ ਰਿਹਾ ਹੈ।

## ਕਲਬੁਰਗੀ ਹੱਤਿਆ ਕਾਂਡ: ਛੇ ਲੇਖਕਾਂ ਨੇ ਸਾਹਿਤ ਪ੍ਰੀਸ਼ਦ ਨੂੰ ਪੁਰਸਕਾਰ ਮੋੜੇ

**ਬੰਗਲੌਰ:** ਕੰਨੜ ਵਿਦਵਾਨ ਐਮ.ਐਮ. ਕਲਬੁਰਗੀ ਦੇ ਕਾਤਲਾਂ ਨੂੰ ਇਕ ਮਹੀਨੇ ਬਾਅਦ ਵੀ ਨਾ ਫੜੇ ਜਾਣ ਤੋਂ ਨਾਰਾਜ਼ ਛੇ ਕੰਨੜ ਲੇਖਕਾਂ ਨੇ ਕੰਨੜ ਸਾਹਿਤ ਪ੍ਰੀਸ਼ਦ ਨੂੰ ਆਪਣੇ ਪੁਰਸਕਾਰ ਵਾਪਸ ਕਰ ਦਿੱਤੇ। ਪ੍ਰੀਸ਼ਦ ਦੇ ਪ੍ਰਧਾਨ ਪੁੰਡਾਲਿਕ ਹਲਾਂਬੀ ਨੇ ਦੱਸਿਆ ਕਿ ਵੀਰੰਨਾ ਮਦੀਵਲਾਰ, ਟੀ. ਸਤੀਸ਼ ਜਾਵਰੇ ਗੌੜਾ, ਸੰਗਾਮੇਸ਼ ਮੀਨਾਸਿਨਕਈ, ਹਨੂਮੰਤ ਹਾਲੀਗੇਰੀ, ਸ੍ਰੀਦੇਵੀ ਵੀ. ਅਲੂਰ ਤੇ ਚਿਦਾਨੰਦ ਸਾਲੀ ਨੇ ਪੁਰਸਕਾਰ ਮੋੜੇ ਹਨ। ਇਨ੍ਹਾਂ ਨੂੰ 22 ਨਵੰਬਰ 2011 ਨੂੰ ਪੁਰਸਕਾਰ ਦਿੱਤੇ ਗਏ ਸਨ ਤੇ ਉਸ ਸਮਾਗਮ ਵਿਚ ਸ੍ਰੀ ਕਲਬੁਰਗੀ ਨੂੰ ਨਰੁਪਾਤੁੰਗਾ ਪ੍ਰਸ਼ਸਤੀ ਸਨਮਾਨ ਦਿੱਤਾ ਗਿਆ ਸੀ।



ਸ੍ਰੀ ਕਲਬੁਰਗੀ ਨੂੰ 30 ਅਗਸਤ ਨੂੰ ਦੋ ਅਣਪਛਾਤੇ ਵਿਅਕਤੀਆਂ ਨੇ ਉਨ੍ਹਾਂ ਦੀ ਰਿਹਾਇਸ਼ 'ਤੇ ਗੋਲੀ ਮਾਰੀ ਸੀ। ਪੁਲਿਸ ਨੂੰ ਅਜੇ ਤੱਕ ਕਾਤਲਾਂ ਦਾ ਕੁਝ ਵੀ ਪਤਾ ਨਹੀਂ ਲੱਗਾ ਹੈ। ਉਂਜ ਪੁਲਿਸ ਵੱਲੋਂ ਹਿੰਦੂ ਜਥੇਬੰਦੀਆਂ ਦੇ ਗਰਮ ਖਿਆਲੀਆਂ ਦੀ ਸ਼ੱਕੀ ਭੂਮਿਕਾ ਦੀ ਜਾਂਚ ਕੀਤੀ ਜਾ ਰਹੀ ਹੈ। ਪੁਰਸਕਾਰ ਮੋੜਨ ਵਾਲੇ ਲੇਖਕਾਂ ਨੇ ਕਿਹਾ ਹੈ ਕਿ ਸ੍ਰੀ ਕਲਬੁਰਗੀ ਦੇ ਕਾਤਲਾਂ ਨੂੰ ਫੜੇ ਨਾ ਜਾਣ ਦੇ ਰੋਸ ਵਜੋਂ ਉਨ੍ਹਾਂ ਇਹ ਕਦਮ ਚੁੱਕਿਆ ਹੈ। ਪੁਰਸਕਾਰ ਵਾਪਸ ਕਰਨ ਸਮੇਂ ਇਨ੍ਹਾਂ ਲੇਖਕਾਂ ਨਾਲ ਬਜ਼ੁਰਗ ਕੰਨੜ ਲੇਖਕ ਚੰਦਰਸ਼ੇਖਰ ਪਾਟਿਲ (ਚੰਪਾ) ਵੀ ਮੌਜੂਦ ਸਨ।

## ਰੌਕ ਗਾਰਡਨ ਨੂੰ ਸਾਫ ਸੁਥਰੇ ਗਾਰਡਨ ਦਾ ਖਿਤਾਬ

**ਚੰਡੀਗੜ੍ਹ:** ਕੇਂਦਰ ਸਰਕਾਰ ਵੱਲੋਂ ਚੰਡੀਗੜ੍ਹ ਦੇ ਰੌਕ ਗਾਰਡਨ ਨੂੰ 'ਭਾਰਤ ਦੇ ਸਭ ਤੋਂ ਸਾਫ ਸੁਥਰੇ ਗਾਰਡਨ' ਦਾ ਖਿਤਾਬ ਦਿੱਤਾ ਗਿਆ ਹੈ। ਇਹ ਐਵਾਰਡ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵੱਲੋਂ ਚੰਡੀਗੜ੍ਹ ਪ੍ਰਸ਼ਾਸਨ ਦੇ ਸਲਾਹਕਾਰ ਵਿਜੇ



ਦੇਵ ਨੂੰ ਦਿੱਤਾ ਗਿਆ।

ਦੱਸਣਯੋਗ ਹੈ ਕਿ ਨੇਕ ਚੰਦ ਵੱਲੋਂ ਡਿਜ਼ਾਇਨ ਕੀਤੇ ਗਏ ਇਸ ਵਿਸ਼ਵ ਪ੍ਰਸਿੱਧ ਗਾਰਡਨ ਵਿਚ ਸ਼ਹਿਰ ਤੇ ਉਦਯੋਗਾਂ ਤੋਂ ਨਿਕਲੇ ਕਚਰੇ ਤੇ ਬੇਕਾਰ ਸਾਮਾਨ ਨਾਲ ਕਈ ਅਦਭੁਤ ਕਲਾਕ੍ਰਿਤੀਆਂ ਬਣਾਈਆਂ ਗਈਆਂ ਹਨ। ਰੌਕ ਗਾਰਡਨ ਵਿਚ ਵਾਟਰਫਾਲ, ਪੂਲ ਤੇ ਘੁਮਾਵਦਾਰ ਰਸਤਿਆਂ ਸਮੇਤ 14 ਚੈਂਬਰ ਵੀ ਹਨ, ਜਿਨ੍ਹਾਂ ਨੂੰ ਸੈਲਾਨੀਆਂ ਵੱਲੋਂ ਕਾਫੀ ਪਸੰਦ ਕੀਤਾ ਜਾਂਦਾ ਹੈ। 40 ਏਕੜ ਵਿਚ ਫੈਲੇ ਇਸ ਗਾਰਡਨ ਵਿਚ ਕਈ ਮੂਰਤੀਆਂ ਹਨ, ਜੋ ਘਰਾਂ ਦੇ ਬੇਕਾਰ ਸਾਮਾਨ ਤੋਂ ਬਣੀਆਂ ਹੋਈਆਂ ਹਨ, ਨੂੰ ਦੇਖਣ ਸੈਲਾਨੀ ਦੇਸ-ਵਿਦੇਸ ਤੋਂ ਚੰਡੀਗੜ੍ਹ ਆਉਂਦੇ ਹਨ।

## ਮੁੰਬਈ ਰੇਲ ਧਮਾਕਿਆਂ ਦੇ ਪੰਜ ਦੋਸ਼ੀਆਂ ਨੂੰ ਸਜ਼ਾ-ਏ-ਮੌਤ

**ਮੁੰਬਈ:** ਮੁੰਬਈ ਦੀਆਂ ਲੋਕਲ ਰੇਲ ਗੱਡੀਆਂ ਵਿਚ ਨੌਂ ਸਾਲ ਪਹਿਲਾਂ 7/11 ਨੂੰ ਕੀਤੇ ਗਏ ਲੜੀਵਾਰ ਧਮਾਕਿਆਂ ਲਈ ਜ਼ਿੰਮੇਵਾਰ ਪੰਜ ਦੋਸ਼ੀਆਂ ਨੂੰ ਸਜ਼ਾ-ਏ-ਮੌਤ ਸੁਣਾਈ ਗਈ ਹੈ। ਵਿਸ਼ੇਸ਼ ਅਦਾਲਤ ਨੇ ਸੱਤ ਹੋਰਨਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਇਨ੍ਹਾਂ ਸਾਰਿਆਂ ਦੇ ਸਬੰਧ ਪਾਬੰਦੀਸ਼ੁਦਾ ਜਥੇਬੰਦੀ ਸਿਮੀ ਨਾਲ ਸਨ। ਅਦਾਲਤ ਨੇ ਹਰੇਕ ਦੋਸ਼ੀ ਨੂੰ 11-11 ਲੱਖ ਤੋਂ ਵੱਧ ਦਾ ਜੁਰਮਾਨਾ ਕੀਤਾ ਹੈ ਜੋ ਕੁੱਲ ਇਕ ਕਰੋੜ 51 ਲੱਖ ਰੁਪਏ ਬਣਦਾ ਹੈ।

ਧਮਾਕਿਆਂ ਵਿਚ 189 ਮੁਸਾਫਰ ਮਾਰੇ ਗਏ ਸਨ ਤੇ 800 ਤੋਂ ਵੱਧ ਜਖ਼ਮੀ ਹੋਏ ਸਨ। ਫੈਸਲਾ ਸੁਣਾਉਂਦਿਆਂ ਵਿਸ਼ੇਸ਼ ਮਕੋਕਾ ਜੱਜ ਯਤਿਨ ਡੀ. ਸ਼ਿੰਦੇ ਨੇ ਕਮਾਲ ਅਹਿਮਦ ਅਨਸਾਰੀ (37), ਮੁਹੰਮਦ ਫੈਸਲ ਸ਼ੇਖ (36), ਇਹਤੇਸ਼ਾਮ ਸਿੱਦੀਕੀ (30), ਨਾਵੇਦ ਹੁਸੈਨ ਖਾਨ (30) ਤੇ ਆਸਿਫ਼ ਖਾਨ (38) ਨੂੰ ਮੌਤ ਦੀ ਸਜ਼ਾ ਸੁਣਾਈ। ਫਾਂਸੀ ਦੇ ਫੰਦੇ ਤੋਂ ਬਚੇ ਤਨਵੀਰ ਅਹਿਮਦ ਅਨਸਾਰੀ (37), ਮੁਹੰਮਦ ਮਾਜਿਦ ਸ਼ਫ਼ੀ (32), ਸ਼ੇਖ ਆਲਮ ਸ਼ੇਖ (41), ਮੁਹੰਮਦ ਸਾਜਿਦ ਅਨਸਾਰੀ (34), ਮੁਜ਼ੱਮਿਲ ਸ਼ੇਖ (27), ਸੋਹੇਲ ਮਹਿਮੂਦ ਸ਼ੇਖ (43) ਤੇ ਜ਼ਮੀਰ ਅਹਿਮਦ ਸ਼ੇਖ (36) ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ। ਕੁੱਲ 11 ਦੋਸ਼ੀਆਂ ਨੂੰ 11-11 ਲੱਖ ਰੁਪਏ ਤੋਂ ਵੱਧ ਦਾ ਜੁਰਮਾਨਾ ਭਰਨਾ ਪਏਗਾ ਜਦਕਿ ਇਕ ਦੋਸ਼ੀ ਮੁਹੰਮਦ ਫ਼ੈਸਲ ਨੂੰ 15 ਲੱਖ 45 ਹਜ਼ਾਰ ਰੁਪਏ ਦਾ ਜੁਰਮਾਨਾ ਲਾਇਆ ਹੈ। ਖਾਰ ਰੋਡ-ਸਾਂਤਾਕਰੂਜ਼, ਬਾਂਦਰਾ-ਖਾਰ ਰੋਡ, ਜੋਗੇਸ਼ਵਰੀ-ਮਾਹਿਮ ਜੰਕਸ਼ਨ, ਮੀਰਾ ਰੋਡ-ਭਾਇੰਦਰ, ਮਾਤੁੰਗਾ-ਮਾਹਿਮ ਜੰਕਸ਼ਨ ਤੇ ਬੋਰਵਲੀ ਵਿਚਕਾਰ 10 ਮਿੰਟਾਂ ਦੇ ਫਰਕ ਨਾਲ ਸਥਾਨਕ ਰੇਲ ਗੱਡੀਆਂ ਵਿਚ ਧਮਾਕਿਆਂ ਨਾਲ ਮੁੰਬਈ ਦਹਿਲ ਗਿਆ ਸੀ। ਸਥਾਨਕ ਟਰੇਨਾਂ ਦੇ ਫਸਟ ਕਲਾਸ ਡੱਬਿਆਂ ਵਿਚ ਸੱਤ ਆਰਡੀਐਕਸ ਬੰਬ ਧਮਾਕੇ ਹੋਏ ਸਨ ਜਿਨ੍ਹਾਂ ਵਿਚ 189 ਵਿਅਕਤੀਆਂ ਦੀ ਮੌਤ ਹੋ ਗਈ ਸੀ ਤੇ 829 ਜ਼ਖ਼ਮੀ ਹੋਏ ਸਨ।

ਅਤਿਵਾਦ ਵਿਰੋਧੀ ਦਸਤੇ (ਏ.ਟੀ.ਐਸ.) ਵੱਲੋਂ ਨਵੰਬਰ 2006 ਵਿਚ ਦਾਖਲ ਚਾਰਜਸ਼ੀਟ ਵਿਚ 30 ਵਿਅਕਤੀਆਂ ਨੂੰ ਦੋਸ਼ੀ ਠਹਿਰਾਇਆ ਗਿਆ ਸੀ ਜਿਨ੍ਹਾਂ ਵਿਚੋਂ 17 ਭਗੌੜੇ ਸਨ। ਇਨ੍ਹਾਂ ਵਿਚੋਂ 13 ਪਾਕਿਸਤਾਨੀ ਨਾਗਰਿਕ ਹਨ ਜਿਨ੍ਹਾਂ ਵਿਚ ਲਸ਼ਕਰ-ਏ-ਤੋਇਬਾ ਦਾ ਮੈਂਬਰ ਆਜ਼ਮ ਚੀਮਾ ਵੀ ਸ਼ਾਮਲ ਹੈ। ਦੋਸ਼ੀਆਂ ਦੀ ਪੈਰਵੀ ਕਰਨ ਵਾਲੇ ਵਕੀਲ ਸ਼ਰੀਫ਼ ਸ਼ੇਖ ਨੇ ਕਿਹਾ ਕਿ ਏ.ਟੀ.ਐਸ. ਨੇ ਕੁਝ ਵਿਅਕਤੀਆਂ ਨੂੰ ਝੂਠਿਆਂ ਹੀ ਫਸਾਇਆ ਹੈ ਤੇ ਉਹ ਬੰਬਈ ਹਾਈਕੋਰਟ ਦਾ ਕੁੰਡਾ ਖੜਕਾਉਣਗੇ।



### ਧਮਾਕਿਆਂ ਦਾ ਘਟਨਾਕ੍ਰਮ

11 ਜੁਲਾਈ 2006: ਸੱਤ ਬੰਬ ਧਮਾਕੇ, 188 ਹਲਾਕ ਤੇ 829 ਜਖ਼ਮੀ
20 ਜੁਲਾਈ 2006: ਏ.ਟੀ.ਐਸ. ਨੇ 13 ਮੁਲਜ਼ਮਾਂ ਨੂੰ ਗ੍ਰਿਫਤਾਰ ਕੀਤਾ
30 ਨਵੰਬਰ 2006: 13 ਪਾਕਿ ਨਾਗਰਿਕਾਂ ਸਮੇਤ 30 ਮੁਲਜ਼ਮਾਂ ਖਿਲਾਫ ਚਾਰਜਸ਼ੀਟ ਦਾਖਲ
ਫਰਵਰੀ 2008: ਸੁਪਰੀਮ ਕੋਰਟ ਨੇ ਕੇਸ ਉਤੇ ਰੋਕ ਲਾਈ
23 ਅਪਰੈਲ 2010: ਸੁਪਰੀਮ ਕੋਰਟ ਨੇ ਕੇਸ ਤੋਂ ਰੋਕ ਹਟਾਈ
19 ਅਗਸਤ 2014: ਕੇਸ ਦੀ ਸੁਣਵਾਈ ਖਤਮ ਹੋਈ
11 ਸਤੰਬਰ 2015: ਮਕੋਕਾ ਅਦਾਲਤ ਨੇ 13 ਵਿਚੋਂ 12 ਨੂੰ ਦੋਸ਼ੀ ਕਰਾਰ ਦਿੱਤਾ
30 ਸਤੰਬਰ 2015: ਵਿਸ਼ੇਸ਼ ਅਦਾਲਤ ਨੇ ਦੋਸ਼ੀਆਂ ਨੂੰ ਸਜ਼ਾ ਸੁਣਾਈ

### ਪੀੜਤ ਪਰਿਵਾਰਾਂ ਵੱਲੋਂ ਫੈਸਲੇ ਦਾ ਸਵਾਗਤ

**ਮੁੰਬਈ:** ਧਮਾਕਿਆਂ ਦੌਰਾਨ ਮਾਰੇ ਗਏ ਵਿਅਕਤੀਆਂ ਦੇ ਪਰਿਵਾਰਾਂ ਨੇ ਦੋਸ਼ੀਆਂ ਨੂੰ ਸੁਣਾਈ ਗਈ ਸਜ਼ਾ ਨੂੰ ਦਰੁਸਤ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਨਸਾਫ ਭਾਵੇਂ ਦੇਰੀ ਨਾਲ ਹੋਇਆ ਹੈ ਪਰ ਇਹ ਸੁਨੇਹਾ ਜ਼ਰੂਰ ਜਾਣਾ ਚਾਹੀਦਾ ਹੈ ਕਿ ਅਜਿਹੇ ਕਾਰੇ ਕਰਨ ਵਾਲਿਆਂ ਨੂੰ ਬਖ਼ਸ਼ਿਆ ਨਹੀਂ ਜਾਏਗਾ। ਉਨ੍ਹਾਂ ਕਿਹਾ ਕਿ ਜੋ ਕੁਝ ਉਨ੍ਹਾਂ ਹੰਢਾਇਆ ਹੈ, ਉਹ ਦੁਖਾਂਤ ਕਿਸੇ ਹੋਰ ਨਾਲ ਨਹੀਂ ਵਾਪਰਨਾ ਚਾਹੀਦਾ। ਦਹਿਸ਼ਤਗਰਦਾਂ ਨੇ ਪਲਾਂ ਵਿਚ ਕਈ ਜਾਨਾਂ ਲੈ ਲਈਆਂ ਸਨ।

# ਰੱਖੋ ਸਬਰ ਲੱਗੇਗਾ ਬੇੜਾ ਪਾਰ...

## ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaisudhar.com

ਗਿੰਦਰ ਤੇ ਉਸ ਦਾ ਬਾਪੂ ਸੰਤੋਖ ਸਿੰਘ ਖਾਲ ਘੜ ਰਹੇ ਸਨ। ਜੇਠ ਮਹੀਨੇ ਦੀ ਤਪਸ਼ ਨੇ ਜ਼ੁਬਾਨ ਤਾਲੂਏ ਲਾਈ ਹੋਈ ਸੀ। ਸੰਤੋਖ ਸਿੰਘ ਨੇ ਆਸਮਾਨ ਵੱਲ ਦੇਖਦਿਆਂ ਕਿਹਾ, "ਗਿੰਦਰਾ! ਮੈਨੂੰ ਨਹੀਂ ਉਮੀਦ ਜੇਠ ਦੇ ਰਹਿੰਦੇ ਦਿਨਾਂ ਵਿਚ ਰੱਬ ਮੀਂਹ ਦਾ ਛਿੱਟਾ ਪਾਵੇ।"

"ਬਾਪੂ! ਰੱਬ, ਬੰਦਿਆਂ ਨਾਲੋਂ ਵੀ ਵੱਧ ਵੈਰੀ ਹੋ ਗਿਐ। ਲੋੜ ਵੇਲੇ ਮੀਂਹ ਪਾਉਂਦਾ ਨਹੀਂ। ਜਦੋਂ ਮੱਕੀ ਧਰਤੀ ਪਾੜ ਆਈ, ਤਾਂ ਫਿਰ ਦੇਖੀਂ ਕਿਵੇਂ ਜਲ-ਥਲ ਕਰਦਾ।" ਗਿੰਦਰ ਨੇ ਕਿਹਾ।

"ਬਾਪੂ! ਤੂੰ ਵੀ ਚਾਰ ਜਮਾਤਾਂ ਪੜ੍ਹ ਕੇ ਫੌਜ ਵਿਚ ਭਰਤੀ ਹੋ ਜਾਂਦਾ ਚਾਚੇ ਵਾਂਗੂੰ। ਅੱਜ ਤੇਰਾ ਗਿੰਦਰ ਜੇਠ ਦੀ ਸਿਖਰ ਦੁਪਹਿਰ ਤੋਂ ਬਚ ਜਾਂਦਾ।" ਗਿੰਦਰ ਨੇ ਮੱਥੇ ਤੋਂ ਪਸੀਨਾ ਪੂੰਝਦਿਆਂ ਕਿਹਾ।

"ਪੁੱਤਰਾ! ਕਹੌਤ ਆ, ਏਕ ਬਾਪ ਕੇ ਦੋ ਬੇਟੇ, ਕਿਸਮਤ ਜੁਦਾ ਜੁਦਾ। ਮੱਥੇ ਦੀਆਂ ਲਿਖੀਆਂ ਭੋਗਣੀਆਂ ਪੈਂਦੀਆਂ। ਪੇਟ ਦੀ ਅੱਗ ਬੁਝਾਉਣ ਖਾਤਰ ਕਈ ਵਾਰ ਅੱਗ 'ਤੇ ਵੀ ਤੁਰਨਾ ਪੈ ਜਾਂਦਾ। ਇੱਜ਼ਤ ਦੀ ਰੋਟੀ ਲਈ ਜੇਠ ਦੀ ਤਪਸ਼ ਤਾਂ ਕੀ, ਜ਼ਿਮੀਦਾਰ ਤਾਂ ਬਲਦੀਆਂ ਭੱਠੀਆਂ ਨੂੰ ਠੰਢੇ ਕਰ ਦਿੰਦਾ।" ਸੰਤੋਖ ਸਿੰਘ ਨੇ ਕਿਹਾ।

"ਬਾਪੂ, ਗੱਲ ਤਾਂ ਤੇਰੀ ਸੋਲਾਂ ਆਨੇ ਸੱਚੀ ਆ, ਪਰ ਜੇ ਭਰਾ ਨੂੰ ਭਰਾ ਧੋਖਾ ਦੇ ਜਾਵੇ ਤਾਂ ਫਿਰ ਕੀ ਕੀਤਾ ਜਾਵੇ? ਜੇਠ ਦੀ ਗਰਮੀ ਝੱਲੀ ਜਾਵੇ, ਜਾਂ ਫਿਰ ਭਰਾ ਦੇ ਗਲ ਹੱਥ ਪਾ ਕੇ ਪੁੱਛਿਆ ਜਾਵੇ ਕਿ ਇਹ ਧੋਖਾ ਕਿਉਂ?" ਗਿੰਦਰ ਨੇ ਬਾਪੂ ਦੀ ਦੁਖਦੀ ਰਗ ਫੜਦਿਆਂ ਕਿਹਾ।

"ਗਿੰਦਰਾ, ਤੈਨੂੰ ਬਹੁਤ ਵਾਰ ਸਮਝਾਇਆ, ਬੰਦਾ ਬੰਦੇ ਦੇ ਹੱਥੋਂ ਟੁੱਕ ਖੋਹ ਸਕਦਾ ਹੈ, ਪਰ ਮੱਥੇ ਵਿਚ ਲਿਖਿਆ ਨਹੀਂ ਖੋਹ ਸਕਦਾ। ਜੋ ਸਾਡੇ ਕਰਮਾਂ ਵਿਚ ਲਿਖਿਆ, ਉਹ ਸਾਨੂੰ ਮਿਲ ਜਾਣਾ।" ਸੰਤੋਖ ਸਿੰਘ ਨੇ ਸ਼ਾਂਤ ਰਹਿੰਦਿਆਂ ਕਿਹਾ।

"ਬਾਪੂ, ਤੁਸੀਂ ਪਾਖਰ ਸਿੰਘ ਦੇ ਦੋ ਪੁੱਤਰ ਹੋ। ਵੱਡੇ ਨੂੰ ਕੱਚਾ ਘਰ, ਮਾੜੀ ਜ਼ਮੀਨ ਤੇ ਪਾਣੀ ਦਾ ਸਾਧਨ ਕੱਚਾ ਬੋਰ, ਉਹ ਵੀ ਪਿੰਡੋਂ ਦੂਰ। ਛੋਟੇ ਨੂੰ ਪੱਕਾ ਘਰ, ਚੰਗੀ ਜ਼ਮੀਨ ਵਿਚ ਪੰਜ ਪਾਵਰ ਦੀ ਮੋਟਰ, ਤੇ ਪਿੰਡ ਦੇ ਨੇੜੇ। ਇਹ ਭਲਾ ਕਿਥੋਂ ਦਾ ਇਨਸਾਫ ਹੋਇਆ? ਚਾਚੇ ਦਾ ਮੁੰਡਾ-ਕੁੜੀ ਵਧੀਆ ਸਕੂਲਾਂ ਵਿਚ ਪੜ੍ਹਨ, ਤੇ ਸਾਨੂੰ ਬੋਰੀ ਵਾਲੇ ਸਕੂਲ ਵੀ ਨਸੀਬ ਨਾ ਹੋਏ। ਕਿਉਂ, ਬਾਪੂ ਕਿਉਂ?" ਗਿੰਦਰ ਜੇਠ ਦੀ ਤਪਸ਼ ਵਾਂਗ ਤਪ ਗਿਆ ਸੀ।

"ਗਿੰਦਰਾ, ਅਹੁ ਦੇਖ ਰਾਣੋ ਰੋਟੀ ਲੈ ਕੇ ਆ ਗਈ। ਚੱਲ ਰੋਟੀ ਖਾਈਏ ਤੇ ਪਲ ਭਰ ਅਰਾਮ ਕਰੀਏ।" ਤੂਤ ਦੀ ਛਾਂ ਥੱਲੇ ਖੜ੍ਹੀ ਧੀ ਨੂੰ ਦੇਖਦਿਆਂ ਸੰਤੋਖ ਸਿੰਘ ਬੋਲਿਆ।

ਗਿੰਦਰ ਨੇ ਸਵੇਰ ਦੀ ਲਿਆਂਦੀ ਲੱਸੀ ਵਾਲੀ ਕੈਨੀ ਚੁੱਕੀ ਤੇ ਸਰਪੰਚਾਂ ਦੀ ਮੋਟਰ ਵੱਲ ਹੋ ਤੁਰਿਆ। ਮੋਟਰ ਸਵੇਰ ਦੀ ਠੰਡਾ ਪਾਣੀ ਹਰੇ ਕਮਾਦ ਦੀਆਂ ਜੜ੍ਹਾਂ ਨੂੰ ਦੇ ਰਹੀ ਸੀ। ਗਿੰਦਰ ਸਿਰੋਂ ਪਰਨਾ ਲਾਹ ਕੇ ਝਾੜਨ ਲੱਗਾ। ਸੁੱਕੀ ਮਿੱਟੀ ਦੀਆਂ ਕਈ ਬਰੀਕ ਰੋੜੀਆਂ ਚੱਲਦੇ ਪਾਣੀ ਵਿਚ ਡਿੱਗੀਆਂ ਤੇ ਆਪਣੀ ਪਿਆਸ ਬੁਝਾ ਗਈਆਂ, ਪਰ ਗਿੰਦਰ ਅਜੇ ਵੀ ਪਿਆਸਾ ਖੜ੍ਹਾ ਕੁਝ ਸੋਚ ਰਿਹਾ ਸੀ।

ਉਸ ਨੇ ਕੈਨੀ ਸਾਫ ਕੀਤੀ ਤੇ ਪਾਣੀ ਨਾਲ ਭਰ ਲਈ। ਬਾਪੂ ਦੇ ਹੱਥ ਧੁਆ ਕੇ ਰਾਣੋ ਨੇ ਦੋ ਪ੍ਰਸ਼ਾਦੇ ਹੱਥ ਉਤੇ ਧਰ ਦਿੱਤੇ ਤੇ ਕੜ੍ਹੀ ਦੀ ਕੌਲੀ ਫੜਾ ਦਿੱਤੀ। ਸੰਤੋਖ ਸਿੰਘ ਨੇ ਰੋਟੀ ਦੋਵਾਂ ਹੱਥਾਂ ਵਿਚ ਘੁੱਟ ਕੇ ਮੱਥੇ ਲਾਈ ਤੇ ਰੱਬ ਦਾ ਸ਼ੁਕਰਾਨਾ ਕੀਤਾ। ਗਿੰਦਰ ਵੀ ਰੋਟੀ ਖਾਣ ਲੱਗਾ। ਤੂਤ ਉਤੇ ਬੈਠੀਆਂ ਚਿੜੀਆਂ ਨੇ ਚੀਂ-ਚੀਂ ਸ਼ੁਰੂ ਕਰ ਦਿੱਤੀ। ਸੰਤੋਖ ਸਿੰਘ ਨੇ ਅੱਧੀ ਰੋਟੀ ਦੀਆਂ ਬਰੀਕ ਬਰੀਕ ਟੁਕੜੀਆਂ ਕੀਤੀਆਂ ਤੇ ਕਣਕ ਦੇ ਵੱਢ ਵਿਚ ਖਿਲਾਰ ਦਿੱਤੀਆਂ। ਝੱਟ ਹੀ ਚਿੜੀਆਂ ਦੀ ਡਾਰ ਤੂਤ ਤੋਂ ਉਤਰ ਰੋਟੀ ਦੀਆਂ ਟੁਕੜੀਆਂ ਚੁਗਣ ਲੱਗੀ। ਰਾਣੋ ਚੁੱਪ ਤੋੜਦਿਆਂ ਬੋਲੀ, "ਬਾਪੂ, ਅੱਜ ਸਰਪੰਚਾਂ ਦੀ ਜੀਤੀ ਨੂੰ ਕੈਨੇਡਾ ਵਾਲੇ ਦੇਖਣ ਆਏ ਸੀ। ਉਨ੍ਹਾਂ ਦੇ ਬੂਹੇ ਦੋ-ਤਿੰਨ ਕਾਰਾਂ ਖੜ੍ਹੀਆਂ ਸਨ ਤੇ ਸਾਰਾ ਟੱਬਰ ਸੋਹਣੇ ਕੱਪੜੇ ਪਾਈ ਫਿਰਦਾ ਸੀ। ਬੇਬੇ ਮੈਨੂੰ ਕਹਿੰਦੀ, ਤੂੰ ਵੀ ਦੱਬ ਕੇ ਪੜ੍ਹਿਆ ਕਰ। ਇਕ ਦਿਨ ਤੈਨੂੰ ਵੀ ਕੈਨੇਡਾ ਵਾਲੇ ਦੇਖਣ ਆਉਣਗੇ।"

ਸੰਤੋਖ ਸਿੰਘ ਦੇ ਮੂੰਹ ਵਿਚ ਬੁਰਕੀ ਫੁੱਲ ਗਈ। ਉਸ ਨੇ ਪਾਣੀ ਦਾ ਘੁੱਟ ਭਰ ਕੇ ਬੁਰਕੀ ਅੰਦਰ ਕੀਤੀ ਤੇ ਸੋਚਿਆ, 'ਕੁੱਲੀ ਵਾਲਿਆਂ ਦੀ ਮਹਿਲਾਂ ਨਾਲ ਕਦੋਂ ਨਿਭਦੀ ਐ?' ਫਿਰ ਸੋਚਾਂ ਵਿਚੋਂ ਨਿਕਲ ਕੇ ਬੋਲਿਆ, "ਰਾਣੋ ਪੁੱਤ, ਤੂੰ ਆਪਣੀ ਪੜ੍ਹਾਈ ਕਰੀ ਜਾ, ਜਿੰਨਾ ਮਰਜ਼ੀ ਪੜ੍ਹ ਲੈ।"

ਰਾਣੋ ਨੇ ਹੱਸ ਕੇ ਚੁੰਨੀ ਦਾ ਲੜ ਦੰਦਾਂ ਹੇਠ ਦੱਬ ਲਿਆ। ਫਿਰ ਇਕ ਇਕ ਰੋਟੀ 'ਤੇ ਸ਼ੱਕਰ ਪਾ ਕੇ ਫੜਾਉਂਦਿਆਂ ਕਿਹਾ, "ਗਿੰਦਰ ਵੀਰੇ, ਕੀ ਗੱਲ ਐ ਅੱਜ ਚੁੱਪ ਧਾਰੀ ਹੋਈ ਆ। ਬਾਪੂ ਨਾਲ ਫਿਰ ਚਾਚੇ ਦੀ ਗੱਲ ਤੋਰੀ ਹੋਣੀ ਆਂ। ਨਾ ਗੁੱਸੇ ਹੋਇਆ ਕਰ, ਸਾਡਾ ਦੋ ਭੈਣਾਂ ਦਾ ਤੂੰ ਇਕੱਲਾ ਵੀਰ ਹੈਂ।" ਰਾਣੋ ਨੇ ਪਿਆਰ ਨਾਲ ਗਿੰਦਰ ਦੁਆਲੇ ਬਾਹਾਂ ਪਾ ਕੇ ਘੁੱਟਦਿਆਂ ਕਿਹਾ।

"ਰਾਣੋ, ਕੁਝ ਨਹੀਂ, ਬੱਸ ਐਵੇਂ ਹੀ ਮਨ ਉਦਾਸ ਹੋ ਗਿਆ।" ਗਿੰਦਰ ਦੀਆਂ ਅੱਖਾਂ ਵਿਚੋਂ ਨਿਕਲੇ ਹੰਝੂ ਉਸ ਦੀ ਵਿਰਲੀ ਦਾੜ੍ਹੀ ਵਿਚ ਗੁਆਚ ਗਏ।

ਰਾਣੋ ਰੋਟੀ ਵਾਲੇ ਭਾਂਡੇ ਸਾਂਭ ਕੇ ਤੁਰਨ ਲੱਗੀ ਤਾਂ ਸੰਤੋਖ ਸਿੰਘ ਬੋਲਿਆ, "ਰਾਣੋ, ਪੁੱਤ ਜਾਂਦੀ ਹੋਈ ਕਰੇਲਿਆਂ ਦੀ ਵੇਲ ਦੇਖ ਲਈਂ। ਜੇ ਹੋਏ ਤਾਂ ਤੋੜ ਲਵੀਂ, ਕੱਲ੍ਹ ਨੂੰ ਬਣਾ ਲਿਉ।" ਰਾਣੋ 'ਚੰਗਾ ਬਾਪੂ' ਆਖ ਕਰੇਲਿਆਂ ਦੀ ਵੇਲ ਵੱਲ ਹੋ ਤੁਰੀ।

"ਗਿੰਦਰਾ, ਮੈਂ ਆਪਣੇ ਛੋਟੇ ਭਰਾ ਤੀਰਥ ਨੂੰ ਇਸ ਲਈ ਪੜ੍ਹਾਇਆ ਸੀ ਕਿ ਉਹ ਨੌਕਰ ਹੋ ਜਾਊ ਤੇ ਮੈਂ ਖੇਤੀ ਸਾਂਭ ਲਊਂਗਾ। ਇਕ ਤੋਂ ਇਕ ਗਿਆਰਾਂ ਹੋ ਜਾਵਾਂਗੇ। ਤੀਰਥ ਭਰਤੀ ਹੋ ਗਿਆ। ਦੋ ਸਾਲ ਉਸ ਨੇ ਆਪਣੀ ਕਮਾਈ ਸਾਨੂੰ ਦਿੱਤੀ ਜਿਸ ਨਾਲ ਬਾਹਰਲੇ ਘਰ ਵਿਚ ਦੋ ਬੈਠਕਾਂ ਤੇ ਬਰਾਂਡਾ ਪਾ ਲਿਆ। ਫਿਰ ਉਸ ਦਾ ਵਿਆਹ ਕਰ ਦਿੱਤਾ। ਤੇਰੀ ਚਾਚੀ ਇਕ ਸਾਲ ਤਾਂ ਵਧੀਆ ਰਹੀ, ਪਿਛੋਂ ਤੇਰੇ ਚਾਚੇ ਨੂੰ ਚੁੱਕਣ ਲੱਗ ਪਈ ਕਿ ਜੇਠਾਣੀ ਤਾਂ ਮੰਜੀ ਜੇਠ ਕੋਲ ਡਾਹੁੰਦੀ ਐ ਤੇ ਤੂੰ ਲੇਹ-ਲੱਦਾਖ ਤੁਰਿਆ ਫਿਰਦਾ, ਮੈਂ ਪੋਹ-ਮਾਘ ਦੀਆਂ ਰਾਤਾਂ ਇਕੱਲੀ ਕੱਟਦੀ ਹਾਂ, ਤੇ ਤੇਰੀ ਸਾਰੀ ਤਨਖਾਹ ਜੇਠ ਸਾਂਭ ਲੈਂਦਾ। ਜਿਵੇਂ ਕਹੌਤ ਐ, ਫੌਜੀ, ਫੌਜ ਵਿਚ ਅਫਸਰ ਅਧੀਨ, ਤੇ ਘਰੇ ਘਰਵਾਲੀ ਅਧੀਨ ਹੁੰਦਾ। ਇਸੇ ਤਰ੍ਹਾਂ ਤੇਰੇ ਚਾਚੇ ਨਾਲ ਹੋਈ। ਹੌਲੀ ਹੌਲੀ ਉਹ ਤਨਖਾਹ ਤੇਰੀ ਚਾਚੀ ਨੂੰ ਭੇਜਣ ਲੱਗ ਪਿਆ। ਤੇਰੀ ਚਾਚੀ ਗੁਲਾਬ ਦੇ ਫੁੱਲ ਵਾਂਗ ਖਿੜਨ ਲੱਗੀ ਤੇ ਤੇਰੇ ਪਿਉ ਦੇ ਆਸਾਂ ਵਾਲਾ ਦੀਵਾ ਬੁਝਣ ਲੱਗ ਪਿਆ। ਪਹਿਲਾਂ ਤਾਂ ਚਾਚਾ ਤੇਰਾ ਹਾੜ੍ਹੀ-ਸਾਉਣੀ ਛੁੱਟੀ ਲੈ ਕੇ ਆਉਂਦਾ ਤੇ ਮੇਰੇ ਨਾਲ ਕੰਮ ਵਿਚ ਹੱਥ ਵਟਾਉਂਦਾ, ਫਿਰ ਜਦੋਂ ਤੇਰੀ ਚਾਚੀ ਨੇ ਉਸ ਦੇ ਕੰਨ ਭਰ ਦਿੱਤੇ ਤਾਂ ਉਹ ਛੁੱਟੀ ਸਿਆਲਾਂ ਵਿਚ ਆਉਣ ਲੱਗ ਪਿਆ। ਤੁਹਾਡੇ ਤਿੰਨਾਂ ਦੇ ਜਨਮ ਪਿਛੋਂ ਤੁਹਾਡੀ ਚਾਚੀ ਗੋਦੀ ਚੁੱਕਿਆ ਮੁੰਡਾ ਲੈ ਕੇ ਬਾਹਰਲੇ ਘਰ ਅੱਡ ਹੋ ਗਈ। ਬੇਬੇ-ਬਾਪੂ ਨੇ ਬੜਾ ਈ ਸਮਝਾਇਆ, ਪਰ ਉਹ ਨਾ ਮੰਨੀ। ਫੌਜੀ ਕੋਟੇ ਵਿਚੋਂ ਮੋਟਰ ਦਾ ਕੁਨੈਕਸ਼ਨ ਮਿਲਿਆ ਤਾਂ ਮੋਟਰ ਲੱਗ ਗਈ। ਉਹ ਜ਼ਮੀਨ ਤੇਰੇ ਚਾਚੇ ਨੇ ਸਾਂਭ ਲਈ ਤੇ ਮੈਨੂੰ ਆਹ ਜ਼ਮੀਨ ਆ ਗਈ।

ਬੇਬੇ ਮਰਨ ਲੱਗੀ ਕਹਿੰਦੀ ਸੀ, 'ਸੰਤੋਖ ਪੁੱਤ, ਸੰਤੋਖ ਰੱਖੀਂ, ਧਰ ਧਰ ਭੁੱਲੇਂਗਾ। ਔਖੇ ਦਿਨ ਬੀਤ ਜਾਂਦੇ ਆ ਤੇ ਭੁੱਲ ਵੀ ਜਾਂਦੇ ਆ, ਪਰ ਜਿਨ੍ਹਾਂ ਨੇ ਇਹ ਦਿਨ ਦਿਖਾਏ ਹੁੰਦੇ ਆ, ਉਹ ਨਈਂ ਭੁੱਲਦੇ। ਦੇਖੀਂ ਤੇਰੇ ਬੱਚੇ ਕਿੰਨੀ ਤਰੱਕੀ ਕਰਨਗੇ'। ਮਾਂ ਤੇਰੇ ਪਿਉ ਨੂੰ ਸੰਤੋਖ ਦਾ ਸਬਕ ਪੜ੍ਹਾ ਕੇ ਅੱਖਾਂ ਮੀਟ ਗਈ। ਮੈਂ ਆਪਣੇ ਹੱਥ ਤੇਰੇ ਚਾਚੇ ਦੇ ਗਲ ਪਾਉਣ ਨਾਲੋਂ ਰੱਬ ਅੱਗੇ ਜੋੜ ਲੈਂਦਾ ਹਾਂ ਜੋ ਡਿੱਗਿਆਂ ਨੂੰ ਚੁੱਕ ਕੇ ਹਮੇਸ਼ਾ ਗਲ ਲਾਉਂਦਾ।" ਸੰਤੋਖ ਸਿੰਘ ਨੇ ਆਪਣੇ ਦਰਦ ਦੀ ਚੀਸ ਗੱਭਰੂ ਪੁੱਤ ਨੂੰ ਸੁਣਾ ਦਿੱਤੀ।

"ਬਾਪੂ, ਪਿੰਡ ਵਾਲੀ ਜ਼ਮੀਨ ਵਿਚੋਂ ਸਾਨੂੰ ਅੱਧ ਆਉਂਦਾ, ਤੇ ਆਹ ਜ਼ਮੀਨ ਵਿਚੋਂ ਚਾਚੇ ਨੂੰ ਅੱਧ ਆਉਣਾ ਚਾਹੀਦਾ। ਉਸ ਜ਼ਮੀਨ ਦੀ ਕੀਮਤ ਇਕ ਰੁਪਿਆ, ਤੇ ਇਸ ਦੀ ਪੰਜੀ ਪੈਸੇ। ਸਾਨੂੰ ਦੋਵਾਂ ਜ਼ਮੀਨਾਂ ਦੀ ਵੰਡ ਬਰਾਬਰ ਕਰਨੀ ਚਾਹੀਦੀ ਆ।" ਗਿੰਦਰ ਬੋਲਿਆ।

"ਗਿੰਦਰਾ, ਤੇਰੇ ਵਾਲੇ ਹਿਸਾਬ ਮੈਨੂੰ ਵੀ ਆਉਂਦੇ ਆ, ਪਰ ਬੇਬੇ ਦਾ ਪੜ੍ਹਾਇਆ ਸਬਕ ਮੈਨੂੰ ਅੱਜ ਵੀ ਯਾਦ ਹੈ। ਰਾਣੋ ਪੜ੍ਹ ਲਿਖ ਜਾਵੇ ਤਾਂ ਸਭ ਰੋਣੇ-ਧੋਣੇ ਮੁੱਕ ਜਾਣਗੇ।" ਸੰਤੋਖ ਸਿੰਘ ਨੇ ਦਿਲ ਦੀ ਸੁਣਾ ਦਿੱਤੀ।

ਦੋਵੇਂ ਫਿਰ ਰੱਬ ਉਤੇ ਆਸਾਂ ਛੱਡ ਕੇ ਕੰਮ ਕਰੀ ਗਏ। ਗਿੰਦਰ ਕੰਮ ਕਰ ਕੇ ਹਰਖ ਜਾਂਦਾ ਤਾਂ ਬਾਪੂ ਆਪਣੀ ਅਕਲ ਨਾਲ ਉਸ ਨੂੰ ਸ਼ਾਂਤ ਕਰ ਲੈਂਦਾ।

ਸਮਾਂ ਬੀਤਿਆ, ਰਾਣੋ ਪੜ੍ਹ ਗਈ। ਮੁੱਖ 'ਤੇ ਸਾਦਗੀ ਰਾਣੋ ਦੇ ਹੁਸਨ ਨੂੰ ਹੋਰ ਨਿਖਾਰ ਜਾਂਦੀ। ਸੁਰਾਹੀ ਵਰਗੀ ਧੌਣ ਵਿਚ ਕਾਲੀ ਗਾਨੀ, ਹੁਸਨ ਨੂੰ ਨਜ਼ਰ ਤੋਂ ਬਚਾਉਂਦੀ ਹੋਰ ਵੀ ਸੋਹਣੀ ਲੱਗਦੀ। 21ਵਾਂ ਵਰ੍ਹਾ ਲੱਗਾ ਸੀ। ਸਰਪੰਚਾਂ ਦੀ ਜੀਤੀ ਨੇ ਉਸ ਦੀ ਦੱਸ ਕੈਨੇਡਾ ਪਾ ਦਿੱਤੀ। ਜਦੋਂ ਕੈਨੇਡਾ ਵਾਲਿਆਂ ਨੇ ਰਾਣੋ ਨੂੰ ਦੇਖਿਆ ਤਾਂ ਕਹਿੰਦੇ, 'ਭਲਾ ਅੱਜ ਹੀ ਕੁੜੀ ਸਾਡੇ ਨਾਲ ਤੋਰ ਦੇਵੋ', ਪਰ ਸੰਤੋਖ ਸਿੰਘ ਕਹਿੰਦਾ, 'ਮੈਂ ਆਪਣਾ ਸ਼ਰੀਕਾ-ਕਬੀਲਾ ਸੱਦ ਕੇ ਧੀ ਦੇ ਹੱਥ ਪੀਲੇ ਕਰਾਂਗਾ'।

ਵੀਹ ਦਿਨਾਂ ਬਾਅਦ ਰਾਣੋ ਦਾ ਵਿਆਹ ਰੱਖ ਦਿੱਤਾ। ਸੰਤੋਖ ਸਿੰਘ ਨੇ ਆਪਣੀ ਹੈਸੀਅਤ ਮੁਤਾਬਕ ਧੀ-ਜਵਾਈ ਲਈ ਗਹਿਣੇ ਬਣਵਾ ਲਏ, ਪਰ ਮੁੰਡੇ ਵਾਲਿਆਂ ਸਿਰਫ ਇਕ ਮੁੰਦੀ ਹੀ ਮੁੰਡੇ ਨੂੰ ਪੁਆਈ। ਕੋਈ ਪੇਟੀ-ਅਲਮਾਰੀ ਨਹੀਂ ਲਈ। ਮਹਿਲਾਂ ਵਾਲਿਆਂ ਨੇ ਹੀਰਾ ਪਛਾਣ ਲਿਆ ਸੀ। ਰਾਣੋ ਦਾ ਵਿਆਹ ਵਧੀਆ ਹੋ ਗਿਆ। ਫੌਜੀ ਚਾਚਾ ਸੱਦੇ ਤੋਂ ਵੀ ਨਾ ਆਇਆ।

ਸਰਪੰਚ ਦੀ ਧੀ ਜੀਤੀ ਦੇ ਰਾਣੋ ਦੀ ਵਿਚੋਲਣ ਬਣਨ ਨਾਲ ਗਿੰਦਰ ਦਾ ਸਾਥ ਸਰਪੰਚ ਦੇ ਮੁੰਡੇ ਪਾਲੀ ਨਾਲ ਹੋ ਗਿਆ। ਹੁਣ ਦੋਵੇਂ ਖੇਤ ਵਿਚ ਇਕੱਠੇ ਹੋ ਜਾਂਦੇ। ਪਾਲੀ ਖੇਤ ਖੜ੍ਹਾ ਕਹਿੰਦਾ, "ਗਿੰਦਰਾ, ਜੇ ਮੇਰੀ ਮੰਨੇ ਤਾਂ ਆਹ ਇਕ ਕਿੱਲੇ ਦੀ ਮਿੱਟੀ ਇਕ ਇਕ ਫੁੱਟ ਖਿੱਚ ਕੇ ਔਹ ਤਿੰਨ ਕਿੱਲਿਆਂ ਵਿਚ ਸਿੱਟ ਦੇਈਏ ਤਾਂ ਸਾਡੀ ਮੋਟਰ ਦਾ ਪਾਣੀ ਤੁਹਾਡੀ ਜ਼ਮੀਨ ਵਿਚ ਦੌੜਦਾ ਪੈ ਜਾਊ। ਫਿਰ ਤੈਨੂੰ ਤਿੰਨ ਕਿੱਲਿਆਂ ਦਾ ਖਾਲ਼ ਵੀ ਨਹੀਂ ਘੜਨਾ ਪਊ।"

"ਪਾਲੀ ਬਾਈ, ਤੁਹਾਡੀ ਗੱਲ ਤਾਂ ਠੀਕ ਐ। ਬਾਪੂ ਨੂੰ ਪੁੱਛ ਕੇ ਦੇਖ ਲਊਂ।" ਗਿੰਦਰ ਨੇ ਜਵਾਬ ਦਿੱਤਾ।

ਉਸੇ ਦਿਨ ਗਿੰਦਰ ਨੇ ਸ਼ਾਮ ਨੂੰ ਬਾਪੂ ਨਾਲ ਸਲਾਹ ਕੀਤੀ ਤੇ ਉਹ ਮੰਨ ਗਿਆ। ਫਿਰ ਪਾਲੀ ਨੇ ਇਕ ਕਿੱਲਾ ਕਰਾਹ ਕੇ ਜ਼ਮੀਨ ਪੱਧਰੀ ਕਰ ਲਈ। ਹੁਣ ਉਨ੍ਹਾਂ ਦੀ ਮੋਟਰ ਦਾ ਪਾਣੀ ਗਿੰਦਰ ਦੇ ਖੇਤ ਪੈਣ ਲੱਗ ਪਿਆ। ਪਿਆਸੀ ਧਰਤੀ ਨੂੰ ਪਾਣੀ ਮਿਲਿਆ, ਫਸਲ ਦੂਣੀ-ਚੌਣੀ ਹੋਣ ਲੱਗ ਗਈ। ਘਰ ਆਏ ਦਾਣਿਆਂ ਨੇ ਕੱਚਾ ਕੋਠਾ ਪੱਕੇ ਵਿਚ ਬਦਲ ਦਿੱਤਾ। ਫਿਰ ਪਾਲੀ ਨੇ ਆਪਣੀ ਸਾਲੀ ਦਾ ਰਿਸ਼ਤਾ ਗਿੰਦਰ ਨੂੰ ਕਰਵਾ ਦਿੱਤਾ। ਆਪਣਿਆਂ ਨਾਲੋਂ ਗੈਰਾਂ ਦਾ ਸਾਥ ਉਜੜਦਿਆਂ ਨੂੰ ਆਬਾਦ ਕਰ ਗਿਆ।

ਰਾਣੋ ਕੈਨੇਡਾ ਚਲੀ ਗਈ। ਸਾਰਾ ਪਰਿਵਾਰ ਖੁਸ਼ੀ ਵਿਚ ਹੰਝੂ ਕੇਰਨ ਲੱਗਾ। ਸੰਤੋਖ ਸਿੰਘ ਦੇ ਸੰਤੋਖ ਨੂੰ ਫਲ ਲੱਗਣ ਲੱਗਾ। ਗਿੰਦਰ ਦੀ ਛੋਟੀ ਭੈਣ ਗਿਆਨੋ ਵੀ ਕੈਨੇਡਾ ਵਿਆਹੀ ਗਈ। ਕਿਸਮਤ ਨੇ ਦਿਨ ਬਦਲ ਦਿੱਤੇ। ਸੰਤੋਖ ਸਿੰਘ ਸਿਰੋਂ ਮੈਲਾ ਪਰਨਾ ਉਤਾਰ ਕੇ ਸੋਹਣੀ ਪੱਗ ਸਜਾ ਦਿੱਤੀ।

ਉਧਰ, ਤੀਰਥ ਸਿੰਘ ਨੇ ਧੀ ਵਿਆਹੀ, ਪਰ ਸਾਲ ਬਾਅਦ ਹੀ ਤਲਾਕ ਹੋ ਗਿਆ। ਪੁੱਤ ਵਿਆਹਿਆਂ ਪੰਜ ਸਾਲ ਹੋ ਗਏ ਸਨ, ਪਰ ਕੋਈ ਔਲਾਦ ਨਹੀਂ ਸੀ ਹੋਈ। ਘਰ ਰੋਜ਼ ਲੜਾਈ-ਝਗੜਾ ਰਹਿੰਦਾ। ਜਦੋਂ ਪਾਣੀ ਗਲ ਤੋਂ ਉਪਰ ਲੰਘ ਗਿਆ, ਪੁੱਤ ਸਲਫਾਸ ਖਾ ਕੇ ਮਰ ਗਿਆ। ਪਿੰਡ ਵਾਲੇ ਪੁੱਤ ਦੀ ਮੌਤ ਦਾ ਜ਼ਿੰਮੇਵਾਰ ਫੌਜੀ ਨੂੰ ਆਖਦੇ। ਸੰਤੋਖ ਸਿੰਘ ਨਾਲ ਧੱਕਾ ਕਰ ਕੇ ਚੰਗਾ ਘਰ ਤੇ ਚੰਗੀ ਜ਼ਮੀਨ ਰੱਖ ਲੈਣੀ ਵੀ ਫੌਜੀ ਨੂੰ ਪੁੱਤ ਦੀ ਮੌਤ ਦਾ ਕਾਰਨ ਲੱਗਦੇ।

ਰਾਣੋ ਨੇ ਆਪਣੇ ਮਾਤਾ-ਪਿਤਾ ਵੀ ਕੈਨੇਡਾ ਸੱਦ ਲਏ। ਬੰਜਰ ਧਰਤੀ ਵਿਚੋਂ ਹੀਰੇ ਲੱਭਣ ਵਾਲਾ ਸੰਤੋਖ ਸਿੰਘ ਡਾਲਰਾਂ ਦੀ ਖਾਣ ਵਿਚ ਆਣ ਬੈਠਾ ਸੀ। ਦੋ ਸਾਲ ਬਾਅਦ ਪਿੰਡ ਗਿਆ। ਮੋਟਰ ਲੁਆਉਣ ਲਈ ਨਵਾਂ ਬੋਰ ਕਰਨਾ ਸੀ। ਬੋਰ ਵਾਲੇ ਕਹਿੰਦੇ, "ਆਹ ਤੂਤ ਪੁੱਟਣਾ ਪਊ।" ਸੰਤੋਖ ਸਿੰਘ ਕਹਿੰਦਾ, "ਪੁੱਤਰੋ, ਇਸ ਤੂਤ ਨੂੰ ਪੁੱਟਣ ਦਾ ਨਾਂ ਨਹੀਂ ਲੈਣਾ। ਇਸ ਤੂਤ ਨਾਲ ਮੇਰੀ ਪੁਰਾਣੀ ਯਾਦ ਜੁੜੀ ਆ। ਜਦੋਂ ਮੈਨੂੰ ਮੇਰਾ ਭਰਾ ਤਪਾਉਂਦਾ ਸੀ, ਤਾਂ ਇਸੇ ਦੀ ਛਾਂ ਥੱਲੇ ਮੈਨੂੰ ਠੰਢ ਮਿਲਦੀ ਸੀ। ਇਸੇ ਤੂਤ ਥੱਲੇ ਮੇਰੀ ਰਾਣੋ ਸਾਨੂੰ ਰੋਟੀ ਖੁਆਉਂਦੀ ਹੁੰਦੀ ਸੀ। ਮੈਂ ਦੁੱਖ-ਸੁੱਖ ਇਸ ਨਾਲ ਸਾਂਝਾ ਕਰ ਲੈਂਦਾ ਸੀ। ਮੈਂ ਕਿਸੇ ਦਾ ਵੱਸਦਾ ਘਰ ਨਹੀਂ ਉਜਾੜਨਾ ਚਾਹੁੰਦਾ।"

ਬੋਰ ਵਾਲਿਆਂ ਨੇ ਦਸ ਕਦਮ ਅਗਾਂਹ ਟੋਆ ਪੁੱਟ ਲਿਆ।

ਹੁਣ ਸੰਤੋਖ ਸਿੰਘ ਦੇ ਜੀਵਨ ਵਿਚ ਚਾਰੇ ਪਾਸੇ ਖੁਸ਼ਹਾਲੀ ਹੈ। ਤੀਰਥ ਸਿੰਘ ਨੂੰ ਤੀਰਥੀਂ ਜਾ ਕੇ ਵੀ ਸ਼ਾਂਤੀ ਨਹੀਂ ਮਿਲੀ।

---

# ਤਖਤਿ ਰਾਜਾ ਸੋ ਬਹੈ ਜਿ ਤਖਤੈ ਲਾਇਕ ਹੋਈ

ਦੇਸ਼-ਵਿਦੇਸ਼ ਵਿਚ ਵੱਸਦੇ ਸਿੱਖਾਂ ਵਿਚ ਤਹਿਲਕਾ ਮੱਚਿਆ ਪਿਆ ਹੈ। ਕਾਰਨ ਅਕਾਲ ਤਖਤ ਸਾਹਿਬ ਦੀ ਸਰਵਉਚਤਾ ਨੂੰ ਦਰਕਿਨਾਰ ਕਰ ਕੇ, ਸ਼ਰਮ ਤੇ ਧਰਮ ਨੂੰ ਛਿੱਕੇ ਟੰਗ ਕੇ, ਪੰਜ ਸਿੰਘ ਸਾਹਿਬਾਨ ਵਲੋਂ ਡੇਰਾ ਮੁਖੀ ਨੂੰ ਦਿੱਤੀ ਗਈ ਮੁਆਫੀ। 'ਚੋਰ ਉਚੱਕਾ ਚੌਧਰੀ' ਵਾਂਗ ਡੇਰਾ ਮੁਖੀ ਵੀ ਬਾਦਲ ਸਰਕਾਰ ਦੇ ਸਿਰ ਚੜ੍ਹ ਕੇ ਤਾਂਡਵ ਨਾਚ ਕਰ ਰਿਹਾ ਹੈ ਤੇ



ਬੀਬੀ ਸੁਰਜੀਤ ਕੌਰ ਸੈਕਰਾਮੈਂਟੋ

ਸ਼ਰੇਆਮ ਨੋਟ ਤੇ ਵੋਟ ਬੈਂਕ ਦਾ ਜ਼ੋਰ ਵਿਖਾ ਰਿਹਾ ਹੈ। ਡੇਰਾ ਮੁਖੀ ਦੇ ਜੀਵਨ ਬਾਰੇ ਬੱਚਾ ਬੱਚਾ ਜਾਣਦਾ ਹੈ, ਪਰ ਸਵਾਲ ਹੈ, ਸਿੱਖਾਂ ਤੇ ਸ਼੍ਰੋਮਣੀ ਕਮੇਟੀ ਦੀ ਅਗਵਾਈ ਕਰ ਰਹੀ ਪੰਜਾਬ ਸਰਕਾਰ, ਉਸ ਦੇ ਪੈਰਾਂ ਵਿਚ ਬੈਠੇ ਹੋਏ ਜਥੇਦਾਰ ਕਿਸ ਪਾਸੇ ਨੂੰ ਤੁਰੇ ਜਾ ਰਹੇ ਹਨ? ਆਪਣੇ ਪਰਿਵਾਰ ਦੀ ਪੰਜਾਬ ਉਤੇ ਪਕੜ ਬਣਾਈ ਰੱਖਣ ਲਈ ਸਿੱਖਾਂ ਦੇ ਇਹ ਸਿਆਸੀ ਅਤੇ ਧਾਰਮਿਕ ਲੀਡਰ, ਆਪਣੇ ਕਿਰਦਾਰ ਤੋਂ ਇੰਨਾ ਥੱਲੇ ਡਿੱਗ ਪੈਣਗੇ, ਇਨਸਾਨ ਸੋਚ ਕੇ ਹੀ ਤ੍ਰਭਕ ਉਠਦਾ ਹੈ। ਧਰਮ ਇਨ੍ਹਾਂ ਲਈ ਕੋਈ ਮਾਇਨੇ ਨਹੀਂ ਰੱਖਦਾ, ਸਿੱਖਾਂ ਦੀਆਂ ਸੰਸਥਾਵਾਂ ਜਾਂ ਜਥੇਬੰਦੀਆਂ ਵੀ ਅਜੇ ਭਰਮ-ਭੁਲੇਖਿਆਂ ਵਿਚ ਹੀ ਹਨ ਤੇ ਬੇਜ਼ੁਬਾਨ ਜਥੇਦਾਰਾਂ ਨੂੰ ਕੋਸ ਰਹੀਆਂ ਹਨ।

ਸਿੱਖਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਖਰੀਦੇ ਹੋਏ ਜਥੇਦਾਰਾਂ ਨੇ ਆਪਣੀਆਂ ਜ਼ਮੀਰਾਂ ਮਾਰ ਕੇ ਇਹ ਉਚ ਪਦਵੀਆਂ ਹਾਸਲ ਕੀਤੀਆਂ ਹਨ। ਜਦ ਜ਼ਮੀਰ ਹੀ ਮਰ ਜਾਵੇ ਤਾਂ ਆਦਮੀ ਲਾਸ਼ ਬਣ ਜਾਂਦਾ ਹੈ। ਸਿੱਖ ਹੁਣ ਇਨ੍ਹਾਂ ਲਾਸ਼ਾਂ ਮਗਰ ਦੌੜ ਰਹੇ ਹਨ ਅਤੇ ਅਸਲੀ ਸ਼ਾਤਰ ਲੋਕ ਮਹਿਲਾਂ ਵਿਚ ਬੈਠੇ ਆਪਣੇ ਹੀ ਚੈਨਲਾਂ 'ਤੇ ਸਿੱਖਾਂ ਨੂੰ ਤੜਫਦੀ ਅਤੇ ਲੂਸਦੀ ਵੇਖ ਠਹਾਕੇ ਲਾ ਰਹੇ ਹਨ। ਇਸ ਲਈ ਸਿੱਖਾਂ ਨੂੰ ਜਥੇਦਾਰਾਂ ਦਾ ਨਹੀਂ, ਧਰਮ ਤੇ ਪੰਜਾਬ ਉਤੇ ਕਾਬਜ਼ ਇਸ ਪਰਿਵਾਰ ਦਾ ਘਿਰਾਓ ਕਰਨਾ ਚਾਹੀਦਾ ਹੈ। ਹੁਣ ਗੁਰੂ ਦੀਆਂ ਗੋਲਕਾਂ ਦੇ ਸਿਰ ਉਤੇ ਰਾਜ ਕਰਨ ਵਾਲੇ, ਗਰੀਬ ਕਿਸਾਨਾਂ ਦੀਆਂ ਲਾਸ਼ਾਂ ਉਤੇ ਮਹਿਲ ਬਣਾਉਣ ਵਾਲੇ ਇਨ੍ਹਾਂ ਲੋਕਾਂ ਨੂੰ ਇਨ੍ਹਾਂ ਦੇ ਆਚਰਨ ਤੇ ਕਿਰਦਾਰ ਦਿਖਾਉਣੇ ਪੈਣਗੇ।

ਸਭ ਤੋਂ ਦੁਖਦਾਈ ਗੱਲ ਤਾਂ ਇਹ ਹੈ ਕਿ ਸਿੱਖ ਤੜਫ ਰਹੇ ਹਨ, ਪਰ ਸ਼੍ਰੋਮਣੀ ਅਕਾਲੀ ਦਲ ਬਾਦਲ, ਡੇਰਾ ਮੁਖੀ ਬਾਰੇ ਫੈਸਲੇ ਦਾ ਸਵਾਗਤ ਕਰ ਰਿਹਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਾਬਕਾ ਪ੍ਰਧਾਨ ਜਗੀਰ ਕੌਰ ਦਾ ਬਿਆਨ ਹੈ ਕਿ ਜੇ ਇਸ ਫੈਸਲੇ ਨਾਲ ਕਿਸੇ ਨੂੰ ਠੇਸ ਵੀ ਪੁੱਜੀ ਹੈ, ਤਾਂ ਵੀ ਹੁਣ ਉਸ ਨੂੰ ਚੁੱਪ ਰਹਿਣਾ ਚਾਹੀਦਾ ਹੈ। ਇਸ ਫੈਸਲੇ ਉਤੇ ਕਿੰਤੂ-ਪ੍ਰੰਤੂ ਕਰ ਕੇ ਸਿੱਖਾਂ ਦਾ ਜਨਾਜ਼ਾ ਨਹੀਂ ਕੱਢਣਾ ਚਾਹੀਦਾ। ਦਿੱਲੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਇਸ ਮਾਰੂ ਫੈਸਲੇ ਨੂੰ ਉਸਾਰੂ ਰੂਪ ਵਿਚ ਦੇਖਣ ਦੀ ਅਪੀਲ ਕਰ ਰਹੇ ਹਨ। ਸਿੱਖਾਂ ਅਤੇ ਸਿੱਖੀ ਦੇ ਉਚੇ-ਸੁੱਚੇ ਇਖਲਾਕ ਦੀਆਂ ਧੱਜੀਆਂ ਉਡਾਉਣ ਵਾਲੇ ਇਹ ਬੇਕਿਰਦਾਰ ਲੋਕ ਅੱਜ ਕੌਮ ਨੂੰ ਕਿਰਦਾਰ ਵਿਚ ਰਹਿਣਾ ਸਿਖਾ ਰਹੇ ਹਨ। ਆਚਰਣਹੀਣਤਾ ਨਾਲ ਜਿਨ੍ਹਾਂ ਦੇ ਆਪਣੇ ਜੀਵਨ ਭਰੇ ਪਏ ਹੋਣ, ਉਨ੍ਹਾਂ ਨੂੰ ਸੁਚੱਜਤਾ ਦੇ ਸੁਨੇਹੇ ਨਹੀਂ ਦੇਣੇ ਚਾਹੀਦੇ। ਉਨ੍ਹਾਂ ਨੂੰ ਮੰਜੀਆਂ ਜਾਂ ਪੀੜ੍ਹੀਆਂ ਥੱਲੇ ਨਹੀਂ, ਆਪਣੇ ਹਿਰਦਿਆਂ ਵਿਚ ਝਾਤੀ ਮਾਰਨੀ ਚਾਹੀਦੀ ਹੈ ਕਿ ਅਸੀਂ ਕੌਣ ਹਾਂ, ਕੀ ਵਾਕਿਆ ਹੀ ਅਸੀਂ ਗੁਰੂ ਗੋਬਿੰਦ ਸਿੰਘ ਦੇ ਸਿੱਖ ਹਾਂ ਜਾਂ ਫਿਰ ਤੇਲ ਦੇ ਕੜਾਹਿਆਂ ਵਿਚ ਸਾੜੇ ਜਾਣ ਵਾਲੇ ਮਨਮਤੀਏ ਮਸੰਦ ਹਾਂ? ਫਿਰ ਉਨ੍ਹਾਂ ਦੀ ਜ਼ਮੀਰ ਉਨ੍ਹਾਂ ਨੂੰ ਜ਼ਰੂਰ ਲਾਹਨਤਾਂ ਪਾਵੇਗੀ ਤੇ ਵਾਰ ਵਾਰ ਆਖੇਗੀ ਕਿ ਤੁਸੀਂ ਧਰਮ-ਧ੍ਰੋਹੀ ਹੋ।

ਜ਼ਾਹਿਰ ਹੈ ਕਿ ਅਜਗਰ ਬੈਠੇ ਮੌਜਾਂ ਲੈ ਰਹੇ ਹਨ, ਪਰ ਸਿੱਖ ਲਕੀਰ ਕੁੱਟ ਰਹੇ ਹਨ। ਆਪਣੇ ਭਰਮ-ਭੁਲੇਖੇ ਦੂਰ ਕਰੋ, ਜੇ ਅਜਗਰ ਨੂੰ ਫੜਨਾ ਹੈ ਤਾਂ ਪਹਿਲਾਂ ਇਕ ਥਾਂ ਇਕੱਠੇ ਹੋਵੋ, ਚੌਧਰ ਤੇ ਹੈਂਕੜ ਦਾ ਤਿਆਗ ਕਰੋ, ਦੂਰ-ਅੰਦੇਸ਼ ਤੇ ਸੁੱਚੇ ਇਨਸਾਨਾਂ ਦੀ ਕੋਈ ਕਮੀ ਨਹੀਂ ਹੈ। ਕਿਸੇ ਪਰਉਪਕਾਰੀ ਤੇ ਧਰਮੀ ਇਨਸਾਨ ਦੀ ਅਗਵਾਈ ਵਿਚ ਕਾਫਲੇ ਨਹੀਂ, ਕਾਫਲਾ ਤਿਆਰ ਕਰੋ ਜੋ ਸਿੱਖ ਧਰਮ ਦੇ ਅਸਥਾਨ ਅਤੇ ਪੰਜਾਬ ਨੂੰ ਇਨ੍ਹਾਂ ਰੱਤ ਪੀਣੇ ਜ਼ਾਲਮਾਂ ਦੇ ਜਾਲ ਵਿਚੋਂ ਮੁਕਤ ਕਰਵਾ ਸਕੇ। ਅੱਜ ਪੰਜਾਬ ਦਾ ਕਿਸਾਨ ਖੁਦਕੁਸ਼ੀਆਂ ਕਰ ਰਿਹਾ ਹੈ। ਨਸ਼ਿਆਂ ਦੀ ਪੰਜਾਬ ਵਿਚ ਸੁਨਾਮੀ ਆ ਚੁੱਕੀ ਹੈ। ਚਿੱਟ-ਕੱਪੜੀਏ ਮੰਤਰੀ ਚਿੱਟੇ ਜ਼ਹਿਰ ਦੇ ਸੌਦਾਗਰ ਬਣ ਕੇ ਐਸ਼ ਕਰ ਰਹੇ ਹਨ। ਇਸ ਮਾਹੌਲ ਦੇ ਮੱਦੇਨਜ਼ਰ ਸਿੱਖਾਂ ਨੂੰ ਇਕ ਹੋ ਜਾਣਾ ਚਾਹੀਦਾ ਹੈ। ਪੰਜਾਬ ਦਾ ਬੇੜਾ ਗਰਕ ਕਰ ਰਹੇ ਇਹ ਲੋਕ ਅਜੇ ਕੁਝ ਸਮਾਂ ਪਹਿਲਾਂ ਹੀ ਅਮਰੀਕਾ ਤੇ ਕੈਨੇਡਾ ਤੋਂ ਮੂੰਹ ਦੀ ਖਾ ਕੇ ਵਾਪਸ ਗਏ ਹਨ। ਜਿਹੜੇ ਹੋਰ ਆਉਣ ਨੂੰ ਤਿਆਰ ਸਨ, ਉਨ੍ਹਾਂ ਦੇ ਚਾਅ ਅਧੂਰੇ ਹੀ ਮਰ ਗਏ। ਬਾਹਰ ਵੱਸਦੇ ਸਿੱਖਾਂ ਦਾ ਰੋਹ ਇਸ ਵੇਲੇ ਅਸਮਾਨ ਛੂਹ ਰਿਹਾ ਹੈ। ਬੱਸ, ਲੋੜ ਹੈ ਆਪੋ-ਆਪਣੇ ਧੜਿਆਂ ਤੋਂ ਉਪਰ ਉਠ ਕੇ ਗੁਰੂ ਤੇ ਧਰਮ ਨੂੰ ਸਮਰਪਿਤ ਹੋਣ ਦੀ। ਸਭ ਜਾਣਦੇ ਹਨ ਕਿ ਡੇਰਾ ਮੁਖੀ ਨੂੰ ਗਲ ਲਾਉਣ ਵਾਲੀ ਸਾਰੀ ਸਾਜ਼ਿਸ਼ 2017 ਦੀਆਂ ਚੋਣਾਂ ਨੂੰ ਮੁੱਖ ਰੱਖ ਕੇ ਹੀ ਰਚੀ ਗਈ ਹੈ।

ਇਕ ਹੋਰ ਖਬਰ ਆਈ ਹੈ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਹੁਣ ਅਮਰੀਕਾ ਤੇ ਕੈਨੇਡਾ ਵਿਚ ਵੱਸਦੇ ਸਿੱਖਾਂ ਨਾਲ ਵੀਡੀਓ ਕਾਨਫਰੰਸ ਕਰਿਆ ਕਰਨਗੇ। ਸਿੱਖਾਂ ਨੂੰ ਬੇਨਤੀ ਹੈ, ਕੁਝ ਹਫਤੇ ਪਹਿਲਾਂ ਤੁਹਾਡੇ ਕੀਤੇ ਚੰਗੇ ਉਪਰਾਲੇ ਰੰਗ ਲਿਆਏ ਹਨ, ਪੰਜਾਬ ਉਤੇ ਕਾਬਜ਼ ਠੱਗਾਂ ਦੇ ਟੋਲੇ ਵਿਚ ਤਰਥੱਲੀ ਮੱਚ ਚੁੱਕੀ ਹੈ, ਆਪਣੇ ਕੀਤੇ ਜ਼ੁਲਮ ਉਨ੍ਹਾਂ ਨੂੰ ਵੀ ਸਾਹਮਣੇ ਖੜ੍ਹੇ ਦਿਖਾਈ ਦੇ ਰਹੇ ਹਨ, ਤੁਸੀਂ ਹੁਣ ਢਿੱਲੇ ਨਾ ਪਏ ਤਾਂ ਇਹ ਡੇਰਾ ਮੁਖੀ ਵਾਲਾ ਬੱਜਰ ਗੁਨਾਹ ਇਸ ਟੋਲੇ ਦੇ ਕਫਨ ਵਿਚ ਆਖਰੀ ਕਿੱਲ ਸਾਬਤ ਹੋਵੇਗਾ, ਪਰ ਜੇ ਸਿੱਖਾਂ ਦੇ ਨੇਤਾ ਹਫਤਾ-ਦਸ ਦਿਨ ਜੈਕਾਰੇ ਤੇ ਨਾਅਰੇ ਲਾ ਕੇ ਘਰੋ-ਘਰੀ ਬੈਠ ਗਏ, ਤਾਂ ਕੁਝ ਵੀ ਨਹੀਂ ਜੇ ਬਣਨਾ।

ਯਾਦ ਰੱਖੀਏ, ਰੱਬ ਦੀ ਡਾਂਗ ਬੇ-ਆਵਾਜ਼ ਹੁੰਦੀ ਹੈ, ਪਰ ਜਦੋਂ ਵੱਜਦੀ ਹੈ ਤਾਂ ਸਭ ਹਿਸਾਬ ਬਰਾਬਰ ਕਰ ਦਿੰਦੀ ਹੈ। ਸਾਲ ਸਵਾ ਸਾਲ ਦਾ ਸਮਾਂ ਬਾਕੀ ਹੈ, ਤੁਹਾਡੇ ਉਠ ਕੇ ਤੁਰਨ ਦੀ ਲੋੜ ਹੀ ਬਾਕੀ ਹੈ। ਜੇ ਪੰਜਾਬ ਤੇ ਵਿਦੇਸ਼ ਵਿਚ ਬੈਠੇ ਪੰਜਾਬੀ ਸਹੁੰ ਖਾ ਲੈਣ ਅਤੇ ਮਨ ਬਣਾ ਲੈਣ ਕਿ ਆਪਣੇ ਧਾਰਮਿਕ ਅਸਥਾਨਾਂ ਤੇ ਪੰਜਾਬ ਨੂੰ ਇਨ੍ਹਾਂ ਮਸੰਦਾਂ ਦੇ ਟੋਲੇ ਤੋਂ ਮੁਕਤ ਕਰਾਉਣਾ ਹੈ, ਤਾਂ ਇਹ ਕੰਮ ਹੁਣ ਸਹਿਜੇ ਹੀ ਪੂਰਾ ਹੋ ਸਕਦਾ ਹੈ। ਅਕਾਲ ਤਖਤ ਸਾਹਿਬ ਇਨ੍ਹਾਂ ਦੇ ਚੁੰਗਲ ਤੋਂ ਆਜ਼ਾਦ ਹੋ ਸਕਦਾ ਹੈ। ਫਿਰ ਇਕ ਨਵਾਂ ਸਵੇਰਾ ਹੋ ਸਕਦਾ ਹੈ। ਨਵੀਂ ਸ਼ੁਰੂਆਤ ਹੋ ਸਕਦੀ ਹੈ। 2017 ਤੁਹਾਡੇ ਬੂਹੇ ਉਤੇ ਦਸਤਕ ਦੇ ਰਿਹਾ ਹੈ, ਆਪਣੇ ਵੋਟ ਹੱਕ ਦੀ ਸਹੀ ਵਰਤੋਂ ਕਰ ਕੇ ਆਪਣਾ ਧਰਮ ਬਚਾ ਲਵੋ।

### ਸਰਦੂਲ ਦਾ ਭਰਾ ਤੇ ਪੰਜਾਬੀ ਗਾਇਕੀ ਦਾ 'ਵੱਡਾ ਵੀਰ'

# ਗਮਦੂਰ ਅਮਨ ਚੇਤੇ ਆਉਂਦਾ ਹੀ ਰਹੇਗਾ

**ਪੰਜਾਬੀ ਗਾਇਕੀ ਦੇ ਅੰਦਰ ਬਾਹਰ**



**ਐਸ. ਅਸ਼ੋਕ ਭੌਰਾ**
**ਫੋਨ: 510-415-3315**

ਪਿਛਲੇ ਇਕ ਦਹਾਕੇ ਵਿਚ ਪੰਜਾਬੀ ਗਾਇਕੀ ਦੇ ਹਾਲਾਤ ਇੱਦਾਂ ਦੇ ਰਹੇ ਨੇ ਕਿ ਲੱਕ ਵੱਜ ਰਿਹਾ ਹੈ, ਢੋਲ ਹਿੱਲ ਰਿਹਾ ਹੈ ਤੇ ਜਦ ਕਾਵਾਂਰੌਲੀ ਵਿਚ ਚਿੜੀਆਂ ਦੀ ਆਵਾਜ਼ ਸੁਣੀ ਹੀ ਨਹੀਂ ਜਾਣੀ, ਫਿਰ ਬਹੁਤਿਆਂ ਨੇ ਹਉਕਾ ਲੈ ਕੇ ਚੁੱਪ ਕਰ ਜਾਣਾ ਹੁੰਦਾ ਹੈ। ਇਸੇ ਕਰਕੇ ਵਪਾਰਕ ਪੰਜਾਬੀ ਗਾਇਕੀ ਨੇ ਸੁਰੀਲੀਆਂ ਸੁਰਾਂ ਨੂੰ ਨਿਗਲ ਲਿਆ ਹੈ। ਜੋ ਵਾਪਰ ਗਿਆ ਹੈ, ਉਸੇ 'ਚੋਂ ਅੱਜ ਗਮਦੂਰ ਅਮਨ ਦੀ ਗੱਲ ਕਰਾਂਗਾ। ਜਿਸ ਨੂੰ ਇਕ ਦਹਾਕੇ ਤੱਕ ਸਰਦੂਲ ਸਿਕੰਦਰ ਤੇ ਭਰਪੂਰ ਅਲੀ ਦਾ ਇਸ ਕਰਕੇ ਵੀਰ ਕਹਿੰਦੇ ਰਹੇ ਕਿ ਉਨ੍ਹਾਂ ਦਾ ਵੱਡਾ ਭਰਾ ਸੀ। ਪਰ ਹਾਲੇ ਤੱਕ ਸੁਰੀਲੀ ਗਾਇਕੀ ਨੂੰ ਤੇਹ ਮੋਹ ਕਰਨ ਵਾਲੇ ਲੋਕਾਂ ਲਈ ਗਮਦੂਰ ਸਿੰਘ ਅਮਨ ਦਾ ਅਰਥ 'ਵੀਰ' ਹੀ ਹੈ।

ਖੰਨੇ ਤੋਂ ਲਲਹੇੜੀ ਰੋਡ 'ਤੇ 14 ਕਿਲੋਮੀਟਰ 'ਤੇ ਵਸਿਆ ਪਿੰਡ ਖੇੜੀ ਨੌਧ ਸਿੰਘ ਤੇ ਇਸ ਪਿੰਡ ਦੇ ਸਾਗਰ ਮਸਤਾਨਾ ਦੇ ਤਿੰਨ ਮੁੰਡੇ, ਬਾਬੇ ਮਰਦਾਨੇ ਦੀ ਕੁੱਲ ਦਾ ਮੀਰ ਆਲਮ ਘਰਾਣਾ, ਸਭ ਤੋਂ ਵੱਡੇ ਦਾ ਨਾਂ ਗਮਦੂਰ ਸਿੰਘ ਅਮਨ, ਉਸ ਤੋਂ ਛੋਟੇ ਦਾ ਭਰਪੂਰ ਅਲੀ ਅਤੇ ਡੇਢ ਦਹਾਕਾ ਗਾਇਕੀ ਦਾ ਸਿਖਰ ਰਿਹਾ ਸਭ ਤੋਂ ਛੋਟਾ ਸਰਦੂਲ ਸਿਕੰਦਰ। ਜਦੋਂ ਸਿਰਫ ਜਲੰਧਰ ਦੂਰਦਰਸ਼ਨ ਹੀ ਪੰਜਾਬੀਆਂ ਨੂੰ ਸਿਰਫ ਦਰਸ਼ਨ ਦਿੰਦਾ ਸੀ, ਉਦੋਂ ਸ਼ਾਮ ਵੇਲੇ ਜਦੋਂ ਸੁਰੀਲੀਆਂ ਆਵਾਜ਼ਾਂ ਦਾ ਰਸ ਕੰਨਾਂ ਵਿਚ ਪੈਂਦਾ ਸੀ ਤਾਂ ਲੋਕੀਂ ਕੰਮ ਧੰਦਾ ਛੱਡ ਕੇ ਕਿਹਾ ਕਰਦੇ ਸਨ, 'ਆਜੋ ਭੱਜ ਕੇ, ਆ ਗਏ ਤਿੰਨ ਭਰਾ ਜਾਂ ਆ ਗਏ ਦੋ ਭਰਾ'। ਵੇਰਵਾ ਇੱਥੇ ਮੈਂ ਦੇ ਦੇਨਾਂ ਹਾਂ ਕਿ ਇਹ ਤਿੰਨ ਤੇ ਦੋ ਵਾਲੀ ਪਛਾਣ ਕੀ ਸੀ? ਜਦੋਂ ਤਿੰਨ ਭਰਾ ਛੋਟੇ ਪਰਦੇ ਤੇ ਦਿਸਦੇ ਸਨ ਤਾਂ ਇਹ ਖੇੜੀ ਨੌਧ ਸਿੰਘ ਦੇ ਸਾਗਰ ਮਸਤਾਨੇ ਦੇ ਤਿੰਨ ਪੁੱਤਰ ਹੁੰਦੇ ਸਨ ਗਮਦੂਰ, ਭਰਪੂਰ ਅਤੇ ਸਰਦੂਲ ਤੇ ਜਾਂ ਗੁਰੂ ਕੀ ਵਡਾਲੀ ਦੇ ਪੂਰਨ ਚੰਦ ਪਿਆਰੇ ਲਾਲ। ਦੋਹਾਂ ਹੀ ਸੰਗੀਤਕ ਜਥਿਆਂ ਵਿਚ ਜਿਹੜਾ ਅੰਤਰ ਹੁੰਦਾ ਸੀ ਉਹ ਇਹ ਸੀ ਕਿ ਤਿੰਨੇ ਹੀ ਕੋਇਲ ਵਾਂਗ ਰੱਜ ਕੇ ਕਾਲੇ ਸਨ ਤੇ ਦੂਜੇ ਦੋਏ ਰੰਗ ਦੇ ਸੁਨੱਖੇ। ਜਿਨ੍ਹਾਂ ਨੇ ਗਮਦੂਰ ਤੇ ਸਰਦੂਲ ਨੂੰ ਗਾਉਂਦਿਆਂ ਤੇ ਭਰਪੂਰ ਨੂੰ ਛਟੀ ਨਾਲ ਤਬਲਾ ਵਜਾਉਂਦਿਆਂ ਵੇਖਿਆ ਹੈ, ਉਹ ਇਹ ਕਹਿੰਦੇ ਰਹੇ ਨੇ, 'ਆਹ ਸਿਖਰ ਹੈ ਪੰਜਾਬੀ ਗਾਇਕੀ ਦਾ' ਪਰ ਦੁੱਖ ਦੀ ਗੱਲ ਹੈ ਕਿ ਸਮੇਂ ਦੇ ਹਾਲਾਤ ਅਤੇ ਸੰਗੀਤ ਦਾ ਵਪਾਰੀਕਰਨ, ਇਹ ਸਭ ਕੁਝ ਸਮੇਟ ਗਿਆ।

ਮੈਂ ਉਸ ਗਮਦੂਰ ਅਮਨ ਦੀ ਗੱਲ ਕਰ ਰਿਹਾਂ ਜਿਸ ਨੂੰ 'ਆ ਵੇ ਮਾਹੀ ਤੈਨੂੰ ਸੱਦ ਪਈ ਮਾਰਾਂ, ਵੇ ਤੂੰ ਮੁਲਖ ਵਸਾ ਲਿਆ ਕਿਹੜਾ' ਜਿਨ੍ਹਾਂ ਨੇ ਗਾਉਂਦਿਆਂ ਸੁਣਿਆ ਹੈ, ਉਹ ਝੱਟ ਦੇਣੀ ਕਹਿਣਗੇ 'ਗਾਇਕੀ ਦੇ ਇਹ ਦਿਨ ਹੁਣ ਕਦੇ ਵੀ ਨਹੀਂ ਪਰਤਣਗੇ' ਤੇ ਪਰਤਣਗੇ ਵੀ ਨਹੀਂ ਕਿਉਂਕਿ ਇਹ ਆਵਾਜ਼ ਹੁਣ ਸਦਾ ਲਈ ਖਾਮੋਸ਼ ਹੋ ਚੁੱਕੀ ਹੈ। ਗਮਦੂਰ ਅਮਨ ਗਾਉਂਦਾ ਕੀ ਹੁੰਦਾ ਸੀ? ਆਹ ਵੇਖੋ ਜੋ ਮੈਂ ਦੱਸਣ ਲੱਗਾਂ ਤੇ ਮਨ ਤੁਹਾਡੇ ਵੀ ਲੱਗੇਗਾ,

ਕੀ ਵਿਛੋੜਿਆਂ ਦਾ ਦੁੱਖ
ਲੱਗੀ ਵਾਲਿਆਂ ਨੂੰ ਪੁੱਛ
ਰੋਣਾ ਪੈਂਦਾ ਏ ਧੂਏਂ ਦਾ ਲਾ ਕੇ ਪੱਜ ਨੀਂ।



*ਸਰਦੂਲ ਸਿਕੰਦਰ ਅਤੇ ਗਮਦੂਰ ਅਮਨ ਦੀ ਨਿੱਕੇ ਪਰਦੇ 'ਤੇ ਇਕ ਪੁਰਾਣੀ ਯਾਦ*

ਤੂੰ ਬੋਲ ਕੇ ਵਿਗਾੜ ਲੈਂਨੀ ਏ
ਤੈਨੂੰ ਮਾਹੀ ਰੱਖਣੇ ਦਾ ਚੱਜ ਨ੍ਹੀਂ।

ਇਹ ਸੁਣ ਕੇ ਹਰੇਕ ਨੂੰ ਪਤੈ ਕਿ ਗਮਦੂਰ ਅਮਨ ਕੌਣ ਸੀ। 'ਟੁੱਟ ਜਾਏਂ ਰੇਲ ਗੱਡੀਏ ਸਾਡੇ ਸੱਜਣ ਕਿੱਥੇ ਛੱਡ ਆਈ' ਗੀਤ ਭਾਵੇਂ ਸਰਦੂਲ ਦੇ ਨਾਮ ਇੰਤਕਾਲ ਕਰਵਾ ਚੁੱਕਾ ਹੈ ਪਰ ਇਸ ਨੂੰ ਗਾਉਂਦਾ ਬੜੀ ਦੇਰ ਤੋਂ ਗਮਦੂਰ ਰਿਹੈ।

ਦੂਰਦਰਸ਼ਨ 'ਤੇ ਗਾਇਆ ਮਾਹੀਆ,
ਸੱਪ ਬਾਰੀ ਵਿਚੋਂ ਸਾਹ ਦੇਵੇ
ਜੇ ਤੈਨੂੰ ਭੁੱਲ ਜਾਵਾਂ
ਸਾਨੂੰ ਕਬਰ ਨਾ ਰਾਹ ਦੇਵੇ।
ਅਸਾਂ ਮਾਹੀਆ ਗਾਇਆ ਏ
ਮਾਹੀਆ ਤਾਂ ਲੋਕਾਂ ਲਈ
ਅਸਾਂ ਦਰਦਾ ਸੁਣਾਇਆ ਏ।

ਜਿਨ੍ਹਾਂ ਨੇ ਸੁਣਿਆ ਏ, ਉਨ੍ਹਾਂ ਨੂੰ ਪਤਾ ਹੈ ਕਿ ਮਾਹੀਆ ਇਸ ਤ੍ਰਿਵੈਣੀ ਤੋਂ ਸਿਵਾ ਕੋਈ ਹੋਰ ਇੰਨਾ ਵਧੀਆ ਗਾ ਹੀ ਨਹੀਂ ਸਕਦਾ। ਇਨ੍ਹਾਂ ਦੀ ਜੁਗਲਬੰਦੀ ਪੰਜਾਬੀ ਗਾਇਕੀ ਦਾ ਇਕ ਸਿਖਰ ਸੀ।

ਮੈਂ ਮਾਣ ਨਾਲ ਕਹਾਂਗਾ ਕਿ ਇਨ੍ਹਾਂ ਤਿੰਨਾਂ ਭਰਾਵਾਂ ਨਾਲ ਮੇਰਾ ਓਨਾ ਹੀ ਮੋਹ ਰਿਹਾ ਹੈ, ਜਿੰਨਾ ਆਪਣੇ ਸਕੇ ਤਿੰਨ ਭਰਾਵਾਂ ਨਾਲ। ਪਰ ਵਕਤ ਕਈ ਵਾਰੀ ਉਹ ਚੂੰਡੀ ਵੱਢ ਦਿੰਦਾ ਹੈ ਜਿਸ ਦਾ ਦੁੱਖ ਤਾਂ ਲੱਗਦਾ ਹੈ ਪਰ ਜ਼ਖਮ ਨਹੀਂ ਹੁੰਦਾ। ਅਸੀਂ ਹੁਣ ਲਗਭਗ ਸਾਰੇ ਖਿੱਲਰ ਪੱਤਰ ਗਏ ਹਾਂ। ਕੁਝ ਯਾਦਾਂ ਗਮਦੂਰ ਅਮਨ ਦੀਆਂ ਥੋੜੇ ਨਾਲ ਸਾਂਝੀਆਂ ਕਰਾਂਗਾ। ਤੁਹਾਨੂੰ ਪੜ੍ਹ ਕੇ ਪਤਾ ਵੀ ਲੱਗੇਗਾ ਕਿ ਗਾਇਕੀ 'ਚ ਫੱਕਰਾਂ 'ਤੇ ਫਕੀਰਾਂ ਦੀ ਦੁਨੀਆਂ ਕਿਹੋ ਜਿਹੀ ਹੁੰਦੀ ਹੈ।



15/7/88

ਜਨਾਬ ਅਸ਼ੋਕ ਭੌਰਾ ਜੀਓ,

ਤੁਹਾਡਾ ਵੀਰ
"ਗਮਦੂਰ ਅਮਨ" 15/7/88

**'ਸੁਰ ਸੱਜਣਾਂ ਦੀ' ਲੇਖ ਲੜੀ 'ਚ ਹਾਜ਼ਰੀ ਤੋਂ ਬਾਅਦ ਗਮਦੂਰ ਦੀ ਐਸ ਅਸ਼ੋਕ ਭੌਰਾ ਨੂੰ ਭੇਜੀ ਗਈ ਹੱਥ ਲਿਖਤ**

ਮੈਂ ਅਕਸਰ ਖੇੜੀ ਨੌਧ ਸਿੰਘ ਜਾਂਦਾ ਰਿਹਾਂ, ਉਦੋਂ ਸਰਦੂਲ ਨੂੰ ਘੱਟ ਗਮਦੂਰ ਅਮਨ ਜਾਂ ਤਿੰਨਾਂ ਭਰਾਵਾਂ ਦੇ ਸੰਗੀਤਕ ਜਥੇ ਨੂੰ ਲੋਕੀਂ ਵੱਧ ਜਾਣਦੇ ਸਨ। ਉਹਦੇ ਭੋਲੇਪਨ ਦੀ ਨਿਸ਼ਾਨੀ ਵੇਖੋ ਕਿ ਜਿਨ੍ਹਾਂ ਦਿਨਾਂ ਵਿਚ 'ਅਜੀਤ' ਲਈ 'ਸੁਰ ਸੱਜਣਾਂ ਦੀ' ਕਾਲਮ ਲਿਖਦਾ ਸਾਂ, ਉਹਨੂੰ ਮੈਂ ਕਿਹਾ ਕਿ ਤੁਹਾਡੀ ਧਰਮ ਪਤਨੀ ਪ੍ਰਕਾਸ਼ ਕੌਰ ਨਾਲ ਗੱਲਾਂ ਕਰਕੇ ਅਖਬਾਰ ਵਿਚ ਤੁਹਾਡੀ ਗੱਲ ਕਰਾਂਗੇ ਪਰ ਉਹ ਹੱਸ ਕੇ ਕਹਿਣ ਲੱਗਾ 'ਉਹ ਤਾਂ ਸੰਗਾਊ ਹੈ ਮੈਂ ਹੀ ਉਹਦੇ ਜਵਾਬ ਦੇ ਦਿਆਂਗਾ।' ਮੈਂ ਵੀ ਹੱਸ ਕੇ ਅਗਲਾ ਸਵਾਲ ਕਰ ਲਿਆ, 'ਵਿਆਹੁਣ ਤੁਸੀਂ ਗਏ ਸੀ ਕਿ ਉਹ ਤੁਹਾਨੂੰ ਵਿਆਹੁਣ ਆਈ ਸੀ?'

'ਭੌਰਾ ਜੀ ਤੁਸੀਂ ਮੇਰੀਆਂ ਸਾਰੀਆਂ ਕਮਜ਼ੋਰੀਆਂ ਫੜ ਲਵੋਗੇ, ਇਕ ਤਾਂ ਸਾਡਾ ਰੰਗ ਈ ਦੋਵਾਂ ਦਾ ਇੱਕੋ ਜਿਹਾ, ਨਾਂ ਹੀ ਉਹਦਾ ਪ੍ਰਕਾਸ਼ ਕੌਰ ਹੈ ਤੇ ਉਹਨੇ ਥੋਡੇ ਵੱਲ ਮੂੰਹ ਨਹੀਂ ਪਿੱਠ ਕਰਕੇ ਬਹਿ ਜਾਣਾ ਹੈ। ਚੰਗੀ ਗੱਲ ਹੈ ਕਿ ਪ੍ਰਕਾਸ਼ ਤੁਸੀਂ ਮੈਨੂੰ ਹੀ ਸਮਝ ਲਓ ਮੈਂ ਥੋਡੇ ਵੱਲ ਪਿੱਠ ਕਰਕੇ ਬਹਿ ਜਾਂਦਾ ਹਾਂ।' ਚਲੋ ਇਸ ਸਿੱਧ ਪੱਧਰੇ ਗਾਇਕ ਦੀ ਮੁਲਾਕਾਤ ਤਾਂ ਮੁਕੰਮਲ ਕਰ ਲਈ ਤੇ 'ਅਜੀਤ' ਵਿਚ ਛਪ ਵੀ ਗਈ ਪਰ ਉਹਦੇ ਭੋਲੇਪਨ ਦੀਆਂ ਕੁਝ ਹੋਰ ਨਿਸ਼ਾਨੀਆਂ ਵੀ ਮੈਂ ਥੋਡੇ ਨਾਲ ਸਾਂਝੀਆਂ ਕਰਾਂਗਾ।

ਇਕ ਵਾਰ ਸੰਘਰਸ਼ ਦੇ ਦਿਨਾਂ ਵਿਚ ਇਨ੍ਹਾਂ ਤਿੰਨਾਂ ਭਰਾਵਾਂ ਨੇ ਨੀਲੇ ਰੰਗ ਦਾ ਲੈਂਬਰੇਟਾ ਸਕੂਟਰ 340 ਰੁਪਏ ਦਾ ਖਰੀਦਿਆ। ਗਮਦੂਰ ਨੇ ਮਾੜਾ ਮੋਟਾ ਚਲਾਉਣਾ ਤਾਂ ਸਿੱਖ ਲਿਆ ਪਰ ਉਹ ਇਸ ਨੂੰ ਚਲਾਉਣ ਨਾਲੋਂ ਵੀ ਧੋ ਕੇ ਰੱਖਣ ਦਾ ਚਾਅ ਵੱਧ ਪੂਰਾ ਕਰਦਾ। ਇਕ ਦਿਨ ਨਾ ਘਰ ਸਰਦੂਲ, ਨਾ ਘਰ ਭਰਪੂਰ, ਉਹਨੇ ਸੋਚਿਆ ਕਿ ਅੱਜ ਲੈਂਬਰੇਟੇ ਤੇ ਖੰਨੇ ਗੇੜਾ ਮਾਰ ਕੇ ਆਉਂਨੇ ਆ। ਘਰੋਂ ਨਿਕਲ ਪਿਆ, ਅੱਧ ਵਿਚਾਲੇ ਆ ਕੇ ਸਕੂਟਰ ਬੰਦ ਹੋ ਗਿਆ। ਹਲਕਾ ਸਰੀਰ ਕਰਕੇ ਜਦੋਂ ਟੇਡਾ ਕਰੇ ਤਾਂ ਆਪ ਡਿਗ ਪਿਆ ਕਰੇ, ਕਿਸੇ ਨੇ ਪਿੰਡ ਜਾ ਕੇ ਦੱਸਿਆ ਕਿ ਗਮਦੂਰ ਸਕੂਟਰ ਨਾਲ ਨਹੀਂ ਸਕੂਟਰ ਗਮਦੂਰ ਨਾਲ ਲੱਗ ਕੇ ਖੜਾ। ਭਰਪੂਰ ਨੇ ਇਕ ਸਕੂਟਰ ਮਕੈਨਿਕ ਨੂੰ ਪਿੰਡੋਂ ਲਿਆ ਤੇ ਜਦੋਂ ਜਾ ਕੇ ਵੇਖਿਆ ਤਾਂ ਸਕੂਟਰ ਗਰਮ ਹੋਣ ਕਰਕੇ ਬੰਦ ਹੋਇਆ ਸੀ। ਮਕੈਨਿਕ ਨੇ ਗਮਦੂਰ ਨੂੰ ਪੁੱਛਿਆ ਕਿ ਤੂੰ ਇਹਦਾ ਗੇਅਰ ਨਹੀਂ ਬਦਲਿਆ ਸੀ? ਗਮਦੂਰ ਅੱਗਿਓਂ ਹੱਸ ਕੇ ਕਹਿਣ ਲੱਗਾ, 'ਜਿਹੜਾ ਮੈਂ ਉਪਰ ਨੂੰ ਪਾਇਆ ਸੀ ਉਹਦੇ ਵਿਚ ਈ ਲੈ ਆਇਆਂ ਤੇ ਮੈਨੂੰ ਨਹੀਂ ਪਤਾ ਸੀ ਕਿ ਇਹਦੇ ਗੇਅਰ ਵੀ ਬਦਲੀਦੇ ਹਨ।'

ਇਸੇ ਸਕੂਟਰ ਨੇ ਗਮਦੂਰ ਅਮਨ ਨਾਲ ਇਕ ਹੋਰ ਜੱਗੋਂ ਤੇਰਵੀਂ ਕਰ ਦਿੱਤੀ। ਖੰਨੇ ਤੋਂ ਉਹ ਖੇੜੀ ਨੌਧ ਸਿੰਘ ਨੂੰ ਪਿੰਡ ਜਾ ਰਿਹਾ ਸੀ। ਚੌਥੇ ਕਿਲੋਮੀਟਰ 'ਤੇ ਟਾਇਰ ਪੈਂਚਰ ਹੋ ਗਿਆ ਤੇ ਉਹ ਦਸ ਕਿਲੋਮੀਟਰ ਖਿੱਚ ਕੇ ਹੀ ਸਕੂਟਰ ਪਿੰਡ ਲੈ ਗਿਆ। ਭਰਪੂਰ ਨੇ ਪੁੱਛਿਆ, ਕੀ ਹੋਇਆ? ਉਹ ਬਣਾ ਸੁਆਰ ਕੇ ਕਹਿਣ ਲੱਗਾ, 'ਟਾਇਰ ਪੈਂਚਰ ਹੋ ਗਿਆ ਸੀ।'

ਭਰਪੂਰ ਨੇ ਕਿਹਾ, 'ਤੂੰ ਸਟਿੱਪਣੀ ਬਦਲ ਲੈਣੀ ਸੀ।'

'ਸਟਿੱਪਣੀ ਬਾਰੇ ਤਾਂ ਮੈਨੂੰ ਪਤਾ ਹੀ ਨਹੀਂ ਸੀ।'

ਭਰਪੂਰ ਨੇ ਹੱਥ ਲਾ ਕੇ ਦੱਸਿਆ, 'ਆ ਪਿੱਛੇ ਕੀ ਆ?'

ਤੇ ਭੋਲੇਪਨ ਦੀ ਸਿਖਰ ਦੇਖੋ ਉਹ ਖੁੱਲ੍ਹ ਕੇ ਹੱਸ ਪਿਆ, ਕਹਿੰਦਾ, 'ਮੈਂ ਤਾਂ ਸਮਝਦਾ ਰਿਹਾਂ ਕਿ ਇਹ ਸਿਰਫ ਢੋਹ ਲਾਉਣ ਲਈ ਹੀ ਹੈ।'

ਸਾਲ 1990 ਵਿਚ ਵਿਆਨਾ (ਆਸਟਰੀਆ) 'ਚ ਮੇਰੇ ਮਿੱਤਰਾਂ ਨੇ ਸਰਦੂਲ ਸਿਕੰਦਰ ਦਾ 25 ਦਸੰਬਰ ਕ੍ਰਿਸਮਸ 'ਤੇ ਸ਼ੋਅ ਕਰਵਾਉਣ ਦਾ ਫੈਸਲਾ ਕਰ ਲਿਆ। ਮੈਂ ਵੀ ਨਾਲ ਹੀ ਜਾਣਾ ਸੀ, ਵੀਜ਼ੇ ਲਈ ਮੈਂ ਪਾਸਪੋਰਟ ਉਨ੍ਹਾਂ ਦੇ ਘਰੋਂ ਲੈ ਗਿਆ। ਗਮਦੂਰ ਦਾ ਪਾਸਪੋਰਟ ਨਾ ਲੱਭੇ। ਉਹਨੇ ਦਾਜ ਵਾਲੀ ਪੇਟੀ ਫਰੋਲੀ, ਲੀੜੇ ਬਾਹਰ ਖਿਲਾਰ'ਤੇ, ਟਰੰਕ ਵਿਹੜੇ ਵਿਚ ਝਾੜ ਲਏ ਤੇ ਹੱਦ ਉਦੋਂ ਕਰ'ਤੀ ਜਦੋਂ ਦਾਣਿਆਂ ਵਾਲੇ ਦੋ ਘੜੇ ਅਤੇ ਚਾਟੀਆਂ ਵੀ ਢੇਰੀ ਕਰ ਦਿੱਤੇ। ਮੈਂ ਪੁੱਛਿਆ, 'ਵੀਰ ਇਹ ਕੀ?' ਉਹ ਦੁਖੀ ਹੋਇਆ ਅੱਗਿਓਂ ਕਹਿਣ ਲੱਗਾ, 'ਪਾਸੋਪਰਟ ਸਰਕਾਰੀ ਚੀਜ਼ ਐ, ਕਿਤੇ ਬੁੜੀਆਂ ਨੇ ਦਾਣਿਆਂ 'ਚ ਲੁਕੋ ਕੇ ਨਾ ਰੱਖ ਦਿੱਤਾ ਹੋਵੇ।'

ਖੈਰ, ਜਦੋਂ ਵਿਆਨਾ ਗਏ ਤਾਂ ਸ਼ੋਅ ਤੋਂ ਇਕ ਦਿਨ ਪਹਿਲਾਂ ਗੁਰੂਘਰ ਮੈਂ ਭਰਪੂਰ ਤੇ ਗਮਦੂਰ ਨੂੰ ਕੀਰਤਨ ਕਰਨ ਲੈ ਗਿਆ। ਉਦੋਂ ਆਸਟਰੀਆ ਦੀ ਕਰੰਸੀ ਸ਼ਿਲਿੰਗ ਸੀ। ਦਸ ਹਜ਼ਾਰ ਤੋਂ ਉਪਰ ਸ਼ਿਲਿੰਗ ਬਣੇ ਯਾਨਿ ਇੰਡੀਆ ਦਾ ਤੀਹ ਹਜ਼ਾਰ ਰੁਪਈਆ। ਉਦੋਂ ਸਰਦੂਲ ਨੂੰ ਸਾਰਾ ਹੀ ਪੰਜਾਹ ਹਜ਼ਾਰ ਦੇਣਾ ਸੀ। ਆਪਣੇ ਪੈਸਿਆਂ 'ਚੋਂ ਮੈਨੂੰ ਚਾਰ ਸੌ ਸ਼ਿਲਿੰਗ ਦੀ ਦੀਵਾਰ 'ਤੇ ਟੰਗਣ ਵਾਲੀ ਘੜੀ ਲਿਆ ਕੇ ਦਿੱਤੀ ਤੇ ਹੌਲੀ ਦੇਣੀ ਕੰਨ ਵਿਚ ਕਹਿਣ ਲੱਗਾ 'ਇੱਦਾਂ ਦੇ ਦੋ ਕੁ ਪ੍ਰੋਗਰਾਮ ਗੁਰੂਘਰ ਵਿਚ ਹੀ ਕਰਵਾ ਦਿਓ।'

1991 ਵਿਚ ਜਦੋਂ ਮੈਂ ਢਾਡੀ ਅਮਰ ਸਿੰਘ ਸ਼ੌਂਕੀ ਦੇ ਗੀਤਾਂ ਦੀ ਇਕ ਐਲਬਮ ਇੰਦਰਲੋਕ ਕੰਪਨੀ ਲਈ ਰਿਕਾਰਡ ਕਰਵਾਈ ਤਾਂ ਹੰਸ ਰਾਜ ਹੰਸ, ਸਰਦੂਲ ਸਿਕੰਦਰ, ਸੁਖਵਿੰਦਰ ਪੰਛੀ ਤੇ ਗਮਦੂਰ ਅਮਨ ਨੇ ਇਹਦੇ ਵਿਚ ਦੋ ਦੋ ਗੀਤ ਗਾਏ। ਹੰਸ ਦਾ 'ਫੜ੍ਹਾਂ ਫੋਕੀਆਂ', ਪੰਛੀ ਦਾ 'ਮਿਰਜ਼ਾ', ਸਰਦੂਲ ਦਾ 'ਸੱਜਣਾਂ ਦੂਰ ਦਿਆ', ਗਮਦੂਰ ਦਾ 'ਦੋ ਤਾਰਾ ਵੱਜਦਾ ਵੇ' ਸਿਖਰ ਦੀਆਂ ਤੇ ਸੁਰੀਲੀਆਂ ਅਵਾਜ਼ਾਂ ਦਾ ਸੰਗਮ ਸੀ। ਪਰ ਦੁੱਖ ਇਸ ਗੱਲ ਦਾ ਰਿਹਾ ਕਿ ਸਾਡੇ ਲੱਖ ਯਤਨਾਂ ਦੇ ਬਾਵਜੂਦ ਅਸੀਂ ਗਮਦੂਰ ਅਮਨ ਦੀ ਆਵਾਜ਼ ਬਹੁਤੀ ਕਰਕੇ ਕੈਸਿਟਾਂ, ਡਿਸਕਾਂ ਜਾਂ ਹੋਰ ਕਿਸੇ ਰੂਪ ਵਿਚ ਸੰਭਾਲ ਨਹੀਂ ਸਕੇ। ਸਰਦੂਲ ਦੇ ਨੇੜਲੇ ਮਿੱਤਰਾਂ ਦੇ ਦਾਇਰੇ ਵਿਚ ਇਹ ਗੱਲ ਅਕਸਰ ਚੱਲਦੀ ਰਹੀ ਕਿ ਸਰਦੂਲ ਨੂੰ ਆਪਣੇ ਵੱਡੇ ਭਰਾ ਦੀ ਆਵਾਜ਼ ਸੰਭਾਲਣ ਲਈ ਯਤਨ ਕਰਨੇ ਚਾਹੀਦੇ ਹਨ ਪਰ ਇੱਦਾਂ ਹੋ ਨਹੀਂ ਸਕਿਆ। ਕਿਉਂ, ਹਾਲਾਤ ਨਹੀਂ ਬਣੇ ਜਾਂ ਸਰਦੂਲ ਨੇ ਬਣਾਏ ਨਹੀਂ? ਇਹੀ ਗਮਦੂਰ ਅਮਨ ਸਰਦੂਲ ਦੇ ਵੱਡੇ ਸਟੇਜ ਸ਼ੋਆਂ 'ਤੇ ਸ਼ੁਰੂਆਤੀ ਗੀਤ ਗਾਉਣ ਜੋਗਾ ਰਹਿ ਗਿਆ।

ਮੁਕੱਦਰ ਲਿਖਣ ਵਾਲੀ ਸਿਆਹੀ ਤੇ ਕਲਮ ਤਾਂ ਇਕ ਹੋ ਸਕਦੀ ਹੈ ਪਰ ਵਿਧਾਤਾ ਦੀ ਇਬਾਰਤ ਵੱਖਰੀ ਵੱਖਰੀ ਹੁੰਦੀ ਹੋਵੇਗੀ, ਉਦਾਹਰਣ ਵੇਖੋ ਸਰਦੂਲ ਸਿਕੰਦਰ ਬੁੱਕ ਹੋ ਕੇ ਪ੍ਰੋਗਰਾਮਾਂ 'ਤੇ ਜਾਂਦਾ ਰਿਹੈ ਪਰ ਭਰਾ ਸਾਜ਼ੀਆਂ ਵਾਂਗ ਪੇਮੈਂਟ ਲੈ ਕੇ ਕੰਮ ਕਰਦੇ ਰਹੇ। ਇਕ ਘਟਨਾ ਚੇਤੇ ਵਿਚੋਂ ਮੇਰੇ ਵੀ ਨਹੀਂ ਖਿਸਕਦੀ। ਬੰਗੇ ਗੜ੍ਹਸ਼ੰਕਰ ਰੋਡ 'ਤੇ ਜੀ ਐਨ ਰਿਜ਼ੌਰਟਜ਼ ਨਵਾਂ ਨਵਾਂ ਬਣਿਆ ਸੀ। ਸਰਦੂਲ ਦਾ ਇਕ ਵਿਆਹ ਦੀ ਪਾਰਟੀ 'ਤੇ ਪ੍ਰੋਗਰਾਮ ਹੋਇਆ। ਸਮਾਪਤੀ 'ਤੇ ਜਦੋਂ ਗਮਦੂਰ ਸਾਜੀਆਂ ਵਾਲੀ ਗੱਡੀ ਵਿਚ ਬਹਿ ਕੇ ਜਾਣ ਲੱਗਾ ਤਾਂ ਮੈਂ ਬਾਹੋਂ ਖਿੱਚ ਕੇ ਕਿਹਾ, 'ਵੀਰ ਸਰਦੂਲ ਨਾਲ ਬੈਠ ਤੂੰ ਉਸ ਦਾ ਵੱਡਾ ਭਰਾ ਐਂ।' ਉਹਨੇ ਹਉਕਾ ਲਿਆ, ਅੱਖਾਂ ਭਰੀਆਂ ਤੇ ਕਹਿਣ ਲੱਗਾ, 'ਨਹੀਂ ਉਸ ਗੱਡੀ ਵਿਚ ਨੂਰੀ ਨੇ ਨਾਲ ਬੈਠਣਾ ਹੈ। ਨਾਲੇ ਕਿਸਮਤ ਆਪੋ ਆਪਣੇ ਖੀਸੇ ਵਿਚ ਹੀ ਹੁੰਦੀ ਹੈ।' ਤੇ ਉਹ ਮੂੰਹ ਘੁਮਾ ਕੇ ਫਿਰ ਅੱਗੇ ਨਾ ਬੋਲਿਆ।

ਜਦੋਂ ਅਸੀਂ ਆਸਟਰੀਆ ਆਪਣੇ ਮਿੱਤਰ ਦੇ ਘਰ ਠਹਿਰੇ ਹੋਏ ਸਾਂ ਤਾਂ ਉਹਦਾ ਪੇਂਡੂ ਲਹਿਜ਼ਾ ਵੀ ਬਾਕਮਾਲ ਸੀ, ਉਹਨੇ ਸਿਰਹਾਣੇ ਨੂੰ ਜਾਂ ਤਾਂ ਸਟੋਰ ਬਣਾਇਆ ਕਹਿ ਲਓ ਜਾਂ ਅਲਮਾਰੀ। ਸਿਰਹਾਣੇ ਦੇ ਥੱਲੇ ਹੀ ਦਵਾਈਆਂ ਦੇ ਪੱਤੇ ਹੁੰਦੇ, ਕਾਲੀਆਂ ਮਿਰਚਾਂ ਦਾ ਪਾਊਡਰ ਹੁੰਦਾ, ਅਜਵਾਇਣ ਦੀਆਂ ਗੋਲੀਆਂ ਹੁੰਦੀਆਂ, ਮਿਸ਼ਰੀ ਤੇ ਲਾਚੀਆਂ ਲਿਫਾਫੇ ਵਿਚ ਪਾ ਕੇ ਰੱਖੀਆਂ ਹੁੰਦੀਆਂ ਤੇ ਪੱਗ ਵੀ ਸਿਰਹਾਣੇ ਦੇ ਇਕ ਪਾਸੇ ਰੱਖੀ ਹੁੰਦੀ, ਉਥੇ ਹੀ ਪਜਾਮਾ, ਉਥੇ ਹੀ ਕਛਹਿਰਾ, ਉਥੇ ਹੀ ਬੁਰਸ਼, ਉਥੇ ਹੀ ਪੱਗ ਸਲਾਈ ਤੇ ਉਥੇ ਹੀ ਉਨ੍ਹਾਂ ਗੀਤਾਂ ਦੀ ਛੋਟੀ ਜਿਹੀ ਕਾਪੀ ਹੁੰਦੀ ਜੋ ਉਹਦੇ ਆਪਣੇ ਹੀ ਹੁੰਦੇ ਅਤੇ ਆਪਣੇ ਹੀ ਅੰਦਾਜ਼ ਵਿਚ ਗਾਉਣ ਵਾਲੇ ਹੁੰਦੇ। ਅਸੀਂ ਉਸ ਨੂੰ ਬੜਾ ਰੋਕਣਾ ਕਿ ਵੀਰ ਸਿਰਹਾਣੇ ਨੂੰ ਕੋਲਡ ਸਟੋਰ ਨਾ ਬਣਾ ਪਰ ਉਹਨੇ ਹੱਸ ਕੇ ਕਹਿ ਦੇਣਾ, ਇਹ ਗਮਦੂਰ ਦੀ ਜ਼ਿੰਦਗੀ ਜਿਊਣ ਦਾ ਕਾਰਖਾਨਾ ਹੈ।

ਸਾਰਿਆਂ ਨੂੰ ਪਤਾ ਹੈ ਕਿ ਸਰਦੂਲ ਤੇ ਨੂਰੀ ਦਾ ਵਿਆਹ ਮੁਹੱਬਤ ਦੀਆਂ ਵੋਟਾਂ ਵਿਚੋਂ ਨਿਕਲੀ ਉਮੀਦਵਾਰੀ ਸੀ। ਗਮਦੂਰ ਇਹ ਵਿਆਹ ਹੋਣ ਤੋਂ ਪਹਿਲਾਂ ਇਸ ਦੀ ਵਿਰੋਧਤਾ ਵੱਡਾ ਭਰਾ ਹੋਣ ਦੇ ਨਾਤੇ ਜਿਸ ਤਰ੍ਹਾਂ ਕਰਦਾ ਸੀ, ਉਹਦਾ ਰੰਗ

(ਬਾਕੀ ਸਫਾ 29 ਉਤੇ)

## ਗੱਲ ਬਣੀ ਕਿ ਨਹੀਂ

–ਐਸ. ਅਸ਼ੋਕ ਭੌਰਾ

### ਬੇਈਮਾਨੀ ਦਾ ਜ਼ੋਰ

ਹਰ ਪਾਸੇ ਹੀ ਸ਼ੋਰ ਬੜਾ ਹੈ, ਬੰਦਾ ਕਿਉਂ ਕਮਜ਼ੋਰ ਬੜਾ ਹੈ?
ਬੀਬਾ ਹਰ ਕੋਈ ਲੱਗਦਾ ਏ, ਪਰ ਬੇਈਮਾਨੀ ਦਾ ਜ਼ੋਰ ਬੜਾ ਹੈ।
ਉਪਰੋਂ ਜਾਪੇ ਸੁਖੀ ਬੜਾ ਏ, ਅੰਦਰੋਂ ਪਰ ਇਹ ਦੁਖੀ ਬੜਾ ਹੈ।
ਕੀ ਕਰੀਏ ਇਸ ਬੰਦੇ ਦਾ ਫਿਰ, ਅਸਲੀ ਗੋਰਖ ਧੰਦੇ ਦਾ ਫਿਰ।
ਇਹਦੀ ਕੋਈ ਜ਼ੁਬਾਨ ਨਹੀਂ ਹੈ, ਭੌਰਾ ਦੀਨ ਇਮਾਨ ਨਹੀਂ ਹੈ।
ਮਾਂ ਆਖੇ ਇਹ ਮੇਰਾ ਉਜੱਡ ਹੈ, ਪਿਓ ਕਹਿੰਦਾ ਕੁੱਤੇ ਦਾ ਹੱਡ ਹੈ।
ਰੋਜ਼ ਪੁਆੜੇ ਪਾਈ ਜਾਵੇ, ਉਂਗਲਾਂ ਉਤੇ ਨਚਾਈ ਜਾਵੇ।
ਜਿੱਥੇ ਵੇਖੇ ਲਾਈ ਜਾਵੇ, ਪਾ ਕੇ ਤੇਲ ਮਚਾਈ ਜਾਵੇ।
ਲੀੜੇ ਹੀ ਉਂਜ ਚਿੱਟੇ ਨੇ ਬੱਸ, ਤਨ 'ਤੇ ਥਾਂ ਥਾਂ ਛਿੱਟੇ ਨੇ ਬੱਸ।
ਸਾਧ ਕਹਾਵੇ ਚੋਰ ਉਚੱਕਾ, ਰੱਬ ਦੇ ਨਾਂ 'ਤੇ ਕਰਦੈ ਧੱਕਾ।
ਵੇਖਣ ਨੂੰ ਸ਼ੈਤਾਨ ਨਹੀਂ ਹੈ, 'ਕੱਲਾ ਤੀਰ ਕਮਾਨ ਨਹੀਂ ਹੈ।
ਜਿਹਦੇ ਵੱਜੇ ਧਾਹੀਂ ਰੋਵੇ, ਕੋਠੇ ਚੜ੍ਹ ਚੜ੍ਹ ਤਾਂ ਹੀ ਰੋਵੇ।
ਧੋਤੀ, ਟੋਪੀ, ਨੀਲੀ, ਚਿੱਟੀ, ਜਿਹਨੂੰ ਪਾ ਕੇ ਜਾਵੇ ਫਿੱਟੀ।
ਡੇਰੇ ਵਿਚ ਮਹੰਤ ਕਹਾਇਆ, ਉਥੋਂ ਉਠ ਕੇ ਸੰਤ ਕਹਾਇਆ।
ਲੱਗਦਾ ਨਹੀਂ ਇਹ ਢੱਗਾ ਬੂਰਾ? ਨਾ ਪੈਂਟ ਨਾ ਝੱਗਾ ਪੂਰਾ।
ਬੰਦਾ ਕਿਹਨੂੰ ਕਹੀਏ 'ਭੌਰੇ'? ਕਹੀਏ ਕੌਣ ਮਨੁੱਖ?
ਇਸੇ ਗੱਲ ਦਾ ਝੋਰਾ ਹੈ ਤੇ ਇਸੇ ਗੱਲ ਦਾ ਦੁੱਖ।

# ਆਜੁ ਨਾਮੇ ਬੀਠਲੁ ਦੇਖਿਆ ਮੂਰਖ ਕੋ ਸਮਝਾਊ ਰੇ

ਗੁਰਮਤਿ ਗਿਆਨ



ਡਾ. ਗੁਰਨਾਮ ਕੌਰ, ਕੈਨੇਡਾ

ਗੁਰੂ ਨਾਨਕ ਆਗਮਨ ਤੋਂ ਪਹਿਲਾਂ ਹਿੰਦੁਸਤਾਨ 'ਚ ਆ ਚੁੱਕੀ ਧਾਰਮਿਕ, ਰਾਜਨੀਤਕ ਅਤੇ ਸਮਾਜਿਕ ਗਿਰਾਵਟ ਦੀ ਚਰਚਾ ਸਾਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅਤੇ ਭਾਈ ਗੁਰਦਾਸ ਦੀਆਂ ਵਾਰਾਂ ਤੋਂ ਭਲੀਭਾਂਤ ਪਤਾ ਲੱਗ ਜਾਂਦੀ ਹੈ। ਅਥਰਵ ਵੇਦ ਅਤੇ ਪੌਰਾਣਕ ਕਥਾਵਾਂ ਰਾਹੀਂ ਹਿੰਦੂ ਧਰਮ ਵਿਚ ਜਾਦੂ ਟੂਣੇ, ਵਹਿਮ-ਭਰਮ ਅਤੇ ਹੋਰ ਬਹੁਤ ਕਿਸਮ ਦਾ ਕਰਮ-ਕਾਂਡ ਸ਼ਾਮਲ ਹੋ ਚੁੱਕਾ ਸੀ। ਗੁਰੂਆਂ ਵੱਲੋਂ ਸਿੱਖ ਧਰਮ ਦੀ ਸਥਾਪਤੀ ਦਾ ਮੁੱਖ ਮਕਸਦ ਆਮ ਮਾਨਵਤਾ ਨੂੰ ਇਸ ਗਿਰਾਵਟ ਵਿਚੋਂ ਕੱਢ ਕੇ, ਮਨੁੱਖ ਨੂੰ ਆਪਣੀ ਅਹਿਮੀਅਤ ਦਾ ਅਹਿਸਾਸ ਕਰਾਉਣਾ ਸੀ ਤਾਂ ਕਿ ਉਹ ਭਰਮ-ਮੁਕਤ ਹੋ ਕੇ ਕਿਰਤ ਕਰਦਾ ਹੋਇਆ ਇੱਕ ਸਵੈਮਾਣ ਵਾਲਾ ਜੀਵਨ ਜਿਉਂ ਸਕੇ।

ਗੁਰੂ ਨਾਨਕ ਸਾਹਿਬ ਨੇ ਮਨੁੱਖ ਮਾਤਰ ਨੂੰ ਹਰ ਤਰ੍ਹਾਂ ਦੇ ਵਹਿਮਾਂ-ਭਰਮਾਂ ਵਿਚੋਂ ਕੱਢ ਕੇ ਰੱਬ ਨੂੰ ਆਪਣੇ ਅੰਦਰ ਅਰਥਾਤ ਮਨੁੱਖੀ ਹਿਰਦੇ ਵਿਚ ਭਾਲਣ ਦੀ ਸਿੱਖਿਆ ਦਿੱਤੀ ਹੈ। ਇਸੇ ਲਈ ਸ੍ਰੀ ਗੁਰੂ ਸਾਹਿਬਾਨ ਦੀ ਬਾਣੀ ਦੇ ਨਾਲ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਗਤਾਂ ਦੀ ਉਹ ਬਾਣੀ ਵੀ ਸ਼ਾਮਲ ਕੀਤੀ ਗਈ ਹੈ ਜੋ ਸਿਧਾਂਤਕ ਰੂਪ ਵਿਚ ਗੁਰਮਤਿ ਸਿਧਾਂਤਾਂ ਨਾਲ ਮੇਲ ਖਾਂਦੀ ਹੈ। ਰੱਬ ਮਨੁੱਖ ਦੇ ਹਿਰਦੇ ਵਿਚ ਵੱਸਦਾ ਹੈ, ਕਿਸੇ ਮੰਦਰ ਦੀ ਚਾਰ ਦੀਵਾਰੀ ਵਿਚ ਨਹੀਂ ਅਤੇ ਨਾ ਹੀ ਉਸ ਨੂੰ ਕਿਸੇ ਕਿਸਮ ਦੇ ਕਰਮ-ਕਾਂਡ ਰਾਹੀਂ ਪ੍ਰਾਪਤ ਕੀਤਾ ਜਾ ਸਕਦਾ ਹੈ। ਇਸੇ ਦਾ ਖੁਲਾਸਾ ਭਗਤ ਨਾਮ ਦੇਵ ਦੀ ਬਾਣੀ ਤੋਂ ਵੀ ਹੋ ਜਾਂਦਾ ਹੈ। ਭਗਤ ਨਾਮ ਦੇਵ ਮਨੁੱਖ ਨੂੰ ਰੱਬ ਨੂੰ ਆਪਣੇ ਅੰਦਰ ਭਾਲਣ ਦੀ ਗੱਲ ਕਹਿੰਦੇ ਹਨ ਅਤੇ ਬਾਕੀ ਹਰ ਤਰ੍ਹਾਂ ਦੇ ਕਰਮ ਨੂੰ 'ਕੂੜ-ਕਿਰਿਆ' ਮੰਨਦੇ ਹਨ। ਰਾਗੁ ਗੋਂਡ ਵਿਚ ਭਗਤ ਨਾਮ ਦੇਵ ਦੀ ਰਚਨਾ ਇਨ੍ਹਾਂ ਵਹਿਮਾਂ ਨੂੰ ਰੱਦ ਕਰਦੀ ਨਜ਼ਰ ਆਉਂਦੀ ਹੈ। ਭੈਰੋਂ, ਸੀਤਲਾ ਆਦਿ ਦੀ ਪੂਜਾ ਇਨ੍ਹਾਂ ਵਹਿਮਾਂ ਵੱਲ ਹੀ ਇਸ਼ਾਰਾ ਹੈ।

ਗੁਰਬਾਣੀ ਦਾ ਫੁਰਮਾਨ ਹੈ ਕਿ ਮਨੁੱਖ ਜਿਸ ਕਿਸਮ ਦੇ ਇਸ਼ਟ ਦੀ ਪੂਜਾ ਕਰਦਾ ਹੈ, ਉਹੋ ਜਿਹਾ ਹੀ ਉਸ ਦਾ ਵਿਅਕਤੀਤਵ ਬਣ ਜਾਂਦਾ ਹੈ। ਇਸੇ ਤੱਥ ਦੀ ਪ੍ਰੋੜਤਾ ਭਗਤ ਨਾਮ ਦੇਵ ਕਰਦੇ ਹਨ ਕਿ ਜਿਹੜੇ ਮਨੁੱਖ ਭੈਰੋਂ (ਇੱਕ ਜਤੀ ਜੋ ਕਾਲੇ ਕੁੱਤੇ ਦੀ ਸਵਾਰੀ ਕਰਦਾ ਮੰਨਿਆ ਜਾਂਦਾ ਹੈ) ਨੂੰ ਮੰਨਦੇ ਜਾਂ ਪੂਜਦੇ ਹਨ, ਉਹ ਭੂਤ ਬਣ ਜਾਂਦੇ ਹਨ। ਜੋ ਸੀਤਲਾ ਦੀ ਪੂਜਾ ਕਰਦਾ ਹੈ, ਉਹ ਸੀਤਲਾ ਵਾਂਗ ਹੀ ਖੋਤੇ ਦੀ ਸਵਾਰੀ ਕਰਦਾ ਹੈ (ਸੀਤਲਾ ਨੂੰ ਖੋਤੇ ਦੀ ਸਵਾਰੀ ਕਰਦੀ ਮੰਨਿਆ ਗਿਆ ਹੈ) ਤੇ ਖੋਤੇ ਵਾਂਗ ਖੇਹ ਉਡਾਉਂਦਾ ਹੈ।

ਭਗਤ ਨਾਮ ਦੇਵ ਪੰਡਿਤ ਨੂੰ ਸਮਝਾਉਂਦੇ ਹਨ ਕਿ ਉਹ ਇਨ੍ਹਾਂ ਸਭ ਕਰਮ-ਕਾਂਡਾਂ ਨੂੰ ਛੱਡ ਕੇ ਇੱਕ ਅਕਾਲ ਪੁਰਖ ਦਾ ਸਿਮਰਨ ਕਰਨਗੇ ਅਤੇ ਸਾਰੇ ਦੇਵਤਿਆਂ ਨੂੰ ਉਸ ਨਾਮ ਦੇ ਵੱਟੇ ਵਿਚ ਦੇ ਦੇਣਗੇ।

ਪੌਰਾਣਕ ਕਥਾਵਾਂ ਵਿਚ ਹਰ ਦੇਵਤੇ ਦੀ ਕੋਈ ਨਾ ਕੋਈ ਸਵਾਰੀ ਮੰਨੀ ਗਈ ਹੈ, ਜਿਵੇਂ ਸ਼ਿਵ ਨੂੰ ਨੰਦੀ ਬੈਲ ਦੀ ਸਵਾਰੀ ਕਰਦਾ ਦੱਸਿਆ ਹੈ। ਭਗਤ ਨਾਮ ਦੇਵ ਕਹਿੰਦੇ ਹਨ ਕਿ ਜਿਹੜਾ ਬੰਦਾ ਸ਼ਿਵ ਦੀ ਅਰਾਧਨਾ ਕਰੇਗਾ ਉਸ ਦੀ ਪ੍ਰਾਪਤੀ ਇਹੋ ਹੋ ਸਕਦੀ ਹੈ ਕਿ ਉਸ ਨੂੰ ਸਵਾਰੀ ਲਈ ਬੈਲ ਮਿਲ ਜਾਵੇ ਅਤੇ ਸ਼ਿਵ ਦੀ ਤਰ੍ਹਾਂ ਉਹ ਡੌਰੂ ਵਜਾਵੇ। ਜਿਹੜਾ ਮਨੁੱਖ ਮਹਾਂ ਮਾਈ (ਪਾਰਬਤੀ) ਦੀ ਪੂਜਾ ਕਰਦਾ ਹੈ, ਉਹ ਆਦਮੀ ਔਰਤ ਬਣ ਕੇ ਪੈਦਾ ਹੁੰਦਾ ਹੈ। ਅੱਗੇ ਭਵਾਨੀ ਨੂੰ ਸੰਬੋਧਨ ਕਰਦੇ ਹਨ ਕਿ ਤੂੰ ਸਭ ਦਾ ਮੁੱਢ ਅਖਵਾਉਂਦੀ ਹੈਂ ਪਰ ਆਪਣੇ ਭਗਤਾਂ ਨੂੰ ਮੁਕਤੀ ਦੇਣ ਵੇਲੇ ਤੂੰ ਵੀ ਪਤਾ ਨਹੀਂ ਕਿਥੇ ਅਲੋਪ ਹੋ ਜਾਂਦੀ ਹੈਂ। ਇਸ ਲਈ ਭਗਤ ਨਾਮ ਦੇਵ ਪੰਡਿਤ ਨੂੰ ਬੇਨਤੀ ਰੂਪ ਵਿਚ ਸਮਝਾਉਂਦੇ ਹਨ ਕਿ ਉਹ ਸਤਿਗੁਰੂ ਦੀ ਸਿੱਖਿਆ 'ਤੇ ਚੱਲ ਕੇ ਅਕਾਲ ਪੁਰਖ ਦੇ ਨਾਮ ਦਾ ਓਟ ਆਸਰਾ ਲਵੇ ਕਿਉਂਕਿ ਪੰਡਿਤ ਦੀ ਧਾਰਮਿਕ ਪੁਸਤਕ ਗੀਤਾ ਵੀ ਇਹੋ ਉਪਦੇਸ਼ ਦਿੰਦੀ ਹੈ,

ਭੈਰਉ ਭੂਤ ਸੀਤਲਾ ਧਾਵੈ॥
ਖਰ ਬਾਹਨੁ ਉਹੁ ਛਾਰੁ ਉਡਾਵੈ॥੧॥
ਹਉ ਤਉ ਏਕੁ ਰਮਈਆ ਲੈ ਹਉ॥
ਆਨ ਦੇਵ ਬਦਲਾਵਨਿ ਦੈ ਹਉ॥੧॥ਰਹਾਉ॥
ਸਿਵ ਸਿਵ ਕਰਤੇ ਜੋ ਨਰੁ ਧਿਆਵੈ॥
ਬਰਦ ਚਢੇ ਡਉਰੂ ਢਮਕਾਵੈ॥੨॥
ਮਹਾ ਮਾਈ ਕੀ ਪੂਜਾ ਕਰੈ॥
ਨਰ ਸੈ ਨਾਰਿ ਹੋਇ ਅਉਤਰੈ॥੩॥
ਤੂ ਕਹੀਅਤਿ ਹੀ ਆਦਿ ਭਵਾਨੀ॥
ਮੁਕਤਿ ਕੀ ਬਰੀਆ ਕਹਾ ਛਪਾਨੀ॥੪॥
ਗੁਰਮਤਿ ਰਾਮ ਨਾਮ ਗਹੁ ਮੀਤਾ॥
ਪ੍ਰਣਵੈ ਨਾਮਾ ਇਉ ਕਹੈ ਗੀਤਾ॥੫॥੨॥੬॥
(ਪੰਨਾ ੮੭੪)

ਅਗਲੇ ਸ਼ਬਦ ਵਿਚ ਵੀ ਭਗਤ ਨਾਮ ਦੇਵ ਨੇ ਉਨ੍ਹਾਂ ਹੀ ਵਹਿਮਾਂ ਦੀ ਗੱਲ ਕੀਤੀ ਹੈ ਜੋ ਪਰਮਾਤਮਾ ਨੂੰ ਪਾਉਣ ਦਾ ਸਾਧਨ ਤਾਂ ਬਣ ਨਹੀਂ ਸਕਦੇ ਪਰ ਮਨੁੱਖ ਦੀ ਜ਼ਿੰਦਗੀ ਨੂੰ ਹੋਰ ਕਈ ਤਰ੍ਹਾਂ ਨਾਲ ਦੁਸ਼ਵਾਰ ਬਣਾ ਦਿੰਦੇ ਹਨ ਅਤੇ ਅੱਜ ਵੀ ਬਣਾ ਰਹੇ ਹਨ। ਮਸਲਨ ਪੰਡਿਤ ਗਾਇਤ੍ਰੀ ਦਾ ਪਾਠ ਕਰਦਾ ਹੈ, ਅਵਤਾਰਾਂ ਨੂੰ ਰੱਬ ਸਮਝ ਕੇ ਪੂਜਦਾ ਹੈ ਪਰ ਉਸ ਦਾ ਭਰੋਸਾ ਕਿਸੇ 'ਤੇ ਵੀ ਨਹੀਂ ਬੱਝਦਾ। ਪਰਮਾਤਮਾ ਕਿਸੇ ਮੂਰਤੀ ਜਾਂ ਮੰਦਰਿ ਵਿਚ ਨਹੀਂ ਵੱਸਦਾ, ਉਹ ਮਨੁੱਖ ਦੇ ਅੰਦਰ ਵੱਸਦਾ ਹੈ ਅਤੇ ਉਸ ਨੂੰ ਆਪਣੇ ਅੰਦਰ ਹੀ ਅਨੁਭਵ ਕਰਨ ਦੀ ਜ਼ਰੂਰਤ ਹੈ। ਭਗਤ ਨਾਮ ਦੇਵ ਕਹਿੰਦੇ ਹਨ ਕਿ ਉਨ੍ਹਾਂ ਨੇ ਪਰਮਾਤਮਾ ਦੇ ਦਰਸ਼ਨ ਆਪਣੇ ਹਿਰਦੇ ਵਿਚ ਕਰ ਲਏ ਹਨ, ਕੋਈ ਉਸ ਮੂਰਖ ਪੰਡਿਤ ਨੂੰ ਸਮਝਾਵੇ ਅਤੇ ਪੁੱਛੇ ਕਿ ਉਸ ਨੂੰ ਹੁਣ ਤੱਕ ਪਰਮਾਤਮਾ ਦਾ ਦਰਸ਼ਨ ਕਿਉਂ ਨਹੀਂ ਹੋਇਆ?

ਭਗਤ ਨਾਮ ਦੇਵ ਅਨੁਸਾਰ ਇਹ ਪਰਮਾਤਮਾ ਵਿਚ ਵਿਸ਼ਵਾਸ ਨਾ ਹੋਣ ਕਰਕੇ ਅਤੇ ਫੋਕੇ ਕਰਮ-ਕਾਂਡ ਵਿਚ ਅੰਧ-ਵਿਸ਼ਵਾਸ ਕਾਰਨ ਹੀ ਹੈ ਕਿ ਪੰਡਿਤ ਪਰਮਾਤਮਾ ਦਾ ਅਨੁਭਵ ਆਪਣੇ ਅੰਤਰ-ਆਤਮੇ ਵਿਚ ਨਹੀਂ ਕਰ ਸਕਿਆ। ਭਗਤ ਜੀ ਸਮਝਾਉਂਦੇ ਹਨ ਕਿ ਪੰਡਿਤ ਅਨੁਸਾਰ ਗਾਇਤ੍ਰੀ (ਗਾਇਤ੍ਰੀ ਮੰਤ੍ਰ ਜਿਸ ਦਾ ਪੰਡਿਤ ਪਾਠ ਕਰਦਾ ਹੈ ਅਤੇ ਜਿਸ ਨੂੰ ਇੱਕ ਵਾਰ ਗਊ ਦੀ ਜੂਨ ਪੈ ਗਈ ਮੰਨਿਆ ਜਾਂਦਾ ਹੈ) ਲੋਧੇ ਜੱਟ ਦਾ ਖੇਤ ਖਾ ਰਹੀ ਸੀ ਜਿਸ ਕਰਕੇ ਲੋਧੇ ਕਿਸਾਨ ਨੇ ਉਸ ਦੀ ਲੱਤ ਤੇ ਡੰਡਾ ਮਾਰਿਆ ਤਾਂ ਉਹ ਲੰਗੜਾ ਕੇ ਚੱਲ ਰਹੀ ਸੀ।

ਅਗਲੀ ਉਦਾਹਰਣ ਸ਼ਿਵ ਦੀ ਦਿੰਦੇ ਹਨ ਜਿਸ ਨੂੰ ਇੱਕ ਪਾਸੇ ਪੰਡਿਤ ਪੂਜਦਾ ਹੈ ਅਤੇ ਦੂਸਰੇ ਪਾਸੇ ਉਸ ਨੂੰ ਕ੍ਰੋਧੀ ਵੀ ਮੰਨਦਾ ਹੈ, ਜੋ ਗੁੱਸੇ ਵਿਚ ਆ ਕੇ ਆਪਣੇ ਭਗਤਾਂ ਨੂੰ ਸਰਾਪ ਦੇ ਦਿੰਦਾ ਹੈ। ਪੰਡਿਤ ਦਾ ਸ਼ਿਵ ਉਹ ਹੈ ਜਿਸ ਬਾਰੇ ਪੰਡਿਤ ਦਾ ਕਹਿਣਾ ਹੈ ਕਿ ਕਿਸੇ ਭੰਡਾਰੀ ਦੇ ਘਰ ਸ਼ਿਵ ਲਈ ਭੋਜਨ ਪੱਕਿਆ ਅਤੇ ਸ਼ਿਵ ਚਿੱਟੇ ਬਲਦ 'ਤੇ ਬੈਠ ਕੇ ਗਿਆ ਪਰ ਨਾਰਾਜ਼ ਹੋ ਕੇ (ਸ਼ਾਇਦ ਭੋਜਨ ਪਸੰਦ ਨਹੀਂ ਆਇਆ) ਸਰਾਪ ਦੇ ਕੇ ਉਸ ਦਾ ਮੁੰਡਾ ਮਾਰ ਦਿੱਤਾ। ਇਸੇ ਤਰ੍ਹਾਂ ਪੰਡਿਤ ਵੱਲੋਂ ਇੱਕ ਪਾਸੇ ਰਾਮ ਚੰਦ੍ਰ ਨੂੰ ਪਰਮਾਤਮਾ ਦਾ ਅਵਤਾਰ ਸਮਝ ਕੇ ਪੂਜਾ ਕੀਤੀ ਜਾਂਦੀ ਹੈ, ਦੂਸਰੇ ਪਾਸੇ ਉਸ ਬਾਰੇ ਇਹ ਕਿਹਾ ਜਾਂਦਾ ਹੈ ਕਿ ਉਸ ਨੇ ਰਾਵਣ ਨਾਲ ਲੜਾਈ ਇਸ ਲਈ ਕੀਤੀ ਕਿਉਂਕਿ ਰਾਵਣ ਉਸ ਦੀ ਪਤਨੀ ਸੀਤਾ ਨੂੰ ਉਠਾ ਕੇ ਲੈ ਗਿਆ ਸੀ।

ਭਗਤ ਨਾਮ ਦੇਵ ਕਹਿੰਦੇ ਹਨ ਕਿ ਹਿੰਦੂ ਗਿਆਨ ਤੋਂ ਬਿਲਕੁਲ ਕੋਰਾ ਹੋਣ ਕਰਕੇ ਅੰਨ੍ਹਾ ਹੈ (ਕਿਉਂਕਿ ਉਹ ਅਗਿਆਨ ਵੱਸ ਆਪਣੇ ਇਸ਼ਟ ਬਾਰੇ ਕਹਾਣੀਆਂ ਘੜਦਾ ਹੈ ਅਤੇ ਪਰਮਾਤਮਾ ਨੂੰ ਸਿਰਫ ਮੰਦਰ ਵਿਚ ਹੀ ਮੌਜੂਦ ਸਮਝਦਾ ਹੈ ਅਤੇ ਮੰਦਰ ਦੀ ਪੂਜਾ ਕਰਦਾ ਹੈ) ਅਤੇ ਤੁਰਕ ਦੀ ਇੱਕ ਅੱਖ ਹੀ ਖਰਾਬ ਹੋਈ ਹੈ (ਕਿਉਂਕਿ ਉਹ ਆਪਣੇ ਇਸ਼ਟ ਵਿਚ ਤਾਂ ਪੂਰਨ ਸ਼ਰਧਾ ਰੱਖਦਾ ਹੈ ਪਰ ਸਮਝਦਾ ਹੈ ਕਿ ਰੱਬ ਸਿਰਫ ਮਸਜਿਦ ਵਿਚ ਵਸਦਾ ਹੈ)। ਇਨ੍ਹਾਂ ਦੋਵਾਂ ਨਾਲੋਂ ਗਿਆਨੀ ਸਿਆਣਾ ਹੈ ਜੋ ਰੱਬ ਦੀ ਸਰਬ-ਵਿਆਪਕਤਾ ਨੂੰ ਸਮਝਦਾ ਹੈ। ਭਗਤ ਨਾਮ ਦੇਵ ਉਸ ਅਕਾਲ ਪੁਰਖ ਦਾ ਸਿਮਰਨ ਕਰਦਾ ਹੈ ਜੋ ਮੰਦਰ ਜਾਂ ਮਸਜਿਦ ਤੱਕ ਮਹਿਦੂਦ ਨਹੀਂ ਹੈ, ਹਰ ਥਾਂ ਵਿਆਪਕ ਹੈ,

ਆਜੁ ਨਾਮੇ ਬੀਠਲੁ ਦੇਖਿਆ
ਮੂਰਖ ਕੋ ਸਮਝਾਊ ਰੇ॥ਰਹਾਉ॥
ਪਾਂਡੇ ਤੁਮਰੀ ਗਾਇਤ੍ਰੀ
ਲੋਧੇ ਕਾ ਖੇਤੁ ਖਾਤੀ ਥੀ॥
ਲੈ ਕਰਿ ਠੇਗਾ ਟਗਰੀ ਤੋਰੀ
ਲਾਂਗਤ ਲਾਂਗਤ ਜਾਤੀ ਥੀ॥੧॥
ਪਾਂਡੇ ਤੁਮਰਾ ਮਹਾਦੇਉ
ਧਉਲੇ ਬਲਦ ਚੜਿਆ
ਆਵਤੁ ਦੇਖਿਆ ਥਾ॥
ਮੋਦੀ ਕੇ ਘਰ ਖਾਣਾ ਪਾਕਾ
ਵਾ ਕਾ ਲੜਕਾ ਮਾਰਿਆ ਥਾ॥੨॥
ਪਾਂਡੇ ਤੁਮਰਾ ਰਾਮਚੰਦੁ
ਸੋ ਭੀ ਆਵਤੁ ਦੇਖਿਆ ਥਾ॥
ਰਾਵਨ ਸੇਤੀ ਸਰਬਰ ਹੋਈ
ਘਰ ਕੀ ਜੋਇ ਗਵਾਈ ਥੀ॥੩॥
ਹਿੰਦੂ ਅੰਨ੍ਹਾ ਤੁਰਕੂ ਕਾਣਾ॥
ਦੁਹਾਂ ਤੇ ਗਿਆਨੀ ਸਿਆਣਾ॥
ਹਿੰਦੂ ਪੂਜੈ ਦੇਹੁਰਾ ਮੁਸਲਮਾਣੁ ਮਸੀਤਿ॥
ਨਾਮੇ ਸੋਈ ਸੇਵਿਆ
ਜਹ ਦੇਹੁਰਾ ਨ ਮਸੀਤਿ॥੪॥੩॥੭॥
(ਪੰਨਾ ੮੭੪)

ਸਦੀਆਂ ਬੀਤ ਜਾਣ ਦੇ ਬਾਵਜੂਦ ਅੱਜ ਵੀ ਹਾਲਾਤ ਉਸੇ ਕਿਸਮ ਦੇ ਹਨ ਪਰ ਅੱਜ ਇਹ 'ਕੂੜ ਕਿਰਿਆ' ਅਗਿਆਨ-ਵੱਸ ਨਹੀਂ ਹੋ ਰਹੀ ਬਲਕਿ ਇਸ ਦਾ ਖਾਸਾ ਰਾਜਨੀਤਕ ਹੈ। ਅੱਜ ਬੀ.ਜੇ.ਪੀ ਅਤੇ ਆਰ.ਐਸ.ਐਸ. ਵੱਲੋਂ ਘੱਟ-ਗਿਣਤੀ ਭਾਈਚਾਰਿਆਂ ਨੂੰ ਦਬਾਉਣ ਅਤੇ ਵੇਦਾਂ-ਸ਼ਾਸਤਰਾਂ ਅਨੁਸਾਰ ਨੀਵੀਆਂ ਕਹੀਆਂ ਜਾਣ ਵਾਲੀਆਂ ਜਾਤਾਂ ਨੂੰ ਉਨ੍ਹਾਂ ਦੇ ਹੱਕਾਂ ਤੋਂ ਮਹਿਰੂਮ ਰੱਖਿਆ ਜਾ ਰਿਹਾ ਹੈ। ਦਿੱਲੀ ਤੋਂ ਲੈ ਕੇ ਅੰਮ੍ਰਿਤਸਰ ਤੱਕ ਤੁਸੀਂ ਕਿਧਰੇ ਵੀ ਚਲੇ ਜਾਉ ਤੁਹਾਨੂੰ ਜੀ.ਟੀ. ਰੋਡ, ਪਿੰਡਾਂ ਦੀਆਂ ਸੜਕਾਂ, ਗਲੀਆਂ ਮੁਹੱਲਿਆਂ ਵਿਚ ਆਮ ਹੀ ਅਵਾਰਾ ਗਊਆਂ ਅਤੇ ਸਾਨ੍ਹਾਂ ਦੇ ਝੁੰਡ ਫਿਰਦੇ ਮਿਲ ਜਾਂਦੇ ਹਨ। ਇਹ ਅਵਾਰਾ ਗਊਆਂ ਅਤੇ ਸਾਨ੍ਹ ਲੋਕਾਂ ਦੀ ਜਾਨ ਦਾ ਖੌਅ ਬਣੇ ਸੜਕਾਂ, ਖੇਤਾਂ ਵਿਚ ਤੁਰੇ ਫਿਰਦੇ ਹਨ। ਇਹ ਅਵਾਰਾ ਗਾਇਤ੍ਰੀਆਂ ਅਤੇ ਗਾਇਤ੍ਰੀਆਂ ਦੇ ਬੱਚੇ ਨਾ ਸਿਰਫ ਸੜਕਾਂ 'ਤੇ ਹਾਦਸਿਆਂ ਦਾ ਕਾਰਨ ਬਣਦੇ ਹਨ ਬਲਕਿ ਕਈ ਵਾਰ ਭੂਤਰੇ ਹੋਏ ਸਾਹਮਣੇ ਆਉਣ ਵਾਲੇ ਜਾਂ ਖੇਤਾਂ ਵਿਚ ਕੰਮ ਕਰ ਰਹੇ ਲੋਕਾਂ 'ਤੇ ਵਾਰ ਵੀ ਕਰਦੇ ਹਨ।

ਆਪਣੀ ਭਾਰਤ ਫੇਰੀ ਸਮੇਂ ਜਦੋਂ ਮੈਂ ਸਮਰਾਲੇ ਗਈ ਤਾਂ ਮੈਨੂੰ ਬਹੁਤ ਸਾਰੀਆਂ ਅਜਿਹੀਆਂ ਕਹਾਣੀਆਂ ਦਾ ਪਤਾ ਲੱਗਾ। ਸਮਰਾਲੇ ਦੇ ਨੇੜੇ ਇੱਕ ਪਿੰਡ ਵਿਚ ਭੂਤਰੇ ਸਾਨ੍ਹ ਨੇ ਇੱਕ ਬੰਦੇ 'ਤੇ ਹਮਲਾ ਕਰ ਦਿੱਤਾ। ਉਸ ਦੀ ਜਾਨ ਤਾਂ ਬਚ ਗਈ ਪਰ ਉਹ ਏਨਾ ਜ਼ਿਆਦਾ ਜ਼ਖਮੀ ਹੋ ਗਿਆ ਕਿ ਹੁਣ ਤੱਕ ਇਲਾਜ 'ਤੇ ਉਸ ਦੇ ਇੱਕ ਲੱਖ ਤੋਂ ਵੀ ਜ਼ਿਆਦਾ ਪੈਸੇ ਖਰਚ ਹੋ ਚੁੱਕੇ ਹਨ ਪਰ ਉਹ ਠੀਕ ਨਹੀਂ ਹੋ ਰਿਹਾ ਅਤੇ ਮੰਜੇ ਨਾਲ ਮੰਜਾ ਹੋਇਆ ਪਿਆ ਹੈ। ਅਜਿਹੇ ਅਨੇਕਾਂ ਹਾਦਸੇ ਹਰ ਰੋਜ਼ ਪਿੰਡਾਂ ਸ਼ਹਿਰਾਂ ਵਿਚ ਵਾਪਰ ਰਹੇ ਹਨ ਅਤੇ ਲੋਕਾਂ ਦੀਆਂ ਜਾਨਾਂ ਜਾ ਰਹੀਆਂ ਹਨ। ਕਿਸਾਨ ਜੋ ਪਹਿਲਾਂ ਹੀ ਸਰਕਾਰ ਦੀਆਂ ਕਿਸਾਨ-ਵਿਰੋਧੀ ਨੀਤੀਆਂ ਅਤੇ ਬੇਮੌਸਮੀ ਬਾਰਿਸ਼ ਕਾਰਨ ਦਿਨੋ-ਦਿਨ ਕਰਜਾਈ ਹੋ ਰਿਹਾ ਹੈ ਅਤੇ ਖੁਦਕਸ਼ੀਆਂ ਦੇ ਰਾਹ ਪੈ ਚੁੱਕਾ ਹੈ, ਇਨ੍ਹਾਂ ਅਵਾਰਾ ਗਊਆਂ ਕਾਰਨ ਆਪਣਾ ਬਹੁਤ ਜ਼ਿਆਦਾ ਫਸਲੀ ਨੁਕਸਾਨ ਝੱਲ ਰਿਹਾ ਹੈ।

ਅਨੰਦਪੁਰ ਸਾਹਿਬ ਤੋਂ ਫਤਿਹਗੜ੍ਹ ਸਾਹਿਬ ਦੇ ਰਸਤੇ ਪਟਿਆਲੇ ਨੂੰ ਵਾਪਸ ਆਉਂਦਿਆਂ ਇੱਕ ਥਾਂ ਸੜਕ 'ਤੇ ਬੜਾ ਅਜੀਬ ਨੋਟਿਸ ਦੇਖਿਆ। ਵੱਡੇ ਸਾਰੇ ਬੋਰਡ 'ਤੇ ਲਿਖਿਆ ਹੋਇਆ ਸੀ, "ਇਥੇ ਸਾਵਧਾਨ ਰਹਿਣਾ। ਇਸ ਸੜਕ 'ਤੇ ਕਈ ਵਾਰ ਨੀਲ ਗਊਆਂ ਅਚਾਨਕ ਹਮਲਾ ਕਰ ਦਿੰਦੀਆਂ ਹਨ।" ਕਾਫੀ ਸਮਾਂ ਹੋਇਆ ਇੱਕ ਵਾਰ ਅਖਬਾਰ ਵਿਚ ਖਬਰ ਪੜ੍ਹੀ ਸੀ ਕਿ ਸੰਗਰੂਰ ਦੇ ਇਲਾਕੇ ਵਿਚ ਕਿਸਾਨ ਨੀਲ ਗਊਆਂ ਵੱਲੋਂ ਵੱਡੀ ਪੱਧਰ 'ਤੇ ਫਸਲ ਉਜਾੜੇ ਜਾਣ ਤੋਂ ਬਹੁਤ ਔਖੇ ਰਹਿੰਦੇ ਹਨ। ਨੀਲ ਗਊਆਂ ਵੱਡੇ ਵੱਡੇ ਝੁੰਡਾਂ ਦੇ ਰੂਪ ਵਿਚ ਬੀਜੀਆਂ ਫਸਲਾਂ 'ਤੇ ਹਮਲਾ ਕਰ ਦਿੰਦੀਆਂ ਹਨ ਜਿਨ੍ਹਾਂ ਨੂੰ ਖੇਤ ਵਿਚੋਂ ਕੱਢਣਾ ਮੁਸ਼ਕਿਲ ਹੋ ਜਾਂਦਾ ਹੈ। ਕਿਸਾਨ ਵਿਚਾਰਾ ਹੱਥ ਮਲਦਾ ਰਹਿ ਜਾਂਦਾ ਹੈ।

ਅਸੀਂ ਕਾਰ ਵਿਚ ਪਿੰਡ ਕੰਮੋਕੇ ਤੋਂ ਬਾਬੇ ਬਕਾਲੇ ਵੱਲ ਜਾ ਰਹੇ ਸੀ। ਸਾਹਮਣਿਓਂ ਦੋ ਕੁ ਮੀਲ ਲੰਬਾ ਅਤੇ ਸੜਕ 'ਤੇ ਦੋਵੇਂ ਪਾਸੇ ਬੀਜੇ ਝੋਨੇ ਵਿਚ ਅੱਧਾ-ਅੱਧਾ ਏਕੜ ਤੱਕ ਗਾਹ ਪਾਉਂਦਾ ਵੱਗ ਆ ਰਿਹਾ ਸੀ ਜਿਸ ਨੂੰ ਅੱਗੇ-ਪਿੱਛੇ ਅਤੇ ਆਸ ਪਾਸ ਤੋਂ ਡਾਂਗ-ਧਾਰੀ ਹੱਟੇ ਕੱਟੇ ਸ਼ਕਲ ਤੋਂ ਸਿੱਖੀ ਸਰੂਪ ਵਿਚ ਨਜ਼ਰ ਆਉਂਦੇ ਬੰਦੇ ਲਈ ਆ ਰਹੇ ਸਨ। ਅਸੀਂ ਗੱਡੀ ਦੇ ਸ਼ੀਸ਼ੇ ਬੰਦ ਕਰ ਲਏ ਅਤੇ ਸਾਰਾ ਸਮਾਂ ਇਹੀ ਡਰ ਲੱਗਦਾ ਰਿਹਾ ਕਿ ਪਤਾ ਨਹੀਂ ਗੱਡੀ ਵਿਚ ਕਿੰਨੇ ਕੁ ਡੈਂਟ ਪਏ ਹੋਣਗੇ ਅਤੇ ਨਾਲ ਹੀ ਮਨ ਵਿਚ ਉਨ੍ਹਾਂ ਦੇ ਹੌਕੇ ਮਹਿਸੂਸ ਹੋ ਰਹੇ ਸੀ ਜਿਨ੍ਹਾਂ ਦੀ ਝੋਨੇ ਦੀ ਫਸਲ ਉਜੜ ਰਹੀ ਸੀ। ਸਾਡੇ ਅੱਗੇ ਇੱਕ ਬਜ਼ੁਰਗ ਆਪਣੀ ਧੀ ਨੂੰ ਮੋਟਰ ਸਾਈਕਲ 'ਤੇ ਬਿਠਾਈ ਜਾ ਰਿਹਾ ਸੀ ਅਤੇ ਉਹ ਖੜ੍ਹ ਕੇ ਵੱਗ ਦੇ ਤੁਰ ਜਾਣ ਦਾ ਇੰਤਜ਼ਾਰ ਕਰਨ ਲੱਗੇ। ਜਦੋਂ ਵੀ ਪਸ਼ੂ ਆਪਣੇ ਸਿੰਗ ਹਿਲਾਉਂਦੇ ਕੋਲੋਂ ਦੀ ਗੁਜ਼ਰਦੇ ਕੁੜੀ ਦੇ ਚਿਹਰੇ 'ਤੇ ਖੌਫ ਉਭਰ ਆਉਂਦਾ ਅਤੇ ਸਾਨੂੰ ਕਾਰ ਵਿਚ ਬੈਠਿਆਂ ਨੂੰ ਵੀ ਉਸ ਕੁੜੀ ਅਤੇ ਉਸ ਦੇ ਬਾਪ ਲਈ ਡਰ ਲੱਗ ਰਿਹਾ ਸੀ। ਵੱਗ ਸਾਡੇ ਸਾਹਮਣੇ ਤੋਂ ਆ ਰਿਹਾ ਸੀ ਅਤੇ ਗੁਜ਼ਰਨ ਲਈ ਪੂਰੇ ਦੋ ਘੰਟੇ ਲੱਗ ਗਏ। ਅਸੀਂ ਫਸ ਚੁੱਕੇ ਸੀ ਪਰ ਸਾਡੇ ਪਿੱਛੇ ਆਉਣ ਵਾਲਿਆਂ ਨੇ ਪਹਿਲਾਂ ਹੀ ਬੁਤਾਲੇ ਤੋਂ ਰਸਤਾ ਬਦਲ ਲਿਆ ਸੀ। ਵੱਗ ਦੇ ਪਿੱਛੇ ਆਉਣ ਵਾਲੇ ਵਾਹਨਾਂ ਦੀ ਲੰਬੀ ਕਤਾਰ ਸੜਕ 'ਤੇ ਲੱਗ ਗਈ ਸੀ। ਵੱਗ ਲੰਘ ਜਾਣ ਤੇ ਮੈਂ ਸ਼ੁਕਰ ਕੀਤਾ ਤਾਂ ਮੇਰਾ ਭਤੀਜਾ ਬੋਲਿਆ, "ਭੂਆ ਜੀ! ਆਪਾਂ ਨੂੰ ਤਾਂ ਵੱਗ ਨੇ ਕਰਾਸ ਕੀਤਾ ਹੈ। ਉਨ੍ਹਾਂ ਵਿਚਾਰਿਆਂ ਬਾਰੇ ਸੋਚੋ ਜਿਨ੍ਹਾਂ ਨੂੰ ਇਸ ਵੱਗ ਦੇ ਮਗਰ ਪਤਾ ਨਹੀਂ ਕਿੱਥੋਂ ਤੱਕ ਜਾਣਾ ਪੈਣਾ ਹੈ!" ਉਸ ਦਾ ਇਸ਼ਾਰਾ ਵੱਗ ਦੇ ਪਿੱਛੇ ਜਾਮ ਹੋ ਚੁੱਕੇ ਟਰੈਫਿਕ ਵੱਲ ਸੀ।

ਹਿੰਦੁਸਤਾਨ ਅਜਿਹਾ ਮੁਲਕ ਹੈ ਜਿੱਥੇ ਇਨਸਾਨ ਦੀ ਜਾਨ ਨਾਲੋਂ ਗਊ ਵਰਗਾ ਪਸ਼ੂ ਵੱਧ ਪਵਿੱਤਰ ਮੰਨਿਆ ਜਾਂਦਾ ਹੈ, ਜਿਸ ਦੀ ਅਹਿਮੀਅਤ ਇਨਸਾਨੀ ਜ਼ਿੰਦਗੀ ਨਾਲੋਂ ਜ਼ਿਆਦਾ ਹੈ। ਇਹੀ ਕਾਰਨ ਹੈ ਕਿ ਆਰ.ਐਸ.ਐਸ. ਅਤੇ ਬੀ.ਜੇ.ਪੀ. ਦੇ ਭੂਤਰੇ ਹੋਏ ਕਾਰਕੁੰਨ ਅਵਾਰਾ ਗਊਆਂ ਜਾਂ ਲੋਕਾਂ ਵੱਲੋਂ ਮੰਡੀਆਂ ਵਿਚ ਵੇਚੀਆਂ ਗਊਆਂ ਦੇ ਭਰੇ ਹੋਏ ਟਰੱਕ ਅੱਗ ਲਾ ਕੇ ਸਾੜ ਦਿੰਦੇ ਹਨ ਅਤੇ ਟਰੱਕ-ਡਰਾਈਵਰਾਂ ਨੂੰ ਕੁਟਾਪਾ ਚਾੜ੍ਹਦੇ ਹਨ। ਇਹ ਆਮ ਜਿਹੀ ਗੱਲ ਹੈ ਜੋ ਪੰਜਾਬ ਵਿਚ ਗਾਹੇ-ਵਗਾਹੇ ਵਾਪਰਦੀ ਰਹਿੰਦੀ ਹੈ।

ਕਿਸਾਨ ਮੁਲਕ ਦਾ ਅੰਨ-ਦਾਤਾ ਹੈ। ਪੰਜਾਬ ਦੇ ਕਿਸਾਨ ਨੇ ਹਿੰਦੁਸਤਾਨ ਨੂੰ ਭੁੱਖ-ਮਰੀ ਵਿਚੋਂ ਕੱਢਿਆ ਪਰ ਅੱਜ ਉਹ ਅੰਨ-ਦਾਤਾ ਆਪ ਤਬਾਹੀ ਦੇ ਕੰਢੇ 'ਤੇ ਪਹੁੰਚ ਗਿਆ ਹੈ। ਵਰਣ-ਆਸ਼ਰਮ ਵੰਡ ਕਰਕੇ ਹਿੰਦੂ ਧਰਮ ਦੀਆਂ ਉਚੀਆਂ ਜਾਤਾਂ ਮੁੱਢ ਤੋਂ ਹੀ ਕਿਰਤ ਅਤੇ ਕਿਰਤੀ ਦੇ ਖਿਲਾਫ ਹਨ। ਵੈਸ਼ ਅਤੇ ਸ਼ੂਦਰ ਨੂੰ ਉਨ੍ਹਾਂ ਨੇ ਸਮਾਜਿਕ ਵੰਡ ਵਿਚ ਸਭ ਤੋਂ ਥੱਲੇ ਰੱਖਿਆ ਹੈ ਅਤੇ ਇਸ ਕਿਰਤ ਅਤੇ ਕਿਰਤੀ ਵਿਰੋਧੀ ਰਵੱਈਏ ਨੂੰ ਆਰ.ਐਸ.ਐਸ. ਅਤੇ ਬੀ.ਜੇ.ਪੀ. ਦੇ ਰੂਪ ਵਿਚ ਨਵੀਆਂ ਨੀਤੀਆਂ ਅਤੇ ਨਵੇਂ ਢੰਗਾਂ ਨਾਲ ਉਭਾਰਿਆ ਜਾ ਰਿਹਾ ਹੈ।

*To Advertise with Punjab Times*
***Call: 847-359-0746***

# ਤੁਝ ਬਿਨੁ ਕਵਨੁ ਹਮਾਰਾ

ਗੁਰਬਾਣੀ ਗਿਆਨ

**ਗਉੜੀ ਮਹਲਾ ੫**
ਤੁਝ ਬਿਨੁ ਕਵਨੁ ਹਮਾਰਾ॥
ਮੇਰੇ ਪ੍ਰੀਤਮ ਪ੍ਰਾਨ ਅਧਾਰਾ॥੧॥ ਰਹਾਉ॥
ਅੰਤਰ ਕੀ ਬਿਧਿ ਤੁਮ ਹੀ ਜਾਨੀ
ਤੁਮ ਹੀ ਸਜਨ ਸੁਹੇਲੇ॥
ਸਰਬ ਸੁਖਾ ਮੈ ਤੁਝ ਤੇ ਪਾਏ
ਮੇਰੇ ਠਾਕੁਰ ਅਗਹ ਅਤੋਲੇ॥੧॥
ਬਰਨਿ ਨ ਸਾਕਉ ਤੁਮਰੇ ਰੰਗਾ
ਗੁਣ ਨਿਧਾਨ ਸੁਖਦਾਤੇ॥
ਅਗਮ ਅਗੋਚਰ ਪ੍ਰਭ ਅਬਿਨਾਸੀ
ਪੂਰੇ ਗੁਰ ਤੇ ਜਾਤੇ॥੨॥
ਭ੍ਰਮੁ ਭਉ ਕਾਟਿ ਕੀਏ ਨਿਹਕੇਵਲ
ਜਬ ਤੇ ਹਉਮੈ ਮਾਰੀ॥
ਜਨਮ ਮਰਣ ਕੋ ਚੂਕੋ ਸਹਸਾ
ਸਾਧਸੰਗਤਿ ਦਰਸਾਰੀ॥੩॥
ਚਰਣ ਪਖਾਰਿ ਕਰਉ ਗੁਰ ਸੇਵਾ
ਬਾਰਿ ਜਾਉ ਲਖ ਬਰੀਆ॥
ਜਿਹ ਪ੍ਰਸਾਦਿ ਇਹੁ ਭਉਜਲੁ ਤਰਿਆ
ਜਨ ਨਾਨਕ ਪ੍ਰਿਅ ਸੰਗਿ ਮਿਰੀਆ॥੪॥

ਪੰਜਵੇਂ ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਉਸ ਮਿਹਰਵਾਨ ਪ੍ਰਭੂ ਦੇ ਚਰਨਾਂ ਵਿਚ ਅਰਦਾਸ ਕਰਦੇ ਹੋਏ ਸਾਨੂੰ ਕਲਜੁਗੀ ਜੀਵਾਂ ਨੂੰ ਉਪਦੇਸ਼ ਕਰਦੇ ਹਨ ਕਿ ਅਰਦਾਸ ਕਿਵੇਂ ਕਰਨੀ ਹੈ; ਤੁਝ ਬਿਨੁ ਕਵਨੁ ਹਮਾਰਾ, ਹੇ ਸੰਸਾਰ ਦੇ ਰਚਨਹਾਰ ਮਾਲਕ ਤੇ ਪ੍ਰਤਿਪਾਲਕ ਪ੍ਰਭੂ ਜੀਉ! ਤੈਥੋਂ ਬਿਨਾਂ ਸਾਡਾ ਹੋਰ ਕੌਣ ਸਹਾਰਾ ਹੈ; ਮੇਰੇ ਪ੍ਰੀਤਮ ਪ੍ਰਾਨ ਅਧਾਰਾ, ਹੇ ਪ੍ਰਭੂ ਜੀਉ! ਤੂੰ ਹੀ ਤਾਂ ਸਾਡੀ ਗਰੀਬਾਂ ਦੀ ਜਿੰਦ-ਜਾਨ ਦਾ ਆਸਰਾ ਹੈਂ, ਸਹਾਰਾ ਹੈਂ।

ਅੰਤਰ ਕੀ ਬਿਧਿ ਤੁਮ ਹੀ ਜਾਨੀ
ਤੁਮ ਹੀ ਸਜਨ ਸੁਹੇਲੇ॥
ਸਰਬ ਸੁਖਾ ਮੈ ਤੁਝ ਤੇ ਪਾਏ
ਮੇਰੇ ਠਾਕੁਰ ਅਗਹ ਅਤੋਲੇ॥੧॥

ਗੁਰਦੇਵ ਪਿਤਾ ਜੀ ਆਖਦੇ ਹਨ- ਹੇ ਮੇਰੇ ਪ੍ਰਾਣਾਂ ਦੇ ਆਧਾਰ ਮਿਹਰਵਾਨ ਪ੍ਰੀਤਮ ਜੀਉ, ਮੇਰੇ ਅੰਦਰ ਦੀ ਹਾਲਤ ਤਾਂ ਤੂੰ ਜਾਣਦਾ ਹੈਂ; ਤੁਮ ਹੀ ਸਜਨ ਸੁਹੇਲੇ, ਹੇ ਮੇਰੇ ਪ੍ਰਭੂ ਜੀਉ! ਤੂੰ ਹੀ ਤਾਂ ਮੇਰਾ ਸੱਜਣ ਹੈਂ ਤੇ ਤੂੰ ਹੀ ਮੈਨੂੰ ਸਾਰੇ ਸੁੱਖ ਦੇਣ ਵਾਲਾ ਹੈਂ, ਹੇ ਮੇਰੇ ਅਥਾਹ ਤੇ ਸਦਾ ਹੀ ਅਡੋਲ ਰਹਿਣ ਵਾਲੇ ਠਾਕੁਰ ਜੀਉ; ਸਰਬ ਸੁਖਾ ਮੈ ਤੁਝ ਤੇ ਪਾਏ, ਪ੍ਰਭੂ ਜੀਉ! ਮੈਂ ਸਾਰੇ ਸੁੱਖ ਤਾਂ ਤੇਰੇ ਕੋਲੋਂ ਹੀ ਪ੍ਰਾਪਤ ਕੀਤੇ ਹਨ; ਮੇਰੇ ਠਾਕੁਰ ਅਗਹ ਅਤੋਲ, ਹੇ ਮੇਰੇ ਮਾਲਕ ਜੀਉ! ਤੇਰੇ ਚਰਨਾਂ ਵਿਚ ਜੁੜ ਕੇ ਮੈਨੂੰ ਅਨੰਦ ਪ੍ਰਾਪਤ ਹੋਇਆ ਹੈ।

ਬਰਨਿ ਨ ਸਾਕਉ ਤੁਮਰੇ ਰੰਗਾ
ਗੁਣ ਨਿਧਾਨ ਸੁਖਦਾਤੇ॥
ਅਗਮ ਅਗੋਚਰ ਪ੍ਰਭ ਅਬਿਨਾਸੀ
ਪੂਰੇ ਗੁਰ ਤੇ ਜਾਤੇ॥੨॥

ਹੇ ਮੇਰੇ ਮਿਹਰਵਾਨ ਪ੍ਰਭੂ ਜੀਉ! ਭਲਾ ਮੈਂ ਤੇਰੀ ਰਹਿਮਤ ਨੂੰ ਵਰਨਣ ਕਿਵੇਂ ਕਰ ਸਕਦਾ ਹਾਂ; ਗੁਣ ਨਿਧਾਨ ਸੁਖਦਾਤੇ, ਹੇ ਮੇਰੇ ਪ੍ਰੀਤਮ! ਆਪ ਤਾਂ ਗੁਣਾਂ ਦੇ ਖਜ਼ਾਨੇ ਹੋ ਤੇ ਇਸ ਸਾਰੀ ਸ੍ਰਿਸ਼ਟੀ ਨੂੰ ਸੁੱਖ ਦੇਣ ਵਾਲੇ ਹੋ, ਸਭ ਤੋਂ ਵੱਡੇ ਦਾਤੇ ਹੋ; ਅਗਮ ਅਗੋਚਰ ਪ੍ਰਭ ਅਬਿਨਾਸੀ, ਅਗਮ ਭਾਵ ਪਹੁੰਚ ਤੋਂ ਪਰੇ ਅਪਹੁੰਚ ਪ੍ਰਭੂ, ਅਗੋਚਰ ਇੰਦਰੀਆਂ ਦੀ ਪਹੁੰਚ ਤੋਂ ਪਰੇ ਪ੍ਰਭੂ, ਹੇ ਮੇਰੇ ਅਬਿਨਾਸੀ ਪ੍ਰਭੂ ਜੀਉ; ਪੂਰੇ ਗੁਰ ਤੇ ਜਾਤੇ, ਪੂਰੇ ਗੁਰੂ ਦੀ ਮਿਹਰ ਸਦਕਾ ਹੀ ਤੇਰੇ ਨਾਲ ਸਾਂਝ ਪੈ ਸਕਦੀ ਹੈ।

ਭ੍ਰਮੁ ਭਉ ਕਾਟਿ ਕੀਏ ਨਿਹਕੇਵਲ
ਜਬ ਤੇ ਹਉਮੈ ਮਾਰੀ॥
ਜਨਮ ਮਰਣ ਕੋ ਚੂਕੋ ਸਹਸਾ
ਸਾਧਸੰਗਤਿ ਦਰਸਾਰੀ॥੩॥

ਗੁਰਦੇਵ ਜੀ ਆਖਦੇ ਹਨ- ਭ੍ਰਮੁ ਭਉ ਕਾਟਿ ਕੀਏ ਨਿਹਕੇਵਲ, ਜਿਹੜੇ ਵਡਭਾਗੇ ਜੀਵ ਗੁਰੂ ਦੀ ਸ਼ਰਨ ਪੈ ਜਾਂਦੇ ਹਨ; ਤੇ ਗੁਰੂ ਦੀ ਸ਼ਰਨ ਵਿਚ ਆ ਕੇ ਆਪਣੇ ਅੰਦਰੋਂ ਹਉਮੈ ਨੂੰ ਖਤਮ ਕਰ ਦਿੰਦੇ ਹਨ, ਫਿਰ ਗੁਰੂ ਉਨ੍ਹਾਂ ਦੀ ਭਟਕਣਾ ਤੇ ਸਾਰੇ ਡਰ-ਭੈਅ ਦੂਰ ਕਰ ਕੇ ਉਨ੍ਹਾਂ ਜੀਵਾਂ ਨੂੰ ਉਚੇ-ਸੁੱਚੇ ਪਵਿੱਤਰ ਜੀਵਨ ਵਾਲੇ ਬਣਾ ਦਿੰਦਾ ਹੈ; ਸਾਧਸੰਗਤਿ ਦਰਸਾਰੀ, ਭਾਈ ਸਾਧ ਸੰਗਤਿ ਵਿਚ ਬੈਠ ਕੇ ਗੁਰੂ ਦੇ ਦਰਸ਼ਨਾਂ ਦੀ ਬਖ਼ਸ਼ਸ਼ ਸਦਕਾ ਜਨਮ-ਮਰਨ ਦਾ ਸਹਸਾ ਵੀ ਮੁੱਕ ਜਾਂਦਾ ਹੈ।

ਚਰਣ ਪਖਾਰਿ ਕਰਉ ਗੁਰ ਸੇਵਾ
ਬਾਰਿ ਜਾਉ ਲਖ ਬਰੀਆ॥
ਜਿਹ ਪ੍ਰਸਾਦਿ ਇਹੁ ਭਉਜਲੁ ਤਰਿਆ
ਜਨ ਨਾਨਕ ਪ੍ਰਿਅ ਸੰਗਿ ਮਿਰੀਆ॥੪॥

ਸ਼ਬਦ ਦੇ ਅਖੀਰ ਵਿਚ ਗੁਰਦੇਵ ਪਾਤਸ਼ਾਹ ਜੀ ਆਖ ਰਹੇ ਹਨ- ਚਰਣ ਪਖਾਰਿ ਕਰਉ ਗੁਰ ਸੇਵਾ, ਹੇ ਭਾਈ! ਮੈਂ ਆਪਣੇ ਗੁਰੂ ਦੇ ਚਰਨਾਂ ਨੂੰ ਧੋਂਦਾ ਹਾਂ ਤੇ ਆਪਣੇ ਗੁਰੂ ਦੀ ਸੇਵਾ ਕਰਦਾ ਹਾਂ; ਬਾਰਿ ਜਾਉ ਲਖ ਬਰੀਆ, ਹੇ ਭਾਈ! ਮੈਂ ਆਪਣੇ ਗੁਰੂ ਜੀ ਤੋਂ ਲੱਖ ਲੱਖ ਵਾਰੀ ਵਾਰੇ ਤੇ ਬਲਿਹਾਰੇ ਜਾਂਦਾ ਹਾਂ; ਜਿਹ ਪ੍ਰਸਾਦਿ ਇਹੁ ਭਉਜਲੁ ਤਰਿਆ, ਹੇ ਭਾਈ! ਇਹ ਨਾਨਕ ਆਖਦਾ ਹੈ, ਜਿਸ ਗੁਰੂ ਦੀ ਕ੍ਰਿਪਾ ਨਾਲ ਇਸ ਸੰਸਾਰ ਸਮੁੰਦਰ ਤੋਂ ਪਾਰ ਲੰਘ ਸਕੀਦਾ ਹੈ ਤੇ ਪ੍ਰਭੂ ਪ੍ਰੀਤਮ ਨਾਲ ਵੀ ਮਿਲ ਸਕੀਦਾ ਹੈ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

## ਵਿਚਾਰ-ਚਰਚਾ

# ਸਿੱਖਾਂ ਨੂੰ 'ਜ਼ਰਾਇਮ ਪੇਸ਼ਾ' ਕਰਾਰ ਦਿੱਤੇ ਜਾਣ ਦੀ ਹਕੀਕਤ

***ਸਰਕਾਰ ਵਲੋਂ ਸਿੱਖਾਂ ਨੂੰ 'ਜ਼ਰਾਇਮ ਪੇਸ਼ਾ' ਕਰਾਰ ਦਿਤੇ ਜਾਣ ਦਾ ਮਾਮਲਾ ਆਜ਼ਾਦੀ ਸਮੇਂ ਤੋਂ ਹੀ ਸਿੱਖ ਹਲਕਿਆਂ ਵਿਚ ਬਹੁਤ ਹੀ ਸੰਵੇਦਨਸ਼ੀਲ ਮੁੱਦਾ ਰਿਹਾ ਹੈ ਅਤੇ ਆਮ ਸਿੱਖ ਇਸ ਮਾਮਲੇ 'ਤੇ ਭਾਵੁਕ ਵੀ ਹਨ। ਇਸ ਮਾਮਲੇ ਨੂੰ ਛੇੜ ਕੇ ਸਿੱਖਾਂ ਦੀਆਂ ਭਾਵਨਾਵਾਂ ਦਾ ਲਾਭ ਉਠਾਉਣ ਦੀ ਸਿਆਸਤਦਾਨਾਂ ਅਤੇ ਵਿਚਾਰਵਾਨਾਂ ਵਲੋਂ ਕੋਸ਼ਿਸ਼ ਵੀ ਹੁੰਦੀ ਰਹੀ ਹੈ। ਸੰਵੇਦਨਸ਼ੀਲ ਮੁੱਦਾ ਹੋਣ ਕਰਕੇ ਆਮ ਵਿਦਵਾਨਾਂ ਨੇ ਇਸ ਬਾਰੇ ਸਹੀ ਤੱਥ ਪਤਾ ਲਾਉਣ ਦੀ ਕੋਸ਼ਿਸ਼ ਤੋਂ ਵੀ ਕਿਨਾਰਾ ਹੀ ਕਰੀ ਰਖਿਆ ਹੈ। ਇਸ ਲੇਖ ਵਿਚ ਸ. ਹਜਾਰਾ ਸਿੰਘ ਨੇ ਬਾ-ਦਲੀਲ ਤਰੀਕੇ ਨਾਲ ਅਸਲ ਤੱਥ ਉਜਾਗਰ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਤੋਂ ਪਹਿਲਾਂ ਨਾਨਕਸ਼ਾਹੀ ਕੈਲੰਡਰ, ਸੰਵਿਧਾਨ ਦੀ ਧਾਰਾ 25 ਅਤੇ 'ਰੈਫਰੈਂਡਮ 2020' ਮੁੱਦਿਆਂ 'ਤੇ ਉਨ੍ਹਾਂ ਦੇ ਲੇਖ 'ਪੰਜਾਬ ਟਾਈਮਜ਼' ਦੇ ਪਾਠਕ ਪੜ੍ਹ ਚੁਕੇ ਹਨ। ਉਨ੍ਹਾਂ ਦੀਆਂ ਲਿਖਤਾਂ ਨਾਲ ਸਹਿਮਤ ਹੋਈਏ ਜਾਂ ਨਾ, ਗੱਲ ਉਨ੍ਹਾਂ ਹਮੇਸ਼ਾਂ ਦਲੀਲ ਨਾਲ ਕੀਤੀ ਹੈ। ਇਕ ਵਾਰ ਫੇਰ ਦੋਹਰਾ ਦਈਏ ਕਿ ਸਾਡਾ ਉਨ੍ਹਾਂ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜਰੂਰੀ ਨਹੀਂ। ਇਹ ਲੇਖ ਵਿਚਾਰ ਚਰਚਾ ਦੇ ਮਨੋਰਥ ਨਾਲ ਛਾਪਿਆ ਜਾ ਰਿਹਾ ਹੈ ਅਤੇ ਇਸ ਮੁੱਦੇ 'ਤੇ ਆਏ ਹੋਰ ਵਿਚਾਰਾਂ ਨੂੰ ਵੀ ਬਣਦੀ ਥਾਂ ਦਿਤੀ ਜਾਵੇਗੀ।-ਸੰਪਾਦਕ***

ਦੇਸ਼ ਵਿਦੇਸ਼ ਦੇ ਸਿੱਖ ਆਗੂਆਂ ਨੇ ਆਪਣੀਆਂ ਤਕਰੀਰਾਂ ਕਰਾਰੀਆਂ ਕਰਨ ਲਈ ਜਿਸ ਕਥਨ ਦੀ ਸਭ ਤੋਂ ਜ਼ਿਆਦਾ ਦੁਰਵਰਤੋਂ ਕੀਤੀ, ਉਹ ਹੈ ਸਿੱਖਾਂ ਨੂੰ 'ਜ਼ਰਾਇਮ ਪੇਸ਼ਾ' ਕਰਾਰ ਦਿੱਤੇ ਜਾਣ ਵਾਲਾ ਕਥਨ। ਇਸ ਕਥਨ ਦੀ ਬੇਦਰੇਗ ਵਰਤੋਂ ਕਰਨ ਵਾਲਿਆਂ ਵਿਚ ਹਰ ਵੰਨਗੀ ਦੇ ਅਕਾਲੀ, ਖਾੜਕੂ ਆਗੂ, ਸਿੱਖ ਬੁੱਧੀਜੀਵੀ, ਕਥਾਕਾਰ, ਸਿੱਖਾਂ ਨੂੰ ਸੇਧ ਦੇਣ ਵਾਲੇ ਲੇਖਕ, ਸਿੱਖ ਜਥੇਬੰਦੀ 'ਸਿੱਖਸ ਫਾਰ ਜਸਟਿਸ' ਦੇ ਕਾਰਕੁਨ ਆਦਿ ਸਭ ਸ਼ਾਮਲ ਹਨ। ਇਸ ਕਥਨ ਨੂੰ ਸਿੱਖ ਮਾਨਸਿਕਤਾ ਵਿਚ ਇਕ ਇਤਿਹਾਸਕ ਪਰਮ ਸੱਚ ਵਜੋਂ ਉਤਾਰ ਦਿੱਤਾ ਗਿਆ ਹੈ। ਇਹ ਨੁਕਤਾ ਆਮ ਸਿੱਖਾਂ ਨੂੰ ਜਜ਼ਬਾਤੀ ਕਰਨ ਲਈ ਬੜਾ ਹੀ ਕਾਰਗਰ ਸਾਬਿਤ ਹੋਇਆ ਹੈ। ਇਸੇ ਕਰਕੇ ਇਸ ਨੁਕਤੇ 'ਤੇ ਲਹਿਰਾਂ ਖੜ੍ਹੀਆਂ ਕਰਨ ਦੇ ਯਤਨ ਹੋਏ, ਸਿਆਸਤ ਚਮਕਾਉਣ ਅਤੇ

**ਹਜ਼ਾਰਾ ਸਿੰਘ**
**ਮਿਸੀਸਾਗਾ, ਕੈਨੇਡਾ**
**ਫੋਨ: 905-795-3428**

ਚਲਦੀ ਰਖਣ ਲਈ ਇਸ ਦਾ ਇਸਤੇਮਾਲ ਕੀਤਾ ਗਿਆ, ਸਿੱਖਸ ਫਾਰ ਜਸਟਿਸ ਦੇ ਕਾਰਕੁਨ ਇਸ ਨੁਕਤੇ ਨੂੰ ਸੰਯੁਕਤ ਰਾਸ਼ਟਰ ਸੰਸਥਾ ਵਿਚ ਸਿੱਖਾਂ ਦੀ ਨਸਲਕੁਸ਼ੀ ਪ੍ਰਵਾਨ ਕਰਵਾਉਣ ਲਈ ਵਰਤਣ ਦੇ ਆਹਰ ਵਿਚ ਰਹੇ ਹਨ ਅਤੇ ਸਿੱਖ ਸਕਾਲਰ ਇਸ ਨੁਕਤੇ ਨੂੰ ਸਿੱਖਾਂ ਨਾਲ ਹੋਈਆਂ ਵਧੀਕੀਆਂ ਦਾ ਥੀਸਿਜ਼ ਬਣਾਉਣ ਲਈ ਠੁਮਣੇ ਵਜੋਂ ਵਰਤਦੇ ਆ ਰਹੇ ਹਨ। ਭਾਵੇਂ ਸਿੱਖਾਂ ਨੂੰ 'ਜ਼ਰਾਇਮ ਪੇਸ਼ਾ' ਕਰਾਰ ਦਿੱਤੇ ਜਾਣ ਵਾਲਾ ਕਥਨ ਇਤਿਹਾਸਕ ਤੱਥ ਨਹੀਂ ਹੈ ਫਿਰ ਵੀ ਇਸ ਮੁੱਦੇ ਵਿਚੋਂ ਜਿੰਨਾਂ ਚਿਰ ਕੋਈ ਨਾ ਕੋਈ ਸੁਆਰਥ ਨਿਕਲਦਾ ਹੈ ਉਨਾ ਚਿਰ ਇਸ ਨੂੰ ਕੋਈ ਵੀ ਛਡਦਾ ਨਜ਼ਰ ਨਹੀਂ ਆਉਂਦਾ। ਵੈਸੇ ਜੇਕਰ ਇਸ ਮੁੱਦੇ ਵਿਚੋਂ ਕੋਈ ਰਸ ਨਾ ਨਿਕਲਦਾ ਹੁੰਦਾ ਤਾਂ ਸਿੱਖ ਆਗੂਆਂ ਨੇ 'ਵਾਰਿਸਸ਼ਾਹ ਨਾ ਇਸ ਤੇ ਰਸ ਮਿੱਠਾ, ਇਹ ਕਾਠੇ ਕਮਾਦ ਦੀ ਗੱਠ ਹੈ ਨੀ' ਆਖ ਇਸ ਨੂੰ ਕਦੋਂ ਦਾ ਛੱਡ ਦੇਣਾ ਸੀ ਪਰ ਸਿੱਖ ਆਗੂਆਂ ਅਤੇ ਲਿਖਾਰੀਆਂ ਨੇ ਇਸ ਕਥਨ ਨੂੰ ਵਾਰ ਵਾਰ ਦੋਹਰਾ ਕੇ ਸਿੱਖ ਮਾਨਸਿਕਤਾ ਦਾ ਇੱਕ ਹਿੱਸਾ ਬਣਾ ਦਿੱਤਾ ਹੈ। ਉਂਜ ਤਾਂ ਇਸ ਕਥਨ ਦੀ ਦੁਰਵਰਤੋਂ ਕਾਫੀ ਲੰਬੇ ਸਮੇ ਤੋਂ ਕੀਤੀ ਜਾ ਰਹੀ ਹੈ ਪਰ 10 ਅਕਤੂਬਰ ਦੇ ਆਸ ਪਾਸ ਇਸ ਨੁਕਤੇ ਬਾਰੇ ਕਈ ਕੁੱਝ ਪੜ੍ਹਨ-ਸੁਣਨ ਨੂੰ ਮਿਲਦਾ ਹੈ। ਪਿਛਲੇ ਸਮੇਂ ਵਿਚ ਇਸ ਕਥਨ ਨੂੰ ਗੁਜਰਾਤ ਵਿਚ ਸਰਦਾਰ ਵਲਭ ਭਾਈ ਪਟੇਲ ਦੇ ਲੱਗਣ ਵਾਲੇ ਬੁਤ ਦਾ ਵਿਰੋਧ ਕਰਨ ਲਈ ਵਰਤਿਆ ਗਿਆ। ਬੁੱਤ ਦਾ ਵਿਰੋਧ ਕਰਨ ਵਾਲੇ ਸਿੱਖ ਬੁਧੀਜੀਵੀ ਦੋਸ਼ ਲਾ ਰਹੇ ਹਨ ਕਿ ਸਿੱਖਾਂ ਨੂੰ ਜ਼ਰਾਇਮ ਪੇਸ਼ਾ ਕਰਾਰ ਦੇਣ ਦਾ ਜ਼ਿੰਮੇਵਾਰ ਸਮੇਂ ਦਾ ਗ੍ਰਹਿ ਮੰਤਰੀ ਸਰਦਾਰ ਪਟੇਲ ਹੀ ਸੀ। ਪਰ ਹੈਰਾਨੀ ਦੀ ਗੱਲ ਇਹ ਹੈ ਕਿ ਸਿੱਖ ਬੁੱਧੀਜੀਵੀ ਅਜੇ ਤੱਕ ਇਹ ਵੀ ਤੈਅ ਨਹੀਂ ਕਰ ਸਕੇ ਕਿ ਇਹ ਅਖਾਉਤੀ ਸਰਕੂਲਰ ਭਾਰਤ ਸਰਕਾਰ ਨੇ ਜਾਰੀ ਕੀਤਾ ਸੀ ਜਾਂ ਪੰਜਾਬ ਸਰਕਾਰ ਨੇ। ਇਸ ਕਥਨ ਦੀ ਹਕੀਕਤ ਜਾਨਣ ਲਈ ਜਦ ਕੁਝ ਲਿਖਾਰੀਆਂ ਦੀਆਂ ਲਿਖਤਾਂ ਖੰਘਾਲੀਆਂ ਗਈਆਂ ਤਾਂ ਜੋ ਕੁਝ ਸਾਹਮਣੇ ਆਇਆ, ਆਓ ਵੇਖੀਏ ਕਿ ਉਹ ਕੀ ਹੈ?

9 ਅਤੇ 10 ਅਕਤੂਬਰ 2012 ਨੂੰ ਪੰਜਾਬ ਤੋਂ ਛਪਣ ਵਾਲੀਆਂ ਅਖ਼ਬਾਰਾਂ 'ਸਪੋਕਸਮੈਨ' ਅਤੇ 'ਪਹਿਰੇਦਾਰ' ਵਿਚ ਸਿੱਖਾਂ ਨੂੰ 'ਜ਼ਰਾਇਮ ਪੇਸ਼ਾ' ਕਰਾਰ ਦਿਤੇ ਜਾਣ ਵਾਲਾ ਕਥਨ ਪੜ੍ਹਨ ਨੂੰ ਮਿਲਿਆ। ਸਪੋਕਸਮੈਨ ਵਿਚ ਸਫਾ ਸੱਤ ਉਪਰ ਡਾ. ਹਰਜਿੰਦਰ ਸਿੰਘ ਦਿਲਗੀਰ ਨੇ ਲਿਖਿਆ, "ਪੰਜਾਬ ਦੇ ਗਵਰਨਰ ਚੰਦੂ ਲਾਲ ਤ੍ਰਿਵੇਦੀ ਨੇ 10 ਅਕਤੂਬਰ 1947 ਨੂੰ ਇੱਕ ਸਰਕੂਲਰ ਜਾਰੀ ਕੀਤਾ ਕਿ ਸਿੱਖ ਇਕ ਜ਼ਰਾਇਮ ਪੇਸ਼ਾ ਕੌਮ ਹਨ ਅਤੇ ਸੂਬੇ ਦੇ ਇਨਸਾਫ ਪਸੰਦ ਹਿੰਦੂਆਂ ਵਾਸਤੇ ਖਤਰਾ ਹਨ। ਡਿਪਟੀ ਕਮਿਸ਼ਨਰਾਂ ਨੂੰ ਇਨ੍ਹਾਂ (ਸਿੱਖਾਂ) ਖਿਲਾਫ ਖਾਸ ਕਦਮ ਉਠਾਉਣੇ ਚਾਹੀਦੇ ਹਨ।" ਇਸ ਤੋਂ ਅਗੇ ਉਹ ਲਿਖਦੇ ਹਨ, "ਸ਼ਰਮਨਾਕ ਗੱਲ ਇਹ ਸੀ ਕਿ ਇਹ ਸਰਕੂਲਰ ਜਾਰੀ ਕਰਨ ਵੇਲੇ ਪੰਜਾਬ ਦਾ ਗ੍ਰਹਿ ਮੰਤਰੀ ਸਵਰਨ ਸਿੰਘ (ਸ਼ੰਕਰ, ਜਲੰਧਰ) ਸੀ ਤੇ ਅਜਿਹੇ ਸਰਕੂਲਰ ਗ੍ਰਹਿ ਮੰਤਰਾਲਾ ਹੀ ਤਿਆਰ ਕਰਕੇ ਗਵਰਨਰ ਵਲੋਂ ਜਾਰੀ ਕਰਵਾਉਂਦਾ ਹੁੰਦਾ ਹੈ।"

ਇਸੇ ਸਰਕੂਲਰ ਬਾਰੇ 10 ਅਕਤੂਬਰ 2012 ਨੂੰ ਛਪੇ ਅਖ਼ਬਾਰ 'ਪਹਿਰੇਦਾਰ' ਦੇ ਸੰਪਾਦਕ ਸ. ਜਸਪਾਲ ਸਿੰਘ ਨੇ ਆਪਣੇ ਸੰਪਾਦਕੀ 'ਚ ਲਿਖਿਆ, "10 ਅਕਤੂਬਰ 1947 ਨੂੰ ਭਾਰਤ ਸਰਕਾਰ ਨੇ ਆਪਣੇ ਸਾਰੇ ਡਿਪਟੀ ਕਮਿਸ਼ਨਰਾਂ ਨੂੰ ਇਕ ਗਸ਼ਤੀ ਗੁਪਤ ਪੱਤਰ ਜਾਰੀ ਕੀਤਾ ਸੀ। ਇਸ ਨੀਤੀ ਪੱਤਰ ਰਾਹੀਂ ਸਾਰੇ ਡਿਪਟੀ ਕਮਿਸ਼ਨਰਾਂ ਨੂੰ ਹਦਾਇਤ ਕੀਤੀ ਗਈ ਸੀ, "ਸਮੁੱਚੇ ਤੌਰ 'ਤੇ ਸਿੱਖ ਜਮਾਂਦਰੂ ਫ਼ਸਾਦੀ ਅਤੇ ਜ਼ਰਾਇਮ ਪੇਸ਼ਾ ਲੋਕ ਹਨ। ਡਿਪਟੀ ਕਮਿਸ਼ਨਰ ਇਨ੍ਹਾਂ ਵਿਰੁਧ ਵਿਸ਼ੇਸ਼ ਸਾਧਨ ਅਪਨਾਉਣ।"

ਹੁਣ ਠੀਕ ਕਿਸ ਨੂੰ ਮੰਨੀਏ? ਡਾ. ਦਿਲਗੀਰ ਅਨੁਸਾਰ ਇਹ ਸਰਕੂਲਰ ਪੰਜਾਬ ਦੇ ਗ੍ਰਹਿ ਮੰਤਰੀ ਸਵਰਨ ਸਿੰਘ ਨੇ ਗਵਰਨਰ ਵਲੋਂ ਜਾਰੀ ਕਰਵਾਇਆ ਸੀ। ਪਰ 'ਪਹਿਰੇਦਾਰ' ਦੇ ਸੰਪਾਦਕ ਦੀ ਮੰਨੀਏ ਤਾਂ ਇਸ ਅਖਾਉਤੀ ਸਰਕੂਲਰ ਨੂੰ ਜਾਰੀ ਕਰਨ ਵਾਲੀ ਧਿਰ ਭਾਰਤ ਸਰਕਾਰ ਹੈ। ਸਾਬਤ ਹੁੰਦਾ ਹੈ ਕਿ ਹੈ ਕਿ ਸਿੱਖ ਬੁਧੀਜੀਵੀ ਅਜੇ ਇਹ ਰਾਏ ਵੀ ਨਹੀਂ ਬਣਾ ਸਕੇ ਕਿ ਇਸ ਸਰਕੂਲਰ ਦੇ ਦੋਸ਼ ਦਾ ਭਾਂਡਾ ਆਖਿਰ ਕਿਸ ਦੇ ਸਿਰ ਭੰਨਿਆ ਜਾਏ? ਹੋਰ ਹੈਰਾਨੀ ਦੀ ਗੱਲ ਹੈ ਕਿ ਆਪਣੇ ਜਨਮ ਤੋਂ ਬਾਰਾਂ ਦਿਨ ਪਹਿਲਾਂ ਜਾਰੀ ਹੋਏ ਇਸ ਸਰਕੂਲਰ ਬਾਰੇ ਡਾ. ਦਿਲਗੀਰ ਆਪਣੀਆਂ ਪਹਿਲੀਆਂ ਲਿਖਤਾਂ (ਦਾ ਸਿੱਖ ਰੈਫਰੈਂਸ ਬੁੱਕ, ਪੰਨਾ 681 ਸਮੇਤ) ਵਿਚ ਤਾਂ ਇਹ ਲਿਖਦੇ ਰਹੇ ਕਿ 10 ਅਕਤੂਬਰ 1947 ਨੂੰ ਸਿੱਖਾਂ ਨੂੰ 'ਲਾਅਲੈਸ ਪੀਪਲ' ਐਲਾਨਿਆ ਗਿਆ ਸੀ ਪਰ ਕੁਝ ਸਮੇਂ ਤੋਂ ਇਨ੍ਹਾਂ ਵੀ ਪ੍ਰਚਲਿਤ ਧਾਰਨਾ ਵਾਂਗ ਲਫਜ਼ 'ਜ਼ਰਾਇਮ ਪੇਸ਼ਾ' ਵਰਤਣਾ ਸ਼ੁਰੂ ਕਰ ਦਿਤਾ ਹੈ। 'ਲਾਅ ਲੈਸ ਪੀਪਲ' ਹੋਣ ਅਤੇ 'ਜ਼ਰਾਇਮ ਪੇਸ਼ਾ' ਹੋਣ ਵਿਚ ਜ਼ਮੀਨ ਅਸਮਾਨ ਦਾ ਫਰਕ ਹੈ। ਇਨ੍ਹਾਂ ਬੁਧੀਜੀਵੀਆਂ ਤੋਂ ਬਿਨਾਂ ਇਤਿਹਾਸਕਾਰ ਸ. ਗੁਰਦਰਸ਼ਨ ਢਿੱਲੋਂ ਨੇ ਆਪਣੀ ਕਿਤਾਬ 'ਇੰਡੀਆ ਕਮਿੱਟਸ ਸੂਅਸਾਈਡ' ਦੇ ਪੰਨਾ 11 'ਤੇ ਲਿਖਿਆ, "ਵਿਦਾਊਟ ਰੈਫਰੈਂਸ ਟੂ ਦਾ ਲਾਅ ਆਫ ਦਾ ਲੈਂਡ ਦਾ ਸਿੱਖਸ ਇਨ ਜਨਰਲ ਐਂਡ ਮਾਈਗਰੈਂਟ ਸਿੱਖਸ ਇਨ ਪਰਟੀਕੂਲਰ, ਮੱਸਟ ਬੀ ਟਰੀਟਡ ਐਜ਼ ਏ ਕ੍ਰਿਮੀਨਲ ਟਰਾਈਬ।" ਇਸੇ ਰੀਤ ਨੂੰ ਅਗ੍ਹਾਂ ਤੋਰਦਿਆਂ ਸਿੱਖ ਵਿਚਾਰ ਮੰਚ ਵਾਲੇ ਐਡਵੋਕੇਟ ਸ. ਬਲਬੀਰ ਸਿੰਘ ਸੂਚ ਨੇ ਆਪਣੀ ਕਿਤਾਬ 'ਸਮੇਂ ਦਾ ਸੱਚ' ਦੇ ਸਫਾ 13 ਉਪਰ ਲਿਖਿਆ, "ਵਲਭ ਭਾਈ ਪਟੇਲ ਦੀ ਹਦਾਇਤ ਉਤੇ ਗਵਰਨਰ ਚੰਦੂ ਲਾਲ ਤ੍ਰਿਵੇਦੀ ਨੇ 10 ਅਕਤੂਬਰ 1947 ਨੂੰ ਡਿਪਟੀ ਕਮਿਸ਼ਨਰਾਂ ਨੂੰ ਗੁਪਤ ਚਿੱਠੀ ਲਿਖੀ ਕਿ ਸਿੱਖ ਸਮੁੱਚੇ ਤੌਰ 'ਤੇ ਜਮਾਂਦਰੂ ਫਸਾਦੀ ਤੇ ਜ਼ਰਾਇਮ ਪੇਸ਼ਾ ਹਨ ਅਤੇ ਅਮਨ ਪਸੰਦ ਹਿੰਦੂਆਂ ਲਈ ਖਤਰੇ ਭਰੀ ਵੰਗਾਰ ਬਣੇ ਹੋਏ ਹਨ। ਇਨ੍ਹਾਂ ਦੀਆਂ ਪ੍ਰਬਲ ਰੁਚੀਆਂ ਹਨ, ਇਸਤਰੀ ਹਰਨ ਅਤੇ ਲੁੱਟਮਾਰ। ਡਿਪਟੀ ਕਮਿਸ਼ਨਰਾਂ ਨੂੰ ਇਨ੍ਹਾਂ ਵਿਰੁਧ ਵਿਸ਼ੇਸ਼ ਤਰੀਕੇ ਵਰਤਣੇ ਚਾਹੀਦੇ ਹਨ।"




ਵਲਭ ਭਾਈ ਪਟੇਲ ਦੇ ਬੁੱਤ ਵਾਲੇ ਮੁੱਦੇ ਉਪਰ ਲਿਖਦਿਆਂ ਸ. ਗੁਰਤੇਜ ਸਿੰਘ ਸਾਬਕਾ ਆਈ ਏ ਐਸ ਨੇ ਵੀ ਸਿੱਖਾਂ ਨੂੰ 'ਜ਼ਰਾਇਮ ਪੇਸ਼ਾ' ਕਰਾਰ ਦੇਣ ਵਾਲੇ ਕਥਨ ਨੂੰ ਸਿਰਦਾਰ ਕਪੂਰ ਸਿੰਘ ਦਾ ਹਵਾਲਾ ਦੇ ਕੇ 16 ਫਰਵਰੀ, 2014 ਦੇ 'ਪਹਿਰੇਦਾਰ' ਅਖਬਾਰ ਵਿਚ ਛਪੀ ਆਪਣੀ ਲਿਖਤ ਦਾ ਹਿੱਸਾ ਇਉਂ ਬਣਾਇਆ ਹੈ, "ਭਾਰਤ ਸਰਕਾਰ ਦੇ ਗ੍ਰਹਿ ਮੰਤਰਾਲੇ ਨੇ ਉਸ ਵੇਲੇ ਦੇ ਪੰਜਾਬ ਦੇ ਗਵਰਨਰ ਚੰਦੂ ਲਾਲ ਤ੍ਰਿਵੇਦੀ ਨੂੰ ਇਕ ਗਸ਼ਤੀ ਪੱਤਰ ਲਿਖ ਕੇ ਸਿੱਖਾਂ ਨੂੰ ਜ਼ਰਾਇਮ ਪੇਸ਼ਾ ਕਰਾਰ ਦਿੱਤਾ ਸੀ।"

ਇਹ ਸਨ ਕੁਝ ਸਿੱਖ ਵਿਦਵਾਨਾਂ ਅਤੇ ਬੁੱਧੀਜੀਵੀਆਂ ਵੱਲੋਂ 'ਸਿੱਖਾਂ ਨੂੰ ਜ਼ਰਾਇਮ ਪੇਸ਼ਾ' ਕਰਾਰ ਦਿਤੇ ਵਾਲੇ ਕਥਨ ਦੇ ਵਖ ਵਖ ਰੂਪ। ਇਨ੍ਹਾਂ ਲਿਖਾਰੀਆਂ ਨੇ ਆਪਣੀ ਲਿਖਤ ਦੀ ਲੋੜ ਅਨੁਸਾਰ ਇਸ ਅਖਾਉਤੀ ਸਰਕੂਲਰ ਦਾ ਜ਼ਿੰਮਾ ਭਾਰਤ ਸਰਕਾਰ, ਕੇਂਦਰੀ ਗ੍ਰਹਿ ਮੰਤਰੀ ਪਟੇਲ, ਗਵਰਨਰ ਚੰਦੂ ਲਾਲ ਜਾਂ ਪੰਜਾਬ ਦੇ ਗ੍ਰਹਿ ਮੰਤਰੀ ਸਵਰਨ ਸਿੰਘ 'ਤੇ ਸੁੱਟ ਕੇ ਆਪਣੀ ਦਲੀਲ ਮਜ਼ਬੂਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਨ੍ਹਾਂ ਅਨੁਸਾਰ ਇਸ ਦਾ ਆਧਾਰ ਸਿਰਦਾਰ ਕਪੂਰ ਸਿੰਘ ਦੀ ਲਿਖਤ 'ਸਾਚੀ ਸਾਖੀ' ਹੈ। ਆਓ, ਵੇਖੀਏ ਸਿਰਦਾਰ ਕਪੂਰ ਸਿੰਘ ਇਸ ਵਿਸ਼ੇ ਬਾਰੇ ਅਸਲ ਰੂਪ ਵਿਚ ਕੀ ਲਿਖਦੇ ਹਨ।

ਸਿਰਦਾਰ ਕਪੂਰ ਸਿੰਘ ਦੀ ਜਿਸ ਲਿਖਤ ਨੂੰ ਆਧਾਰ ਬਣਾ ਕੇ ਡਾ. ਦਿਲਗੀਰ ਅਤੇ ਦੂਸਰੇ ਲਿਖਾਰੀਆਂ ਨੇ ਸਿੱਖਾਂ ਨੂੰ 'ਜ਼ਰਾਇਮ ਪੇਸ਼ਾ' ਕਰਾਰ ਦਿਤੇ ਜਾਣ ਦੇ ਕਥਨ ਨੂੰ ਅਸਮਾਨੀ ਚਾੜ੍ਹ ਛੱਡਿਆ ਹੈ, ਉਸ ਲਿਖਤ ਵਿਚ ਵੀ ਸਿਰਦਾਰ ਕਪੂਰ ਸਿੰਘ ਨੇ 'ਜ਼ਰਾਇਮ ਪੇਸ਼ਾ' ਲਫਜ਼ ਦੀ ਵਰਤੋਂ ਨਹੀਂ ਕੀਤੀ। ਆਕਾਸ਼ ਨੂੰ ਚਾੜ੍ਹੇ ਗਏ ਇਸ ਕਥਨ ਦਾ ਮੁਢ ਸਿਰਦਾਰ ਕਪੂਰ ਸਿੰਘ ਦੀ 1972 ਵਿਚ ਛਪੀ ਕਿਤਾਬ 'ਸਾਚੀ ਸਾਖੀ'(ਸਫਾ 107-108) ਦੇ ਇਨ੍ਹਾਂ ਲਫਜ਼ਾਂ ਤੋਂ ਬੱਝਿਆ ਸੀ, "10 ਅਕਤੂਬਰ 1947 ਨੂੰ ਸਰਕਾਰੀ ਨੀਤੀ ਸਬੰਧੀ ਡਿਪਟੀ ਕਮਿਸ਼ਨਰਾਂ ਨੂੰ ਇੱਕ ਗੁਪਤ ਪੱਤਰ ਮਿਲਿਆ ਜਿਸ ਵਿਚ ਡਿਪਟੀ ਕਮਿਸ਼ਨਰਾਂ ਨੂੰ ਹਦਾਇਤ ਕੀਤੀ ਗਈ ਕਿ ਸਿੱਖ ਸਮੁੱਚੇ ਤੌਰ 'ਤੇ ਜਮਾਂਦਰੂ ਫਸਾਦੀ ਲੋਕ ਹਨ ਤੇ ਇਹ ਸੂਬੇ ਦੇ ਅਮਨ ਪਸੰਦ ਹਿੰਦੂਆਂ ਲਈ ਖਤਰੇ ਭਰੀ ਵੰਗਾਰ ਬਣੇ ਹੋਏ ਹਨ। ਡਿਪਟੀ ਕਮਿਸ਼ਨਰ ਇਨ੍ਹਾਂ ਵਿਰੁਧ ਵਿਸ਼ੇਸ਼ ਸਾਧਨ ਅਪਣਾਉਣ।...ਸਿੱਖਾਂ ਨੂੰ ਲਾ-ਕਾਨੂੰਨੀ ਦੇ ਰਾਹ ਪਾਉਣ ਵਾਲੀਆਂ ਉਨ੍ਹਾਂ ਦੀਆਂ ਉਹ ਪ੍ਰਬਲ ਰੁਚੀਆਂ ਹਨ ਜਿਨ੍ਹਾਂ ਦਾ ਝੁਕਾ ਔਰਤ ਅਤੇ ਲੁਟ-ਮਾਰ ਵਲ ਹੈ।" ਸਿਰਦਾਰ ਕਪੂਰ ਸਿੰਘ ਅਗੇ ਲਿਖਦੇ ਹਨ, "ਜਦੋਂ ਮੈਂ ਇਸ ਨੀਤੀ ਦਾ ਵਿਰੋਧ ਕਰਦਿਆਂ ਉਤਰ ਲਿਖਿਆ ਤਾਂ ਸਰਕਾਰ ਨੇ ਮੇਰੀ ਚਿੱਠੀ ਦਾ ਕੋਈ ਉਤਰ ਨਾ ਦਿਤਾ।" ਅੱਗੇ ਉਹ ਬੜੀ ਅਹਿਮ ਗੱਲ ਲਿਖਦੇ ਹਨ, "10 ਅਕਤੂਬਰ 1947 ਦੇ ਨੀਤੀ ਪੱਤਰ ਸਬੰਧੀ ਛੇਤੀ ਅਫਵਾਹ ਉਡ ਗਈ ਕਿ ਇਹ ਪੱਤਰ ਗ੍ਰਹਿ ਸਕੱਤਰ ਨੇ ਰਾਜਪਾਲ ਦੀ ਸਿੱਧੀ ਆਗਿਆ ਅਨੁਸਾਰ ਭੇਜਿਆ ਹੈ। ਗ੍ਰਹਿ ਮੰਤਰੀ (ਸ. ਸਵਰਨ ਸਿੰਘ ਵਲ ਇਸ਼ਾਰਾ) ਜੋ ਕਿ ਸਿੱਖ ਸੀ, ਨੂੰ ਵੀ ਇਸ ਦਾ ਕੋਈ ਇਲਮ ਨਹੀਂ। ਮੰਤਰੀ ਮੰਡਲ ਵਿਚ ਵੀ ਇਸ ਬਾਰੇ ਉਕਾ ਕੋਈ ਫੈਸਲਾ ਨਹੀਂ ਸੀ ਕੀਤਾ ਗਿਆ। ਥੋੜ੍ਹੇ ਮਹੀਨਿਆਂ ਦੇ ਅੰਦਰ ਹੀ ਸਿੱਖ ਗ੍ਰਹਿ ਸਕੱਤਰ (ਨਾਂ ਨਹੀਂ ਲਿਖਿਆ) ਨੂੰ ਬਦਲ ਕੇ ਇਕ ਹਿੰਦੂ ਗ੍ਰਹਿ ਸਕੱਤਰ ਲਾ ਦਿਤਾ ਗਇਆ।" ਉਨ੍ਹਾਂ ਦੀ ਇਸ ਲਿਖਤ ਤੋਂ ਤਾਂ ਇਹ ਸਿੱਧ ਹੁੰਦਾ ਹੈ ਕਿ ਇਹ ਸਰਕੂਲਰ ਜਾਰੀ ਕਰਨ ਵਾਲਾ ਅਫ਼ਸਰ ਵੀ ਸਿੱਖ ਸੀ। ਕੀ ਸਰਕਾਰ ਐਨੀ ਹੀ ਭੋਲੀ ਸੀ ਕਿ ਸਿੱਖਾਂ ਖਿਲਾਫ ਇਕ ਸਿੱਖ ਕੋਲੋਂ ਹੀ ਸਰਕਾਰੀ ਨੀਤੀ ਦਾ ਗੁਪਤ ਪੱਤਰ ਜਾਰੀ ਕਰਵਾਇਆ? ਫਿਰ ਉਨ੍ਹਾਂ ਉਸ ਸਕੱਤਰ ਨੂੰ ਕਈ ਮਹੀਨੇ ਉਸ ਅਹਿਮ ਅਹੁਦੇ ਉਪਰ ਬਿਠਾਈ ਰਖਿਆ। ਜੇ ਸਰਕਾਰ ਨੇ ਸਿੱਖਾਂ ਖਿਲਾਫ ਕੋਈ ਗੁਪਤ ਹੁਕਮ ਜਾਰੀ ਕਰਨਾ ਹੀ ਸੀ ਤਾਂ ਸਰਕਾਰ ਸਿੱਖ ਸਕੱਤਰ ਦੀ ਥਾਂ ਕੋਈ ਹਿੰਦੂ ਅਫਸਰ ਵੀ ਲਾ ਸਕਦੀ ਸੀ। ਇਸ ਤੋਂ ਅਗੇ, ਜੇ ਇਸ ਪੱਤਰ ਦਾ ਸਮੇਂ ਦੇ ਗ੍ਰਹਿ ਮੰਤਰੀ ਸ. ਸਵਰਨ ਸਿੰਘ ਨੂੰ ਕੋਈ ਇਲਮ ਨਹੀਂ, ਮੰਤਰੀ ਮੰਡਲ ਨੂੰ ਕੋਈ ਇਲਮ ਨਹੀਂ, ਮੰਤਰੀ ਮੰਡਲ ਵਿਚ ਇਸ ਬਾਰੇ ਕੋਈ ਫੈਸਲਾ ਨਹੀਂ ਹੋਇਆ ਤਾਂ ਇਸ ਅਖਾਉਤੀ ਸਰਕੂਲਰ ਦੀ ਅਹਿਮੀਅਤ ਕੀ ਰਹਿ ਜਾਂਦੀ ਹੈ? ਜਿਸ ਸਰਕੂਲਰ ਨੂੰ ਡਾ. ਦਿਲਗੀਰ ਪੰਜਾਬ ਦੇ ਗਵਰਨਰ ਸਿਰ ਅਤੇ ਹੋਰ ਵਿਦਵਾਨ ਭਾਰਤ ਸਰਕਾਰ ਸਿਰ ਮੜ੍ਹਦੇ ਹਨ, ਉਸ ਬਾਰੇ ਸਿਰਦਾਰ ਕਪੂਰ ਸਿੰਘ ਕਹਿੰਦੇ ਹਨ ਕਿ ਛੇਤੀ ਇਹ ਅਫਵਾਹ ਉਡ ਗਈ ਸੀ ਕਿ ਇਹ ਨੀਤੀ ਪੱਤਰ ਗਵਰਨਰ ਦੀ ਆਗਿਆ ਅਨੁਸਾਰ ਸਿੱਖ




ਗ੍ਰਹਿ ਸਕੱਤਰ ਤੋਂ ਜਾਰੀ ਕਰਵਾਇਆ ਗਿਆ ਪਰ ਉਨ੍ਹਾਂ ਇਹ ਨਹੀਂ ਦਸਿਆ ਕਿ ਇਹ ਅਫਵਾਹ ਉਡਾਉਣ ਵਾਲਾ ਕੌਣ ਸੀ? ਸਿਰਦਾਰ ਕਪੂਰ ਸਿੰਘ ਨੇ ਨਾ ਤਾਂ ਇਸ ਅਫਵਾਹ ਦੀ ਪੁਸ਼ਟੀ ਕਰਨੀ ਜ਼ਰੂਰੀ ਸਮਝੀ ਅਤੇ ਨਾ ਹੀ ਇਸ ਅਹਿਮ ਪੱਤਰ ਦੀ ਨਕਲ ਸਾਂਭ ਕੇ ਰੱਖੀ। ਕਿੰਨਾ ਕੁ ਔਖਾ ਕੰਮ ਸੀ ਇਹ, ਜਿਸ ਸਿੱਖ ਸਕੱਤਰ ਨੇ ਇਹ ਗੁਪਤ ਹੁਕਮ ਭੇਜਿਆ ਸੀ, ਉਸ ਤੋਂ ਹੀ ਪੁਛਿਆ ਜਾ ਸਕਦਾ ਸੀ ਅਤੇ ਸਿਰਦਾਰ ਸਾਹਿਬ ਦੇ ਡੀ ਸੀ ਦਫਤਰ ਵਿਚ ਜਿਥੇ ਰੋਜ਼ ਸੈਂਕੜੇ ਦਸਤਾਵੇਜ਼ਾਂ ਦੀਆਂ ਨਕਲਾਂ ਤਿਆਰ ਹੁੰਦੀਆਂ ਸਨ, ਉਥੇ ਇਸ ਨੀਤੀ ਪੱਤਰ ਦੀ ਨਕਲ ਵੀ ਤਿਆਰ ਕਰਵਾਈ ਜਾ ਸਕਦੀ ਸੀ। ਸਿਰਦਾਰ ਸਾਹਿਬ ਇਸ ਸਰਕੂਲਰ ਦੀ ਹੋਂਦ ਸਾਬਤ ਕਰਨ ਦੀ ਥਾਂ ਇਹ ਸਾਬਤ ਕਰਨ ਦੀ ਕੋਸ਼ਿਸ਼ ਕਰਦੇ ਹਨ ਕਿ ਸਰਕਾਰ ਨੇ ਪਹਿਲਾਂ ਤਾਂ ਚੁਪਕੇ ਜਿਹੇ ਸਿੱਖਾਂ ਖਿਲਾਫ ਬੜਾ ਹੀ ਖਤਰਨਾਕ ਨੀਤੀ ਪੱਤਰ ਜਾਰੀ ਕਰ ਦਿਤਾ ਪਰ ਜਦ ਉਨ੍ਹਾਂ ਕਰੜਾ ਵਿਰੋਧ ਕੀਤਾ ਤਾਂ ਗ੍ਰਹਿ ਮੰਤਰੀ ਸਮੇਤ ਸਾਰਾ ਮੰਤਰੀ ਮੰਡਲ ਹੀ ਇਸ ਤੋਂ ਮੁੱਕਰ ਗਿਆ। ਗੌਰਤਲਬ ਗੱਲ ਇਹ ਹੈ ਕਿ ਉਸ ਸਮੇਂ ਇਕ ਹੋਰ ਸਿੱਖ ਡਿਪਟੀ ਕਮਿਸ਼ਨਰ ਤੋਂ ਬਿਨਾ ਪੁਲੀਸ ਅਤੇ ਦੂਸਰੇ ਵਿਭਾਗਾਂ ਵਿਚ ਵੀ ਕਈ ਸਿੱਖ ਅਫਸਰ ਤਾਇਨਾਤ ਸਨ। ਜੇ ਇਹ ਪੱਤਰ ਜਾਰੀ ਹੋ ਗਿਆ ਸੀ ਤਾਂ ਉਨ੍ਹਾਂ ਅਫਸਰਾਂ ਕੋਲ ਵੀ ਗਿਆ ਹੋਏਗਾ। ਕੀ ਉਨ੍ਹਾਂ ਵਿਚੋਂ ਕਿਸੇ ਨੂੰ ਵੀ ਇਹ ਪੱਤਰ ਸਿੱਖ ਵਿਰੋਧੀ ਨਹੀਂ ਜਾਪਿਆ? ਕੀ ਉਨ੍ਹਾਂ ਸਾਰੇ ਸਿੱਖ ਅਫਸਰਾਂ ਵਿਚੋਂ ਕੇਵਲ ਸਿਰਦਾਰ ਕਪੂਰ ਸਿੰਘ ਹੀ ਸਿੱਖਾਂ ਦੇ ਹਮਦਰਦ ਸਨ? ਸਿਰਦਾਰ ਕਪੂਰ ਸਿੰਘ ਲੋਕ ਸਭਾ ਅਤੇ ਪੰਜਾਬ ਵਿਧਾਨ ਸਭਾ ਦੇ ਮੈਂਬਰ ਵੀ ਰਹੇ ਹਨ। ਹੈਰਾਨੀ ਦੀ ਗੱਲ ਹੈ ਕਿ ਉਥੇ ਉਨ੍ਹਾਂ ਇਸ ਦਾ ਕਦੇ ਵੀ ਜ਼ਿਕਰ ਨਹੀਂ ਕੀਤਾ। ਪੰਜਾਬੀ ਸੂਬੇ ਦੇ ਬਿਲ ਸਬੰਧੀ ਉਨ੍ਹਾਂ ਵਲੋਂ 6 ਸਤੰਬਰ 1966 ਨੂੰ ਲੋਕ ਸਭਾ ਵਿਚ ਦਿਤਾ ਭਾਸ਼ਣ ਸਿੱਖਾਂ ਨਾਲ ਕੀਤੇ ਅਤੇ ਤੋੜੇ ਗਏ ਵਾਅਦਿਆਂ ਦੀਆਂ ਕਹਾਣੀਆਂ ਨਾਲ ਭਰਿਆ ਪਿਆ ਹੈ ਪਰ ਉਸ ਵਿਚ ਉਨ੍ਹਾਂ ਇਸ ਸਰਕੂਲਰ ਦਾ ਕਿਧਰੇ ਵੀ ਜ਼ਿਕਰ ਨਹੀਂ ਕੀਤਾ। ਜਿਸ ਸਰਕੂਲਰ ਬਾਰੇ ਮੰਤਰੀ ਮੰਡਲ ਅਣਜਾਣ ਹੋਏ, ਜਿਸ ਦੀ ਕਾਪੀ ਸਰਕਾਰੀ ਜਾਂ ਗੈਰ ਸਰਕਾਰੀ ਰਿਕਾਰਡ ਵਿਚੋਂ ਲੱਭਦੀ ਨਾ ਹੋਏ, ਜਿਸ ਦੀ ਨਕਲ ਸਿਰਦਾਰ ਕਪੂਰ ਸਿੰਘ ਖੁਦ ਵੀ ਸਾਂਭ ਕੇ ਨਾ ਰਖ ਸਕੇ ਹੋਣ, ਉਸ ਦੀ ਵੁੱਕਤ ਕੀ ਰਹਿ ਜਾਂਦੀ ਹੈ?

ਅਸਲ ਵਿਚ ਅੰਗਰੇਜ਼ਾਂ ਨੇ 1871 ਵਿਚ 'ਕ੍ਰਿਮੀਨਲ ਟਰਾਈਬਜ਼ ਐਕਟ' ਪਾਸ ਕਰਕੇ ਬਹੁਤ ਸਾਰੇ ਕਬੀਲਿਆਂ ਨੂੰ 'ਜ਼ਰਾਇਮ ਪੇਸ਼ਾ' ਕਰਾਰ ਦਿਤਾ ਸੀ। ਇਨ੍ਹਾਂ ਵਿਚ ਹਿੰਦੂ ਅਤੇ ਮੁਸਲਮਾਨ ਜ਼ਿਆਦਾ ਸਨ। ਪੰਜਾਬ ਅਤੇ ਰਾਜਸਥਾਨ ਨਾਲ ਸਬੰਧਿਤ 'ਮਹਾਤਮ' ਕਬੀਲੇ ਦੇ ਕਈ ਗੋਤ, ਜਿਵੇਂ-ਖੋਖਰ, ਰਾਏ, ਚੌਹਾਨ, ਮੱਲ੍ਹੀ, ਭੱਟੀ, ਜੰਡੀ ਆਦਿ 'ਜ਼ਰਾਇਮ ਪੇਸ਼ਾ' ਗਰੁਪਾਂ ਵਿਚ ਸ਼ਾਮਲ ਸਨ। ਇਸੇ ਕਬੀਲੇ ਦੇ ਜੋ ਲੋਕ ਸਿੱਖ ਬਣ ਗਏ ਉਨ੍ਹਾਂ ਨੂੰ ਰਾਏ ਸਿੱਖਾਂ ਵਜੋਂ ਜਾਣਿਆ ਜਾਂਦਾ ਹੈ ਜੋ ਕਿ ਰਾਏ ਜੱਟਾਂ ਤੋਂ ਵਖਰੇ ਹਨ। ਇਹ ਐਕਟ 1952 ਤਕ ਲਾਗੂ ਰਿਹਾ। ਇਸ ਐਕਟ ਅਧੀਨ ਜ਼ਰਾਇਮ ਪੇਸ਼ਾ ਕਰਾਰ ਦਿਤੇ ਗਏ ਇਨ੍ਹਾਂ ਲੋਕਾਂ ਨੂੰ ਸਰਕਾਰੀ ਨੌਕਰੀਆਂ ਤੋਂ ਕੋਰਾ ਜਵਾਬ ਸੀ, ਬਿਨਾ ਕਿਸੇ ਵਾਰੰਟ ਦੇ ਉਨ੍ਹਾਂ ਨੂੰ ਗ੍ਰਿਫਤਾਰ ਕੀਤਾ ਜਾ ਸਕਦਾ ਸੀ ਅਤੇ ਉਨ੍ਹਾਂ ਦੇ ਇਧਰ-ਉਧਰ ਜਾਣ 'ਤੇ ਪਾਬੰਦੀਆਂ ਸਨ। ਅੰਗਰੇਜ਼ਾਂ ਦਾ ਅਫ਼ਸਰ ਹੋਣ ਕਰਕੇ ਸਿਰਦਾਰ ਕਪੂਰ ਸਿੰਘ ਖੁਦ ਇਸ ਐਕਟ ਨੂੰ ਪੂਰੀ ਕਰੜਾਈ ਨਾਲ ਲਾਗੂ ਕਰਦੇ ਰਹੇ ਸਨ। ਇਸੇ ਤਰਜ਼ 'ਤੇ ਹੀ ਸਿੱਖਾਂ ਨੂੰ 'ਜ਼ਰਾਇਮ ਪੇਸ਼ਾ' ਕਰਾਰ ਦਿਤੇ ਜਾਣ ਦਾ ਮੁਹਾਵਰਾ ਪ੍ਰਚਲਿਤ ਕਰਨ ਲਈ ਉਨ੍ਹਾਂ ਦੀ ਲਿਖਤ ਨੂੰ ਵਰਤ ਲਿਆ ਗਿਆ ਹੈ। ਹਾਲਾਂਕਿ ਸਿਰਦਾਰ ਕਪੂਰ ਸਿੰਘ ਨੇ ਆਪ ਵੀ ਇਸ ਲਫਜ਼ ਦੀ ਵਰਤੋਂ ਨਹੀਂ ਕੀਤੀ। ਜਿਵੇਂ ਕਿ ਉਪਰ ਜ਼ਿਕਰ ਕੀਤਾ ਜਾ ਚੁੱਕਾ ਹੈ, ਉਨ੍ਹਾਂ ਦੀ ਕਿਤਾਬ 'ਸਾਚੀ ਸਾਖੀ' ਦੇ 1972 ਵਾਲੇ ਪਹਿਲੇ ਐਡੀਸ਼ਨ ਵਿਚ ਲਫਜ਼ ਕੇਵਲ 'ਜਮਾਂਦਰੂ ਫਸਾਦੀ' ਹੀ ਵਰਤਿਆ ਗਿਆ ਸੀ। ਜੋ ਕਿ ਉਨ੍ਹਾਂ ਦੀ ਮੌਤ ਤੋਂ ਬਾਅਦ ਛਪੇ ਐਡੀਸ਼ਨਾਂ ਵਿਚ ਵਿਗਾੜ ਕੇ 'ਜਮਾਂਦਰੂ ਫਸਾਦੀ ਅਤੇ ਜ਼ਰਾਇਮ ਪੇਸ਼ਾ' ਬਣਾ ਲਿਆ ਗਿਆ। ਸਿੱਖ ਆਗੂਆਂ ਅਤੇ ਹੋਰਨਾਂ ਲਿਖਾਰੀਆਂ ਨੇ ਬਿਨਾ ਕਿਸੇ ਪੜਤਾਲ ਦੇ ਇਸ ਕਥਨ ਦੀ ਵਰਤੋਂ ਇਕ ਇਲਾਹੀ ਸੱਚ ਵਜੋਂ ਕੀਤੀ। ਨਤੀਜੇ ਵਜੋਂ ਸਿੱਖਾਂ ਨੂੰ 'ਜ਼ਰਾਇਮ ਪੇਸ਼ਾ' ਗਰਦਾਨਣ ਵਾਲੀ ਧਾਰਨਾ ਸਿੱਖ ਮਨਾਂ ਉਪਰ ਡੂੰਘੀ ਉਕਰੀ ਗਈ, ਜੋ ਕਿ ਭਾਰਤੀ ਸਿਸਟਮ ਅਤੇ ਸਿੱਖਾਂ ਵਿਚਕਾਰ ਖੱਪਾ ਅਤੇ ਰੋਹ ਪੈਦਾ ਕਰਨ ਦੀ ਇੱਕ ਵਜ੍ਹਾ ਵੀ ਬਣੀ, ਜਿਸ ਦੇ ਨਤੀਜੇ ਬੜੇ ਭਿਆਨਕ ਨਿਕਲੇ। ਬਦਕਿਸਮਤੀ ਨੂੰ ਜੇਕਰ ਇਹ ਹੁਕਮ ਵਾਕਿਆ ਈ ਲਾਗੂ ਹੋ ਗਿਆ ਹੁੰਦਾ ਤਾਂ ਸਿੱਖਾਂ ਨੂੰ ਉਚੇ ਅਹੁਦੇ ਤਾਂ ਕੀ ਕਿਸੇ ਸਰਕਾਰੀ ਅਦਾਰੇ ਅੰਦਰ ਮਾਮੂਲੀ ਨੌਕਰੀ ਵੀ ਨਾ ਮਿਲਦੀ। ਸਿਰਦਾਰ ਕਪੂਰ ਸਿੰਘ ਵੀ ਲੋਕ ਸਭਾ ਅਤੇ ਵਿਧਾਨ ਸਭਾ ਦੇ ਮੈਂਬਰ ਨਾ ਬਣ ਸਕਦੇ।

ਸਰਕਾਰਾਂ ਵਲੋਂ ਜਾਰੀ ਕੀਤੇ ਹੁਕਮ ਬਿਨਾ ਅਸਰ ਨਹੀਂ ਹੋਇਆ ਕਰਦੇ। ਮਿਸਾਲ ਵਜੋਂ 8 ਅਕਤੂਬਰ 2003 ਨੂੰ ਭਾਰਤ ਸਰਕਾਰ ਨੇ ਹੁਕਮ ਜਾਰੀ ਕਰਕੇ ਸਹਿਜਧਾਰੀਆਂ ਕੋਲੋਂ ਵੋਟ ਦਾ ਹੱਕ ਖੋਹ ਲਿਆ। ਜਿਸ ਦਾ ਸਿੱਧਾ ਅਸਰ ਇਹ ਹੋਇਆ ਕਿ ਤਕਰੀਬਨ 70 ਲੱਖ ਸਹਿਜਧਾਰੀਆਂ ਦਾ 44 ਸਾਲ ਪੁਰਾਣਾ ਵੋਟ ਪਾਉਣ ਦਾ ਅਧਿਕਾਰ ਇਕੋ ਝਟਕੇ ਨਾਲ ਹੀ ਖਤਮ ਹੋ ਗਿਆ, ਜਿਸ ਨੂੰ ਮੁੜ ਬਹਾਲ ਕਰਵਾਉਣ ਲਈ ਲੰਮੀ ਕਾਨੂੰਨੀ ਲੜਾਈ ਲੜਨੀ ਪਈ ਜੋ ਕਿ ਅਜੇ ਵੀ ਜਾਰੀ ਹੈ। ਕਹਿਣ ਦਾ ਭਾਵ ਕਿ ਸਰਕਾਰੀ ਹੁਕਮਾਂ ਦੇ ਅਸਰ ਸਾਫ

***(ਬਾਕੀ ਸਫਾ 29 ਉਤੇ)***

**ਹੀਰੇ ਬੰਦਿਆਂ ਨੂੰ ਨਮਸਕਾਰ-1**

# ਰੰਗੀਨ ਯਾਦਾਂ ਦੀ ਭੀੜ

***'ਹੀਰੇ ਬੰਦਿਆਂ ਨੂੰ ਨਮਸਕਾਰ' ਵਿਚ ਕਹਾਣੀਕਾਰ ਵਰਿਆਮ ਸਿੰਘ ਸੰਧੂ ਨੇ ਉਸ ਦੌਰ ਦਾ ਵਰਕਾ ਫਰੋਲਿਆ ਹੈ ਜਦੋਂ ਤੱਤੀਆਂ ਹਵਾਵਾਂ ਜ਼ੋਰ ਫੜੀ ਬੈਠੀਆਂ ਸਨ। ਆਪਣੀ ਕਲਾ ਤੇ ਹੁਨਰ ਦੇ ਦਮ 'ਤੇ, ਉਸ ਨੇ ਇਕਹਿਰੀ ਪਰਤ ਦੀਆਂ ਇਨ੍ਹਾਂ ਘਟਨਾਵਾਂ ਨੂੰ ਸਮੁੱਚ ਵਿਚ ਰੱਖ ਕੇ ਇਸ ਢੰਗ ਨਾਲ ਬਿਆਨ ਕੀਤਾ ਹੈ ਕਿ ਇਨ੍ਹਾਂ ਵਿਚੋਂ ਉਸ ਵੇਲੇ ਦੇ ਆਲੇ-ਦੁਆਲੇ ਦੀਆਂ ਪ੍ਰਤੱਖ ਝਾਤੀਆਂ ਪੈਂਦੀਆਂ ਹਨ। ਇਸ ਲੇਖ ਦੇ ਇਸ ਪਹਿਲੇ ਹਿੱਸੇ 'ਰੰਗੀਨ ਯਾਦਾਂ ਦੀ ਭੀੜ' ਵਿਚ ਲੇਖਕ ਨੇ ਨਿੱਕੇ ਨਿੱਕੇ ਵੇਰਵਿਆਂ ਨਾਲ ਜਿਹੜੀ ਕਥਾ ਉਸਾਰੀ ਹੈ, ਉਸ ਦਾ ਭੇਤ 'ਵਿਚਲੀ ਗੱਲ' ਨਾਂ ਦੇ ਦੂਜੇ ਹਿੱਸੇ ਵਿਚ ਖੁੱਲ੍ਹਦਾ ਹੈ। ਇਸ ਵਿਚ ਕਾਲੇ ਦੌਰ ਦੀਆਂ ਜੜ੍ਹਾਂ ਵਿਚ ਪਈਆਂ ਉਹ ਪਰਤਾਂ ਖੁੱਲ੍ਹਦੀਆਂ ਹਨ ਜਿਹੜੀਆਂ ਸੱਚ-ਮੁੱਚ ਤਹਿਆਂ ਹੇਠ ਦੱਬੀਆਂ ਪਈਆਂ ਹਨ। ਇਹ 'ਵਿਚਲੀ ਗੱਲ' ਅਗਲੇ ਅੰਕ ਵਿਚ ਛਾਪੀ ਜਾ ਰਹੀ ਹੈ। ਆਪਣੀਆਂ ਹੋਰ ਰਚਨਾਵਾਂ ਵਾਂਗ ਵਰਿਆਮ ਸੰਧੂ ਨੇ ਇਸ ਲਿਖਤ ਵਿਚ ਵੀ ਮਾਨਵੀ ਕਦਰਾਂ-ਕੀਮਤਾਂ ਦੀ ਗੱਲ ਬਹੁਤ ਜਜ਼ਬੇ ਨਾਲ ਕੀਤੀ ਹੈ। ਇਸ ਵਿਚ ਸਾਹਿਤ ਅਤੇ ਜੀਵਨ ਦੀ ਜੁਗਲਬੰਦੀ ਦਾ ਤਰਾਨਾ ਛੇੜਿਆ ਗਿਆ ਹੈ। -ਸੰਪਾਦਕ***

"ਭਾ ਜੀ! ਕਦੀ ਸਰਬਜੀਤ ਨਾਲ ਤੁਹਾਡੀ ਗਰਮਾ ਗਰਮੀ ਵੀ ਹੋਈ ਸੀ।" ਕਾਹਨ ਸਿੰਘ ਨੇ ਪੁੱਛਿਆ। ਮੈਂ ਆਪਣੇ ਚੇਤੇ 'ਤੇ ਜ਼ੋਰ ਪਾਇਆ। ਕੁਝ ਵੀ ਯਾਦ ਨਾ ਆਇਆ। ਸਰਬਜੀਤ ਦੇ ਥੋੜ੍ਹੇ ਜਿਹੇ ਉਚੇ ਪੀੜ੍ਹ ਵਾਲੇ ਹੱਸਦੇ ਦੰਦ ਹੀ ਮੇਰੇ ਚੇਤੇ ਵਿਚ ਲਿਸ਼ਕੇ। ਉਹ ਵਾਲੀਬਾਲ ਖੇਡਦਾ ਅਤੇ ਮੇਰੇ ਨਾਲ ਜ਼ਿਦ ਕੇ ਗੋਲਾ ਸੁੱਟਦਾ ਦਿਸ ਰਿਹਾ ਸੀ। ਮੁੱਛਾਂ ਦੇ ਵੱਟ ਤਿੱਖੇ ਕਰਨ ਲਈ ਉਨ੍ਹਾਂ 'ਤੇ ਉਸ ਦੀਆਂ ਉਂਗਲਾਂ ਫਿਰ ਰਹੀਆਂ ਸਨ ਅਤੇ ਹੋਠ ਮੰਦ ਮੰਦ ਮੁਸਕਰਾ ਰਹੇ ਸਨ। ਕੋਈ 'ਗਰਮਾ ਗਰਮੀ' ਤਾਂ ਮੈਨੂੰ ਮਹਿਸੂਸ ਨਹੀਂ ਸੀ ਹੋ ਰਹੀ।

"ਜ਼ਰਾ ਸੋਚੋ! ਕਿਤੇ ਕੋਈ ਮਾੜੀ ਮੋਟੀ ਗੱਲ-ਬਾਤ ਹੋਈ ਜ਼ਰੂਰ ਸੀ।" ਉਹ ਬੁਝਾਰਤ ਬੁੱਝਣ 'ਤੇ ਜ਼ੋਰ ਦੇ ਰਿਹਾ ਸੀ।

ਮੈਂ ਨਾਂਹ ਵਿਚ ਸਿਰ ਫੇਰਿਆ।

ਸਰਬਜੀਤ ਦਾ ਛੇ ਫੁੱਟ ਭਰਵਾਂ ਜੁੱਸਾ



**ਵਰਿਆਮ ਸਿੰਘ ਸੰਧੂ**
**ਫੋਨ: 416-918-5212**

ਉਸ ਦੇ 'ਦੁੱਘ ਦੁੱਘ' ਕਰਦੇ ਰਾਇਲ-ਇਨ-ਫੀਲਡ ਮੋਟਰ ਸਾਈਕਲ 'ਤੇ ਸਜਿਆ ਬੈਠਾ ਨਜ਼ਰ ਆਇਆ। ਅੱਖਾਂ 'ਤੇ ਧੁੱਪ ਵਾਲੀਆਂ 'ਰੇਬੈਨ' ਦੀਆਂ ਮਹਿੰਗੀਆਂ ਕਾਲੀਆਂ ਐਨਕਾਂ। ਉਹ ਸਕੂਲ ਵਿਚ ਧੂੜਾਂ ਉਡਾਉਂਦਾ ਦਾਖ਼ਲ ਹੁੰਦਾ। ਮੋਟਰ ਸਾਈਕਲ ਖਲੋਂਦਿਆਂ ਹੀ ਨੌਵੀਂ-ਦਸਵੀਂ ਦੇ ਉਸ ਦੇ ਚਹੇਤੇ ਵਿਦਿਆਰਥੀ ਮੋਟਰ ਸਾਈਕਲ ਸਾਂਭ ਲੈਂਦੇ ਅਤੇ ਖੜ੍ਹਾ ਕਰ ਕੇ ਮਿੱਟੀ ਪੂੰਝਦੇ ਉਸ ਦਾ 'ਅੰਗ ਅੰਗ' ਲਿਸ਼ਕਾਉਣਾ ਸ਼ੁਰੂ ਕਰ ਦਿੰਦੇ।

ਉਹ ਆਪ ਪੱਬਾਂ ਭਾਰ ਮੜਕ ਨਾਲ ਤੁਰਦਾ, ਮੁੰਡਿਆਂ ਦੀ 'ਸਤਿ ਸ੍ਰੀ ਆਕਾਲ' ਦਾ ਜਵਾਬ ਦਿੰਦਾ, ਦਫ਼ਤਰ ਵਿਚ ਬੈਠੇ ਸਾਥੀ ਅਧਿਆਪਕਾਂ ਨਾਲ ਹੱਸ ਹੱਸ ਹੱਥ ਮਿਲਾਉਂਦਾ। ਲਗਭਗ ਤੀਜੇ ਪੀਰੀਅਡ ਵੇਲੇ, ਪਿੰਡ ਵਿਚ ਹੀ ਉਸ ਦੇ ਸਰਦੇ-ਪੁੱਜਦੇ ਰਿਸ਼ਤੇਦਾਰਾਂ ਦੇ ਘਰੋਂ, ਮੁੰਡੇ ਗਰਮਾ-ਗਰਮ ਖਾਣਾ ਲਿਆਉਂਦੇ। ਮੇਰਾ ਇਹ ਪੀਰੀਅਡ ਵਿਹਲਾ ਸੀ ਅਤੇ ਉਸ ਦਾ ਵੀ। ਉਹ ਥਾਲ 'ਤੇ ਪਿਆ ਕਰੋਸ਼ੀਏ ਨਾਲ ਬੁਣਿਆ ਵੱਡਾ ਸਾਰਾ ਚਿੱਟਾ ਰੁਮਾਲ ਉਤਾਰਦਾ ਅਤੇ ਸਟਾਫ-ਰੂਮ ਵਿਚ ਬੈਠੇ ਸਾਥੀ ਅਧਿਆਪਕਾਂ ਨੂੰ ਰੋਟੀ ਖਾਣ ਵਾਸਤੇ ਆਪਣਾ ਸਾਥ ਦੇਣ ਲਈ ਆਵਾਜ਼ਾਂ ਦਿੰਦਾ।

"ਭਾ ਜੀ! ਭਾਵੇਂ ਕੁਝ ਵੀ ਹੋਵੇ, ਦੋ ਬੁਰਕੀਆਂ ਤਾਂ ਤੁਹਾਨੂੰ ਵੀ ਖਾਣੀਆਂ ਹੀ ਪੈਣੀਆਂ ਨੇ।" ਸਰਬਜੀਤ ਮੈਨੂੰ ਪਿਆਰ ਨਾਲ ਆਖਦਾ। ਮੈਂ ਉਸ ਦੀ ਮੁਹੱਬਤੀ ਪੇਸ਼ਕਸ਼ ਨੂੰ ਨਿਮਰਤਾ ਨਾਲ ਇਨਕਾਰਦਾ ਕਿਉਂਕਿ ਦੋ ਪੀਰੀਅਡਾਂ ਬਾਅਦ, ਅੱਧੀ ਛੁੱਟੀ ਵੇਲੇ ਮੈਂ ਆਪਣੇ ਘਰ ਜਾ ਕੇ ਰੋਟੀ ਖਾਣੀ ਹੁੰਦੀ ਸੀ। ਉਹ ਕਿਸੇ ਮੁੰਡੇ ਨੂੰ ਕਹਿੰਦਾ, "ਜਾਹ ਉਏ! ਭੱਜ ਕੇ ਜਾਹ, ਦਰਸ਼ਨ ਸਹੁੰ ਨੂੰ ਬੁਲਾ ਕੇ ਲਿਆ। ਜਿਹੜੀ ਜਮਾਤ ਵਿਚ ਵੀ ਹੋਵੇ, ਉਹਨੂੰ ਆਖ ਕਿਤੇ ਨਹੀਂ ਪੜ੍ਹਾਈ ਪਛੜ ਚੱਲੀ।" ਫਿਰ ਮੇਰੇ ਵੱਲ ਮੂੰਹ ਕਰ ਕੇ ਆਖਦਾ, "ਭਾ ਜੀ! ਦਰਸ਼ਨ ਸਿੰਘ ਹੀਰਾ ਬੰਦਾ ਹੈ।"

ਦਰਸ਼ਨ ਮੇਰਾ ਬੀ.ਐੱਡ. ਦਾ ਜਮਾਤੀ ਸੀ, ਪਰ ਉਂਜ ਸਰਬਜੀਤ ਨਾਲ ਉਸ ਦੀ ਚੰਗੀ ਬਣੀ ਹੋਈ ਸੀ। ਉਹ ਆਪਣੇ ਪਿੰਡ ਇੱਬਣ ਤੋਂ ਬੱਸ ਬੈਠਦਾ ਤੇ ਝਬਾਲ ਆ ਕੇ ਉਤਰ ਜਾਂਦਾ। ਇਥੇ ਸਰਬਜੀਤ ਆਪਣੇ ਪਿੰਡ ਨੌਸ਼ਹਿਰੇ ਢਾਲੇ ਤੋਂ ਮੋਟਰ ਸਾਈਕਲ 'ਤੇ ਪਹੁੰਚਦਾ। ਦੋਵੇਂ ਇੱਕੋ ਮੋਟਰ ਸਾਈਕਲ 'ਤੇ ਇਕੱਠੇ ਸਕੂਲ ਆਉਂਦੇ। ਰੋਟੀ ਦਾ ਸੁਨੇਹਾ ਤਾਂ ਦਰਸ਼ਨ ਸਿੰਘ ਉਡੀਕਦਾ ਹੀ ਹੁੰਦਾ। ਕਲਾਸ ਛੱਡ ਕੇ ਦੌੜਿਆ ਆਉਂਦਾ। ਉਹਦੀ 'ਸੁੰਘਣ ਸ਼ਕਤੀ' ਬੜੀ ਤੇਜ਼ ਸੀ। ਹੱਥ ਧੋਂਦਿਆਂ ਹੀ ਦੱਸ ਦਿੰਦਾ, "ਅੱਜ ਤਾਂ ਗੋਭੀ ਤੜਕੀ ਲੱਗਦੀ ਹੈ।" "ਅੱਜ ਮਕੱਈ ਦੀ ਰੋਟੀ ਤੇ ਸਾਗ ਦੀ ਖ਼ੁਸ਼ਬੂ ਆ ਰਹੀ ਹੈ।" "ਅੱਜ ਤਾਂ ਬਈ ਦੂਰੋਂ ਈ ਲੱਗਦਾ ਐ ਕਿ ਕਰੇਲੇ ਬਣੇ ਨੇ।" "ਸਗੋਂ ਭਿੰਡੀਆਂ ਬਣੀਆਂ ਨੇ ਅੱਜ?" ਸਾਰੇ ਉਸ ਦੀ ਇਸ 'ਸੁੰਘਣ ਸ਼ਕਤੀ' 'ਤੇ ਹੱਸਦੇ।

"ਸੁੰਘਣ ਸ਼ਕਤੀ ਤਾਂ ਸਾਡੇ ਵੀਰ ਦੀ ਏਨੀ ਤੇਜ਼ ਹੈ ਕਿ ਮੀਲ 'ਤੇ ਸੋਹਣੀ ਜ਼ਨਾਨੀ ਜਾਂਦੀ ਹੋਵੇ ਤਾਂ ਇਹ ਹਵਾ ਵਿਚ ਸੁੰਘ ਕੇ ਦੱਸ ਸਕਦਾ ਹੈ ਕਿ ਉਹ ਕਿਹੜੇ ਸਾਬਣ ਜਾਂ ਸ਼ੈਂਪੂ ਨਾਲ ਨਹਾਤੀ ਹੈ ਅਤੇ ਉਸ ਨੇ ਕਿਹੜੀ ਕਰੀਮ ਲਾਈ ਹੈ!" ਸਰਬਜੀਤ ਆਖਦਾ।

ਦੂਜੇ ਅਧਿਆਪਕ ਹੱਸਦੇ ਤਾਂ ਦਰਸ਼ਨ ਸਿੰਘ ਮੁੱਛਾਂ ਵਿਚ ਮਿੰਨ੍ਹਾ ਮਿੰਨ੍ਹਾ ਮੁਸਕਰਾਉਂਦਾ ਬੁਰਕੀ ਤੋੜ ਕੇ ਸਬਜ਼ੀ ਨੂੰ ਲਾਉਣ ਲੱਗਦਾ।

"ਅੱਜ ਅਸੀਂ ਚੱਕ-ਸਿਕੰਦਰ ਗਏ ਸਾਂ; ਸਵੇਰੇ, ਸਕੂਲ ਆਉਣ ਤੋਂ ਪਹਿਲਾਂ, ਕਿਸੇ ਕੰਮ। ਭਾ ਜੀ 'ਕੇ.ਪੀ. ਸਿੰਘ' ਦੇ ਘਰ ਕੋਲੋਂ ਲੰਘੇ ਸਾਂ।" ਸਰਬਜੀਤ ਨੇ ਮੁਸਕਰਾਉਂਦਿਆਂ ਕਿਹਾ।

ਮੇਰੇ ਗਰਾਈਂ ਤੇ ਬੀ.ਐੱਡ. ਦੇ ਹੀ ਇੱਕ ਹੋਰ ਜਮਾਤੀ ਅਧਿਆਪਕ 'ਕੇ.ਪੀ. ਸਿੰਘ' ਦੀ ਬਹਿਕ 'ਪੱਧਰੀ' ਰਾਹੀਂ ਹੋ ਕੇ 'ਚੱਕ-ਸਿਕੰਦਰ' ਨੂੰ ਜਾਂਦੀ ਸੜਕ 'ਤੇ ਸੀ। ਉਸ ਨੇ ਹੱਸਦਿਆਂ ਕਿਹਾ, "ਮੈਨੂੰ ਤੁਹਾਡੇ ਅੱਜ ਉਧਰ ਜਾਣ ਬਾਰੇ ਦਰਸ਼ਨ ਸਿੰਘ ਨੇ ਕੱਲ੍ਹ ਹੀ ਦੱਸ ਦਿੱਤਾ ਸੀ ਅਤੇ ਮੈਂ ਅੱਜ ਆਪਣੀ ਘਰਵਾਲੀ ਨੂੰ ਉਚੇਚਾ ਸਾਵਧਾਨ ਕਰ ਕੇ ਆਇਆ ਸਾਂ ਕਿ ਵੇਖੀਂ ਉਹਲੇ ਵਿਚ ਰਹੀਂ। ਫਤਾ ਭਾਵੇਂ ਮੈਨੂੰ ਹੈ ਕਿ ਸਾਡਾ ਭਰਾ ਤਾਂ ਜ਼ਨਾਨੀ ਨੂੰ ਕੰਧਾਂ ਵਿਚੋਂ ਵੀ ਵੇਖ ਲੈਂਦਾ ਹੈ।"

"ਉਹ ਤਾਂ ਫਿਰ ਭਰਾ ਤੇਰੇ ਨੇ ਵੇਖ ਲਿਆ। ਸਾਡੀ ਭਾਬੀ ਨੇ ਅੱਜ ਕੇਸੀਂ ਇਸ਼ਨਾਨ ਕੀਤਾ ਸੀ?" ਦਰਸ਼ਨ ਸਿੰਘ ਨੇ ਮਿੰਨ੍ਹਾ ਮਿੰਨ੍ਹਾ ਮੁਸਕਰਾਉਂਦਿਆਂ ਪੁੱਛਿਆ। ਘਰ ਸੜਕ ਦੇ ਉਤੇ ਹੀ ਸੀ ਅਤੇ ਦਰਸ਼ਨ ਸਿੰਘ ਨੇ ਕਿਤੇ ਕੇਸੀਂ ਨਹਾਤੀ 'ਭਾਬੀ' ਦੇ ਦੂਰੋਂ ਦੀਦਾਰ ਕਰ ਲਏ ਸਨ। ਸਾਰੇ ਅਧਿਆਪਕ ਹੱਸਣ ਲੱਗ ਪਏ।

"ਬੜਾ ਪਾਪੀ ਐ ਇਹ!" ਕੇ.ਪੀ. ਸਿੰਘ ਵੀ ਹੱਸਣ ਲੱਗਾ।

"ਪਾਪੀ ਨਹੀਂ ਜੀ, ਇਹ ਤਾਂ ਹੀਰਾ ਬੰਦਾ ਹੈ।" ਸਰਬਜੀਤ ਨੇ ਫਿਰ ਕਿਹਾ।

ਅੱਧੀ ਛੁੱਟੀ ਹੁੰਦੀ ਤਾਂ ਸਰਬਜੀਤ ਵਾਲੀਬਾਲ ਮੰਗਾ ਲੈਂਦਾ। ਮੁੰਡੇ ਤੇ ਮਾਸਟਰ ਵਾਲੀਬਾਲ ਖੇਡਦੇ। ਕਦੀ ਕਦੀ ਦੁੱਧ-ਸੋਢੇ ਦੀ ਸ਼ਰਤ ਲੱਗਦੀ। ਉਹ ਆਪਣੀ ਮਰਜ਼ੀ ਨਾਲ ਟੀਮਾਂ ਬਣਾਉਂਦਾ। ਮੈਂ ਸਦਾ ਵਿਰੋਧੀ ਟੀਮ ਵਿਚ ਹੁੰਦਾ, ਪਰ ਚੰਗਾ ਖੇਡਣ ਦੇ ਬਾਵਜੂਦ ਉਹ ਅਕਸਰ ਹੀ ਮੈਨੂੰ ਜਿੱਤ ਨਾ ਸਕਦਾ। ਉਤੋਂ ਉਤੋਂ ਹਾਰ ਮੰਨ ਤਾਂ ਲੈਂਦਾ, ਪਰ ਉਸ ਦਾ ਅੰਦਰ ਹਾਰ ਮੰਨਣ ਨੂੰ ਤਿਆਰ ਨਾ ਹੁੰਦਾ।

"ਕੋਈ ਨਹੀਂ ਭਾ ਜੀ, ਕੱਲ੍ਹ ਸਹੀ।"

ਕਦੀ ਕਦੀ ਉਹ ਮੇਰੇ ਨਾਲ ਜ਼ਿਦ ਕੇ ਗੋਲਾ ਸੁੱਟਣ ਲੱਗਦਾ। ਉਮਰੋਂ ਵੀ ਛੋਟਾ ਸੀ ਤੇ ਸਰੀਰੋਂ ਵੀ ਉਹ ਮੇਰੇ ਨਾਲੋਂ ਕਿਤੇ ਮਜ਼ਬੂਤ ਤੇ ਤਕੜਾ ਦਿਖਾਈ ਦਿੰਦਾ ਸੀ, ਪਰ ਗੋਲਾ ਉਸ ਦਾ ਸਦਾ ਮੇਰੇ ਨਾਲੋਂ ਪੰਜ-ਸੱਤ ਇੰਚ ਪਿੱਛੇ ਹੀ ਡਿੱਗਦਾ। ਉਹਨੂੰ ਇਹ ਮਨਜ਼ੂਰ ਨਹੀਂ ਸੀ। ਉਹ ਮੁੰਡਿਆਂ ਤੇ ਮਾਸਟਰਾਂ ਸਾਹਮਣੇ ਜੇਤੂ ਨਾਇਕ ਵਜੋਂ ਹੀ ਦਿਸਣਾ ਚਾਹੁੰਦਾ ਸੀ। ਉਹ 5-6 ਇੰਚ ਦੀ ਵਿੱਥ ਮਿਟਾਉਣ ਲਈ ਲਗਾਤਾਰ ਗੋਲਾ ਸੁੱਟੀ ਜਾਂਦਾ। ਮੈਨੂੰ ਵੀ ਵੰਗਾਰਦਾ। ਉਸ ਦੇ ਮਨ ਵਿਚ ਹੁੰਦੀ ਕਿ ਮੈਨੂੰ ਦਮੋਂ ਕੱਢ ਲਵੇਗਾ, ਪਰ ਮੈਂ ਉਸ ਦੀ ਵਿੱਥ ਨਿਕਲਣ ਨਾ ਦਿੰਦਾ ਤੇ ਨਾ ਹੀ ਦਮੋਂ ਨਿਕਲਦਾ।

"ਭਾ ਜੀ, ਪਤਾ ਨਹੀਂ ਇਸ ਸੁੱਕੇ ਜਿਹੇ ਸਰੀਰ ਨਾਲ ਇਹ ਕੌਤਕ ਕਰ ਕਿਵੇਂ ਲੈਂਦੇ ਓ।" ਉਹ ਹੱਸਣ ਲੱਗਦਾ, "ਤੁਹਾਡਾ ਬੇਲੀ ਕਾਹਨ ਸਹੁੰ ਵੀ ਤੁਹਾਡੇ ਵਰਗਾ ਈ ਏ। ਵੇਖਣ ਨੂੰ ਕੁਝ ਲੱਗਦਾ ਈ ਨਹੀਂ, ਪਰ ਜਦੋਂ ਬਾਲ ਮਾਰਦੈ ਤਾਂ ਧਰਤੀ 'ਚ ਟੋਆ ਪਾਉਣ ਤੱਕ ਜਾਂਦੈ।"

ਅਧਿਆਪਕਾਂ ਤੇ ਮੁੰਡਿਆਂ ਸਾਹਮਣੇ ਹੋਈ ਹਾਰ ਨੂੰ ਉਹ ਹੱਸ ਕੇ ਗਵਾ ਦਿੰਦਾ ਅਤੇ ਅਗਲੇ ਦਿਨ 'ਵੇਖਦੇ ਆਂ' ਦੀ ਵੰਗਾਰ ਦੇ ਕੇ ਜ਼ਾਹਿਰਾ ਤੌਰ 'ਤੇ ਸੰਤੁਸ਼ਟ ਹੋ ਜਾਂਦਾ, ਪਰ ਅੰਦਰੇ ਅੰਦਰ ਸਾਨੂੰ ਦੋਵਾਂ ਨੂੰ ਹਾਰਨਾ ਚੰਗਾ ਨਹੀਂ ਸੀ ਲੱਗਦਾ।

ਅੱਧੀ ਛੁੱਟੀ ਮੁੱਕਦਿਆਂ ਹੀ ਦੂਜੇ ਅਧਿਆਪਕ ਜਮਾਤਾਂ ਨੂੰ ਤੁਰਦੇ, ਪਰ ਉਹ ਮੁੰਡਿਆਂ ਨੂੰ ਆਖਦਾ, "ਬਜ਼ਾਰੋਂ ਨਿੰਬੂ ਤੇ ਬਰਫ਼ ਲਿਆਓ ਉਏ। ਸ਼ਿਕੰਜਵੀ ਬਣਾਈਏ।"

ਵਿਹਲੇ ਪੀਰੀਅਡ ਵਾਲੇ ਅਧਿਆਪਕ ਸ਼ਿਕੰਜਵੀ ਪੀਂਦੇ। ਇੱਕ ਗਲਾਸ ਮੁਖ ਅਧਿਆਪਕ ਨੂੰ ਵੀ ਭੇਜਦਾ।

"ਥੋੜ੍ਹਾ ਕੁ ਠੰਢਾ ਰੱਖਣਾ ਚਾਹੀਦਾ ਉਹਨੂੰ ਵੀ।"

***ਪਿੰਡ ਛੱਡ ਕੇ ਜਲੰਧਰ ਲਾਇਲਪੁਰ ਖ਼ਾਲਸਾ ਕਾਲਜ ਵਿਚ ਆਇਆਂ ਡੇਢ ਦਹਾਕਾ ਹੋ ਗਿਆ ਸੀ ਜਦੋਂ ਕਾਹਨ ਸਿੰਘ ਸਾਡੀ ਕਿਸੇ ਸਾਂਝੀ ਜਾਣ-ਪਛਾਣ ਵਾਲੇ ਪਰਿਵਾਰ ਦੇ ਵਿਆਹ-ਸਮਾਗਮ ਵਿਚ ਜਲੰਧਰ ਆਇਆ। ਕਈ ਸਾਲਾਂ ਬਾਅਦ ਮਿਲੇ ਸਾਂ।... ਘਰ ਬੈਠੇ ਗੱਲਾਂ ਕਰਦਿਆਂ ਉਸ ਨੇ ਅਚਨਚੇਤ ਸਰਬਜੀਤ ਨਾਲ ਹੋਈ ਮੇਰੀ 'ਗਰਮਾ ਗਰਮੀ' ਬਾਰੇ ਪੁੱਛ ਲਿਆ। ਉਸ ਦੇ ਦੁਬਾਰਾ ਜ਼ੋਰ ਪਾਉਣ ਅਤੇ ਬੜਾ ਸੋਚਣ 'ਤੇ ਵੀ ਕੋਈ ਗੱਲ ਯਾਦ ਨਾ ਆਈ। ਮੈਨੂੰ ਤਾਂ ਯਾਦ ਆਇਆ ਉਸ ਦਾ ਹੱਸਦਾ ਹੋਇਆ ਸਾਂਵਲਾ ਚਿਹਰਾ। ਕੀਮਤੀ ਕੱਪੜੇ। ਗੁੱਟ 'ਤੇ ਬੱਧੀ ਮਹਿੰਗੀ ਘੜੀ। ਪੈਰੀਂ ਤਿੱਲੇਦਾਰ ਕਸੂਰੀ ਖੁੱਸਾ।***



*ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ ਦਾ ਮੁੱਖ ਗੇਟ।*

ਸਭ ਨੂੰ ਪਤਾ ਸੀ ਕਿ ਉਹ ਘੱਟ-ਵੱਧ ਹੀ ਜਮਾਤ ਵਿਚ ਜਾਂਦਾ ਸੀ। ਪੀ.ਟੀ. ਮਾਸਟਰ ਹੋਣ ਕਰ ਕੇ ਉਹ ਅਕਸਰ ਆਖਦਾ ਕਿ ਉਸ ਦਾ ਕੰਮ ਖੇਡ ਦੇ ਮੈਦਾਨ ਵਿਚ ਹੈ; ਕਮਰਿਆਂ ਵਿਚ ਨਹੀਂ।

ਕਦੀ ਗਰਮਾ-ਗਰਮ ਪਕੌੜਿਆਂ ਅਤੇ ਪੂਦਨੇ ਦੀ ਚਟਣੀ ਦਾ ਸਵਾਦ ਵੇਖਿਆ ਜਾਂਦਾ। ਕਦੀ ਖ਼ਰਬੂਜ਼ਿਆਂ ਦੀਆਂ ਫਾੜੀਆਂ ਹੋ ਰਹੀਆਂ ਹੁੰਦੀਆਂ। ਕਦੇ ਹਰੀਆਂ ਤਰਾਂ ਤੇ ਨਿੰਬੂ ਨਿਚੋੜ ਕੇ ਕਾਲਾ ਲੂਣ ਲੱਗਦਾ। ਬਹੁਤੀ ਵਾਰ ਖ਼ਰਚਾ ਅਧਿਆਪਕਾਂ ਦਾ ਸਾਂਝਾ ਹੀ ਹੁੰਦਾ ਸੀ, ਪਰ ਕਈ ਵਾਰ ਸਰਬਜੀਤ ਆਪਣੀ ਜੇਬ ਵਿਚੋਂ ਹੀ ਕਰ ਦਿੰਦਾ। ਉਂਜ ਮਿਲ-ਜੁਲ ਕੇ ਖਾਣ-ਪੀਣ ਦਾ ਇਹ ਸਿਲਸਿਲਾ ਸਰਬਜੀਤ ਦੀ ਪਹਿਲਕਦਮੀ 'ਤੇ ਹੀ ਸ਼ੁਰੂ ਹੋਇਆ ਸੀ।

ਕਿਸੇ ਦਿਨ ਆਖਦਾ, "ਭਾ ਜੀ! ਸੁਣਿਐਂ ਫਿਲਮ ਨਵੀਂ ਆਈ ਹੈ। ਆਪਾਂ ਸ਼ਨਿੱਚਰਵਾਰ ਵੇਖਣ ਜਾਣਾ ਹੈ ਸਾਰਿਆਂ, ਅੰਬਰਸਰ।"

ਜਿਨ੍ਹਾਂ ਦਾ ਕਰੂਰਾ ਮਿਲਦਾ, ਅਸੀਂ ਫਿਲਮ ਵੇਖਣ ਜਾਂਦੇ। ਇਸ ਤਰ੍ਹਾਂ ਸਰਬਜੀਤ ਦਾ 'ਦਰਬਾਰ' ਸਜਿਆ ਰਹਿੰਦਾ। ਉਹ ਹਰ ਸਮੇਂ ਰੌਣਕ ਲਾਈ ਰੱਖਦਾ। ਅਜਿਹੇ ਰੌਣਕੀ ਬੰਦੇ ਦੀਆਂ ਰੰਗੀਨ ਯਾਦਾਂ ਦੀ ਭੀੜ ਵਿਚੋਂ ਮੈਨੂੰ ਕਿਸੇ 'ਗਰਮਾ-ਗਰਮੀ ਵਾਲੀ ਯਾਦ' ਦਾ ਚਿਹਰਾ ਨਜ਼ਰ ਨਹੀਂ ਸੀ ਆ ਰਿਹਾ।

"ਕੋਈ ਗੱਲ ਹੋਈ ਜ਼ਰੂਰ ਸੀ।"

ਜਾਪਦਾ ਸੀ, ਕਾਹਨ ਸਿੰਘ ਨੂੰ ਕਿਸੇ 'ਨਿੱਕੀ-ਮੋਟੀ' ਗੱਲ ਦਾ ਪਤਾ ਸੀ! ਉਹ ਗੱਲ ਦੱਸਣ ਦਾ ਮਨ ਵੀ ਬਣਾਈ ਬੈਠਾ ਜਾਪਦਾ ਸੀ, ਪਰ ਪਹਿਲਾਂ ਸ਼ਾਇਦ ਮੈਨੂੰ ਟੋਹਣਾ ਤੇ 'ਉਸ ਘਟਨਾ' ਬਾਰੇ ਪ੍ਰਤੀਕਰਮ ਜਾਣਨਾ ਚਾਹੁੰਦਾ ਸੀ!

ਪਰ ਮੈਨੂੰ ਕੁਝ ਯਾਦ ਹੋਵੇ ਤਾਂ ਦੱਸਾਂ! ਵੱਧ ਤੋਂ ਵੱਧ ਮੈਂ ਸਾਡੀ 'ਜਿੱਤਣ-ਹਾਰਨ' ਦੀ ਰੋਮਾਂਟਿਕ ਜ਼ਿਦ ਦੀ ਉਦਾਹਰਣ ਹੀ ਦੇ ਸਕਿਆ।

ਕਾਹਨ ਸਿੰਘ ਤੇ ਸਰਬਜੀਤ ਦੋਵਾਂ ਦਾ ਪਿੰਡ ਇੱਕੋ ਹੀ ਸੀ। ਕਾਹਨ ਸਿੰਘ ਆਪਣੇ ਪਿੰਡ ਦੇ ਸਕੂਲ ਵਿਚ ਕਈ ਸਾਲਾਂ ਤੋਂ ਅਧਿਆਪਕ ਸੀ ਅਤੇ ਸਰਬਜੀਤ ਉਸ ਕੋਲੋਂ ਪੜ੍ਹਦਾ ਹੀ ਨਹੀਂ ਸੀ ਰਿਹਾ, ਸਗੋਂ ਉਸ ਦਾ ਬੜਾ ਚਹੇਤਾ ਵਿਦਿਆਰਥੀ ਵੀ ਰਿਹਾ ਸੀ। ਉਸ ਦੀ ਆਪਣੇ ਪਿਤਾ ਵਾਂਗ ਇੱਜ਼ਤ ਕਰਦਾ ਸੀ।

1979 ਵਿਚ ਮੈਂ ਆਪਣੇ ਪਿੰਡ ਸੁਰ ਸਿੰਘ ਦੇ ਹਾਈ ਸਕੂਲ ਵਿਚੋਂ ਲੰਮੀ ਛੁੱਟੀ ਲੈ ਕੇ 'ਧਰਦਿਓ-ਬੁੱਟਰ' ਦੇ ਆਦਰਸ਼ ਸਕੂਲ ਵਿਚ ਪੰਜਾਬੀ ਦਾ ਲੈਕਚਰਾਰ ਜਾ ਲੱਗਾ। ਉਥੇ ਦਿਲ ਨਾ ਲੱਗਣ ਕਰ ਕੇ ਦੋ ਕੁ ਸਾਲਾਂ ਬਾਅਦ ਮੈਂ ਵਾਪਸ ਆਪਣੇ ਪਿੰਡ ਵਾਲੇ ਸਕੂਲ ਵਿਚ ਆਇਆ ਤਾਂ ਮੇਰੇ ਨਾਲ ਸਕੂਲ ਵਿਚ ਪਹਿਲਾਂ ਪੜ੍ਹਾਉਂਦੇ ਰਹੇ ਸੋਹਲਾਂ ਵਾਲੇ ਹਰਬੰਸ ਪੀ.ਟੀ. ਦੀ ਬਦਲੀ ਹੋ ਚੁੱਕੀ ਸੀ। ਸਰਬਜੀਤ ਉਸ ਦੀ ਥਾਂ ਨਵਾਂ ਨਵਾਂ ਨਿਯੁਕਤ ਹੋ ਕੇ ਆਇਆ ਸੀ। ਉਹ ਮੈਨੂੰ ਬੜੇ ਸਤਿਕਾਰ ਨਾਲ ਮਿਲਿਆ ਅਤੇ ਕਿਹਾ, "ਮੈਂ ਕਾਹਨ ਸਿੰਘ ਹੁਰਾਂ ਦਾ ਵਿਦਿਆਰਥੀ ਹਾਂ ਅਤੇ ਉਨ੍ਹਾਂ ਦਾ ਗੁਰੂਆਂ ਵਾਂਗ ਸਤਿਕਾਰ ਕਰਦਾ ਹਾਂ। ਉਹ ਤੁਹਾਡੇ ਮਿੱਤਰ ਨੇ, ਇਸ ਲਈ ਤੁਸੀਂ ਵੀ ਅੱਜ ਤੋਂ ਮੇਰੇ ਗੁਰੂਆਂ ਵਰਗੇ ਜੇ।" ਉਸ ਦੀ ਮਿਠਾਸ ਨੇ ਮੇਰਾ ਮਨ ਮੋਹ ਲਿਆ ਸੀ।

ਕਾਹਨ ਸਿੰਘ ਮੇਰੇ ਪਿੰਡ ਤੋਂ ਪੰਜ-ਸੱਤ ਮੀਲ ਦੀ ਵਿੱਥ 'ਤੇ ਐਨ ਹਿੰਦ-ਪਾਕਿ ਸਰਹੱਦ 'ਤੇ ਪੈਂਦੇ ਪਿੰਡ ਨੌਸ਼ਹਿਰੇ-ਢਾਲੇ ਦਾ ਹੈ। ਕਾਲੇ ਸਮਿਆਂ ਨੇ ਉਹਨੂੰ ਅੰਮ੍ਰਿਤਸਰ ਅਤੇ ਮੈਨੂੰ ਜਲੰਧਰ ਰਿਹਾਇਸ਼ ਤਬਦੀਲ ਕਰਨ ਲਈ ਮਜਬੂਰ ਕਰ ਦਿੱਤਾ। ਫਿਰ ਅਸੀਂ ਕਈ ਸਾਲ ਨਾ ਮਿਲ ਸਕੇ, ਪਰ ਪਿੰਡ ਰਹਿੰਦਿਆਂ ਸਾਡੀ ਸਾਂਝ ਸਦਾ ਹੀ ਬਣੀ ਰਹੀ।

ਅਸੀਂ ਦੋਵੇਂ ਸਭ ਤੋਂ ਪਹਿਲਾਂ 1963 ਵਿਚ ਜੇ.ਬੀ.ਟੀ. ਸਕੂਲਾਂ ਦੇ ਜ਼ਿਲ੍ਹਾ ਟੂਰਨਾਮੈਂਟ ਵਿਚ ਮਿਲੇ ਸਾਂ। ਉਹ ਖਾਲੜੇ ਅਤੇ ਮੈਂ ਸਰਹਾਲੀ ਦੀ ਵਾਲੀਬਾਲ ਟੀਮ ਵੱਲੋਂ ਬਤੌਰ ਸਮੈਸ਼ਰ ਖੇਡੇ ਸਾਂ। ਜੇ.ਬੀ.ਟੀ. ਕਰਨ ਪਿੱਛੋਂ ਸਾਡੀ ਐਡਹਾਕ ਨਿਯੁਕਤੀ ਵੀ ਇੱਕੋ ਸਕੂਲ ਵਿਚ ਹੋ ਗਈ ਸੀ ਜਿਸ ਸਦਕਾ ਸਾਡੀ ਸਾਂਝ ਹੋਰ ਗੂੜ੍ਹੀ ਹੋ ਗਈ। ਫਿਰ ਅਸੀਂ ਪੱਕੇ ਟੀਚਰ ਬਣ ਕੇ ਆਪਣੇ ਆਪਣੇ ਪਿੰਡਾਂ ਦੇ ਨੇੜੇ ਚਲੇ ਗਏ। ਕਦੀ ਕਦੀ ਮਿਲਣ-ਗਿਲਣ ਬਣਿਆਂ ਹੀ ਰਹਿੰਦਾ। ਅਸਾਂ ਦੋਵਾਂ ਅੱਗੇ ਪੜ੍ਹਾਈ ਕਰਕੇ ਬੀ.ਏ., ਐਮ.ਏ. ਅਤੇ ਬੀ.ਐਡ. ਵਗੈਰਾ ਕਰ ਲਈਆਂ ਤੇ ਆਪਣੇ ਆਪਣੇ ਪਿੰਡ ਦੇ ਹਾਈ ਸਕੂਲ ਵਿਚ ਅਧਿਆਪਕ ਜਾ ਲੱਗੇ।

ਮੈਂ ਜਿੰਨਾ ਚਿਰ ਪਿੰਡ ਰਿਹਾ, ਹਰ ਰੋਜ਼ ਸ਼ਾਮ ਨੂੰ ਗਰਾਊਂਡ ਵਿਚ ਜਾਣਾ ਅਤੇ ਦੋ-ਤਿੰਨ ਘੰਟੇ ਵਾਲੀਬਾਲ ਖੇਡਣਾ ਤੇ ਖਿਡਾਉਣਾ ਮੇਰਾ ਨਿੱਤ-ਨੇਮ ਸੀ। ਇੰਜ ਮੈਂ ਲਗਾਤਾਰ ਢਾਈ ਦਹਾਕਿਆਂ ਤੋਂ ਉਤੇ ਰੋਜ਼ ਵਾਲੀਬਾਲ ਖੇਡਦਾ-ਖਿਡਾਉਂਦਾ ਰਿਹਾ। ਸਮੇਂ ਸਮੇਂ ਤਿਆਰ ਕੀਤੇ ਮੇਰੇ ਨਵੇਂ ਖਿਡਾਰੀਆਂ ਦੀ ਟੀਮ ਮੈਚ ਖੇਡਣ ਲਈ ਤਿਆਰ-ਬਰ-ਤਿਆਰ ਰਹਿੰਦੀ। ਅਸੀਂ ਆਸੇ ਪਾਸੇ ਦੇ ਪਿੰਡਾਂ ਦੀਆਂ ਟੀਮਾਂ ਅਤੇ ਕਲੱਬਾਂ ਨਾਲ ਮੈਚ ਖੇਡਦੇ। ਆਪਣੇ ਪਿੰਡ ਵਿਚ ਕਾਹਨ ਸਿੰਘ ਮੇਰੇ ਵਾਲਾ ਹੀ ਰੋਲ ਨਿਭਾ ਰਿਹਾ ਸੀ। ਉਸ ਦੀ ਅਗਵਾਈ ਵਿਚ ਉਸ ਦੇ ਪਿੰਡ ਦੀ ਵੀ ਵਾਲੀਬਾਲ ਦੀ ਬੜੀ ਮਜ਼ਬੂਤ ਟੀਮ ਸੀ। ਅਸਾਂ ਦੋਵਾਂ ਨੇ ਵਾਲੀਬਾਲ ਦੇ ਕਈ ਖਿਡਾਰੀ ਤਿਆਰ ਕੀਤੇ ਸਨ। ਕਈ ਵਾਰ ਅਸੀਂ ਦੋਵੇਂ ਧਿਰਾਂ ਇੱਕ-ਦੂਜੇ ਨਾਲ, ਇੱਕ-ਦੂਜੇ ਦੇ ਪਿੰਡ ਜਾ ਕੇ ਦੋਸਤਾਨਾ ਮੈਚ ਖੇਡਦੇ, ਜਿੱਤਦੇ-ਹਾਰਦੇ। ਅਸੀਂ ਦੋਵੇਂ ਭਾਵੇਂ ਇੱਕ-ਦੂਜੇ ਦੇ ਖ਼ਿਲਾਫ਼ ਮੁੱਖ ਖਿਡਾਰੀ ਹੁੰਦੇ, ਪਰ ਸਾਡੇ ਵਿਚ ਦੋਸਤੀ ਦੀ ਮੁਹੱਬਤੀ ਤੰਦ ਸਦਾ ਜੁੜੀ ਰਹੀ। ਸਰਬਜੀਤ ਵੀ ਉਸ ਦਾ ਸ਼ਾਗਿਰਦ ਅਤੇ ਤਿਆਰ ਕੀਤਾ ਖਿਡਾਰੀ ਸੀ।

ਮੈਨੂੰ ਪਿੰਡ ਛੱਡ ਕੇ ਜਲੰਧਰ ਦੇ ਲਾਇਲਪੁਰ ਖ਼ਾਲਸਾ ਕਾਲਜ ਵਿਚ ਆਇਆਂ ਲਗ-ਭਗ ਡੇਢ ਦਹਾਕਾ ਹੋ ਗਿਆ ਸੀ ਜਦੋਂ ਕਾਹਨ ਸਿੰਘ ਸਾਡੀ ਕਿਸੇ ਸਾਂਝੀ ਜਾਣ-ਪਛਾਣ ਵਾਲੇ ਪਰਿਵਾਰ ਦੇ ਵਿਆਹ-ਸਮਾਗਮ ਵਿਚ ਜਲੰਧਰ ਆਇਆ। ਅਸੀਂ ਕਈ ਸਾਲਾਂ ਬਾਅਦ ਮਿਲੇ ਸਾਂ। ਖਾਣਾ ਖਾਣ ਤੋਂ ਪਿੱਛੋਂ ਉਸ ਨੇ ਮੈਨੂੰ ਕਿਹਾ, ਮੈਂ ਉਹਨੂੰ ਬੱਸ ਅੱਡੇ ਉਤੇ ਉਤਾਰ ਦਿਆਂ।

ਕਾਰ 'ਚ ਬੈਠੇ ਤਾਂ ਪੁਰਾਣੇ ਦਿਨ ਯਾਦ ਕਰਨ ਲੱਗੇ। ਪੁਰਾਣੀਆਂ ਯਾਦਾਂ ਦੇ ਰੁਮਾਂਚਕ ਧੁੰਦਲਕੇ ਵਿਚ ਗਵਾਚਣਾ ਕਿਸ ਨੂੰ ਚੰਗਾ ਨਹੀਂ ਲੱਗਦਾ!

"ਕਾਹਨ ਸਿੰਹਾਂ! ਤੂੰ ਮੇਰੇ ਨਾਲ ਘਰ ਚੱਲ। ਬੈਠ ਕੇ ਕੁਝ ਚਿਰ ਗੱਲਾਂ-ਬਾਤਾਂ ਕਰਾਂਗੇ। ਗਰਮਾ ਗਰਮ ਭਾਫਾਂ ਛੱਡਦੀ ਚਾਹ ਦਾ ਪਿਆਲਾ ਪਿਆਲਾ ਪੀਆਂਗੇ। ਉਥੋਂ ਹੀ ਮੈਂ ਤੈਨੂੰ ਬੱਸ ਅੱਡੇ 'ਤੇ ਛੱਡ ਆਊਂ। ਦਿਨ ਤਾਂ ਅਜੇ ਬੜਾ ਪਿਐ ਤੇ ਤੂੰ ਕਿਹੜਾ ਵਲੈਤ ਜਾਣੈਂ। ਆਹ ਪਿਐ ਅੰਮ੍ਰਿਤਸਰ।" ਉਹ ਪਹਿਲਾਂ ਹੀ ਤਿਆਰ ਸੀ।

ਘਰ ਬੈਠੇ ਗੱਲਾਂ ਕਰਦਿਆਂ ਹੀ ਉਸ ਨੇ ਅਚਨਚੇਤ ਸਰਬਜੀਤ ਨਾਲ ਹੋਈ ਮੇਰੀ 'ਗਰਮਾ ਗਰਮੀ' ਬਾਰੇ ਸਵਾਲ ਪੁੱਛ ਲਿਆ। ਉਸ ਦੇ ਦੁਬਾਰਾ ਜ਼ੋਰ ਪਾਉਣ ਅਤੇ ਬੜਾ ਸੋਚਣ 'ਤੇ ਵੀ ਕੋਈ ਗੱਲ ਯਾਦ ਨਾ ਆਈ। ਮੈਨੂੰ ਤਾਂ ਯਾਦ ਆਇਆ ਉਸ ਦਾ ਹੱਸਦਾ ਹੋਇਆ ਸਾਂਵਲਾ ਚਿਹਰਾ। ਕੀਮਤੀ ਕੱਪੜੇ। ਗੁੱਟ 'ਤੇ ਬੱਧੀ ਮਹਿੰਗੀ ਘੜੀ। ਪੈਰੀਂ ਤਿੱਲੇਦਾਰ ਕਸੂਰੀ ਖੁੱਸਾ।

ਸਰਬਜੀਤ ਦੇ ਖੁੱਸੇ ਦੀ ਤਾਰੀਫ਼ ਕੀਤੀ ਤਾਂ ਉਸ ਨੇ ਕਿਹਾ, "ਬੰਦਾ ਪਰਸੋਂ 'ਫੇਰਾ ਲਾਉਣ' ਲਾਹੌਰ ਗਿਆ ਸੀ। ਚਾਰ ਖੁੱਸੇ ਮੰਗਵਾਏ ਸੀ। ਤੁਸੀਂ ਮੰਗਵਾਉਣੈ ਤਾਂ ਦੱਸੋ। ਅਗਲੇ ਹਫ਼ਤੇ ਬੰਦੇ ਨੇ ਫਿਰ ਲਾਹੌਰ ਜਾਣੈਂ। ਆਖਦਾ ਸੀ ਲਾਹੌਰ ਵਿਚ ਬੜੀ ਵਧੀਆ ਪੰਜਾਬੀ ਫਿਲਮ ਲੱਗੀ ਹੈ। ਇਸ ਫੇਰੇ ਵੇਖੀ ਨਹੀਂ ਗਈ। ਹੁਣ ਸਿਰਫ਼ ਫਿਲਮ ਵੇਖਣ ਲਾਹੌਰ ਜਾਣਾ ਸੂ।" ਉਹ ਖਿੜਖਿੜਾ ਕੇ ਹੱਸਿਆ।

ਲਾਹੌਰ ਜਾਣਾ ਉਨ੍ਹਾਂ ਲਈ ਇੰਜ ਸੀ ਜਿਵੇਂ ਪਿੰਡੋਂ ਉਠ ਕੇ ਅੰਮ੍ਰਿਤਸਰ ਜਾਣਾ ਹੋਵੇ!

ਉਸ ਦੀ ਤੜਕ-ਭੜਕ ਤੇ 'ਸ਼ਾਨੋ-ਸ਼ੌਕਤ' ਪਿੱਛੇ ਉਸ ਦੇ ਪਰਿਵਾਰ ਦੀ ਚੰਗੀ ਆਰਥਿਕ ਹਾਲਤ ਸੀ। ਉਨ੍ਹਾਂ ਦਾ ਪਿੰਡ ਐਨ ਹਿੰਦ-ਪਾਕਿ ਸਰਹੱਦ ਉਤੇ ਸੀ ਅਤੇ ਇਹ ਸਭ ਇਸੇ ਸਰਹੱਦ

***(ਬਾਕੀ ਅਗਲੇ ਸਫੇ 'ਤੇ)***

ਦੀਆਂ 'ਬਖ਼ਸ਼ਿਸ਼ਾਂ ਤੇ ਬਰਕਤਾਂ' ਸਨ। ਉਦੋਂ ਅਜੇ ਸਰਹੱਦ 'ਤੇ ਵਾੜ ਨਹੀਂ ਸੀ ਲੱਗੀ। ਦੋਵਾਂ ਮੁਲਕਾਂ ਦੇ ਖੇਤਾਂ ਦੀਆਂ ਵੱਟਾਂ ਨਾਲ ਵੱਟਾਂ ਲੱਗਦੀਆਂ ਸਨ। ਬੀ.ਐਸ.ਐਫ. ਦੀਆਂ ਨਜ਼ਰਾਂ ਬਚਾ ਕੇ ਆਪਣੇ ਆਪਣੇ ਖੇਤਾਂ ਵਿਚ ਕੰਮ ਕਰਦੇ ਲੋਕ ਉਰਾਰ-ਪਾਰ ਗੱਲਾਂ ਵੀ ਕਰ ਲੈਂਦੇ ਤੇ ਸੌਦੇ ਵੀ।

ਸਰਬਜੀਤ ਹੁਰੀਂ ਇਲਾਕੇ ਦੀ ਪੈਸੇ ਵੱਲੋਂ ਚੰਗੀ ਮੋਟੀ ਸਾਮੀ ਸਨ। ਨੌਕਰੀ ਤਾਂ ਸਰਬਜੀਤ ਸ਼ੁਗਲ ਵਜੋਂ ਕਰਦਾ ਸੀ। ਮਿਲਦੀ ਤਨਖ਼ਾਹ ਤੋਂ ਵੱਧ ਪੈਸੇ ਤਾਂ ਉਹ ਹਰ ਮਹੀਨੇ ਖ਼ਰਚ ਕਰ ਦਿੰਦਾ ਸੀ। ਸਾਰੇ ਵਿਦਿਆਰਥੀਆਂ ਅਤੇ ਅਧਿਆਪਕਾਂ ਉਤੇ ਉਸ ਦੀ 'ਸਰਦਾਰੀ' ਦੀ ਪੈਂਠ ਬਣੀ ਹੋਈ ਸੀ, ਪਰ ਉਸ ਦੇ ਮਿਲਾਪੜੇ ਅਤੇ ਖ਼ੁਸ਼ਦਿਲ ਸੁਭਾ ਕਰ ਕੇ ਇਹ 'ਸਰਦਾਰੀ' ਕਿਸੇ ਨੂੰ ਇੰਨੀ ਚੁਭਦੀ ਨਹੀਂ ਸੀ। ਉਹ ਇਸ ਹਉਮੈ ਵਿਚ ਉਡਿਆ ਫਿਰਦਾ।

ਇਸ ਤੋਂ ਇਲਾਵਾ ਅੱਜ ਕੱਲ੍ਹ ਉਨ੍ਹਾਂ ਦੇ ਟੱਬਰ ਦੀਆਂ ਨਵੀਆਂ ਬਣੀਆਂ 'ਸਾਂਝਾਂ' ਵੀ ਉਸ ਦੇ ਲੁਕਵੇਂ ਅਭਿਮਾਨ ਦਾ ਕਾਰਨ ਬਣ ਗਈਆਂ ਸਨ।

ਇਹ ਲਾਲਾ ਜਗਤ ਨਰਾਇਣ ਦੇ ਕਤਲ ਤੋਂ ਬਾਅਦ ਅਤੇ 'ਬਲੂ ਸਟਾਰ ਆਪ੍ਰੇਸ਼ਨ' ਤੋਂ ਪਹਿਲਾਂ ਦੇ ਦਿਨ ਸਨ। ਸੰਤ ਭਿੰਡਰਾਂਵਾਲੇ ਅਤੇ ਉਸ ਦੇ ਚੇਲਿਆਂ ਦੀ ਚੜ੍ਹ ਮੱਚੀ ਹੋਈ ਸੀ।

"ਸੰਤਾਂ ਦਾ ਆਪਣੇ 'ਤੇ ਮਿਹਰ ਦਾ ਹੱਥ ਹੈ।" ਸਰਬਜੀਤ ਸੰਤਾਂ ਨਾਲ ਆਪਣੇ ਪਰਿਵਾਰ ਦੇ ਨੇੜ ਦੀਆਂ ਗੱਲਾਂ ਕਰਦਾ। ਉਸ ਦੀਆਂ ਇਹੋ ਜਿਹੀਆਂ ਗੱਲਾਂ ਸੁਣ ਕੇ ਹੀ ਹੈੱਡਮਾਸਟਰ ਉਹਨੂੰ ਕੁਝ ਨਹੀਂ ਸੀ ਕਹਿੰਦਾ। ਉਹ ਜਦੋਂ ਮਰਜ਼ੀ ਸਕੂਲ ਆਵੇ, ਜਦੋਂ ਮਰਜ਼ੀ ਜਾਵੇ।

ਇਕ ਦਿਨ ਅਖਬਾਰ ਵਿਚ ਇੱਕ ਪੁਲਸੀਏ 'ਤੇ ਹੋਏ ਹਮਲੇ ਦੀ ਖ਼ਬਰ ਪੜ੍ਹ ਕੇ ਉਹ ਖ਼ੁਸ਼ੀ ਵਿਚ ਉਛਲ ਪਿਆ, "ਆਹ ਰੇੜ੍ਹ 'ਤਾ ਈ।"

'ਖ਼ੁਸ਼ੀ' ਸਾਂਝੀ ਕਰ ਕੇ ਉਹ ਦੱਸਣ ਲੱਗਾ, "ਪਰਸੋਂ ਸੰਤਾਂ ਦੇ ਦਰਸ਼ਨ ਕਰਨ ਗਏ ਸਾਂ। ਸੰਤਾਂ ਨੂੰ ਸੁਣ ਕੇ ਸਵਾਦ ਆ ਗਿਆ। ਏਸੇ ਪੁਲਸੀਏ ਦੀ ਘਰਵਾਲੀ ਆਈ, ਸਾਡੇ ਵਿੰਹਦਿਆਂ ਹੱਥ ਜੋੜ ਜੋੜ ਤਰਲੇ ਲਵੇ; ਆਖੇ, 'ਮੇਰੇ ਘਰਵਾਲੇ ਦੀ ਜਾਨ ਬਖ਼ਸ਼ੀ ਕਰ ਦਿਓ। ਉਸ ਦਾ ਕੋਈ ਕਸੂਰ ਨਹੀਂ। ਸਾਡਾ ਨਿੱਕਾ ਨਿੱਕਾ ਜੀਆ ਜੰਤ ਕੀ ਕਰੂ!' ਉਸ ਨੇ ਆਪਣਾ ਛੇ-ਸੱਤ ਸਾਲ ਦਾ ਨਿਆਣਾ ਅੱਗੇ ਕੀਤਾ ਅਤੇ ਉਹ ਕੰਬਦਾ ਹੋਇਆ ਸੰਤਾਂ ਅੱਗੇ ਹੱਥ ਜੋੜ ਕੇ ਆਖੇ, 'ਮੇਰੇ ਡੈਡੀ ਨੂੰ ਨਾ ਮਾਰਿਓ।' ਸੰਤ ਕਹਿੰਦੇ, 'ਬੀਬੀ, ਤੇਰੇ ਘਰਵਾਲੇ ਨੇ ਘੱਟ ਨਹੀਂ ਕੀਤੀ। ਜਿਨ੍ਹਾਂ ਨਾਲ ਹੋਈ, ਉਨ੍ਹਾਂ ਦੇ ਵੀ ਤਾਂ ਏਡੇ ਏਡੇ ਨਿਆਣੇਂ ਸਨ। ਨਾਲੇ ਬੀਬੀ ਮੈਂ ਕੀ ਕਰਨਾ ਹੈ! ਕਰਨ ਕਰਾਉਣ ਵਾਲੀ ਤਾਂ ਸੰਗਤ ਹੈ ਜਾਂ ਉਹ ਗੁਰੂ ਮਹਾਂਰਾਜ!"

ਮੈਨੂੰ ਉਸ ਦਾ ਖ਼ੁਸ਼ ਹੋਣਾ ਚੰਗਾ ਨਾ ਲੱਗਾ।

"ਇਸ ਵਿਚ ਖ਼ੁਸ਼ ਹੋਣ ਵਾਲੀ ਕਿਹੜੀ ਗੱਲ ਹੈ? ਬੰਦੇ ਦੀ ਜਾਨ ਗਈ ਹੈ। ਸੰਤ ਅਤੇ ਗੁਰੂ ਤਾਂ ਬਖ਼ਸ਼ਣਹਾਰ ਹੁੰਦਾ ਹੈ। ਤੈਨੂੰ ਹੱਥ ਜੋੜੀ ਖਲੋਤੇ ਉਸ ਛੋਟੇ ਮੁੰਡੇ 'ਤੇ ਤਰਸ ਨਾ ਆਇਆ?" ਮੈਂ ਆਖਿਆ ਤਾਂ ਉਹ ਗੰਭੀਰ ਹੋ ਗਿਆ।

"ਤਰਸ ਤਾਂ ਆਇਆ ਸੀ ਭਾ ਜੀ! ਪਰ ਜਦੋਂ ਉਹ ਜਨਾਨੀ ਚਲੀ ਗਈ ਤਾਂ ਸੰਤਾਂ ਕੋਲ ਬੈਠੇ ਬੰਦੇ ਉਸ 'ਤੇ ਹੱਸਣ ਲੱਗੇ। ਉਨ੍ਹਾਂ ਦੇ ਹਾਸੇ ਵਿਚ ਉਹ ਮੁੰਡਾ ਮੈਨੂੰ ਭੁੱਲ ਹੀ ਗਿਆ ਸੀ!"

"ਰਤਾ ਸੋਚ ਕੇ ਵੇਖ! ਉਸ ਮੁੰਡੇ ਦੀ ਥਾਂ ਜੇ ਕਿਤੇ ਤੂੰ ਹੁੰਦੋਂ!"

ਉਸ ਨੇ ਉਚੀ ਸਾਰੀ ਆਖਿਆ, "ਓ ਛੱਡੋ ਭਾ ਜੀ! ਐਵੇਂ ਉਸ ਮੁੰਡੇ ਦਾ ਚੇਤਾ ਨਾ ਕਰਾਓ।"

ਉਚੀ ਆਵਾਜ਼ ਵਿਚ ਉਹ ਆਪਣੇ ਪਛਤਾਵੇ ਨੂੰ ਲੁਕਾਉਣਾ ਚਾਹੁੰਦਾ ਸੀ।

"ਰਮੇਸ਼ ਜੀ ਐਧਰ ਆਓ! ਤਾਸ਼ ਦੀ ਬਾਜ਼ੀ ਹੋ ਜਾਵੇ।" ਉਸ ਨੇ ਆਪਣੇ ਇੱਕ ਹੋਰ ਚਹੇਤੇ ਅਧਿਆਪਕ ਨੂੰ ਆਵਾਜ਼ ਦਿੱਤੀ। ਉਹ ਮੇਰੇ ਨਾਲ ਗੱਲ-ਬਾਤ ਨੂੰ ਹੋਰ ਲੰਮੀ ਨਹੀਂ ਸੀ ਖਿੱਚਣਾ ਚਾਹੁੰਦਾ। ਅਸਲ ਵਿਚ ਉਸ ਅੰਦਰ ਹੱਥ ਜੋੜੀ ਖਲੋਤੇ ਮੁੰਡੇ ਦਾ ਦਰਦ ਜਾਗ ਪਿਆ ਸੀ ਅਤੇ ਉਹ ਇਸ ਦਰਦ ਦੇ ਰੂ-ਬ-ਰੂ ਨਹੀਂ ਸੀ ਹੋਣਾ ਚਾਹੁੰਦਾ।

ਇਕ ਦਿਨ ਮੈਂ ਪੁੱਛਿਆ, "ਤੇਰੇ ਸੰਤਾਂ ਕੋਲ ਇਲਾਕੇ ਦੇ ਸਾਰੇ ਸਮਗਲਰ ਅਤੇ ਦਸ ਨੰਬਰੀਏ ਜਾ ਕੇ ਮੱਥੇ ਟੇਕਣ ਲੱਗੇ ਨੇ। ਇਹੋ ਜਿਹਿਆਂ ਦੀ ਸੰਗਤ ਕਿਹੋ ਜਿਹੇ ਚੰਨ ਚਾੜ੍ਹੇਗੀ, ਇਹ ਵੀ ਕਦੀ ਸੋਚਿਐ?"

ਉਸ ਦਲੀਲ ਦਿੱਤੀ, "ਇਹੋ ਲੋਕ ਹੀ ਤਾਂ 'ਮਾਰ-ਖੋਰੀ ਕੌਮ' ਹੁੰਦੇ ਨੇ। ਅੜੇ-ਥੁੜੇ ਕੰਮ ਆਉਣ ਵਾਲੇ। ਕੁਝ ਖੜਕਾ-ਦੜਕਾ ਕਰਨ ਕਰਾਉਣ ਵਾਲੇ।"

ਪਹਿਲਾਂ ਤਾਂ ਉਹ ਹੱਸਿਆ ਤੇ ਫਿਰ ਗੰਭੀਰ ਹੋ ਗਿਆ- "ਮੈਂ ਜਾਣਦਾਂ; ਅਸਲ ਵਿਚ ਤੁਸੀਂ ਮੈਨੂੰ ਹੀ ਲਾ ਕੇ ਇਹ ਗੱਲ ਆਖੀ ਏ! ਸਭ ਸਮਝਦਾਂ ਮੈਂ। ਭਾ ਜੀ! ਜਾਨ ਦੀ ਬਾਜ਼ੀ ਲਾ ਕੇ ਜੇ ਅਸਾਂ ਆਰ-ਪਾਰ ਜਾ ਕੇ ਚਾਰ ਪੈਸੇ ਕਮਾਏ ਨੇ, ਤਾਂ ਕਿਸੇ ਦਾ ਕੀ ਖੋਹ ਲਿਐ? ਨਾ ਕਿਸੇ ਦੀ ਵੱਟ ਵੱਢੀ, ਨਾ ਕਿਸੇ ਦੇ ਸੰਨ੍ਹ ਲਾਈ, ਨਾ ਕਿਸੇ ਦੀ ਜੇਬ ਕੱਟੀ। ਜੋ ਕੁਝ ਕੀਤਾ, ਆਪਣੀ ਜੀ-ਜਵਾਨੀ 'ਤੇ ਕੀਤਾ। ਨਾ ਕਿਸੇ ਬੰਦੇ ਦਾ ਕੁਝ ਵਿਗਾੜਿਐ, ਨਾ ਮੁਲਕ ਦਾ। ਨਾਲੇ ਇਸ ਵਿਚ ਮੁਲਕ ਦਾ ਜਾਂਦਾ ਵੀ ਕੀ ਹੈ! ਤੇ ਪੁਲਿਸ ਨੂੰ ਭਲਾ ਕਾਹਦੀ ਤਕਲੀਫ਼! ਸਾਡੇ ਪਿੱਛੇ ਹਰਲ ਹਰਲ ਕਰਦੀ ਹੁੰਦੀ ਸੀ। ਹੁਣ ਵੇਖੋ, ਜਿਹੜੇ ਪੁਲਸੀਏ ਕਦੀ ਸਾਨੂੰ ਤੰਗ ਕਰਦੇ ਸਨ, ਉਹੋ ਹੁਣ ਸਾਡੀਆਂ ਬਰੂਹਾਂ 'ਤੇ ਖਲੋਤੇ ਹੁੰਦੇ ਨੇ ਜੀ ਜੀ ਕਰਦੇ।"

ਇਕ ਦਿਨ ਉਹ ਬੱਸ ਵਿਚੋਂ ਕੱਢ ਕੇ ਮਾਰੇ ਹਿੰਦੂਆਂ ਦੀ ਖ਼ਬਰ 'ਤੇ ਖ਼ੁਸ਼ ਹੋ ਰਿਹਾ ਸੀ। "ਸੰਤ ਕਹਿੰਦੇ ਨੇ, ਹੁਣ ਧੋਤੀ ਟੋਪੀ ਜਾਂ ਤਾਂ ਜਮਨਾ ਪਾਰ ਜਾਊ, ਜਾਂ ਦੂਸਰੇ ਪਾਰ।"

ਮੈਂ ਉਸ ਦੀ ਨਾਜ਼ਕ ਥਾਂ 'ਤੇ ਹੱਥ ਰੱਖਿਆ, "ਰਮੇਸ਼ ਨੂੰ ਵੀ 'ਪਰਲੇ ਪਾਰ' ਕਰ ਦੇਵੇਂਗਾ?"

ਰਮੇਸ਼ ਉਸ ਦਾ ਬੜਾ ਸਨੇਹੀ ਸੀ। ਉਸ ਦੇ ਛੋਟੇ ਮੋਟੇ ਕੰਮ ਖ਼ੁਸ਼ ਹੋ ਕੇ ਕਰਨ ਵਾਲਾ ਮਿਠ-ਬੋਲੜਾ ਜਿਊੜਾ, ਜਿਹੜਾ ਲੱਗਦੀ ਵਾਹੇ ਕਿਸੇ ਦਾ ਵੀ ਦਿਲ ਨਹੀਂ ਸੀ ਦੁਖਾਉਂਦਾ।

ਸਰਬਜੀਤ ਮੇਰੀ ਗੱਲ ਸੁਣ ਕੇ ਕੁਝ ਚਿਰ ਰੁਕਿਆ। ਫਿਰ ਸੋਚ ਕੇ ਬੋਲਿਆ, "ਲਓ ਰਮੇਸ਼ ਨੂੰ ਕਿਹੜਾ ਕੁਝ ਆਖੂ! ਕਿਸੇ ਦੀ ਕੀ ਹਿੰਮਤ ਐ! ਸਾਨੂੰ ਮਾਰ ਕੇ ਹੀ ਕੋਈ ਉਸ ਦਾ ਵਾਲ ਵਿੰਗਾ ਕਰ ਸਕੂ। ਮੈਂ ਤਾਂ ਮਰ ਕੇ ਵੀ ਰਮੇਸ਼ ਨੂੰ ਆਪਣੀਆਂ ਬਾਹਵਾਂ ਵਿਚ ਘੁੱਟਿਆ ਹੋਊ! ਉਹ ਤਾਂ ਸਾਡਾ ਹੀਰਾ ਹੈ।"

"ਜਿਹੜੇ ਮਰੇ ਨੇ, ਉਹ ਵੀ ਕਿਸੇ ਦੇ ਹੀਰੇ ਸਨ!"

ਉਹ ਖ਼ਾਮੋਸ਼ ਹੋ ਗਿਆ। ਸਰਬਜੀਤ ਮੈਨੂੰ ਵੱਖ ਵੱਖ ਸ਼ਕਲਾਂ ਵਿਚ ਦਿਸ ਰਿਹਾ ਸੀ।

ਕਾਹਨ ਸਿੰਘ ਦੀ ਪੁੱਛ ਦੇ ਉਤਰ ਵਿਚ ਮੈਂ ਵਾਰ ਵਾਰ ਜ਼ਿਹਨ 'ਤੇ ਜ਼ੋਰ ਪਾ ਰਿਹਾ ਸਾਂ, ਤਾਂ ਰਮੇਸ਼ ਦੇ ਹੱਥਾਂ ਵਿਚ ਨੀਲੇ ਰੰਗ ਦਾ ਅੰਤਰ-ਦੇਸ਼ੀ ਲਿਫ਼ਾਫ਼ਾ ਕੰਬਦਾ ਨਜ਼ਰ ਆਇਆ।

ਸਰਬਜੀਤ ਪਿਛਲੇ ਤਿੰਨ ਕੁ ਦਿਨਾਂ ਤੋਂ ਸਕੂਲ ਨਹੀਂ ਸੀ ਆਇਆ। ਉਹ ਕਈ ਵਾਰ ਸਕੂਲੋਂ ਅਜਿਹੀ ਘਸਾਈ ਮਾਰ ਜਾਂਦਾ ਸੀ। ਇਸ ਨੀਲੇ ਲਿਫ਼ਾਫ਼ੇ ਵਿਚਲੀ ਇਬਾਰਤ ਪੜ੍ਹ ਕੇ ਰਮੇਸ਼ ਨੂੰ ਇਸ ਦੀ ਪੂਰੀ ਸਮਝ ਨਹੀਂ ਸੀ ਪਈ, ਤੇ ਉਹ ਹੈਰਾਨੀ ਤੇ ਜਗਿਆਸਾ ਵੱਸ ਸਟਾਫ ਰੂਮ ਵਿਚ ਸਾਡੇ ਨਾਲ ਇਸ ਦਾ ਵੇਰਵਾ ਸਾਂਝਾ ਕਰ ਰਿਹਾ ਸੀ। ਚਿੱਠੀ ਉਤੇ ਲੁਧਿਆਣੇ ਦੀ ਮੋਹਰ ਸੀ।

'ਸਾਰੇ ਭਰਾਵਾਂ ਨੂੰ ਫ਼ਤਿਹ ਬੁਲਾ ਕੇ' ਉਸ ਨੇ ਰਮੇਸ਼ ਦੀ ਡਿਊਟੀ ਲਾਈ ਸੀ ਕਿ ਧਨਵੰਤ ਕੋਲੋਂ ਜਿਹੜੇ ਦਸ ਹਜ਼ਾਰ ਰੁਪਏ ਸਰਬਜੀਤ ਨੇ ਲੈਣੇ ਨੇ, ਉਹ ਧਨਵੰਤ ਆਪੇ ਹੀ ਠੀਕ ਸਮਝ ਕੇ ਕਿਸੇ ਪੁੰਨ-ਖ਼ਾਤੇ ਖ਼ਰਚ ਕਰ ਦੇਵੇ! ਕੁਝ ਹੋਰਨਾਂ ਕੋਲੋਂ ਲੈਣ ਵਾਲੇ ਪੈਸੇ ਵੀ ਕਿਸੇ ਗ਼ਰੀਬ ਦੀ ਸਹਾਇਤਾ ਹਿਤ ਖ਼ਰਚ ਕਰ ਦੇਣ ਬਾਰੇ ਲਿਖਿਆ ਸੀ। ਸਕੂਲ ਦਾ ਨਿੱਕਾ-ਮੋਟਾ ਲੈਣ-ਦੇਣ ਮੁਕਾਉਣ ਬਾਰੇ ਵੀ ਵੇਰਵੇ ਦਰਜ ਸਨ। ਅੰਤ 'ਤੇ ਲਿਖਿਆ ਸੀ ਕਿ 'ਚਿੱਠੀ' ਮਿਲਣ ਤੱਕ ਉਹ ਕਿਉਂਕਿ ਸਾਰਿਆਂ ਤੋਂ 'ਬਹੁਤ ਦੂਰ ਜਾ ਚੁੱਕਾ ਹੋਵੇਗਾ, ਇਸ ਲਈ ਉਸ ਦੀ ਭੁੱਲ-ਚੁੱਕ ਮਾਫ਼ ਕਰ ਦਿੱਤੀ ਜਾਵੇ!'

ਇਸ ਚਿੱਠੀ ਵਿਚ ਲੁਕਿਆ ਰਹੱਸ ਛੇਤੀ ਹੀ ਉਜਾਗਰ ਹੋ ਗਿਆ, ਜਦੋਂ ਸਾਡੇ ਉਥੇ ਬੈਠਿਆਂ ਹੀ ਕਿਸੇ ਨੇ ਇਹ ਮਨਹੂਸ ਖ਼ਬਰ ਆਣ ਸੁਣਾਈ ਕਿ ਸਰਬਜੀਤ ਸਰਹੰਦ ਨਹਿਰ ਵਿਚ ਡੁੱਬ ਕੇ ਖ਼ੁਦਕੁਸ਼ੀ ਕਰ ਗਿਆ ਹੈ। ਉਹਦੇ ਘਰ ਦੇ ਅੱਜ ਉਸ ਦੀ ਲਾਸ਼ ਲੱਭਣ ਗਏ ਸਨ। ਰਮੇਸ਼ ਦੇ ਹੱਥਾਂ ਵਿਚ ਫੜਿਆ ਲਿਫ਼ਾਫ਼ਾ ਸ਼ਾਇਦ ਸਿਮਟ ਕੇ ਉਹ ਬਾਹਵਾਂ ਬਣ ਗਿਆ ਸੀ ਜਿਨ੍ਹਾਂ ਵਿਚ ਮਰਨ ਸਮੇਂ ਸਰਬਜੀਤ ਨੇ ਰਮੇਸ਼ ਨੂੰ ਘੁੱਟਿਆ ਹੋਇਆ ਸੀ! ਮਰਨ ਦਾ ਫ਼ੈਸਲਾ ਕਰੀ ਬੈਠੇ ਸਰਬਜੀਤ ਨੇ 'ਜਮਨਾ ਪਾਰ' ਭੇਜੇ ਜਾਣ ਵਾਲੀ ਬਾਹਰੀ ਪਛਾਣ ਵਾਲੇ ਮਿੱਤਰ ਨੂੰ ਹੀ ਸਭ ਤੋਂ ਭਰੋਸੇਯੋਗ ਜਾਣ ਕੇ 'ਵਸੀਅਤ ਨੁਮਾ' ਚਿੱਠੀ ਲਿਖੀ ਸੀ!

ਬੜੀ ਦੁਖਦਾਈ ਝਾਕੀ ਮੇਰੇ ਮਨ-ਮਸਤਕ 'ਤੇ ਛਾ ਗਈ। ਮੇਰੇ ਸਾਹਮਣੇ ਸਰਹੰਦ ਨਹਿਰ ਵਿਚੋਂ ਕੱਢ ਕੇ ਲਿਆਂਦੀ ਉਸ ਦੀ ਫੁੱਲੀ ਹੋਈ ਲਾਸ਼ ਪਈ ਸੀ। ਉਹ ਘਰਦਿਆਂ ਨਾਲ ਕਿਸੇ ਗੱਲੋਂ ਖ਼ਫ਼ਾ ਹੋ ਗਿਆ ਸੀ। ਉਸ ਦੇ ਸਹੁਰੇ ਪਰਿਵਾਰ ਵਿਚੋ ਆਏ ਕਿਸੇ ਮਹਿਮਾਨ ਦੇ ਸਾਹਮਣੇ ਉਸ ਦੇ ਕਿਸੇ ਵਡੇਰੇ ਨੇ ਉਹਨੂੰ ਕੁਝ ਅਜਿਹਾ ਆਖ ਦਿੱਤਾ ਸੀ ਜਿਸ ਨਾਲ ਉਸ ਦੀ ਹਉਮੈ ਜ਼ਖ਼ਮੀ ਹੋ ਗਈ ਸੀ। ਉਸ ਦੀ ਰੂਹ 'ਰੁੱਖੇ ਬੋਲਾਂ' ਦਾ ਭਾਰ ਚੁਕਣੋਂ ਇਨਕਾਰੀ ਹੋ ਗਈ ਸੀ! ਉਂਜ ਇਹੋ ਵਡੇਰਾ ਉਨ੍ਹਾਂ ਦੇ ਪਰਿਵਾਰ ਨੂੰ 'ਬੁਲੰਦੀਆਂ' 'ਤੇ ਲੈ ਕੇ ਜਾਣ ਵਾਲਾ ਸੀ। ਉਨ੍ਹਾਂ ਦਾ ਸਾਂਝਾ ਟੱਬਰ ਉਸ ਵਡੇਰੇ ਦੇ ਨਾਂ ਕਰ ਕੇ ਹੀ ਜਾਣਿਆਂ ਜਾਂਦਾ ਸੀ। ਉਸੇ ਨੇ ਪਰਿਵਾਰ ਦੇ ਇਨ੍ਹਾਂ ਬੱਚਿਆਂ ਨੂੰ ਹੱਥੀਂ ਖਿਡਾਇਆ, ਮੋਢਿਆਂ 'ਤੇ ਚੁੱਕ ਕੇ ਹੂਟੇ ਦਿੱਤੇ ਸਨ; ਗ਼ਲਤੀ ਕਰਨ 'ਤੇ ਇਨ੍ਹਾਂ ਦੀ ਖਿਚਾਈ ਵੀ ਕੀਤੀ ਸੀ; ਜਟਕੀਆਂ ਤੇ ਰੁੱਖੀਆਂ ਗਾਲ੍ਹਾਂ ਵੀ ਦਿੱਤੀਆਂ ਸਨ ਅਤੇ ਫਿਰ ਲਾਡ ਨਾਲ ਗਲ ਲਾ ਕੇ, ਗੱਲ੍ਹ ਥਪ-ਥਪਾ ਕੇ, ਖ਼ਰਚ ਕਰਨ ਲਈ ਪੈਸਿਆਂ ਨਾਲ ਜੇਬਾਂ ਵੀ ਭਰੀਆਂ ਸਨ।

ਪਰ ਸਰਬਜੀਤ ਹੁਣ ਬੱਚਾ ਨਹੀਂ ਸੀ ਰਹਿ ਗਿਆ! ਵਿਆਹਿਆ-ਵਰ੍ਹਿਆ; ਨੌਕਰੀ ਕਰਦਾ ਜ਼ਿੰਮੇਵਾਰ ਇਨਸਾਨ ਬਣ ਚੁੱਕਾ ਸੀ, ਪਰ ਵਡੇਰੇ ਲਈ ਤਾਂ ਸ਼ਾਇਦ ਉਹ ਅਜੇ ਬੱਚਾ ਹੀ ਸੀ। ਠੀਕ; ਉਸ ਦੀ ਸੋਚਣੀ ਤੇ ਵਿਹਾਰ ਵਿਚ ਹੁਣ ਫ਼ਰਕ ਆਉਣਾ ਚਾਹੀਦਾ ਸੀ, ਪਰ ਉਸ ਤੋਂ ਅਜਿਹਾ ਨਹੀਂ ਸੀ ਹੋ ਸਕਿਆ ਤੇ ਉਹ ਸਰਬਜੀਤ ਦੇ ਸਹੁਰੇ ਪਰਿਵਾਰ ਦੇ ਆਏ ਕਿਸੇ ਜੀਅ ਦੇ ਸਾਹਮਣੇ ਹੀ ਉਹਨੂੰ ਬਚਪਨ ਦਾ 'ਸੱਬਾ' ਸਮਝ ਕੇ ਗਾਲ੍ਹ ਦੇ ਬੈਠਾ ਸੀ। ਸਰਬਜੀਤ ਉਹਨੂੰ ਕੁਝ ਨਹੀਂ ਸੀ ਕਹਿ ਸਕਦਾ। ਉਸ ਦੀ ਪਰਿਵਾਰ ਨੂੰ ਦੇਣ ਹੀ ਏਨੀ ਸੀ! ਜਵਾਨ ਹੋਏ ਸਰਬਜੀਤ ਹੁਰਾਂ 'ਤੇ ਉਸ ਦਾ ਛੱਪਾ ਹੀ ਏਨਾ ਸੀ! ਉਂਜ ਵੀ ਉਸ ਨਾਲ ਸਰਬਜੀਤ ਵੱਲੋਂ ਕੀਤੀ ਕੋਈ ਗੁਸਤਾਖ਼ੀ ਪਰਿਵਾਰ ਦੇ ਬਿਖ਼ਰਨ ਦਾ ਕਾਰਨ ਬਣ ਸਕਦੀ ਸੀ। ਉਹ ਅਜਿਹੀ ਹਿੰਮਤ ਨਹੀਂ ਸੀ ਕਰ ਸਕਦਾ। ਸ਼ਿਕਾਇਤ ਕਰਦਾ ਵੀ ਤਾਂ ਅਗਲਿਆਂ ਮਖ਼ੌਲ ਉਡਾਉਂਦਿਆ ਹੱਸ ਕੇ ਆਖਣਾ ਸੀ, "ਵਾਹ ਬਈ! ਤੂੰ ਤਾਂ ਐਂ ਕਰਦੈਂ ਜਿਵੇਂ ਅੱਗੇ ਕਦੀ ਤੂੰ ਉਸ ਦੀ ਗਾਲ੍ਹ ਖਾਧੀ ਨਾ ਹੋਵੇ! ਇਹ 'ਘਿਓ ਦੀਆਂ ਨਾਲਾਂ' ਖਾ ਖਾ ਕੇ ਹੀ ਉਹ ਤੇ ਉਸ ਦੇ ਪਰਿਵਾਰ ਦੇ ਬੱਚੇ ਵੱਡੇ ਹੋਏ ਸਨ! ਅੱਜ ਏਡੀ ਕਿਹੜੀ ਅਲੋਕਾਰ ਗੱਲ ਹੋ ਗਈ ਸੀ!'

ਗੱਲ ਤਾਂ ਠੀਕ ਹੀ ਸੀ। ਹੁਣ ਵੀ ਉਹ ਵਡੇਰਾ ਨਾਰਾਜ਼ ਹੋ ਕੇ ਸਰਬਜੀਤ ਹੁਰਾਂ ਨੂੰ ਪਿਤਰੀ ਮਾਣ ਵਿਚ ਗਾਲ੍ਹ-ਮੰਦਾ ਕਰ ਲੈਂਦਾ ਸੀ। ਉਹ ਉਸ ਦਾ ਗੁੱਸਾ ਨਹੀਂ ਸਨ ਕਰਦੇ, ਹੱਸ ਕੇ ਟਾਲ ਦਿੰਦੇ, ਪਰ ਸਰਬਜੀਤ ਉਸ ਦਿਨ ਹੱਸ ਕੇ ਟਾਲ ਨਾ ਸਕਿਆ। ਉਹ ਰਿੱਝਦਾ ਹੋਇਆ ਕਿਸੇ ਰਿਸ਼ਤੇਦਾਰੀ 'ਤੇ ਜਾਣ ਦਾ ਬਹਾਨਾ ਲਾ ਕੇ ਘਰੋਂ ਚਲਾ ਗਿਆ। ਉਸ ਦੀ ਨਵ-ਵਿਆਹੀ ਪਤਨੀ ਵੀ ਉਸ ਦੇ ਨਾਲ ਹੀ ਸੀ। ਰਾਤ ਨੂੰ ਉਹ ਲੁਧਿਆਣੇ ਕਿਸੇ ਹੋਟਲ ਵਿਚ ਠਹਿਰੇ ਅਤੇ ਅਗਲੇ ਦਿਨ ਉਸ ਨੇ ਸਰਹੰਦ ਨਹਿਰ ਵਿਚ ਜਾ ਛਾਲ ਮਾਰੀ। ਉਸ ਦੇ ਡੁੱਬ ਜਾਣ ਦੀ ਖ਼ਬਰ ਉਸ ਦੀ ਨਵ-ਵਿਆਹੀ ਪਤਨੀ ਨੇ ਆਣ ਕੇ ਦਿੱਤੀ ਸੀ ਜਿਸ ਨੂੰ ਉਹ ਪਿਛਲੇ ਦੋ ਦਿਨ ਤੋਂ ਆਪਣੇ ਨਾਲ ਹੀ ਖ਼ੁਦਕਸ਼ੀ ਕਰਨ ਲਈ ਪ੍ਰੇਰਦਾ ਰਿਹਾ ਸੀ, ਪਰ ਉਹ ਉਹਨੂੰ ਮਰਨ ਨਾਲੋਂ ਜਿਉਣ ਵਾਲੇ ਪਾਸੇ ਮੋੜਨ ਦੀ ਕੋਸ਼ਿਸ਼ ਕਰਦੀ ਰਹੀ ਸੀ। ਸਰਹੰਦ ਨਹਿਰ ਉਤੇ ਬਣੇ ਰੈਸਟੋਰੈਂਟ 'ਤੇ ਬੈਠਿਆਂ ਉਸ ਨੇ ਪਤਨੀ ਨੂੰ 'ਮਨਾਉਣ' ਦੀ ਆਖ਼ਰੀ ਕੋਸ਼ਿਸ਼ ਕੀਤੀ, ਪਰ ਉਸ ਦੇ ਇਨਕਾਰ ਕਰਨ ਅਤੇ ਉਸ ਵੱਲੋਂ ਸਮਝਾਉਣ ਦੇ ਲੱਖ ਯਤਨਾਂ ਦੇ ਬਾਵਜੂਦ ਸਰਬਜੀਤ ਨੇ ਉਸ ਤੋਂ ਆਪਣੀ ਬਾਂਹ ਛੁਡਾ ਕੇ ਨਹਿਰ ਵਿਚ ਛਾਲ ਮਾਰ ਦਿੱਤੀ ਸੀ।

ਤੀਸਰੇ ਦਿਨ ਹਰੇ ਜਾਲ਼ੇ ਨਾਲ ਲਿੱਬੜੀ ਉਸ ਦੀ ਗਲ਼ ਚੁੱਕੀ ਲਾਸ਼ ਲੱਭੀ ਸੀ। ਇਲਾਕੇ ਵਿਚ ਹਾਹਾਕਾਰ ਮੱਚ ਗਈ ਸੀ।

ਮੈਂ ਕਾਹਨ ਸਿੰਘ ਨੂੰ ਕਿਹਾ, "ਕਮਲਾ ਭੰਗ ਦੇ ਭਾੜੇ ਜਾਨ ਗਵਾ ਬੈਠਾ। ਘਰਾਂ ਵਿਚ ਸੌ ਉਨੀ ਇੱਕੀ ਹੋ ਜਾਂਦੀ ਹੈ।"

ਮੈਨੂੰ ਉਸ ਦੀ ਕਹਿਰੀ ਮੌਤ ਦਾ ਡੂੰਘਾ ਅਫ਼ਸੋਸ ਸੀ।

***(ਇਸ ਲੰਮੇ ਲੇਖ ਦੀ ਦੂਜੀ ਤੇ ਆਖਰੀ ਕਿਸ਼ਤ 'ਵਿਚਲੀ ਗੱਲ' ਅਗਲੇ ਅੰਕ ਵਿੱਚ)***

***ਅਖਬਾਰ ਵਿਚ ਇੱਕ ਪੁਲਸੀਏ 'ਤੇ ਹੋਏ ਹਮਲੇ ਦੀ ਖ਼ਬਰ ਪੜ੍ਹ ਕੇ ਉਹ ਖ਼ੁਸ਼ੀ ਵਿਚ ਉਛਲ ਪਿਆ, "ਆਹ ਰੇੜ੍ਹ 'ਤਾ ਈ।" 'ਖ਼ੁਸ਼ੀ' ਸਾਂਝੀ ਕਰ ਕੇ ਉਹ ਦੱਸਣ ਲੱਗਾ, "ਪਰਸੋਂ ਸੰਤਾਂ ਦੇ ਦਰਸ਼ਨ ਕਰਨ ਗਏ ਸਾਂ। ਸੰਤਾਂ ਨੂੰ ਸੁਣ ਕੇ ਸਵਾਦ ਆ ਗਿਆ। ਏਸੇ ਪੁਲਸੀਏ ਦੀ ਘਰਵਾਲੀ ਆਈ, ਸਾਡੇ ਵਿੰਹਦਿਆਂ ਹੱਥ ਜੋੜ ਜੋੜ ਤਰਲੇ ਲਵੇ; ਆਖੇ, 'ਮੇਰੇ ਘਰਵਾਲੇ ਦੀ ਜਾਨ ਬਖ਼ਸ਼ੀ ਕਰ ਦਿਓ। ਉਸ ਦਾ ਕੋਈ ਕਸੂਰ ਨਹੀਂ। ਸਾਡਾ ਨਿੱਕਾ ਨਿੱਕਾ ਜੀਆ ਜੰਤ ਕੀ ਕਰੂ!' ਉਸ ਨੇ ਆਪਣਾ ਛੇ-ਸੱਤ ਸਾਲ ਦਾ ਨਿਆਣਾ ਅੱਗੇ ਕੀਤਾ ਅਤੇ ਉਹ ਕੰਬਦਾ ਹੋਇਆ ਸੰਤਾਂ ਅੱਗੇ ਹੱਥ ਜੋੜ ਕੇ ਆਖੇ, 'ਮੇਰੇ ਡੈਡੀ ਨੂੰ ਨਾ ਮਾਰਿਓ।' ਸੰਤ ਕਹਿੰਦੇ, 'ਬੀਬੀ, ਤੇਰੇ ਘਰਵਾਲੇ ਨੇ ਘੱਟ ਨਹੀਂ ਕੀਤੀ। ਜਿਨ੍ਹਾਂ ਨਾਲ ਹੋਈ, ਉਨ੍ਹਾਂ ਦੇ ਵੀ ਤਾਂ ਏਡੇ ਏਡੇ ਨਿਆਣੇਂ ਸਨ। ਨਾਲੇ ਬੀਬੀ ਮੈਂ ਕੀ ਕਰਨਾ ਹੈ! ਕਰਨ ਕਰਾਉਣ ਵਾਲੀ ਤਾਂ ਸੰਗਤ ਹੈ ਜਾਂ ਉਹ ਗੁਰੂ ਮਹਾਂਰਾਜ!"
ਮੈਨੂੰ ਉਸ ਦਾ ਖ਼ੁਸ਼ ਹੋਣਾ ਚੰਗਾ ਨਾ ਲੱਗਾ।
"ਇਸ ਵਿਚ ਖ਼ੁਸ਼ ਹੋਣ ਵਾਲੀ ਕਿਹੜੀ ਗੱਲ ਹੈ? ਬੰਦੇ ਦੀ ਜਾਨ ਗਈ ਹੈ। ਸੰਤ ਅਤੇ ਗੁਰੂ ਤਾਂ ਬਖ਼ਸ਼ਣਹਾਰ ਹੁੰਦਾ ਹੈ। ਤੈਨੂੰ ਹੱਥ ਜੋੜੀ ਖਲੋਤੇ ਉਸ ਛੋਟੇ ਮੁੰਡੇ 'ਤੇ ਤਰਸ ਨਾ ਆਇਆ?" ਮੈਂ ਆਖਿਆ ਤਾਂ ਉਹ ਗੰਭੀਰ ਹੋ ਗਿਆ।***

# ਸਿੱਖਾਂ ਨੂੰ 'ਜ਼ਰਾਇਮ ਪੇਸ਼ਾ' ਕਰਾਰ ਦੇਣ ਦੀ ਹਕੀਕਤ

***(ਸਫਾ 27 ਦੀ ਬਾਕੀ)***

ਨਜ਼ਰ ਆਉਂਦੇ ਹਨ। ਸਵਾਲ ਹੈ ਕਿ 10 ਅਕਤੂਬਰ 1947 ਵਾਲੇ ਹੁਕਮ ਦੇ ਕੀ ਅਸਰ ਹੋਏ? ਕੀ ਅਗਲੇ ਦਿਨ 11 ਅਕਤੂਬਰ ਤੋਂ ਸਿੱਖਾਂ ਦੀ ਫੜੋ-ਫੜੀ ਸ਼ੁਰੂ ਹੋ ਗਈ? ਕੀ ਉਨ੍ਹਾਂ ਨੂੰ ਸਰਕਾਰੀ ਨੌਕਰੀਆਂ ਤੋਂ ਕੱਢ ਦਿਤਾ ਗਿਆ? ਕੀ ਉਨ੍ਹਾਂ ਦੇ ਇਧਰ-ਉਧਰ ਜਾਣ 'ਤੇ ਪਾਬੰਦੀਆਂ ਲੱਗ ਗਈਆਂ? ਜੇਕਰ ਇਹ ਸਰਕੂਲਰ ਜਾਰੀ ਹੋਇਆ ਹੁੰਦਾ ਤਾਂ ਐਸਾ ਜ਼ਰੂਰ ਹੋ ਜਾਣਾ ਸੀ। ਜੇਕਰ ਐਸਾ ਹੋ ਜਾਂਦਾ ਤਾਂ ਸਿੱਖ ਭਾਰਤੀ ਫੌਜ ਦੇ ਜਰਨੈਲ, ਏਅਰ ਮਾਰਸ਼ਲ (ਸ. ਅਰਜਨ ਸਿੰਘ ਅਤੇ ਸ. ਦਿਲਬਾਗ ਸਿੰਘ), ਸੁਪਰੀਮ ਕੋਰਟ ਦੇ ਜੱਜ ਆਦਿ ਨਾ ਬਣ ਸਕਦੇ। ਇਸ ਤੋਂ ਅੱਗੇ ਜੇਕਰ ਰੁਚੀਆਂ ਦੀ ਗੱਲ ਕਰਨਾ ਜ਼ਰਾਇਮ ਪੇਸ਼ਾ ਕਰਾਰ ਦੇਣ ਬਰਾਬਰ ਹੈ, ਜਿਵੇਂ ਕਿ ਸਿਰਦਾਰ ਕਪੂਰ ਸਿੰਘ ਨੇ ਲਿਖਿਆ ਹੈ, "ਸਿੱਖਾਂ ਨੂੰ ਬੇਕਾਨੂੰਨੀ ਦੇ ਰਾਹ ਪਾਉਣ ਵਾਲੀਆਂ ਉਨ੍ਹਾਂ ਦੀਆਂ ਉਹ ਪ੍ਰਬਲ ਰੁਚੀਆਂ ਹਨ ਜਿਨ੍ਹਾਂ ਦਾ ਝੁਕਾ ਔਰਤ ਅਤੇ ਲੁਟ ਮਾਰ ਵਲ ਹੈ", ਫਿਰ ਤਾਂ ਸ਼ਾਹ ਮੁਹੰਮਦ ਨੇ, "ਜ਼ਬਤ ਕਰਾਂਗੇ ਮਾਲ ਫਿਰੰਗੀਆਂ ਦੇ, ਲੁਟ ਲਵਾਂਗੇ ਦੌਲਤਾਂ ਬੋਰੀਆਂ ਨੀ। ਫੇਰ ਵੜਾਂਗੇ ਉਨ੍ਹਾਂ ਦੇ ਸਤਰ ਖਾਨੇ, ਬੰਨ੍ਹੀਂ ਲਿਆਵਾਂਗੇ ਉਨ੍ਹਾਂ ਦੀਆਂ ਗੋਰੀਆਂ ਨੀ।", ਲਿਖ ਕੇ 1947 ਤੋਂ ਸੌ ਸਾਲ ਪਹਿਲਾਂ ਹੀ ਸਿੱਖਾਂ ਨੂੰ ਜ਼ਰਾਇਮ ਪੇਸ਼ਾ ਕਰਾਰ ਦੇ ਦਿਤਾ ਸੀ। ਇਥੇ ਹੀ ਬੱਸ ਨਹੀਂ, ਵਾਰਿਸਸ਼ਾਹ ਨੇ ਉਸ ਤੋਂ ਵੀ 80 ਵਰ੍ਹੇ ਪਹਿਲਾਂ 1767 ਈਸਵੀ ਵਿਚ ਲਿਖੀ 'ਹੀਰ' ਵਿਚ ਸਿੱਖਾਂ ਦਾ ਮਿਸਲਾਂ ਵਿਚ ਵੰਡੇ ਜਾਣ ਬਾਰੇ ਜੋ ਲਿਖਿਆ, ਉਹ ਵੀ ਜ਼ਰਾਇਮ ਪੇਸ਼ਾ ਕਰਾਰ ਦੇਣ ਨਾਲੋਂ ਘੱਟ ਨਹੀਂ ਸੀ। ਉਹ ਲਿਖਦਾ ਹੈ,

ਜਦ ਦੇਸ 'ਤੇ ਜੱਟ ਤਿਆਰ ਹੋਏ,  
ਘਰੋ ਘਰੀ ਜਾ ਨਵੀਂ ਸਰਕਾਰ ਹੋਈ।  
ਚੋਰ ਚੌਧਰੀ ਯਾਰ ਨੇ ਪਾਕਿ ਦਾਮਨ,  
ਭੂਤ ਮੰਡਲੀ ਇੱਕ ਥੀਂ ਚਾਰ ਹੋਈ।

ਇੰਜ ਦੀਆਂ ਰੁਚੀਆਂ ਦਾ ਜ਼ਿਕਰ ਕਰਨ ਨਾਲ ਲੋਕ ਜ਼ਰਾਇਮ ਪੇਸ਼ਾ ਨਹੀਂ ਗਰਦਾਨੇ ਜਾਂਦੇ।

ਮੁੱਕਦੀ ਗੱਲ, ਸਿੱਖਾਂ ਨੂੰ ਜ਼ਰਾਇਮ ਪੇਸ਼ਾ ਕਰਾਰ ਦਿੱਤੇ ਜਾਣ ਦਾ ਕਥਨ ਵਜ਼ਨਦਾਰ ਨਹੀਂ ਹੈ। ਸਿਰਦਾਰ ਕਪੂਰ ਸਿੰਘ ਨੇ ਖੁਦ ਵੀ ਇਹ ਲਫਜ਼ ਕਿਸੇ ਲਿਖਤ ਵਿਚ ਨਹੀਂ ਵਰਤਿਆ। ਸਿੱਖ ਆਗੂਆਂ ਅਤੇ ਬੁੱਧੀਜੀਵੀਆਂ ਨੇ ਆਪੋ-ਆਪਣਾ ਉਲੂ ਸਿੱਧਾ ਕਰਨ ਲਈ ਤੱਥਾਂ ਨੂੰ ਤੋੜ-ਮਰੋੜ ਕੇ ਸਿੱਖਾਂ ਨੂੰ ਜ਼ਰਾਇਮ ਪੇਸ਼ਾ ਕਰਾਰ ਦਿਤੇ ਜਾਣ ਵਾਲੀ ਧਾਰਨਾ ਪ੍ਰਚਲਿਤ ਕਰ ਰਖੀ ਹੈ। ਆਮ ਸਿੱਖਾਂ ਨੇ ਵੀ, ਬਿਨਾ ਕਿਸੇ ਘੋਖ ਪੜਤਾਲ ਦੇ ਇਸ ਨੂੰ ਸੱਚ ਮੰਨਿਆ ਹੋਇਆ ਹੈ। ਜਿਸ ਦੇ ਸਿੱਟੇ ਬੜੇ ਭਿਆਨਕ ਨਿਕਲੇ ਹਨ। ਭਵਿੱਖ ਵਿਚ ਐਸੀਆਂ ਗਲਤ ਕਥਨੀਆਂ ਤੋਂ ਬਚਣ ਲਈ ਸਾਨੂੰ ਉਡਦਿਆਂ ਮਗਰ ਲਗਣ ਦੀ ਬਜਾਏ ਤੱਥਾਂ ਦੀ ਪੜਤਾਲ ਕਰਕੇ ਹੀ ਕੋਈ ਨਤੀਜਾ ਕੱਢਣ ਦੀ ਪਿਰਤ ਪਾਉਣੀ ਚਾਹੀਦੀ ਹੈ।

# ਗਮਦੂਰ ਅਮਨ ਚੇਤੇ ਆਉਂਦਾ ਹੀ ਰਹੇਗਾ

***(ਸਫਾ 25 ਦੀ ਬਾਕੀ)***

ਵੇਖੋ। ਕਹਿਣਾ ਹੌਲੀ ਪਰ ਕਹਿਣਾ ਨਾਰਾਜ਼ਗੀ 'ਚ, ਦੁਖੀ ਹੋਣ ਦਾ ਢੰਗ ਵੀ ਅਜੀਬ ਦਰਸਾਉਣਾ, ਇਵੇਂ ਕਹਿ ਕੇ 'ਭੌਰੇ ਸਾਨੂੰ ਹੋਰ ਕਿਸੇ ਗੱਲ ਦਾ ਦੁੱਖ ਨਹੀਂ ਵਿਆਹ ਨੂਰੀ ਨਾਲ ਭਾਵੇਂ ਕਰਾਵੇ ਪਰ ਅਸੀਂ ਮੀਰ ਆਲਮ ਹਾਂ ਬਾਬੇ ਮਰਦਾਨੇ ਦੀ ਕੁੱਲ 'ਚੋਂ ਤੇ ਨੂਰੀ ਮੀਰ ਆਲਮਾਂ ਦੀ ਕੁੜੀ ਨਹੀਂ।'

ਮੈਨੂੰ ਉਦੋਂ ਹੀ ਪਤਾ ਲੱਗਾ ਕਿ ਮਰਾਸੀਆਂ ਵਿਚ ਵੀ ਅੱਗੇ ਵੱਡੀਆਂ ਛੋਟੀਆਂ ਜਾਤਾਂ ਦਾ ਵੇਰਵਾ ਇੱਦਾਂ ਦਿੱਤਾ ਜਾਂਦਾ ਸੀ। ਗਮਦੂਰ ਤੇ ਭਰਪੂਰ ਨੇ ਪਿੰਡ ਨਹੀਂ ਛੱਡਿਆ ਤੇ ਸਰਦੂਲ ਨੇ ਖੰਨੇ ਕੋਠੀ ਪਾ ਲਈ, ਕੋਠੀ ਵੀ ਮਹਿਲਾਂ ਵਰਗੀ। ਗਮਦੂਰ ਦੀ ਅਚਨਚੇਤ ਮੌਤ ਹੋ ਗਈ, ਦਿਲ ਫੇਲ੍ਹ ਹੋਣ ਨਾਲ। ਦਿਲ ਫੇਲ੍ਹ ਕਿਉਂ ਹੋਇਆ? ਇਹ ਤਾਂ ਉਹ ਦਿਲ ਦੀਆਂ ਦਿਲ ਵਿਚ ਹੀ ਲੈ ਗਿਆ ਪਰ ਸਰਦੂਲ ਨੇ ਉਹਦਾ ਸ਼ਰਧਾਂਜਲੀ ਸਮਾਗਮ ਜਿੰਨੇ ਵੱਡੇ ਪੱਧਰ 'ਤੇ ਕੀਤਾ ਯਕੀਨ ਤਾਂ ਨਹੀਂ ਕਰੋਗੇ ਪਰ ਸੱਚ ਇਹ ਹੈ ਕਿ ਜੇ ਕਿਤੇ ਗਮਦੂਰ ਨੂੰ ਪਤਾ ਹੁੰਦਾ ਕਿ ਉਹਦੇ ਮਰਨ ਤੋਂ ਬਾਅਦ ਭੋਗ 'ਤੇ ਇੰਨੇ ਲੋਕਾਂ ਨੇ ਆਉਣਾ ਹੈ, ਹਜ਼ਾਰਾਂ ਦੀ ਗਿਣਤੀ ਵਿਚ 'ਕੱਠ ਹੋਵੇਗਾ ਤਾਂ ਸ਼ਾਇਦ ਉਹ ਹੋਣੀ ਨੂੰ ਠੂਠਾ ਦਿਖਾਉਣ ਵਿਚ ਸਫਲ ਹੋ ਜਾਂਦਾ। ਜਿਹੜੇ ਇਸ ਸ਼ਰਧਾਂਜਲੀ ਸਮਾਗਮ 'ਚ ਗਏ ਉਨ੍ਹਾਂ ਨੂੰ ਪਤੈ ਕਿ ਇਕ ਕਿਲੋਮੀਟਰ ਦੇ ਘੇਰੇ ਵਿਚ ਗੱਡੀਆਂ ਲਈ ਪਾਰਕਿੰਗ ਨਹੀਂ ਮਿਲ ਰਹੀ ਸੀ, ਲਾਲ ਬੱਤੀ ਵਾਲੀਆਂ ਗੱਡੀਆਂ ਦੇ ਹੂਟਰ ਬਹੁਤ ਵੱਜੇ ਸਨ, ਦੋ ਕਨਾਲ ਵਿਚ ਟੈਂਟ ਲੱਗਾ ਹੋਇਆ ਸੀ, ਸ਼ਾਹੀ ਮਹਿਲਾਂ ਦੇ ਸਵਾਗਤ ਜਿੰਨਾ ਖਾਣ ਪੀਣ ਦਾ ਪ੍ਰਬੰਧ ਸੀ ਪਰ ਸਾਰਾ ਕੁਝ ਖਰਾਬ ਤਾਂ ਹੋ ਗਿਆ ਕਿਉਂਕਿ ਉਦਣ ਸ਼ਰਧਾਂਜਲੀ ਸਮਾਗਮ ਸ਼ੁਰੂ ਹੋਣ ਤੋਂ ਪਹਿਲਾਂ ਹੀ ਰੱਜ ਕੇ ਮੀਂਹ ਹੀ ਨਹੀਂ ਵਰ੍ਹਿਆ ਬਲਕਿ ਨੇਰ੍ਹੀ ਨੇ ਤੰਬੂ ਵੀ ਉਖਾੜ ਸੁੱਟੇ ਸਨ ਤੇ ਇਹ ਕਿਹਾ ਨਹੀਂ ਜਾ ਸਕਦਾ ਸੀ ਕਿ ਰੱਬ ਧੱਕਾ ਕਰ ਰਿਹਾ ਹੈ ਜਾਂ ਇਕ ਗਾਇਕ ਦੇ ਹੱਕ ਵਿਚ ਭੁਗਤ ਰਿਹਾ ਹੈ ਜਾਂ ਫਿਰ ਹੰਝੂ ਕੇਰ ਰਿਹਾ ਹੈ।

ਮੈਂ ਜਾਣਦਾਂ ਕਿ ਸਰਦੂਲ ਸਿਕੰਦਰ ਅਤੇ ਅਮਰ ਨੂਰੀ ਵਰਗੇ ਵੱਡੇ ਤੇ ਨਾਮੀ ਗਰਾਮੀ ਪਰਿਵਾਰ ਵਿਚ ਵਿਚਰਨ ਵਾਲੇ ਗਮਦੂਰ ਦੀ ਬਹੁਤੀ ਹਉਕਿਆਂ 'ਚ ਲੰਘੀ ਹੈ ਤੇ ਉਹਨੇ ਸ਼ਾਇਦ ਆਪਣੇ ਗਮਾਂ ਨੂੰ ਮਸਖਰਿਆਂ ਵਾਂਗ ਲੁਕੋ ਕੇ ਬਾਹਰਲੀ ਦੁਨੀਆਂ ਨੂੰ ਹੱਸਦਾ ਚਿਹਰਾ ਵਿਖਾਇਆ ਹੈ ਪਰ ਪੰਜਾਬੀ ਗਾਇਕੀ ਨਾਲ ਤੇਹ ਮੋਹ ਰੱਖਣ ਵਾਲੇ ਲੋਕਾਂ ਨੂੰ ਇਸ ਤੋਂ ਵੀ ਵੱਡਾ ਗਮ ਇਹ ਰਹੇਗਾ ਕਿ ਅਸੀਂ ਇਕ ਸੁਰੀਲੀ ਆਵਾਜ਼ ਨੂੰ ਸੰਭਾਲਣ ਦੀ ਵਿਵਸਥਾ ਨਹੀਂ ਕਰ ਸਕੇ।

ਛਟੀ ਨਾਲ ਤਬਲਾ ਵਜਾਉਣ ਦੀ ਮੁਹਾਰਤ ਰੱਖਣ ਵਾਲਾ ਭਰਪੂਰ ਵੀ ਬਾਈਪਾਸ ਸਰਜਰੀ ਤੋਂ ਪਿੱਛੋਂ ਦਿਨ ਲੰਘਾ ਰਿਹਾ ਹੈ ਪਰ ਉਹ ਹਾਲੇ ਵੀ ਕਦੇ ਮਿਲੇ ਤਾਂ ਹੱਸ ਕੇ ਕਹੇਗਾ 'ਤਿੰਨ ਭਰਾ ਅਸੀਂ ਰੰਗ ਦੇ ਕਾਲੇ ਹੋਣ ਕਰਕੇ ਡਰਦੇ ਤਾਂ ਇਸ ਗੱਲ ਤੋਂ ਰਹਿੰਦੇ ਸਾਂ ਕਿ ਕਿਤੇ ਅਸਮਾਨੀ ਬਿਜਲੀ ਨਾ ਪੈ ਜਾਏ ਪਰ ਹੋਣੀ ਦੀ ਬਿਜਲੀ ਨੇ ਸਾਡਾ ਇਕ ਭਰਾ ਗੈਸ ਵਾਂਗ ਮੁੱਢੋਂ ਹੀ ਬੁਝਾ ਦਿੱਤਾ ਹੈ।'

ਮੁਕੱਦਰਾਂ ਦੀ ਖੇਡ ਹਾਲੇ ਤੱਕ ਕਿਸੇ ਸ਼ਕੁਨੀ ਨੂੰ ਵੀ ਸ਼ਾਇਦ ਸਮਝ ਨਾ ਆਈ ਹੋਵੇ! ਕਿਉਂਕਿ ਗਮਦੂਰ ਦਾ ਇਕ ਵੱਡਾ ਪੁੱਤਰ ਬਾਵਾ ਸਿਕੰਦਰ ਪਿੱਪਲ ਦੀ ਥਾਂ ਪਿੱਪਲ ਵਾਂਗ ਉਗਿਆ ਹੈ ਯਾਨਿ ਬਹੁਤ ਸੁਰੀਲਾ ਗਾਇਕ ਹੈ ਅਤੇ ਗਮਦੂਰ ਦੀ ਇਕ ਧੀ ਮਾਤਾ ਗੁਜਰੀ ਕਾਲਜ ਫਤਿਹਗੜ੍ਹ ਵਿਚ ਪੜ੍ਹਾਉਣ ਦੇ ਨਾਲ ਨਾਲ ਸੰਗੀਤ ਦੀ ਪੀਐਚ.ਡੀ. ਵੀ ਕਰ ਰਹੀ ਹੈ।

'ਕਾਲੇ ਕੀਤੇ ਜਹਾਨ 'ਤੇ ਕਿਉਂ ਪੈਦਾ, ਰੱਬਾ ਸਾਨੂੰ ਨ੍ਹੀਂ ਸੋਹਣੇ ਪਸੰਦ ਕਰਦੇ' ਕਹਿਣ ਵਾਲੇ ਇਹ ਤਿੰਨੇ ਭਰਾ ਰੱਬ ਨੂੰ ਉਲਾਂਭਾ ਤਾਂ ਦਿੰਦੇ ਰਹੇ ਹਨ ਪਰ 'ਕੁਰਾਨ ਸ਼ਰੀਫ ਦੇ ਹਰਫ ਵੀ ਕਾਲੇ' ਕਹਿ ਕੇ ਕਾਲੇ ਰੰਗ ਦੀ ਸਿਫਤ ਵਿਚ 'ਪਹਾੜ ਕੋਹੇਤੂਰ ਦਾ ਸੁਰਮਾ ਵੀ ਕਾਲਾ ਲੋਕੀਂ ਅੱਖੀਆਂ ਵਿਚ ਘਸੇਂਦੇ' ਨਾਲ ਸੁਰਾਂ ਦੀਆਂ ਬੁੱਚੀਆਂ ਪਵਾਉਂਦੇ ਰਹੇ ਹਨ। ਕਾਸ਼! ਗਮਦੂਰ ਹਾਲੇ ਵੀਹ ਕੁ ਸਾਲ ਜਿਉਂਦਾ ਰਹਿ ਜਾਂਦਾ ਤਾਂ ਪੰਜਾਬੀ ਗਾਇਕੀ ਸ਼ਾਇਦ ਇਖਲਾਕ ਨਾਲ ਹੋਰ ਢਿੱਡ ਭਰੀ ਰੱਖਦੀ।

# ਲਾਣੇਦਾਰ

## ਕਹਾਣੀ

*'ਲਾਣੇਦਾਰ' ਕਹਾਣੀ ਸੰਕਟਾਂ ਵਿਚ ਬੁਰੀ ਤਰ੍ਹਾਂ ਘਿਰੀ ਕਿਸਾਨੀ ਦਾ ਬਿਰਤਾਂਤ ਹੈ। ਕਹਾਣੀ ਦਾ ਸਿਰਲੇਖ ਹੀ ਟੁੱਟ ਰਹੀ ਕਿਸਾਨੀ 'ਤੇ ਤਿੱਖਾ ਵਿਅੰਗ ਕੱਸ ਰਿਹਾ ਹੈ। ਅਜਿਹੇ ਹਾਲਾਤ ਵਿਚ ਬੰਦਾ ਪਤਾ ਨਹੀਂ ਕਿਹੜੀਆਂ ਕਿਹੜੀਆਂ ਤੱਦੀਆਂ ਵਿਚੋਂ ਲੰਘਦਾ ਹੈ, ਪਰ ਜਿਨ੍ਹਾਂ ਤੱਦੀਆਂ ਵਿਚੋਂ ਔਰਤ ਨੂੰ ਲੰਘਣਾ ਪੈਂਦਾ ਹੈ, ਤੇ ਉਸ ਨੂੰ ਜੋ ਜ਼ਖਮ ਆਪਣੇ ਦਿਲ ਉਤੇ ਜਰਨੇ ਪੈਂਦੇ ਹਨ, ਉਨ੍ਹਾਂ ਦੀ ਬਾਤ ਕਦੀ-ਕਦਾਈਂ ਹੀ ਪੈਂਦੀ ਹੈ। ਇਸ ਕਹਾਣੀ ਵਿਚ ਵੀ ਭਾਵੇਂ ਔਰਤ ਪਿਛੋਕੜ ਜਿਹੇ ਵਿਚ ਹੀ ਵਿਚਰਦੀ ਹੈ, ਪਰ ਇਸ ਵਿਚ ਔਰਤ ਦੀ ਦਿਲ-ਗੁਰਦੇ ਨਾਲ ਜਿਉਣ ਦੀ ਖਾਹਿਸ਼ ਦੀਆਂ ਲਿਸ਼ਕੋਰਾਂ ਜ਼ਰੂਰ ਪੈਂਦੀਆਂ ਹਨ। -ਸੰਪਾਦਕ*

**ਅਮਰਦੀਪ ਸਿੰਘ ਅਮਰ**
**ਫੋਨ: 765-987-5197**

ਕੈਲਾ ਚਾਲੀਆਂ ਤੋਂ ਉਪਰ ਸੀ ਤੇ ਉਹਦੀ ਅੱਧਿਓਂ ਬਹੁਤੀ ਦਾੜ੍ਹੀ ਚਿੱਟੀ ਹੋਣ ਵਾਲੀ ਸੀ। ਵਿਆਹ ਦਾ ਬੰਨ੍ਹ-ਸੁਬ੍ਹ ਨਾ ਹੋਣ ਕਰ ਕੇ ਉਹਦੀ ਗਿਣਤੀ ਪਿੰਡ ਦੇ ਛੜਿਆਂ ਵਿਚ ਹੋਣ ਲੱਗੀ ਸੀ। ਉਹ ਦੋ ਭਰਾ ਸਨ। ਅਸਲ ਨਾਂ ਤਾਂ ਉਨ੍ਹਾਂ ਦੇ ਕਰਨੈਲ ਸਿੰਘ ਤੇ ਜਰਨੈਲ ਸਿੰਘ ਸਨ ਪਰ 'ਮਾਇਆ ਤੇਰੇ ਤੀਨ ਨਾਮ-ਪਰਸੂ, ਪਰਸਾ, ਪਰਸ ਰਾਮ' ਦੀ ਅਖੌਤ ਵਾਂਗ ਉਹ ਵੀ ਕੈਲਾ ਜੈਲਾ ਹੀ ਹੋ ਨਿੱਬੜੇ ਸਨ। ਜਿਵੇਂ ਮਾਂ ਵਿਹੂਣੇ ਬੱਚੇ ਦੀ ਕੋਈ ਜ਼ਿੰਦਗੀ ਨਹੀਂ ਹੁੰਦੀ, ਉਵੇਂ ਜ਼ਮੀਨ ਵਿਹੂਣੇ ਜਾਂ ਥੋੜ੍ਹੀ ਜ਼ਮੀਨ ਵਾਲੇ ਜੱਟ ਦੀ ਜੂਨ ਵੀ ਬੁਰੀ ਹੀ ਹੁੰਦੀ ਹੈ। ਥੋੜ੍ਹੀ ਜ਼ਮੀਨ ਹੋਣ ਕਰਕੇ ਦੋਹਾਂ ਭਰਾਵਾਂ ਨੂੰ ਕੋਈ ਰਿਸ਼ਤਾ ਨਾ ਮਿਲਿਆ ਤੇ ਉਨ੍ਹਾਂ ਦੀ ਵਿਆਹ ਦੀ ਉਮਰ ਟਪ ਚੁਕੀ ਸੀ। ਪਿਤਾ ਉਨ੍ਹਾਂ ਦਾ ਸ.ਬਚਿੰਤ ਸਿਹੁੰ ਨਿੱਕੀ ਉਮਰੇ ਹੀ ਰੱਬ ਨੂੰ ਪਿਆਰਾ ਹੋ ਗਿਆ ਸੀ। ਹੁਣ ਢਾਈ ਕਿੱਲਿਆਂ ਦੇ ਮਾਲਕਾਂ ਨੂੰ ਕੁੜੀ ਦਾ ਰਿਸ਼ਤਾ ਕੀਹਨੇ ਦੇਣਾ ਹੋਇਆ ਭਲਾ? ਕੈਲੇ ਦੀ ਉਮਰ ਚਾਲੀਆਂ ਦੇ ਕਰੀਬ ਅਤੇ ਨਿੱਕੇ ਜੈਲੇ ਦੀ ਤੀਹਾਂ-ਬੱਤੀਆਂ ਨੂੰ ਟੱਪ ਗਈ।

"ਨਿੱਕਿਆ! ਆਪਾਂ ਤਾਂ ਡੱਕੇ ਤੋੜ'ਤੇ ਕਦੋਂ ਦੇ ਵਿਆਹ ਆਲੇ, ਹੁਣ ਤਾਂ ਰੱਬ ਦੇ ਚਰਨਾਂ ਵਿਚ ਅਰਦਾਸ ਆ, ਬਈ ਤੈਨੂੰ ਕੋਈ ਸਾਕ ਜੁੜ ਜਾਵੇ ਭਰਾਵਾ! ਔਤਾਂ ਦੀਆਂ ਥਾਵਾਂ ਵੀ ਮੇਰੇ ਸਾਲੇ ਦੇ ਸ਼ਰੀਕ ਰੱਸੀਆਂ ਧਰ ਧਰ ਕੇ ਮਿਣਦੇ ਆ।" ਕੈਲਾ ਡਰ ਜ਼ਾਹਰ ਕਰਦਾ।

"ਕੋਈ ਨਾ ਬਾਈ, ਰੱਬ ਭਲੀ ਕਰੂ। ਆਪਾਂ ਕਿਹੜਾ ਰੱਬ ਦੇ ਮਾਂਹ ਮਾਰੇ ਆ।" ਜੈਲਾ ਧਰਵਾਸ ਦਿੰਦਾ, ਵੈਸੇ ਹਕੀਕਤ ਦੇ ਰੂ-ਬ-ਰੂ ਹੋਣ ਤੋਂ ਉਸ ਨੂੰ ਵੀ ਡਰ ਲੱਗਦਾ। ਉਨ੍ਹਾਂ ਦੀ ਮਾਂ ਬਿਸ਼ਨ ਕੁਰ ਸਾਰੀ ਉਮਰ ਚੁੱਲ੍ਹਾ ਬਾਲਦੀ ਅੱਖਾਂ ਤੋਂ ਅੰਨ੍ਹੀ ਹੋ ਚੁੱਕੀ ਸੀ।

"ਮਿੱਤਰਾ ਔਖਾ ਵਾ। ਹੁਣ ਤਾਂ ਬੁੜੀ ਨੂੰ ਵੀ ਲੰਗੇ ਡੰਗ ਈ ਦੀਂਹਦਾ। ਵਿਚਾਰੀ ਧੰਨ ਆ ਜਿਹੜੀ ਫੇਰ ਵੀ ਆਪਣਾ ਲੰਗਰ ਥੱਪੀ ਜਾਂਦੀ ਆ। ਜੇ ਬੇਬੇ ਅੱਖਾਂ ਮੀਚ ਗਈ, ਫੇਰ ਤਾਂ ਹੱਥ ਵੀ ਨਹੀਂ ਸਾੜ ਹੋਣੇ।" ਕੈਲਾ ਤਲਖ ਹਕੀਕਤਾਂ ਤੋਂ ਪਰਦਾ ਚੁੱਕਦਾ।

"ਕੋਈ ਨਾ ਬਾਈ, ਜੇ ਸਾਲਾ ਜਮਾਂ ਈ ਸੂਤ ਨਾ ਬੈਠਿਆ ਤਾਂ ਕੋਈ ਪੂਰਬਣੀ-ਪਾਰਬਣੀ ਹੀ ਲੈ ਆਮਾਂਗੇ। ਮੈਨੂੰ ਕਾਕਾ ਟਰੱਕ ਡਰੈਵਰ ਕਹਿੰਦਾ ਸੀ, ਮੋਟੇ ਪਿਆਰੇ ਕਾ, ਨੇਪਾਲ ਵਿਚੋਂ ਪੰਜ ਕੁ ਹਜ਼ਾਰ ਵਿਚ ਤੀਵੀਂ ਮਿਲ ਜਾਂਦੀ ਆ।" ਜੈਲੇ ਨੇ ਨਵੀਂ ਬੁਝਾਰਤ ਪਾ ਦਿੱਤੀ।

"ਉਹ ਤਾਂ ਠੀਕ ਆ ਛੋਟਿਆ ਪਰ ਫੇਰ ਅੱਗੇ ਨਿਆਣਿਆਂ ਨੂੰ ਨ੍ਹੀਂ ਹੋਣਾ ਰਿਸ਼ਤਾ। ਨੇਪਾਲਣ ਦੇ ਨਿਆਣਿਆਂ ਨੂੰ ਕਿਹੜਾ ਜੱਟ ਸਾਕ ਦੇਦੂ। ਆਪਣੇ ਤਾਂ ਸਾਲੇ ਦਾਦੇ ਦੇ ਨਾਨਕਿਆਂ ਤੱਕ ਤਾਂ ਗੋਤ ਪੁੱਛਦੇ ਆ।"

"ਐਦੂੰ ਤਾਂ ਯਾਰ ਕਿਸੇ ਕੰਮੀ-ਕਮੀਣ ਦੇ ਘਰੇ ਹੀ ਰੱਬ ਪੈਦਾ ਕਰ ਦਿੰਦਾ, ਸਾਲਾ ਰੂੜੀ 'ਤੇ ਬੈਠਿਆਂ ਨੂੰ ਵੀ ਸਾਕ ਹੋ ਜਾਂਦੈ। ਜੱਟ ਜਾਤ ਦੇ ਤਾਂ ਨਕੌੜੇ ਹੀ ਨ੍ਹੀਂ ਮਾਨ। ਮੁੰਡੇ ਨਾਲ ਨ੍ਹੀਂ ਕਿੱਲਿਆਂ ਨਾਲ ਕੁੜੀ ਤੋਰਦੇ ਆ ਫੇਰੇ ਦੇਣੇ।" ਜੈਲੇ ਨੇ ਹਉਕਾ ਭਰਿਆ।

ਉਨ੍ਹਾਂ ਦੀ ਜ਼ਿੰਦਗੀ ਦੀ ਗੱਡੀ ਧੂਹ-ਘੜੀਸ ਵਿਚ ਰੁੜ੍ਹ ਹੀ ਰਹੀ ਸੀ। ਘਰ ਨਾਰ ਬਿਨਾਂ ਜੂਨ ਕਟੀ ਕਰਨਾ ਪਹਾੜ ਬਣਿਆ ਪਿਆ ਸੀ। ਕਹਿੰਦੇ ਨੇ ਕਿ ਰੱਬ ਬਾਰਾਂ ਵਰ੍ਹਿਆਂ ਬਾਅਦ ਰੂੜ੍ਹੀ ਦੀ ਵੀ ਸੁਣ ਲੈਂਦਾ ਹੈ, ਆਖਰ ਇਕ ਦਿਨ ਦੋਹਾਂ ਛੜੇ ਭਰਾਵਾਂ ਦੀ ਪਪੀਹੇ ਵਾਲੀ ਕੂਕ ਰੱਬ ਦੀ ਦਰਗਾਹ ਪਹੁੰਚ ਗਈ। ਉਨ੍ਹਾਂ ਦੀ ਮਾਂ ਨੇ ਕਈ ਕਰਮਾਂ ਵਾਲੀਆਂ ਦੀਆਂ ਮਿੰਨਤਾ ਕੀਤੀਆਂ ਤੇ ਇਕ ਦਿਨ ਕਹਾਣੀ ਰਾਸ ਆ ਗਈ। ਉਨ੍ਹਾਂ ਦੇ ਸਕੇ ਤਾਏ ਦੀ ਇਕ ਨੂੰਹ ਮਾਝੇ ਤੋਂ ਸੀ। ਬੁੱਢੀ ਮਾਂ ਬਿਸ਼ਨੀ ਉਹਦੇ ਕੋਲ ਢਿੱਡ ਫਰੋਲਣ ਲੱਗੀ, "ਨੀ ਮਾਝੇ ਆਲੀਏ, ਕਿਤੇ ਮੇਰੇ ਪੁੱਤਾਂ ਨੂੰ ਵੀ ਰਿਸ਼ਤਾ ਕਰਵਾ ਦੇ ਆਵਦੇ ਪਿੰਡਾਂ ਵਿਚੋਂ।"

"ਮਾਂ ਜੀ, ਪਹਿਲਾਂ ਤੂੰ ਕਦੇ ਗੱਲ ਈ ਨ੍ਹੀਂ ਕੀਤੀ। ਸਾਕਾਂ ਦਾ ਘਾਟਾ ਜੇ।" ਮਝੈਲਣ ਨੇ ਝਾਂਜਰਾਂ ਛਣਕਾਉਂਦਿਆਂ ਬੁੜ੍ਹੀ ਨੂੰ ਮੱਥਾ ਟੇਕ ਦਿੱਤਾ।

"ਜਿਉਂਦੀ ਰਹਿ ਧੀਏ, ਤੇਰਾ ਸਾਈਂ ਜੀਵੇ, ਭਾਈ ਜੀਵੇ, ਦੁੱਧੀਂ-ਪੁੱਤੀਂ ਫਲੇਂ।" ਮਾਈ ਨੇ ਅਸੀਸਾਂ ਦੀ ਝੜੀ ਲਾ ਦਿੱਤੀ। ਸਾਕ ਦੀ ਗੱਲ ਤਾਂ ਅੱਗੇ ਵੀ ਕਈ ਥਾਂਵੀਂ ਚੱਲੀ ਸੀ, ਪਰ ਘੱਟ ਜ਼ਮੀਨ ਕਰਕੇ ਸਿਰੇ ਨਹੀਂ ਸੀ ਲੱਗੀ, ਪਰ ਮਾਝੇ ਦੀ ਜੱਟੀ ਕੁੰਡੀਆਂ ਮੇਲਣ ਵਿਚ ਮਾਹਰ ਸੀ।

"ਦੇਖੋ ਮਾਂ ਜੀ, ਜੇ ਕਹੇਂ ਦੋਨਾਂ ਨੂੰ ਸਾਕ ਹੋਜੂ ਤਾਂ ਮੈਂ ਝੂਠ ਨ੍ਹੀਂ ਮਾਰਦੀ, ਗੱਲ ਔਖੀ ਐ। ਭਾਅ ਜੀ ਕਰਨੈਲ ਸਿਹੁੰ ਦੀ ਤਾਂ ਉਮਰ ਵੀ ਵਿਆਹ ਨੂੰ ਟੱਪੀ ਖਲੋਤੀ ਐ। ਹਾਂ ਨਿੱਕੇ ਜੈਲੇ ਨੂੰ ਜ਼ਰੂਰ ਕਰਾ ਦਿੰਦੀ ਆਂ, ਆਵਦੀ ਮਾਸੀ ਦੀ ਕੁੜੀ ਦਾ। ਕੁੜੀ ਸੋਹਣੀ, ਸੁਨੱਖੀ ਤੇ ਸਚਿਆਰੀ ਆ। ਆਹ ਤਿਆਡੇ ਮਲਵਈ ਹੀ ਹੈਗੇ ਆ, ਮੋਗੇ ਕੋਲ ਪਿੰਡ ਆ ਘੱਲ ਕਲਾਂ ਉਨ੍ਹਾਂ ਦਾ।" ਮਝੈਲਣ ਨੇ ਸਿਰੇ ਦੀ ਸੁਣਾ ਦਿੱਤੀ।

"ਧੀਏ ਮੈਂ ਤੇਰਾ 'ਹਸਾਨ ਸਾਰੀ ਉਮਰ ਨ੍ਹੀਂ ਭੁੱਲਦੀ। ਜਿਹੜੇ ਨੂੰ ਮਰਜ਼ੀ ਕਰਵਾ ਦੇ। ਕੁਲ ਦਾ ਦੀਵਾ ਜਗਦਾ ਰਹਿ ਜਵੇ। ਆਪੇ ਦੋਨੋਂ ਭਰਾ ਔਖੇ-ਸੌਖੇ ਨਿਭਾ ਕਰੀ ਜਾਣਗੇ।" ਬੁੜ੍ਹੀ ਸਚਮੁੱਚ ਮੋਮ ਦੀ ਬਣੀ ਪਈ ਸੀ।

"ਆਹੋ ਮਾਂ ਜੀ, ਡੰਗ ਈ ਟਪਾਉਣਾ ਹੋਇਆ ਕਿ। ਕੁੜੀ ਸਿਆਣੀ ਆ ਉਂਜ। ਘਰ ਬੰਨ੍ਹ ਕੇ ਰੱਖੂ, ਤੂੰ ਫਿਕਰ ਨਾ ਕਰ ਪਰ ਵੇਖੀਂ ਨਾ, ਵਿਚਾਰੀ ਪਹਿਲਾਂ ਵਿਆਈ ਸੀ, ਘਰ ਵਾਲਾ ਛੇ ਕੁ ਮਹੀਨੇ ਬਾਅਦ ਐਕਸੀਡੈਂਟ ਵਿਚ ਪੂਰਾ ਹੋ ਗਿਆ। ਬਾਲ ਬੱਚਾ ਕੋਈ ਨ੍ਹੀਂ ਸੀ ਹੋਇਆ। ਹੁਣ ਪੇਕਿਆਂ ਦੇ ਬੈਠੀ ਆ ਵਿਚਾਰੀ।" ਮਝੈਲਣ ਨੇ ਅਸਲ ਕਾਰਨ 'ਤੇ ਚਾਨਣਾ ਪਾਇਆ।

"ਚੱਲ ਕੋਈ ਨਾ ਬਹੂ ਇਹ ਤਾਂ ਕਿਸਮਤ ਦੇ ਸੌਦੇ! ਤੂੰ ਰੋਟੀ ਪੱਕਦੀ ਕਰ ਮੇਰੇ ਸਾਧ ਪੁੱਤਾਂ ਦੀ। ਹੁਣ ਮੈਥੋਂ ਬੁੜ੍ਹੀ ਤੋਂ ਨ੍ਹੀਂ ਹੋਰ ਹੱਥ ਫੂਕ ਹੁੰਦੇ।" ਮਝੈਲਣ ਦੂਜੇ ਦਿਨ ਹੀ ਜਗਰਾਵਾਂ ਤੋਂ ਮੋਗੇ ਨੂੰ ਬੱਸ ਚੜ੍ਹ ਗਈ। ਬੱਸ ਮਹੀਨੇ ਕੁ ਦੇ ਵਕਫ਼ੇ ਮਗਰੋਂ ਚੁੰਨੀ ਚੜ੍ਹਾਵਾ ਹੋ ਗਿਆ। ਵਿਆਹ ਭਾਵੇਂ ਸਾਦੇ ਤਰੀਕੇ ਨਾਲ ਕੀਤਾ ਗਿਆ, ਪਰ ਵਿਚੋਲਣ ਨੂੰ ਉਂਗਲ ਪੀਲੀ ਕਰ ਕੇ ਖੁਸ਼ ਕਰ ਦਿੱਤਾ ਗਿਆ। ਕੁੜੀਆਂ ਨੇ ਵੀਰ ਦੀਆਂ ਘੋੜੀਆਂ ਗਾਈਆਂ, ਮਾਂ ਨੇ ਨਵੀਂ ਵਿਆਹੀ ਜੋੜੀ ਦੇ ਸਿਰ ਤੋਂ ਪਾਣੀ ਵਾਰ ਕੇ ਪੀਤਾ। ਬੀਹੀ-ਵਿਹੜੇ ਦੀਆਂ ਜਨਾਨੀਆਂ ਨੇ ਨੱਚ ਨੱਚ ਧਰਤੀ ਪੱਟ ਸੁੱਟੀ। ਵਿਆਹ ਭਾਵੇਂ ਨਿੱਕੇ ਜੈਲੇ ਦਾ ਹੋਇਆ ਸੀ, ਪਰ ਕੈਲੇ ਤੋਂ ਚਾਅ ਸਾਂਭਿਆ ਨਹੀਂ ਸੀ ਜਾ ਰਿਹਾ। ਉਹ ਕਤਰੀ ਦਾੜ੍ਹੀ ਨੂੰ ਮੋਟੀ ਮੋਟੀ ਕਲਫ ਲਗਾ ਮੁੱਛਾਂ ਦੇ ਖਤ ਕੱਢ ਕੇ, ਟੌਰੇ ਵਾਲੀ ਪੱਗ ਬੰਨ੍ਹ ਮੁੜ ਚੋਬਰ ਬਣ ਗਿਆ ਸੀ। ਛੜਿਆ ਦਾ ਭਾਂ ਭਾਂ ਕਰਦਾ ਵਿਹੜਾ ਗੁਲਾਬ ਦੇ ਫੁੱਲ ਵਰਗੀ ਤੀਵੀਂ ਆਉਣ ਕਰ ਕੇ ਮਹਿਕਾਂ ਛੱਡਣ ਲੱਗ ਗਿਆ ਸੀ।

ਨਵੀਂ ਵਿਆਂਹੁਦੜ ਚਰਨਜੀਤ ਕੌਰ ਅਠਾਈਆਂ-ਤੀਹਾਂ ਦੀ ਸੀ। ਕੱਦ ਦੀ ਭਾਵੇਂ ਮੱਧਰੀ ਸੀ, ਪਰ ਗੋਰਾ ਰੰਗ, ਪਤਲਾ ਲੱਕ ਫਬਵੀਂ ਮੁਟਿਆਰ ਬਣਾਉਂਦਾ ਸੀ। ਉਹਦੀ ਤੁਰਦੀ ਦੀ ਝਾਂਜਰ ਛਣਕਦੀ ਤਾਂ ਵਿਹੜੇ ਵਿਚ ਜਿਵੇਂ ਤੀਆਂ ਲੱਗ ਜਾਂਦੀਆਂ। ਉਹ ਹੱਸਦੀ ਤਾਂ ਲੱਗਦਾ ਜਿਵੇਂ ਸਾਰਾ ਘਰ ਉਹਦੇ ਨਾਲ ਹੱਸਦਾ ਹੋਵੇ।

ਵਿਆਹ ਜੈਲੇ ਦਾ ਹੋਇਆ ਸੀ, ਪਰ ਕੈਲਾ ਵੀ ਪੂਰਾ ਨਿੱਖਰ ਆਇਆ ਸੀ। ਉਹ ਦਾੜ੍ਹੀ ਰੰਗ ਕੇ ਖਤ ਕੱਢ ਕੇ ਰੱਖਦਾ। ਉਹ ਅੱਗੇ ਨਾਲੋਂ ਕਿਤੇ ਵੱਧ ਕੰਮ ਕਰਦਾ। "ਬਾਈ ਮੈਨੂੰ ਵੀ ਕੱਢ ਲੈਣ ਦਿਆ ਕਰ ਦੋ ਰਾਹਲਾਂ, ਤੂੰ ਤਾਂ ਊਈਂ ਪਤੰਦਰਾ ਦੱਬੀ ਫਿਰਦੈਂ ਕੰਮ ਨੂੰ।" ਜੈਲਾ ਹਲ ਵਾਹੁੰਦੇ ਕੈਲੇ ਨੂੰ ਕਹਿੰਦਾ।

"ਓਏ ਨਿੱਕਿਆ, ਆਹੀ ਥੋਡੀ ਉਮਰ ਆ ਚਾਰ ਦਿਨ ਇਕੱਠੇ ਬਹਿਣ ਦੀ। ਮੁੜ ਕੇ ਸਾਰੀ ਜ਼ਿੰਦਗੀ ਹਲਾ ਕੁੱਤਿਆ, ਹਲਾ ਕੁੱਤਿਆ ਈ ਹੁੰਦੀ ਰਹਿਣੀ ਆ। ਤੂੰ ਮੌਜ ਕਰ। ਨਾਲੇ ਜੇ ਹੁਣ ਤਾਅ ਨਾ ਦਿਖਾਇਆ ਤਾਂ ਬਿਗਾਨੀ ਧੀ ਕਹੂ ਬਈ ਜੱਟ ਦੇ ਪੁੱਤ ਵਿਚ ਕਣ ਹੈ ਨ੍ਹੀਂ।" ਕੈਲਾ ਹੱਸ ਛੱਡਦਾ। ਜਿਵੇਂ-ਕਿਵੇਂ ਕਰਦਿਆਂ ਨੂੰ ਪਤਾ ਵੀ ਨਾ ਲੱਗਿਆ, ਕਦੋਂ ਸਾਲ ਟੱਪ ਗਿਆ। ਭਾਦੋਂ ਦੇ ਅਖੀਰ ਛੜਿਆਂ ਦੇ ਦਰਵਾਜ਼ੇ ਮੂਹਰੇ ਸ਼ਰੀਂਹ ਦੇ ਸਿਹਰੇ ਲਟਕ ਚੁੱਕੇ ਸਨ।

"ਧੰਨ ਆ ਮਾਲਕਾ ਧੰਨ ਆ। ਵਾ'ਗਰੂ ਸੱਚੇ ਪਾਤਸ਼ਾਹ ਕੁੱਲ ਦਾ ਭਲਾ ਕਰੀਂ। ਮਾਲਕਾ ਜਿਮੇਂ ਸਾਡੀ ਗਰੀਬਾਂ ਦੀ ਸੁਣੀ ਆ, ਉਮੇਂ ਸਾਰਿਆਂ ਦੀ ਸੁਣੀਂ।" ਕੈਲੇ ਹੋਰਾਂ ਦੀ ਬੁਢੜੀ ਮਾਈ ਖੀਵੀ ਹੋਈ ਪਈ ਸੀ। ਜੇਠੇ ਜੁਆਕ ਦੀ ਜੇਠੀ ਕਿਲਕਾਰੀ ਨੇ ਸਾਰੇ ਟੱਬਰ ਨੂੰ ਬਾਗੋ-ਬਾਗ ਕਰ ਦਿੱਤਾ।

ਲੋਹੜੀ ਦੀ ਰਾਤ ਪਿੰਡ ਦੀ ਸੱਥ ਵਿਚ ਮਘਦੀ ਧੂਣੀ 'ਤੇ ਗਿੱਧੇ ਦਾ ਪਿੜ ਬੱਝ ਗਿਆ। ਕੁੜੀਆਂ ਨੇ ਨਾਂਹ ਨਾਂਹ ਕਰਦੀ ਚਰਨਜੀਤ ਨੂੰ ਪਿੜ ਵਿਚ ਖਿੱਚ ਲਿਆ। ਲਾਲ ਸੂਹੇ ਸੂਟ ਵਿਚ ਗੁਲਾਬੀ ਭਾਅ ਮਾਰਦੇ ਬੁੱਲ੍ਹਾਂ ਨੇ ਬੋਲੀ ਪਾ ਕੇ ਗੇੜਾ ਦਿੱਤਾ ਤਾਂ ਛਿੱਟ ਛਿੱਟ ਲਾ ਕੇ ਖੇੜੇ ਵਿਚ ਆਏ ਗੱਭਰੂਆਂ ਨੂੰ ਦੇਸੀ ਲਾਹਣ ਮਾਲਵੇ ਦੇ ਰੇਤਲੇ ਟਿੱਬਿਆਂ ਵਿਚ ਆਏ ਵਾਵਰੋਲੇ ਵਾਂਗ ਚੜ੍ਹ ਗਈ। ਕੈਲਾ-ਜੈਲਾ ਤੇ ਉਨ੍ਹਾਂ ਦੀ ਮਿੱਤਰ ਜੁੰਡਲੀ, ਸਿਆਣੀਆਂ ਬੁੜ੍ਹੀਆਂ ਵਾਲੇ ਪਾਸੇ ਖੜ੍ਹ ਕੇ ਗਿੱਧੇ ਵਿਚ ਬਣਦਾ ਹਿੱਸਾ ਪਾਉਣ ਲੱਗੀ। ਮਾਲਵੇ ਦੇ ਧੁਰ ਅੰਦਰਲੇ ਪਿੰਡਾਂ ਵਿਚ ਔਰਤਾਂ-ਮਰਦਾਂ ਦੇ ਰਲਵੇਂ ਗਿੱਧੇ ਨੂੰ ਮਾੜੀ ਅੱਖ ਨਾਲ ਨਹੀਂ ਦੇਖਿਆ ਜਾਂਦਾ।

"ਨੱਚ ਲੈ ਕਲਿਹਰੀਆ ਮੋਰਾ ਵਿਚ ਭਰਜਾਈਆਂ ਦੇ।" ਕਿਸੇ ਮੁਟਿਆਰ ਨੇ ਰੜਕਵੀਂ ਬੋਲੀ ਪਾਈ ਤਾਂ ਮੁੰਡਿਆਂ ਦੀ ਟੋਲੀ ਨੇ ਬਦੋਬਦੀ ਛੜੇ ਕੈਲੇ ਨੂੰ ਪਿੜ ਵਿਚ ਧੱਕਾ ਮਾਰ ਦਿੱਤਾ। ਉਹ ਤਾਂ ਪਹਿਲਾਂ ਹੀ ਤਾਰੂ ਸੀ।



ਗਿੱਧਾ ਪੂਰਾ ਭਖ ਗਿਆ। ਬੋਲੀਆਂ ਪੈਂਦੀਆਂ ਰਹੀਆਂ। ਪਟੋਲਾ ਬਣ ਕੇ ਨੱਚਦੀ ਚਰਨਜੀਤ ਦੇ ਸਿਰੋਂ ਕੈਲਾ ਨੋਟ ਵਾਰ ਵਾਰ ਕੁੜੀਆਂ ਨੂੰ ਵੰਡਦਾ ਰਿਹਾ। ਹੌਲੀ ਹੌਲੀ ਗਿੱਧੇ ਦਾ ਪਿੜ ਖਿੰਡ ਗਿਆ। ਬੇਬੇ ਨੇ ਕੁੜੀਆਂ ਤੇ ਨਿਆਣਿਆਂ ਦੀਆਂ ਝੋਲੀਆਂ ਗੁੜ, ਰਿਓੜੀਆਂ ਤੇ ਮੂੰਗਫਲੀ ਨਾਲ ਭਰ ਦਿੱਤੀਆਂ।

"ਬੇਬੇ ਤੁਸੀਂ ਘਰ ਨੂੰ ਚੱਲੋ, ਮੈਂ ਆਉਨਾ।" ਕਹਿ ਕੇ ਕੈਲਾ ਧੂਣੀ ਦੇ ਨਾਲ ਲੱਗਦੇ ਵਿਸਾਖਾ ਸਿਹੁੰ ਤਖਾਣ ਦੇ ਕਾਰਖਾਨੇ ਵੜ ਗਿਆ ਜਿਥੇ ਚੋਬਰਾਂ ਨੇ ਮੂੰਹ ਕੌੜਾ ਕਰਨ ਦਾ ਸੌਦਾ-ਪੱਤਾ ਪਹਿਲਾਂ ਹੀ ਰੱਖਿਆ ਹੋਇਆ ਸੀ। ਉਸ ਤੋਂ ਛੋਟਾ ਜੈਲਾ, ਜਨਾਨੀਆਂ ਨਾਲ ਘਰ ਨੂੰ ਤੁਰ ਗਿਆ ਸੀ।

"ਉਏ ਆ ਬਾਈ ਕਰਨੈਲ ਸਿਆਂ, ਅੱਜ ਤਾਂ ਕੀ ਕਹਿੰਦੇ ਆ, ਧੂੜਾਂ ਪੱਟ'ਤੀਆਂ ਨੱਚ ਨੱਚ ਕੇ ਨਿੱਕੀ ਭਰਜਾਈ ਨਾਲ।" ਗਿੱਲਾਂ ਦੇ ਲੰਗੜੇ ਬਿੰਦਰੀ ਨੇ ਅੰਦਰ ਵੜਦਿਆਂ ਹੀ ਟਕੋਰ ਕੀਤੀ। ਬਿੰਦਰੀ ਦੀ ਗੱਲ ਸੁਣ ਕੇ ਮੁੰਡਿਆਂ ਦੀ ਢਾਣੀ ਵਿਚ ਖਚਰੀ ਜਿਹੀ ਮੁਸਕਾਨ ਫੈਲ ਗਈ। 'ਅੱਜ ਤਾਂ ਕੀ ਕਹਿੰਦੇ ਆ' ਬਿੰਦਰੀ ਦਾ ਤਕੀਆ ਕਲਾਮ ਸੀ। ਲੰਗੜਾ ਹੋਣ ਕਰ ਕੇ ਚੰਗੀ ਜ਼ਮੀਨ ਹੋਣ ਦੇ ਬਾਵਜੂਦ ਉਸ ਨੂੰ ਕਿਤੋਂ ਸਾਕ ਨਹੀਂ ਸੀ ਜੁੜਿਆ। ਵਿਗੜੈਲ ਹੋਣ ਕਰ ਕੇ ਪਿੰਡ ਵਿਚ ਸਾਰੇ ਉਸ ਨੂੰ ਕੈਦੋਂ ਕਹਿ ਕੇ ਬੁਲਾਉਂਦੇ ਤੇ ਘਰੇ ਵੀ ਉਸ ਦੀ ਬਾਹਲੀ ਪੁੱਛ-ਪ੍ਰਤੀਤ ਨਹੀਂ ਸੀ।

"ਤੇਰੇ ਕਿਉਂ ਚਲੂਣੇ ਲੜਦੇ ਆ ਲੰਗੜਦੀਨਾ? ਤੈਨੂੰ ਕੋਈ ਘਰੇ ਪੁੱਛੇ ਨਾ ਬਾਹਰ। ਰੈਅਕੋਟ ਆਲੀ ਤੈਨੂੰ ਚੌਂਕੇ ਨ੍ਹੀਂ ਚੜ੍ਹਨ ਦਿੰਦੀ, ਤਾਂ ਹੀ ਤਾਂ ਵਿਹੜੇ ਆਲੀ ਮੇਲੋ ਤੋਂ ਖੌਸੜੇ ਖਾਧੇ ਸੀ।" ਕੈਲੇ ਨੇ ਮੋੜਵਾਂ ਵਾਰ ਕਰ ਦਿੱਤਾ। ਮੁੰਡਿਆਂ ਵਿਚ ਹਾਸਾ ਪੱਸਰ ਗਿਆ।

"ਉਏ ਸਾਡੀ ਕਿਸਮਤ ਸਰਦਾਰ ਕਰਨੈਲ ਸਿਆਂ ਤੇਰੇ ਅਰਗੀ ਕਾਹਨੂੰ ਐਂ। ਅੱਜ ਤਾਂ ਕੀ ਕਹਿੰਦੇ ਆ ਸਾਡੇ ਆਲੀ ਰੈਅਕੋਟਣੀ ਕਾਹਨੂੰ ਬੂਥ ਧਰਾਉਂਦੀ ਆ, ਤਾਂ ਹੀ ਤਾਂ ਭਰਾਵਾ ਅੱਕ ਚੱਬੀਦਾ। ਤੂੰ ਤਾਂ ਬਾਈ ਸਾਰੇ ਕੰਮ ਨੂੰ ਦਬੱਲੀ ਫਿਰਦੈਂ। ਆਹ ਕੀ ਕਹਿੰਦੇ ਆ ਗੌਣ ਆਲੇ ਨ੍ਹੀਂ ਆਖਦੇ, ਅਖੇ ਦਿਓਰਾ ਵੇ ਮੈਨੂੰ ਕਹਿਣ ਕੁੜੀਆਂ, ਤੇਰੇ ਮੁੰਡੇ ਦਾ ਤਾਂ ਜੇਠ 'ਤੇ ਮੜੰਗਾ।" ਲੰਗੜਦੀਨ ਫੇਰ ਤੋੜਾ ਝਾੜ ਗਿਆ।

"ਉਹ ਸਹੁਰੀ ਦਿਆ ਮੇਰੇ ਤਾਂ ਜਵਾਕਾਂ ਅਰਗੀ ਆ ਵਿਚਾਰੀ। ਅੱਜ ਤਾਂ ਊਈਂ ਖਾਧੀ-ਪੀਤੀ ਵਿਚ ਸ਼ੁਗਲ ਮੇਲਾ ਕਰ ਲਿਆ।" ਕੈਲੇ ਨੇ

"ਚੱਲ ਭਰਜਾਈ ਹੁਣ ਮਾਣ ਰੱਖ ਲੈ ਵਿਚਾਰੇ ਛੜੇ ਦਾ।" ਆਖ ਕਿਸੇ ਚਲਾਕੋ ਨਨਾਣ ਨੇ ਚਰਨਜੀਤ ਨੂੰ ਵੀ ਪਿੜ ਵਿਚ ਧੱਕ ਦਿੱਤਾ। ਏਧਰ ਕੈਲੇ ਦੇ ਸੰਘੋਂ ਹੇਠਾਂ ਉਤਰਿਆ ਦੂਧੀਆ ਰੰਗ ਦਾ ਕਰਾਮਾਤੀ ਪਾਣੀ ਆਪਣੀ ਕਰਾਮਾਤ ਦਿਖਾਉਣ ਲੱਗਾ। ਉਸ ਨੇ ਆਪਣੀ ਵੇਦਨਾ ਸੀਨੇ ਤੋਂ ਹੱਥ ਰੱਖ ਕੇ ਖੁੱਲ੍ਹੇ ਪਿੜ 'ਚ ਜ਼ਾਹਿਰ ਕਰ ਦਿੱਤੀ। ਲੜ ਛੱਡਵੀਂ ਸ਼ਮਲੇ ਵਾਲੀ ਪੱਗ ਦੇ ਖੱਬੇ ਪਾਸੇ ਕੰਨ ਕੋਲ ਹੱਥ ਰੱਖ ਕੇ ਉਸ ਨੇ ਮਲਵਈ ਹੇਕ ਚੁੱਕੀ,

"ਹੈ ਨੀ ਭਰਜਾਈਏ ਸੂਹਣ ਸਲਾਈਏ
ਸੁਣ ਸੀਨੇ ਦਾ ਸਾੜਾ।
ਸਾਨੂੰ ਵੀ ਕੋਈ ਲਿਆਦੇ ਖੇਡਣਾ
ਮਾਰ ਕਿਤੇ ਕੋਈ ਧਾੜਾ।
ਨੀ ਆਹ ਫੜ ਪੇਕਿਆਂ ਦਾ
ਆਉਣ ਜਾਣ ਦਾ ਭਾੜਾ।
ਨੀ ਆ ਫੜ...।"

ਹੱਥ ਵਿਚਲਾ ਹਾੜਾ ਮਾਰਿਆ ਤੇ ਘਰ ਨੂੰ ਤੁਰ ਪਿਆ।

"ਬਾਈ ਸਿਆਂ ਕੀ ਕਹਿੰਦੇ ਆ ਐਮੇਂ ਵਾਧੂ ਮੁਖਤ ਵਿਚ ਈ ਨਾ ਮੁੱਛਾਂ ਮਰੋੜਦਾ ਫਿਰੀਂ, ਤੇਰਾ ਵੀ ਹੱਕ ਬਣਦੈ। ਤੂੰ ਅੱਧ ਦਾ ਮਾਲਕ ਐਂ। ਇਨ੍ਹਾਂ ਨੇ ਈ ਸਾਂਭਣੀ ਐਂ ਮੁੜ ਕੇ ਤੇਰੇ ਹਿੱਸੇ ਆਉਂਦੀ ਵੀ। ਸਿਆਣੇ ਕਹਿੰਦੇ ਆ ਬਈ ਸਾਲ ਵਿਚ ਇਕ ਮਹੀਨਾ ਜੇਠ ਦਾ ਵੀ ਆਉਂਦੈ। ਸਾਰੇ ਚੌਣੇ ਨੂੰ ਪੱਠੇ ਪਾਵੇਂ ਤੂੰ, ਤੇ ਕੋਤਲ ਘੋੜੀ 'ਤੇ ਇਕ-ਅੱਧਾ ਝੂਟਾ ਤਾਂ ਤੇਰਾ ਵੀ ਬਣਦਾ ਹੋਇਆ ਕਿ ਨਹੀਂ? ਹੈਂ?" ਉਸ ਨੂੰ ਤੁਰੇ ਜਾਂਦਿਆਂ ਪਿਛਿਓਂ ਬਿੰਦਰੀ ਲੰਗੜੇ ਦੀ ਆਵਾਜ਼ ਸੁਣਾਈ ਦਿੱਤੀ। ਉਹ ਕੰਨ ਵਲੇਟ ਕੇ ਅਗਾਂਹ ਤੁਰ ਗਿਆ। ਉਹਦੇ ਘਰ ਜਾਂਦੇ ਨੂੰ ਸਾਰਾ ਟੱਬਰ ਦੀਵਾ-ਬੱਤੀ ਵਧਾ ਕੇ ਆਪੋ-ਆਪਣੇ ਬਿਸਤਰਿਆਂ 'ਚ ਵੜ ਚੁੱਕਾ ਸੀ। ਸਾਰਾ ਪਿੰਡ ਘੂਕ ਸੁੱਤਾ ਪਿਆ ਜਾਪਦਾ ਸੀ।

"ਸਾਲੇ, ਮੇਰੇ ਸਾਲੇ ਇਉਂ ਸੁੱਤੇ ਪਏ ਆ ਜਿਮੇਂ ਕਬਰਾਂ ਵਿਚ ਮੁਰਦੇ ਪਏ ਹੁੰਦੇ ਆ। ਮੇਰੀ ਰੋਟੀ ਦਾ ਕਿਸੇ ਨੂੰ ਕਿਹੜਾ ਕੋਈ ਫਿਕਰ ਆ।" ਮੱਠੀ ਜਿਹੀ ਭੁੱਖ ਲੱਗੀ ਹੋਣ ਕਰ ਕੇ ਉਹ ਸਿੱਧਾ ਰਸੋਈ ਵੱਲ ਹੋ ਤੁਰਿਆ। ਬੇਬੇ ਹਮੇਸ਼ਾ ਰਸੋਈ ਵਿਚ ਹੀ ਸੌਂਦੀ ਸੀ, ਛੋਟਾ ਜਰਨੈਲ ਆਪਣੇ ਟੱਬਰ ਸਮੇਤ ਪੱਕੀ ਬੈਠਕ ਵਿਚ, ਤੇ ਬੈਠਕ ਤੋਂ ਅਗਾਂਹ ਲੰਘਦੇ ਸਾਰ ਪਸ਼ੂਆਂ ਵਾਲੇ ਦਲਾਨ ਕੋਲ ਉਹਦੀ ਸਬਾਤ ਸੀ। ਰਸੋਈ ਵਿਚੋਂ ਬੇਬੇ ਦੇ ਘੁਰਾੜੇ ਖੌਰੂ ਪਾ ਰਹੇ ਸਨ।

"ਬੁੜ੍ਹੀ ਤਾਂ ਰੇਲ ਬਣਾਈ ਜਾਂਦੀ ਆ ਮਿੱਤਰਾ ਘੁਰਾੜਿਆਂ ਆਲੀ।" ਮੱਧਮ ਜਿਹੇ ਜਗਦੇ ਸਰੋਂ ਦੇ ਦੀਵੇ ਦੇ ਚਾਨਣ ਵਿਚ ਉਸ ਨੂੰ ਬੇਬੇ ਦਾ ਖੁੱਲ੍ਹਾ ਮੂੰਹ, ਆਲੇ ਵਾਂਗ ਜਾਪਿਆ।

"ਕਿਸੇ ਮੇਰੇ ਸਾਲੇ ਨੂੰ ਮੇਰੀ ਫਿਕਰ ਹੈਨ੍ਹੀਂ! ਏਧਰ ਬੁੜ੍ਹੀ ਲਟਾਪੀਂਘ ਹੋਈ ਪਈ ਐ, ਤੇ ਉਹ ਮੇਰਾ ਸਾਲਾ ਜਨਾਨੀ ਦੀਆਂ ਟੰਗਾਂ ਵਿਚ ਟੰਗਾਂ ਅੜਾਈ ਸੁੱਤਾ ਪਿਆ ਹੋਣੈ। ਤੇ ਤੂੰ ਰੋ ਕੈਲਿਆ ਆਪਣੇ ਕਰਮਾਂ ਨੂੰ। ਸੱਚ ਹੀ ਕਹਿੰਦੇ ਆ ਅਗਲੇ, 'ਸੁੱਕਾ ਕੰਨੀ ਦੇ ਕਿਆਰੇ ਵਾਂਗੂੰ ਜੇਠ ਰਹਿ ਗਿਆ'।" ਉਹ ਖਾਣ ਵਾਸਤੇ ਟੁੱਕ ਭਾਲ ਰਿਹਾ ਸੀ। ਛਾਬੇ ਵਿਚੋਂ ਠੰਢੀਆਂ ਰੋਟੀਆਂ ਚੁੱਕ ਕੇ ਉਨ੍ਹਾਂ ਤੇ ਸਾਗ ਦੀ ਕੜਛੀ ਧਰ ਕੇ ਉਹ ਰਸੋਈ ਤੋਂ ਬਾਹਰ ਨਿਕਲਣ ਲੱਗਾ ਤਾਂ ਦੇਹਲੀ 'ਚ ਪਏ ਜੂਠੇ ਭਾਂਡਿਆਂ ਵਿਚ ਪੈਰ ਵੱਜਣ ਕਰ ਕੇ ਔਖੜ ਗਿਆ।

"ਕ ਕੌਣ ਐ ਭਾ ਈ?" ਭਾਂਡਿਆਂ ਦਾ ਖੜਾਕਾ ਸੁਣ ਕੇ ਬੇਬੇ ਅੱਭੜਵਾਹੇ ਬੋਲੀ।

"ਮੈਂ ਆਂ ਕੈਲਾ ਤੂੰ ਸੌਂ ਜਾਹ ਬੇਬੇ।" ਉਹ ਭਰਿਆ-ਪੀਤਾ ਬੋਲਿਆ।

"ਕੀ ਕਰਦੈਂ ਪੁੱਤ ਆਹ ਵੇਲੇ? ਤੂੰ ਸੁੱਤਾ ਨ੍ਹੀਂ?" ਸੁੱਤ-ਉਨੀਂਦਰੀ ਬੁੜ੍ਹੀ ਨੇ ਫੇਰ ਹੋਕਰਾ ਮਾਰਿਆ।

"ਰੋਣਾ ਆਪਣੇ ਜਣਦਿਆਂ ਨੂੰ।" ਉਸ ਨੇ ਪਿਛਲਾ ਅੱਧਾ ਫਿਕਰਾ ਮੂੰਹ ਵਿਚ ਹੀ ਬੋਲਿਆ ਤੇ ਦਬਾਦਬ ਦੇਹਲੀਓਂ ਪਾਰ ਹੋ ਗਿਆ। ਉਹ ਤੇਜ਼ ਕਦਮੀਂ ਆਪਣੀ ਸਬਾਤ ਵੱਲ ਵਧਿਆ। ਜਦ ਨਿੱਕੇ ਜਰਨੈਲ ਦੀ ਪੱਕੀ ਬੈਠਕ ਕੋਲੋਂ ਲੰਘਿਆ ਤਾਂ ਅੰਦਰੋਂ ਆਉਂਦੀਆਂ ਮਿੱਠੀਆਂ ਜਿਹੀਆਂ ਸਿਸਕੀਆਂ ਦੀ ਆਵਾਜ਼ ਨੇ ਉਸ ਦੇ ਕਦਮ ਥਾਏਂ ਗੱਡ ਦਿੱਤੇ। ਉਹ ਮੰਤਰ-ਮੁਗਧ ਹੋ ਕੇ ਰਹਿ ਗਿਆ। ਟਿਕੀ ਰਾਤ ਵਿਚ ਅੰਦਰੋਂ ਆ ਰਹੀ ਜਨਾਨਾ ਆਵਾਜ਼ ਉਸ ਨੂੰ ਕਿਸੇ ਪਰਾਲੌਕਿਕ ਦੇਸ਼ ਦੀਆਂ ਅਨਾਦੀ ਧੁਨਾਂ ਤੋਂ ਘੱਟ ਨਹੀਂ ਸੀ ਜਾਪੀ। ਉਹ ਜੱਕੋ-ਤੱਕੀ ਵਿਚ ਤਾਕੀ ਮੂਹਰੇ ਜਾ ਖਲੋਤਾ। ਬਿੰਦਰੀ ਲੰਗੜੇ ਦੀ ਆਵਾਜ਼ ਉਸ ਦੇ ਮਨ ਵਿਚ ਘੁੰਮਣਘੇਰੀ ਜਿਹੀ ਕੱਢ ਗਈ, 'ਸਾਰੇ ਚੌਣੇ ਨੂੰ ਪੱਠੇ ਪਾਵੇਂ ਤੂੰ। ਕੋਤਲ ਘੋੜੀ 'ਤੇ ਇਕ-ਅੱਧਾ ਝੂਟਾ ਤੇਰਾ ਵੀ ਬਣਦਾ ਹੋਇਆ ਕਿ ਨਹੀਂ? ਹੈਂ?'

ਉਹ ਦੱਬਵੇਂ ਪੈਰੀਂ ਅੱਗੇ ਵਧਿਆ ਤੇ ਅੱਧ-ਪਚੱਧੀ ਖੁੱਲ੍ਹੀ ਖਿੜਕੀ ਵਿਚੋਂ ਟੇਢੀ ਅੱਖ ਨਾਲ ਅੰਦਰ ਝਾਕਿਆ। ਮਘ ਰਹੀ ਲਾਲਟੈਣ ਦੀ ਮੱਧਮ ਜਿਹੀ ਰੌਸ਼ਨੀ ਵਿਚ ਉਸ ਨੂੰ ਨਿੱਕੀ ਭਰਜਾਈ ਦਾ ਕਾਸ਼ਨੀ ਪਿੰਡਾ ਦਿਸ ਗਿਆ। ਉਹ ਬਾਰੀ ਵੱਲ ਪਿੱਠ ਕਰੀ ਆਪਣੇ ਪਲੰਘ 'ਤੇ ਬੈਠੀ ਖਿਲਰੇ ਵਾਲਾ ਦਾ ਜੂੜਾ ਵਲੇਟ ਰਹੀ ਸੀ। ਕੈਲੇ ਦਾ ਸਾਰਾ ਵਜੂਦ ਸੁੱਕੇ ਪੱਤੇ ਵਾਂਗ ਕੰਬ ਉਠਿਆ। ਲੱਗਿਆ ਜਿਵੇਂ ਉਸ ਦਾ ਸਾਰਾ ਖੂਨ ਸਰੀਰ ਦੀਆਂ ਨਸਾਂ ਨੂੰ ਪਾੜ ਕੇ ਬਾਹਰ ਵਗ ਜਾਵੇਗਾ। ਲੰਬੇ ਵਾਲ ਵਲੇਟ ਕੇ ਜਦ ਉਸੇ ਹਾਲਤ ਵਿਚ ਬੈਠੀ ਚਰਨਜੀਤ ਨੇ ਮੂੰਹ ਭੰਵਾਇਆ ਤਾਂ ਮੋਰੀ ਵਿਚ ਖਲੋਤੇ ਛੜੇ ਕੈਲੇ ਨੂੰ ਦੰਦਲ ਪੈਣ ਵਾਲੀ ਹੋ ਗਈ।

"ਮਰ'ਗੇ ਉਏ ਭੈਣ ਦੇਣੇ ਦਿਆ ਰੱਬਾ। ਇਹਨੂੰ ਘੜਨ ਵਾਲਾ ਆਟਾ ਤਾਂ ਚਾਨਣੀ ਰਾਤ ਵਿਚ ਮੋਤੀ ਪਾ ਕੇ ਗੁੰਨ੍ਹਿਆਂ ਹੋਣੈਂ। ਕਿੰਨਾ ਮੂਰਖ ਨਿਕਲਿਆ ਮੈਂ, ਜਿਹਨੇ ਆਪਣੀ ਥਾਂਵੇਂ ਨਿੱਕੇ ਦਾ ਵਿਆਹ ਇਹਦੇ ਨਾਲ ਕਰੌਣ ਦਿੱਤਾ, ਪਰ ਇਹ ਤਾਂ ਕਿਸਮਤਾਂ ਦੇ ਸੌਦੇ ਆ ਮਿੱਤਰਾ। ਚਿੱਟੇ ਚੌਲ ਜਿਨ੍ਹਾਂ ਨੇ ਪੁੰਨ ਕੀਤੇ, ਰੱਬ ਨੇ ਬਣਾਈਆਂ ਜੋੜੀਆਂ। ਤੇਰੇ ਨਾਲ ਦੀ ਮਿੱਟੀ ਰੱਬ ਘੜਨੀ ਹੀ ਭੁੱਲ ਗਿਆ ਲਗਦੈ।" ਉਸ ਨੇ ਮਨ ਹੀ ਮਨ ਸੋਚਿਆ। ਕਿਸੇ ਔਰਤ ਨੂੰ ਨਗਨ ਹਾਲਤ ਵਿਚ ਕੈਲਾ ਦੂਸਰੇ ਮੌਕੇ ਦੇਖ ਰਿਹਾ ਸੀ। ਉਸ ਨੂੰ ਯਾਦ ਆਇਆ ਕਿ ਇਕ ਵਾਰ ਪਹਿਲਾਂ ਵੀ ਗਰਮੀਆਂ ਦੀ ਰੁੱਤੇ ਮੱਕੀ ਵਿਚੋਂ

(ਬਾਕੀ ਅਗਲੇ ਸਫੇ 'ਤੇ)

ਕੱਖ ਕੱਢਦੀ ਦੇਬੋ ਮਜ਼੍ਹਬਣ ਨੂੰ ਉਸ ਨੇ ਮੱਕੀ ਦੀਆਂ ਛੱਲੀਆਂ ਅਤੇ ਵੀਹ ਰੁਪਿਆਂ ਦਾ ਲਾਲਚ ਦੇ ਕੇ ਮਨਾ ਲਿਆ ਸੀ। ਸਾਰੀ ਖੇਡ ਖਤਮ ਹੋਣ ਮਗਰੋਂ ਕਈ ਦਿਨ ਉਸ ਨੂੰ ਆਪਣੇ ਆਪ ਤੋਂ ਘਿਣ ਜਿਹੀ ਆਉਂਦੀ ਰਹੀ ਸੀ ਤੇ ਉਹ ਦਿਹਾੜੀ ਵਿਚ ਕਈ ਕਈ ਵਾਰ ਟਿਊਬਵੈਲ ਥੱਲੇ ਨਹਾ ਕੇ ਭਿੱਟ ਦੂਰ ਕਰਨ ਦਾ ਯਤਨ ਕਰਦਾ ਰਿਹਾ ਸੀ, ਪਰ ਅੱਜ ਚਹੁੰ ਨਿਆਣਿਆਂ ਨੂੰ ਦੁੱਧ ਚੁੰਘਾ ਕੇ ਢਿੱਲੀ ਪਈ ਦੇਬੋ ਨਹੀਂ, ਸਗੋਂ ਸੰਗਮਰਮਰ ਤਰਾਸ਼ ਕੇ ਘੜੀ ਚਰਨਜੀਤ ਉਸ ਦੇ ਸਾਹਮਣੇ ਸੀ। ਉਸ ਨੂੰ ਪਤਾ ਵੀ ਨਾ ਲੱਗਾ, ਕਦ ਉਸ ਦੇ ਹੱਥਾਂ ਵਿਚਲੀਆਂ ਮੱਕੀ ਦੀਆਂ ਰੋਟੀਆਂ ਤੇ ਸਾਗ ਚੂਰਮਾ ਬਣ ਕੇ ਧਰਤੀ 'ਤੇ ਜਾ ਡਿੱਗੇ।

"ਚੰਗਾ ਹੁਣ ਲਾਲਟੈਣ ਬੁਝਾ ਦੇ। ਸਵੇਰੇ ਵੱਡੇ ਤੜਕਿਉਂ ਹਲ ਵੀ ਜੋੜਨੈ।" ਜੈਲੇ ਦੀ ਆਵਾਜ਼ ਨੇ ਉਸ ਨੂੰ ਝੰਜੋੜਿਆ। ਉਹ ਰਜਾਈ ਵਿਚ ਪਿਆ ਹੀ ਘਰਵਾਲੀ ਨੂੰ ਸੰਬੋਧਨ ਹੋਇਆ ਸੀ। "ਚੰਗਾ।" ਆਖਦੀ ਚਰਨਜੀਤ ਨੇ ਬੂਟੀਆਂ ਵਾਲੀ ਕੁੜਤੀ ਪਾਉਂਦਿਆਂ ਟੇਡੀ ਹੋ ਕੇ ਲਾਲਟੈਣ ਦੀ ਲੋਅ ਉਤੇ ਫੂਕ ਮਾਰੀ ਤਾਂ ਬੈਠਕ ਵਿਚ ਘੁੱਪ ਹਨ੍ਹੇਰਾ ਵਰਤ ਗਿਆ। ਮੋਰੀ ਕੋਲ ਖੜ੍ਹਾ ਕੈਲਾ ਜਿਵੇਂ ਕਿਸੇ ਘੋਰ ਸਮਾਧੀ ਵਿਚੋਂ ਜਾਗਿਆ।

"ਜਾਹ ਦੀਵਿਆ ਘਰ ਆਪਣੇ, ਤੇਰੀ ਖੜ੍ਹੀ ਉਡੀਕੇ ਮਾਂ। ਕੰਧੀਂ ਚਾਨਣ ਹੋ ਗਿਆ ਤੇਰਾ ਜੱਗ 'ਤੇ ਰਹਿਜੇ ਨਾਂ।", ਕੈਲਾ ਟੁੱਟਿਆ ਨਸ਼ਾ ਤੇ ਲੜਖੜਾਉਂਦਾ ਸਰੀਰ ਲੈ ਕੇ ਆਪਣੀ ਕੱਚੀ ਸਬਾਤ ਦੀ ਅਲਾਣੀ ਮੰਜੀ 'ਤੇ ਜਾ ਡਿੱਗਾ। ਉਸ ਨੂੰ ਖੁਦ ਵੀ ਪਤਾ ਨਾ ਲੱਗਿਆ ਕਿ ਉਸ ਦਾ ਅੰਦਰਲਾ ਕਦ ਮੋਮ ਬਣ ਕੇ ਵਹਿ ਗਿਆ ਸੀ। ਸਵੇਰੇ ਉਠਿਆ ਕੈਲਾ ਪਹਿਲਾਂ ਵਾਲਾ ਕੈਲਾ ਨਹੀਂ ਰਿਹਾ ਸੀ। ਉਸ ਦਾ ਰੰਗ-ਢੰਗ, ਚਾਲ, ਅੱਖ, ਸਭ ਕੁਝ ਬਦਲ ਚੁੱਕਾ ਸੀ।

"ਬਾਈ ਮੈਂ ਚੱਲਦਾਂ ਹਲ ਜੋੜਨ, ਤੂੰ ਆ ਜਈਂ ਰੋਟੀ ਲੁਹਾ ਕੇ। ਨਿੱਕੀ ਰੇਹੜੀ ਨੂੰ ਵਹਿੜਕਾ ਜੋੜ ਕੇ ਪੱਠੇ ਵੱਢ ਲਿਆਵੀਂ।" ਬਲਦਾਂ ਗਲ ਪੰਜਾਲੀ ਪਾ ਕੇ ਤੁਰਨ ਲੱਗਿਆਂ ਜੈਲੇ ਨੇ ਉਸ ਨੂੰ ਸੁਣਾ ਕੇ ਕਿਹਾ।

"ਮੈਥੋਂ ਨ੍ਹੀਂ ਆ ਹੋਣਾ, ਮੈਨੂੰ ਤਾਪ ਜਿਹਾ ਚੜ੍ਹਿਆ ਲੱਗਦੈ। ਤੂੰ ਆਪ ਹੀ ਲੈ ਆਮੀਂ ਪੱਠੇ।" ਕੈਲੇ ਨੇ ਰਜਾਈ ਵਿਚੋਂ ਹੀ ਠੋਕਵਾਂ ਜਵਾਬ ਕੱਢ ਮਾਰਿਆ।

"ਚੰਗਾ ਫੇਰ ਕੇਵਲ ਡਾਕਟਰ ਬੁੱਟਰ ਆਲੇ ਕੋਲੋਂ ਜਾ ਕੇ ਟੀਕਾ-ਟੱਲਾ ਲਵਾ ਲਿਆਮੀਂ। ਹੋਰ ਕਿਤੇ ਬਿਮਾਰੀ ਵਧ ਨਾ ਜਾਵੇ। ਉਤੋਂ ਹਲੇ ਅੱਧੀ ਕਣਕ ਬੀਜਣ ਆਲੀ ਪਈ ਐ।" ਜੈਲਾ ਉਸ ਨੂੰ ਪੱਕਿਆਂ ਕਰ ਕੇ ਖੇਤ ਵੱਲ ਤੁਰ ਗਿਆ। ਕੈਲਾ ਸਾਰੀ ਦਿਹਾੜੀ ਮੰਜੇ 'ਤੇ ਪਿਆ ਪਾਸੇ ਮਾਰਦਾ ਰਿਹਾ। ਉਸ ਦੀਆਂ ਜਾਗਦੀਆਂ ਖੁੱਲ੍ਹੀਆਂ ਅੱਖਾਂ ਮੂਹਰੇ ਰਾਤ ਵਾਲਾ ਸੀਨ ਘੁੰਮਦਾ ਰਿਹਾ। ਢਲੀ ਦੁਪਹਿਰੇ ਉਹ ਅੰਦਰੋਂ ਬਾਹਰ ਆਇਆ।

"ਬੇਬੇ ਚਾਹ ਦੀ ਘੁੱਟ ਫੜਾਈਂ। ਪੀ ਕੇ ਡਾਕਟਰ ਕੋਲੋਂ ਦਵਾ ਲੈ ਆਵਾਂ।" ਉਹ ਕੰਧੋਲੀ ਦੇ ਮੁੱਢ ਪੀੜ੍ਹੀ ਲੈ ਕੇ ਬਹਿ ਗਿਆ। ਚਰਨਜੀਤ ਨੇ ਖੱਦਰ ਦੇ ਗਲਾਸ ਵਿਚ ਗੁੜ ਦੀ ਮਹਿਕ ਛੱਡਦੀ ਚਾਹ ਪਾ ਕੇ ਬੁੜ੍ਹੀ ਨੂੰ ਫੜਾ ਦਿੱਤੀ।

"ਜੇ ਆਪ ਫੜਾ ਜਾਮੇਂ ਫੇਰ ਕਿਹੜਾ ਕੁਸ ਘਟਦੈ।" ਕੈਲੇ ਨੇ ਤੱਤੀ ਤੱਤੀ ਚਾਹ ਨੂੰ ਸੁੜਾਕਾ ਮਾਰਿਆ ਤੇ ਮਨ ਹੀ ਮਨ ਸੋਚਿਆ। ਉਸ ਨੇ ਡੂੰਘੀ ਨਿਗ੍ਹਾ ਭਰ ਕੇ ਸਾਗ ਘੋਟਦੀ ਚਰਨਜੀਤ ਨੂੰ ਨਿਹਾਰਿਆ। ਚੁੱਲ੍ਹੇ ਦਾ ਸੇਕ ਵੱਜਣ ਕਰ ਕੇ ਨੀਮ ਗੁਲਾਬੀ ਗੱਲ੍ਹਾਂ ਵਿਚੋਂ ਲਹੂ ਸਿੰਮਣ ਨੂੰ ਆਇਆ ਪਿਆ ਸੀ। ਕੈਲੇ ਨੇ ਚਾਹ ਦਾ ਘੁੱਟ ਭਰਦਿਆਂ ਹਉਕਾ ਭਰਿਆ। ਤੱਤੀ ਚਾਹ ਨੇ ਸ਼ਾਇਦ ਉਸ ਦੇ ਬੁੱਲ੍ਹ ਸਾੜ ਦਿੱਤੇ ਸਨ। ਬੇਬੇ ਤੋਂ ਅੱਖ ਬਚਾ ਕੇ ਉਸ ਨੇ ਚਾਹ ਵਾਲਾ ਖਾਲੀ ਗਲਾਸ ਕੰਧੋਲੀ 'ਤੇ ਰੱਖਦਿਆਂ ਖੁਸ਼ਕ ਜਿਹਾ ਖੰਗੂਰਾ ਮਾਰਿਆ। ਖੰਗੂਰਾ ਸੁਣ ਕੇ ਚਰਨਜੀਤ ਨੇ ਸਹਿਜ-ਸੁਭਾਅ ਉਪਰ ਨੂੰ ਮੂੰਹ ਚੁੱਕਿਆ ਤਾਂ ਉਸ ਨੇ ਖੱਬੀ ਅੱਖ ਮੀਚ ਦਿੱਤੀ।

"ਹਾਅ ਤੇਰਾ ਕੱਖ ਨਾ ਰੁਵੇ ਕੁਤੀੜੇ, ਤੇਰੇ ਸੀਰਮੇ ਪੀਜੂੰ ਤੇਰੇ।" ਚਰਨਜੀਤ ਨੇ ਚੁੱਲ੍ਹੇ ਵਿਚੋਂ ਚੁੱਕ ਕੇ ਵਗਾ'ਤਾ ਭੂਕਣਾ ਕੰਧੋਲੀ ਦੇ ਬਾਹਰ ਜੂਠੇ ਭਾਂਡਿਆਂ ਨੂੰ ਮੂੰਹ ਮਾਰਦੇ ਕੁੱਤੇ ਦੇ ਜੜਦਿਆਂ ਗਾਲ੍ਹਾਂ ਦੀ ਸ਼ੂਟ ਵੱਟ ਦਿਤੀ। ਗਾਲ੍ਹਾਂ ਕੱਢੀਆਂ ਉਹਨੇ ਕੁੱਤੇ ਨੂੰ, ਪਰ ਸੁਣਾਈਆਂ ਕੈਲੇ ਨੂੰ ਸਨ। ਕੈਲਾ ਖੇਸ ਦੀ ਬੁੱਕਲ ਮਾਰ ਕੇ ਸਾਈਕਲ ਉਤੇ ਡਾਕਟਰ ਦੀ ਦੁਕਾਨ ਵੱਲ ਤੁਰ ਪਿਆ। ਦੁਕਾਨ ਦੇ ਬਾਹਰ ਬਣੇ ਚੌਂਕੜੇ ਉਤੇ ਤਾਸ਼-ਕੁੱਟਾਂ ਦਾ ਭਰਵਾਂ ਟੋਲਾ ਹਮੇਸ਼ਾ ਰਹਿੰਦਾ। ਉਹ ਡਾਕਟਰ ਤੋਂ ਦਵਾਈ ਲੈ ਕੇ ਤਾਸ਼-ਕੁੱਟਾਂ ਦੀ ਟੋਲੀ ਕੋਲ ਬਹਿ ਗਿਆ।

"ਆ ਜਾ ਬਾਈ ਕੈਲਿਆ, ਤੂੰ ਵੀ ਕੁੱਟ ਲੈ ਚਾਰ ਪੱਤੇ।" ਤਾਸ਼ ਵਾਲੀ ਟੋਲੀ ਦੇ ਲੰਬੜਦਾਰ ਸੁਲੱਖਣ ਨੇ ਸੁਲ੍ਹਾ ਮਾਰੀ।

"ਜਿਉਂਦਾ ਰਹਿ ਬਈ ਭਰਾਵਾ, ਚਿੱਤ ਕੁਸ਼ 'ਤਾਬ ਨ੍ਹੀਂ। ਮੈਂ ਅੱਜ ਦੇਖ ਈ ਲਾਊਂਗਾ।" ਉਹਨੇ ਸਿਰ ਮਾਰਿਆ।

"ਇਹ ਕਾਹਨੂੰ ਖੇਡਦੈ ਗੱਤੇ ਦੀਆਂ ਬੇਗੀਆਂ ਨਾਲ। ਹੁਣ ਤਾਂ ਰੱਬ ਦੀ ਕਿਰਪਾ ਨਾਲ ਝਾਂਜਰਾਂ ਆਲੀ ਬੇਗਮ ਘਰੇ ਉਡਜੂੰ ਉਡਜੂੰ ਕਰਦੀ ਫਿਰਦੀ ਆ।" ਸਰਵਣ ਮੱਟੀ ਦੇ ਦੀਪੇ ਨੇ ਹੁੱਝ ਮਾਰੀ।

"ਉਹ ਭਰਾਵਾ, ਆਪਣੀ ਕਾਹਦੀ ਬੇਗਮ ਹੋਈ ਭਲਾ। ਬੇਗਮ ਆਪਣੇ ਬਾਦਸ਼ੇ ਦੀ। ਆਪਾਂ ਤਾਂ ਭਰਾਵਾ ਦੋ ਮੰਨੀਆਂ ਦੇ ਭਾਈਵਾਲ ਆਂ।" ਕੈਲੇ ਨੇ ਖਾਲੀ ਹੱਥ ਹਵਾ ਵਿਚ ਝਾੜੇ।

"ਤੇ ਬਾਈ ਸਿਆਂ, ਫੇਰ ਫੈਦਾ ਕੀ ਹੋਇਆ? ਐਮੇ ਮੁਖਤ ਵਿਚ ਈ ਚਿੱਤੜ-ਘਸਾਈ ਕਰੀ ਜਾਨੈਂ! ਨਾਲੇ ਮੰਨੀਆਂ ਤਾਂ ਬੇਬੇ ਵੀ ਲਾਹ ਦਿੰਦੀ ਸੀ।" ਟੋਲੇ ਦੇ ਮੋਹਰੀ ਸੁਲੱਖਣ ਦੀ ਮਸ਼ਕਰੀ ਨਾਲ ਸਾਰੇ ਮੁੰਡੇ ਖਿੜ-ਖਿੜਾ ਕੇ ਹੱਸ ਪਏ। "ਨਾਲੇ ਬੁੜ੍ਹੀ ਨੇ ਨ੍ਹੀਂ ਸਮਝਾਇਆ ਉਹਨੂੰ। ਆਹ ਲੰਬੜਦਾਰਾਂ ਦੇ ਦੇਖ ਲੈ...ਧੰਨ ਹੀ ਆ ਬਈ ਗੁਰਮੇਲ ਕੁਰ...ਕਿਹਰੇ ਹੋਰੀਂ ਪੰਜ ਭਰਾ ਸੀ, ਪੂਰਾ ਤਪਾਕ ਬਣਾ ਕੇ ਰੱਖਿਆ...ਮਜਾਲ ਐ...ਬਈ ਢੇਰੀ ਵਿਚੋਂ ਇਕ ਵੀ ਸਿਆੜ ਬਾਹਰ ਜਾਣ ਦਿੱਤਾ ਹੋਵੇ। ਹੁਣ ਦੋਹਾਂ ਮੁੰਡਿਆਂ ਨੂੰ ਪੂਰੀ ਪੱਤੀ ਵਿਚੋਂ ਸਭ ਤੋਂ ਵੱਧ ਜ਼ਮੀਨ ਆਉਂਦੀ ਆ।" ਸੁਲੱਖਣ ਨੇ ਕੰਨ ਖੁਰਕਿਆ। ਉਹ ਕੈਲੇ ਦਾ ਪ੍ਰਤੀਕਰਮ ਜਾਣਨ ਲਈ ਉਤਾਵਲਾ ਸੀ।

"ਬਾਈ ਸਿਆਂ, ਜਿਹੜੀਆਂ ਸਿਆਣੀਆਂ ਹੁੰਦੀਆਂ, ਘਰ ਬੰਨ੍ਹ ਕੇ ਰੱਖਦੀਆਂ ਤੇ ਕਮਲੀਆਂ ਨੂੰ ਘਰੋਂ ਖਾ ਕੇ ਮੱਤ ਕੌਣ ਦੇਵੇ ਭਲਾ?" ਸਰਵਣ ਮੱਦੀ ਦੇ ਦੀਪੇ ਨੇ ਕਿਹਾ, ਪਰ ਕੈਲੇ ਨੇ ਕੋਈ ਹੁੰਗਾਰਾ ਨਾ ਭਰਿਆ।

"ਇਹ ਤਾਂ ਊਈਂ ਡੁੱਨ ਵੱਟਾ ਬਣਿਆ ਬੈਠੈ ਚਾਚਾ ਸਿਆਂ। ਮੈਨੂੰ ਤਾਂ ਲੱਗਦੈ, ਬਈ ਇਹਦੇ ਈ ਸਤ ਮੁੱਕੇ ਪਏ ਆ। ਜਨਾਨੀ ਦੀ ਕੀ ਮਜਾਲ ਆ?" ਪੱਤੇ ਕੁੱਟ ਰਹੇ ਇਕ ਹੋਰ ਚੋਬਰ ਨੇ ਠੋਰ ਮਾਰੀ। ਤਾਸ਼ ਕੁੱਟੀ ਜਾਂਦੀ ਰਹੀ ਤੇ ਕੈਲੇ ਨੂੰ ਨਿਹੋਰੇ ਵੱਜਦੇ ਰਹੇ। ਉਹ ਉਤੋਂ ਉਤੋਂ ਘੁੱਗੂ ਬਣਿਆ ਬੈਠਾ ਸਭ ਕੁਝ ਸੁਣੀ ਜਾ ਰਿਹਾ ਸੀ, ਪਰ ਅੰਤਰ-ਅਗਨ ਉਸ ਨੂੰ ਤੜਫਾ ਰਹੀ ਸੀ। ਉਹ ਦਿਨ ਛਿਪਦੇ ਤੱਕ ਤਾਸ਼ ਵਾਲੀ ਟੋਲੀ ਕੋਲ ਬੈਠਾ ਰਿਹਾ।

"ਕਿਥੋਂ ਆਇਐਂ ਬਾਈ? ਡਾਕਟਰ ਕੋਲੋਂ? ਸਿਹਤ ਕਿਵੇਂ ਆ ਤੇਰੀ? ਲੱਥਾ ਕੁਸ ਤਾਪ ਕਿ ਨਹੀਂ?" ਜੈਲੇ ਨੇ ਉਸ ਨੂੰ ਘਰ ਵੜਦੇ ਸਾਰ ਕਈ ਸਵਾਲ ਕਰ ਦਿੱਤੇ।

"ਹਾਂ, ਠੀਕ ਆਂ।" ਕਹਿੰਦਿਆਂ ਉਹ ਆਪਣੀ ਕੱਚੀ ਸਬਾਤ ਵੱਲ ਤੁਰ ਪਿਆ। "ਬੇਬੇ, ਮੇਰੀ ਰੋਟੀ ਅੰਦਰੇ ਭੇਜ ਦੇ।" ਉਸ ਨੇ ਤੁਰੇ ਜਾਂਦਿਆਂ ਹੋਕਰਾ ਮਾਰਿਆ। ਬੇਬੇ ਉਸ ਨੂੰ ਰੋਟੀ ਪਾ ਕੇ ਅੰਦਰੇ ਹੀ ਫੜਾ ਆਈ। ਰੋਟੀ ਖਾਣ ਤੋਂ ਪਹਿਲਾਂ ਉਸ ਨੇ ਮੋਟਾ ਪੈਗ ਮਾਰਿਆ ਤੇ ਰੋਟੀ ਖਾ ਕੇ ਸੌਂ ਗਿਆ। ਉਸ ਦੇ ਸੁਪਨਿਆਂ ਵਿਚ ਚਰਨਜੀਤ ਦਾ ਗੁਲਾਬੀ ਚਿਹਰਾ ਘੁੰਮਣਘੇਰੀਆਂ ਕੱਢਦਾ ਰਿਹਾ।

ਦੂਜੇ ਪਾਸੇ, ਚਰਨਜੀਤ ਤਿੱਖੜ ਦੁਪਹਿਰ ਵੇਲੇ ਦੀ ਮੱਚ ਕੇ ਕੋਲੇ ਹੋਈ ਪਈ ਸੀ। ਪਹਿਲਾਂ ਉਸ ਨੇ ਸੋਚਿਆ ਕਿ ਗੱਲ ਜਰਨੈਲ ਕੋਲ ਨਾ ਕਰੇ ਪਰ ਫਿਰ ਉਸ ਨੇ ਸੋਚਿਆ, 'ਮਨਾ! ਅੱਜ ਤਾਂ ਨਿੱਕੀ ਗੱਲ ਐ ਜੇ ਕਿਤੇ ਕੱਲ੍ਹ ਨੂੰ ਵੈਲੀ ਨੇ ਬਾਂਹ ਫੜ'ਲੀ, ਤਾਂ ਕੀ ਬਣੂੰ? ਮੁੜ ਕੇ ਮਾੜੀ ਵੀ ਤੈਂ ਹੀ ਵੱਜਣਾ...ਤੇ ਇਹਨੇ ਵੀ ਕਹਿਣਾ ਕਿ ਪਹਿਲਾਂ ਕਿਉਂ ਨਾ ਬਕੀ।' ਉਹ ਸਾਰੀ ਦਿਹਾੜੀ ਜੋੜ-ਤੋੜ ਲਾਉਂਦੀ ਰਹੀ ਪਰ ਅੰਦਰੋ-ਅੰਦਰੀ ਕੈਲੇ ਦੀ ਹਰਕਤ ਉਤੇ ਗੁੱਸਾ ਚੜ੍ਹਿਆ ਪਿਆ ਸੀ।

"ਕੀ ਗੱਲ ਆ? ਅੱਜ ਮੂੰਹ ਵੱਟਿਆ ਜਿਹਾ ਪਿਐ? ਮੈਂ ਆਥਣ ਦਾ ਤੇਰੇ ਮੂੰਹ ਵੱਲ ਵਿਹਨਾਂ। ਪਹਿਲਾਂ ਆਲੀ ਰੌਣਕ ਹੈਨੀ...ਤਬੀਅਤ ਠੀਕ ਆ ਤੇਰੀ?" ਜੈਲੇ ਨੇ ਪਲੰਗ 'ਤੇ ਲੇਟਦਿਆਂ ਚਰਨਜੀਤ ਨੂੰ ਪੁੱਛਿਆ।

"ਸ਼ੇਰ ਦੇ ਮੂੰਹ ਆਈ ਗਊ ਦੀ ਤਬੀਤ ਕਿਥੇ ਠੀਕ ਰਹਿੰਦੀ ਆ...ਜਦ ਥਾਂ ਥਾਂ 'ਤੇ ਭੁੱਖੀਆਂ ਗਿਰਝਾਂ ਫਿਰਦੀਆਂ ਹੋਣ, ਤਾਂ ਚਿੜੀ ਬਚਾਰੀ ਕੀ ਕਰੇ?" ਚਰਨਜੀਤ ਨੇ ਪਾਸਾ ਪਰਤਿਆ। ਉਸ ਦੇ ਚਿਹਰੇ ਦਾ ਰੰਗ ਫੱਕ ਹੋਇਆ ਪਿਆ ਸੀ।

"ਬੁਝਾਰਤਾਂ ਜਿਹੀਆਂ ਕਿਉਂ ਪਾਈ ਜਾਨੀ ਐਂ, ਸਿੱਧੀ ਹੋ ਕੇ ਗੱਲ ਕਿਉਂ ਨਹੀਂ ਦੱਸਦੀ? ਜੈਲਾ ਖਿਝ ਗਿਆ।

"ਗੱਲ ਆਪਣੇ ਭਰਾ ਤੋਂ ਪੁੱਛੀਂ। ਅੱਜ ਚੌਂਕੇ ਵਿਚ ਬੈਠੀ ਨੂੰ ਮੈਨੂੰ ਉਹਨੇ ..." ਚਰਨਜੀਤ ਕੋਲੋਂ ਗੱਲ ਪੂਰੀ ਨਾ ਹੋ ਸਕੀ। ਉਸ ਦੇ ਅੱਥਰੂ ਆਪ ਮੁਹਾਰੇ ਵਹਿ ਤੁਰੇ।

"ਰੋਈ ਕਾਹਤੋਂ ਜਾਨੀ ਐਂ, ਹੋਇਆ ਕੀ?" ਜੈਲਾ ਅਵਾਕ ਰਹਿ ਗਿਆ ਸੀ।

"ਭਾਈ ਜੀ ਨੇ ਮੈਨੂੰ ਅੱਖ ਮਾਰੀ ਐ ਅੱਜ, ਮੈਂ ਤਾਂ ਪਿਉਆਂ ਵਰਗਾ ਸਤਿਕਾਰ ਕਰਦੀ ਆਂ ਉਹਦਾ...ਰੱਬ ਗਵਾਹ ਐ, ਜੇ ਕਦੇ ਅਲਫੋਂ-ਬੇ ਕਹੀ ਹੋਵੇ।" ਚਰਨਜੀਤ ਨਾ ਚਾਹੁੰਦੇ ਹੋਏ ਵੀ ਹੁਬਕੀਂ ਰੋ ਪਈ।

"ਕੋਈ ਨਾ, ਤੂੰ ਜੇਰਾ ਰੱਖ। ਮੈਂ ਉਹਨੂੰ ਸਮਝਾ ਦੂੰਗਾ ਆਪੇ। ਨਾਲੇ ਬੇਬੇ ਦਾ ਵਿਸਾਹ ਨਾ ਖਾਇਆ ਕਰ। ਆਸੇ ਪਾਸੇ ਘੱਟ ਜਾਣ ਦਿਆ ਕਰ ਉਹਨੂੰ।" ਜੈਲਾ ਚਿੰਤਾ ਵਾਲੀ ਆਵਾਜ਼ ਵਿਚ ਬੋਲਿਆ।

ਬਾਈ 'ਤੇ ਮੈਂ ਰੱਬ ਜਿੰਨਾ ਵਿਸ਼ਵਾਸ ਕਰਦਾਂ...ਬਾਈ ਕਿਮੇਂ ਕਰਦੂ ਅਜਿਹੀ ਗੱਲ? ਤੇ ਚਰਨੋਂ ਨੇ ਝੂਠ ਕਿਉਂ ਬੋਲਣਾ ਹੋਇਆ? ਜ਼ਰੂਰ ਕਿਸੇ ਮੇਰੇ ਸਾਲੇ ਦੀ ਕੁੜੀ ਨਿਕਲੀ ਆ। ਭੈਣ ਦੇਣੇ ਲੋਕ ਘਰ ਵੱਸਦਾ ਦੇਖ ਕੇ ਕਾਹਨੂੰ ਜਰਦੇ ਆ। ਤਰ੍ਹਾਂ ਤਰ੍ਹਾਂ ਦੇ ਵਿਚਾਰ ਉਸ ਦੇ ਅੰਦਰ ਉਸਲਵੱਟੇ ਲੈਂਦੇ ਰਹੇ।

ਦੂਜੇ ਦਿਨ ਉਸ ਨੇ ਕੈਲੇ ਨਾਲ ਤਲਖ ਭਰੀ ਆਵਾਜ਼ ਵਿਚ ਗੱਲ ਕਰਨੀ ਚਾਹੀ, ਤਾਂ ਉਹ ਚਾਰੇ ਖੁਰ ਚੁੱਕ ਕੇ ਸਿਰ ਨੂੰ ਪੈ ਗਿਆ, "ਅੱਧ ਦਾ ਮਾਲਕ ਆਂ ਮੈਂ, ਆਏਂ ਨ੍ਹੀਂ ਆਪਣਾ ਹਿੱਸਾ ਥੋਨੂੰ ਛੱਡਣ ਲੱਗਾ। ਤੂੰ ਤੇ ਤੇਰੀ ਰੰਨ ਤਾਂ ਮੈਨੂੰ, ਜੇ ਹੋਰ ਕੋਈ ਬਹਾਨਾ ਨ੍ਹੀਂ ਮਿਲਿਆ, ਤਾਂ ਸਾਲੇ ਅਲਜਾਮਾਂ 'ਤੇ ਉਤਰ ਆਏ 'ਗਾਂਹਾਂ ਹੈਗੀ ਆ ਨਾ ਉਹੋ ਪਦਮਣੀ, ਸਾਲੀ ਬਾਂਗਰੋ ਕਿਸੇ ਥਾਂ ਦੀ।"

"ਬਾਈ ਮੈਂ ਤਾਂ ਸਹਿਜ-ਸੁਭਾਅ ਗੱਲ ਕੀਤੀ ਸੀ। ਤੂੰ ਛੱਤਣੀਂ ਚੜ੍ਹੀ ਜਾਨੈਂ।" ਜੈਲਾ ਨਰਮ ਆਵਾਜ਼ ਵਿਚ ਗੱਲ ਕਰ ਰਿਹਾ ਸੀ। ਉਹ ਨਹੀਂ ਸੀ ਚਾਹੁੰਦਾ ਕਿ ਲੋਕ ਤਮਾਸ਼ਾ ਦੇਖਣ।

"ਥੋਡੀ ਹਿੱਕ 'ਤੇ ਬਰੋਟਾ ਲਾਊਂ, ਥੋਡੀ ਹਿੱਕ 'ਤੇ ਮੇਰਿਓ ਸਾਲਿਓ। ਜਿਹੜਾ ਬੰਦਾ ਰੰਨ ਦੇ ਥੱਲੇ ਲੱਗਿਆ ਪਿਆ ਹੋਵੇ, ਬੰਦੈ ਉਹ। ਗੁੰਡੀਏ ਰੰਨੇ, ਤੂੰ ਭਰਾਮਾਂ ਵਿਚ ਪਾਟਕ ਪਾਉਨੀ ਐਂ। ਮੈਂ ਚੱਲਿਆਂ ਵੱਡੀ ਗਾਲਬ ਆਲੇ ਛੋਟੇ ਕੋਲੇ। ਪੰਜ ਸੌ ਜਨਾਨੀ ਮਿਲ ਜਾਂਦੀ ਐ...ਨਾਲੇ ਮੇਰੇ ਹਿੱਸੇ ਆਉਂਦੀ ਵਿਚ ਹਲ ਨਾ ਵਾੜੀਂ ਆਪਣਾ ਅੱਜ ਤੋਂ ਮੁੜ ਕੇ।" ਕੈਲਾ ਖਫੇ-ਖੂਨ ਹੋਇਆ ਸਾਈਕਲ ਚੁੱਕ ਕੇ ਵੱਡੀ ਗਾਲਬ ਰਵਾਨਾ ਹੋ ਗਿਆ। ਵੱਡੀ ਗਾਲਬ ਦਾ ਛੋਟਾ ਬਦਮਾਸ਼ ਬਾਹਰਲੇ ਸੂਬਿਆਂ ਤੋਂ ਮੁੱਲ ਜਨਾਨੀਆਂ ਲਿਆ ਕੇ ਵੇਚਦਾ ਸੀ। ਕੈਲੇ ਦੇ ਜਾਣ ਬਾਅਦ ਜੈਲਾ ਮੱਥਾ ਫੜ ਕੇ ਮੰਜੇ 'ਤੇ ਬਹਿ ਗਿਆ। ਘਰ ਦੀ ਬਣੀ ਬਣਾਈ ਇੱਜ਼ਤ ਮਿੱਟੀ ਹੋ ਰਹੀ ਸੀ। ਚਿਰਾਂ ਤੋਂ ਮੀਟੀ ਮੁੱਠ ਪਟੱਕ ਖੁੱਲ੍ਹ ਚੁੱਕੀ ਸੀ। ਲੋਕਾਂ ਨੇ ਕੰਧਾਂ-ਕੌਲਿਆਂ ਨਾਲ ਲੱਗ ਕੇ ਸਾਰੀ ਲੜਾਈ ਤੇ ਗਾਲ੍ਹ-ਦੁੱਪੜ ਸੁਣ ਲਈ ਸੀ।

"ਬੇਬੇ ਤੂੰ ਹੀ ਸਮਝਾ ਕੁਝ ਉਹਨੂੰ। ਕਿਉਂ ਆਪਣੀ ਮਿੱਟੀ ਪੱਟਦਾ ਫਿਰਦੈ, ਤੇ ਨਾਲੇ ਸਾਡੀ ਇੱਜ਼ਤ ਵੀ ਖੇਹ 'ਚ ਰੋਲਦੈ।" ਜੈਲੇ ਨੇ ਬੇਬੇ ਨੂੰ ਜ਼ਿੰਮੇਵਾਰੀ ਚੁੱਕਣ ਨੂੰ ਕਿਹਾ।

"ਉਹਨੂੰ ਕੀ ਸਮਝਾਮਾਂ ਪੁੱਤਾ। ਆਪਣੀ ਤੀਮੀਂ ਨੂੰ ਵੀ ਕੁਸ਼ ਅਕਲ ਦੇਹ। ਆਏਂ ਸਾਰੀਆਂ ਗੱਲਾਂ ਮਰਦਾਂ ਦੇ ਕੰਨਾਂ ਥਾਣੀਂ ਕੱਢਣ ਲੱਗ ਜਾਈਏ, ਤਾਂ ਕਜੀਆ-ਕਲੇਸ਼ ਤਾਂ ਹੋਣਾ ਈ ਹੋਇਆ। ਲੋਕਾਂ ਦੀਆਂ ਨੂੰਹਾਂ-ਧੀਆਂ ਵੀ ਹੈਗੀਆਂ। ਇਹ ਪਤਾ ਨ੍ਹੀਂ ਕੀ ਜੱਗੋਂ ਲਹਿੰਦੀ ਆ। ਜਿਹੜੀਆਂ ਅਸਲੇ ਦੀਆਂ ਹੁੰਦੀਆਂ, ਉਹ ਘਰ ਬੰਨ੍ਹ ਕੇ ਰੱਖਦੀਆਂ। ਆਏਂ ਭਾਈਆਂ ਵਿਚ ਪਾਟਕ ਨ੍ਹੀਂ ਪਾਉਂਦੀਆਂ ਫਿਰਦੀਆਂ।" ਬੁੜ੍ਹੀ ਹੱਥ ਖੜ੍ਹੇ ਕਰਨ ਦੇ ਨਾਲ ਨਾਲ ਕੈਲੇ ਦੇ ਹੱਕ ਵਿਚ ਵੋਟ ਵੀ ਭੁਗਤਾ ਗਈ। ਚਰਨਜੀਤ ਜਿਹੜੀ ਹੁਣ ਤੱਕ ਚੁੱਪ ਬੈਠੀ ਚੌਂਕੇ ਵਿਚ ਭਾਂਡੇ ਮਾਂਜ ਰਹੀ ਸੀ, ਤੱਤੇ ਦੁੱਧ ਵਾਂਗ ਉਬਾਲਾ ਖਾ ਗਈ।

"ਬੇਬੇ ਜੀ, ਜਿਹੜੀਆਂ ਐਹੋ ਜਿਹੇ ਖੇਖਣਾਂ ਨਾਲ ਘਰ ਬੰਨ੍ਹ ਕੇ ਰੱਖਦੀਆਂ, ਉਹ ਅਸਲੇ ਦੀਆਂ ਨ੍ਹੀਂ, ਮੁਸ਼ਟੰਡੀਆਂ ਹੁੰਦੀਆਂ। ਤੇ ਮੈਥੋਂ ਮੁਸ਼ਟੰਡਪੁਣਾ ਨ੍ਹੀਂ ਕਰ ਹੋਣਾ। ਕੱਪੜਾ-ਲੀੜਾ ਧੋਤਾ-ਧੁਆਇਆ ਮਿਲੂ। ਰੋਟੀ-ਪਾਣੀ ਬਰਾਬਰ ਦਾ ਦਮਾਂਗੇ ਤੇ ਜੇ ਐਦੂੰ ਅਗਾਂਹ ਵਧਿਆ ਤਾਂ ਮੇਰੀ ਜਾਣਦੀ ਆ ਜੁੱਤੀ। ਨਾਲੇ ਉਹ ਜ਼ਮਾਨੇ ਲੱਦ'ਗੇ ਮਾਂ ਜੀ, ਜਦ ਇਕ ਵਿਆਹਿਆ ਹੁੰਦਾ ਸੀ ਸਾਰੇ ਟੱਬਰ ਵਿਚੋਂ, ਤੇ ਜਨਾਨੀ ਨੂੰ ਸਾਲਾਂਬੱਧੀ ਇਹ ਪਤਾ ਨ੍ਹੀਂ ਸੀ ਲੱਗਦਾ, ਬਈ ਅਸਲੀ ਖਸਮ ਹੈ ਕਿਹੜਾ? ਮੈਥੋਂ ਨ੍ਹੀਂ ਡੁਬਿੱਤਾ ਖੂਹ ਗੇੜ ਹੋਣਾ।" ਚਰਨਜੀਤ ਨੇ ਤੱਤੀਆਂ ਤੱਤੀਆਂ ਸੁਣਾ ਕੇ ਬੁੜ੍ਹੀ ਨੂੰ ਬਰਫ਼ ਵਿਚ ਲਾ ਦਿੱਤਾ।

"ਨੀ ਜਾਹ ਜਾਹ, ਬਹੁਤੀਏ ਪੜ੍ਹਾਕਣੇ। ਤੇਰੇ ਅਰਗੀਆਂ ਈ ਸਿਰ ਪੜ੍ਹਵਾਉਂਦੀਆਂ ਭਰਾਮਾਂ ਦੇ। ਆ ਕੇ ਮੈਨੂੰ ਅਕਲਾਂ ਦਿੰਦੀ ਆ। ਕੱਲ੍ਹ ਦੀ ਭੁਤਨੀ, ਸਿਵਿਆਂ ਵਿਚ ਅੱਧ।" ਬੁੜ੍ਹੀ ਆਪਣੀ ਸੋਟੀ ਚੁੱਕ ਕੇ ਬੁੜ ਬੁੜ ਕਰਦੀ ਘਰੋਂ ਬਾਹਰ ਟੁਰ ਗਈ। ਦੂਜੇ ਪਾਸੇ ਕੈਲਾ ਵਾਹੋ-ਦਾਹੀ ਸਾਈਕਲ ਭਜਾ ਕੇ ਛੋਟੇ ਬਦਮਾਸ਼ ਦੇ ਘਰ ਵੱਡੀ ਗਾਲਬ ਪਹੁੰਚ ਗਿਆ।

"ਆ ਬਾਈ ਕੈਲਾ ਸਿੰਹਾਂ, ਕਿਮੇਂ ਆਉਣੇ ਹੋਏ? ਅੱਜ ਤਾਂ ਬਈ ਕੀੜੀ ਦੇ ਘਰੇ ਭਗਮਾਨ ਆ ਗਿਆ।" ਛੋਟੇ ਨੇ ਰਸਮੀ ਦੁਆ-ਸਲਾਮ ਬਾਅਦ ਘਰ ਦੀ ਕੱਢੀ ਦਾ ਢੱਕਣ ਕੈਲੇ ਮੂਹਰੇ ਪੁੱਟ ਲਿਆ।

"ਉਏ ਨਿਆਣਿਓਂ! ਕੇਰਾਂ ਪਲੇਟ ਵਿਚ ਪਾ ਕੇ ਲਿਆਓ ਚਾਰ ਕੁ ਸੈਂਖੀਆਂ, ਤਾਇਆ ਆਇਐ ਥੋਡਾ।" ਛੋਟੇ ਨੇ ਪੈਗ ਪਾਉਣ ਤੋਂ ਬਾਅਦ ਵਿਹੜੇ ਵੱਲ ਮੂੰਹ ਕਰ ਕੇ ਹੋਕਰਾ ਮਾਰਿਆ। ਉਹਦਾ ਨਿੱਕਾ ਮੁੰਡਾ ਤਰੀ ਵਾਲੇ ਤਿੱਤਰ ਦੀ ਪਲੇਟ ਲੱਕੜ ਦੇ ਵੱਡੇ ਸਾਰੇ ਮੇਜ਼ ਉਤੇ ਧਰ ਗਿਆ।

"ਬਾਈ ਆਹ ਖੇਚਲ ਤਾਂ ਕਾਹਨੂੰ ਕਰਨੀ ਸੀ।" ਕੈਲੇ ਨੇ ਉਤੋਂ ਉਤੋਂ ਰਸਮੀ ਨਾਂਹ ਕਰਦਿਆਂ ਕਿਹਾ।

"ਹੈਂ! ਖੇਚਲ ਕਿਹੜੀ ਗੱਲ ਦੀ। ਅੱਜ ਕਈ ਦਿਨਾਂ ਬਾਅਦ ਸ਼ਿਕਾਰ ਨੂੰ ਚੜ੍ਹੇ ਸੀ, ਆਹ ਤਿੱਤਰ ਡੁੰਗ ਲਿਆਂਦੇ ਚਾਰ ਕੁ। ਮੌਕੇ 'ਤੇ ਤੂੰ ਆ ਗਿਆ। ਬਾਈ ਸਿਆਂ! ਕੌਣ ਕਿਸੇ ਦਾ ਖਾਂਦੈ, ਦਾਣਾ-ਪਾਣੀ ਖਿਚ ਲਿਆਉਂਦੈ।" ਛੋਟੇ ਨੇ ਮੋਟਾ ਹਾੜਾ ਅੱਗੇ ਕਰਦਿਆਂ ਹੱਥ ਉਤਾਂਹ ਵੱਲ ਕੀਤੇ।

"ਯਾਰ, ਸਾਲੀ ਕਾਲਜਾ ਫੂਕਦੀ ਜਾਂਦੀ ਐ।" ਕੈਲੇ ਨੇ ਪੈਗ ਮਾਰਦਿਆਂ ਧੁੜ-ਧੜੀ ਲਈ।

"ਪਹਿਲੇ ਤੋੜ ਦੀ ਆ ਬਾਈ ਸਿੰਆਂ, ਪੈਰਾਂ ਤੋਂ ਬੰਦਾ ਚੁੱਕਦੀ ਆ। ਹਾਂ, ਤੂੰ ਦੱਸ ਕੀ ਹੁਕਮ ਐ?" ਛੋਟੇ ਨੇ ਹਾੜਾ ਮਾਰ ਕੇ ਚਿੜੇ ਦੀ ਪੂੰਛ ਵਾਂਗ ਤਰਾਸ਼ੀਆਂ ਮੁੱਛਾਂ ਨੂੰ ਹੱਥਾਂ ਨਾਲ ਪੂੰਝਿਆ।

"ਬ ਆ ਈ ਯਾਰ! ਤੈਨੂੰ ਤਾਂ ਪਤੈ, ਬਈ ਆਪਾਂ ਪਿਛਲੇ ਵਰ੍ਹੇ ਨਿੱਕੇ ਜੈਲੇ ਦਾ ਵਿਆਹ ਕਰ'ਤਾ ਸੀ। ਮੈਂ ਤਾਂ ਸੋਚਿਆ ਸੀ, ਬਈ ਚਲੋ ਨਿਭਾ ਹੋਈ ਜਾਊਗਾ, ਪਰ ਬਾਈ, ਮੇਰੇ ਸਾਲੇ, ਮੇਰੇ ਵੱਲ ਟੀਰਾ ਈ ਵਿੰਹਦੇ ਆ ਦੋਵੇਂ ਜੀਅ। ਆਪਾਂ ਵੀ ਸੋਚ ਲਿਐ ਫੇਰ ਹਿੱਕ 'ਤੇ ਬਰੋਟਾ ਲਾਉਣੈ ਮੇਰੇ ਪਤਿਉਹਰਿਆਂ ਦੀ। ਜਦ ਬੰਦੇ ਦੀ ਘਰੇ ਕੋਈ ਇੱਜ਼ਤ ਈ ਨਾ ਹੋਵੇ, ਫੇਰ ਫੈਦਾ ਕੀ ਹੋਇਆ ਭਲਾ?" ਕੈਲੇ ਨੇ ਅੰਦਰਲੀ ਭੜਾਸ ਛੋਟੇ ਮੂਹਰੇ ਕੱਢ ਦਿੱਤੀ।

"ਬਾਈ ਸਿਆਂ ਫਿਕਰ ਨਾ ਕਰ। ਆਪਾਂ ਤੇਰੀ ਪੈੜ ਵਿਚੋਂ ਪੈਰ ਬਾਹਰ ਨ੍ਹੀਂ ਕੱਢਦੇ। ਜਨਾਨੀਆਂ ਬਾਈ ਸਿਆਂ ਆਪਾਂ ਲੈਣਾਂ ਲਾ ਦਿਆਂਗੇ ਲੈਣਾਂ। ਆਹ ਦੇਖ ਲਾ, ਬਾਬੇ ਕਾ ਸਾਰਾ ਟੱਬਰ ਮੈਂ ਹੀ ਤੀਮੀਆਂ ਆਲਾ ਕੀਤਾ। ਨਾਲੇ ਬਾਈ ਜੀ, ਬੰਗਾਲ ਦੀਆਂ ਰੰਨਾਂ ਵੀ ਗਾਡਰ ਐ ਗਾਡਰ। ਜਦੋਂ ਘਰ ਆ ਕੇ ਲੰਮੇ ਲੰਮੇ ਵਾਲਾਂ ਆਲੀ ਨੇ 'ਸ਼ਰੋਦਾਰ ਜੀ, ਸ਼ਰੋਦਾਰ ਜੀ' ਕਿਹਾ ਨਾ, ਦਵਾਲੀ ਬਣ ਜੂ ਫੇਰ ਚੱਤੋ ਪਹਿਰ। ਬੱਸ, ਤੂੰ ਮਾਇਆ ਦਾ ਇੰਤਜ਼ਾਮ ਕਰ ਲੈ। ਆਪਾਂ ਅਗਲੇ ਹਫ਼ਤੇ ਈ ਲੁਦੇਹਾਣੇ ਤੋਂ ਰੇਲ ਚੜ੍ਹ ਜਾਣੇ ਆਂ ਕਲਕੱਤੇ ਨੂੰ।" ਛੋਟੇ ਨੇ ਸਿਰੇ ਦੀ ਸੁਣਾ ਦਿੱਤੀ।

"ਕਿੰਨੀ ਕੁ ਮਾਇਆ ਲੱਗ ਜੂ ਭਲਾ?" ਕੈਲੇ ਨੇ ਪੁੱਛ-ਪੜਤਾਲ ਕੀਤੀ।

"ਮਾਇਆ ਗਹਾਂ ਰੋਕੜੀਆਂ ਲੱਗਣੀਆਂ? ਤੂੰ ਪੰਜ ਕੁ ਹਜ਼ਾਰ ਦਾ ਪ੍ਰਬੰਧ ਕਰ ਲੈ। ਹਜ਼ਾਰ ਕੁ ਔਣ-ਜਾਣ ਦਾ ਖਰਚਾ, ਤੇ ਤਿੰਨ ਕੁ ਹਜ਼ਾਰ ਦੀ ਜਨਾਨੀ।"

"ਠੀਕ ਆ ਬਾਈ ਸਿਆਂ, ਮੈਨੂੰ ਮਨਜ਼ੂਰ ਐ। ਮੈਂ ਕੱਲ੍ਹ ਨੂੰ ਸ਼ਹਿਰੋਂ ਆੜ੍ਹਤੀਏ ਤੋਂ ਫੜ ਕੇ ਰਕਮ ਤੈਨੂੰ ਲਿਆ ਦਿੰਨਾਂ ਵਾਂ।" ਕੈਲੇ ਨੇ ਹਾਮੀ ਭਰ ਦਿੱਤੀ।

"ਠੀਕ ਆ ਬਾਈ ਜਦੋਂ ਮਰਜ਼ੀ ਆ ਜਾਮੀਂ, ਜੀ ਆਇਆਂ ਨੂੰ।"

"ਚੰਗਾ ਭਰਾਵਾ ਰੱਬ ਰਾਖਾ।" ਆਖਦਿਆਂ ਛੋਟੇ ਨੇ ਹੱਥ ਮਿਲਾਇਆ। ਕੈਲਾ ਲੱਤਾਂ ਘੜੀਸਦਾ ਘਰੇ ਆ ਕੇ ਸਬਾਤ ਵਿਚ ਮੰਜੀ 'ਤੇ ਜਾ ਡਿੱਗਾ। ਰੋਟੀ ਉਹਦੀ ਸਬਾਤ ਵਿਚ ਪਹਿਲਾਂ ਹੀ ਪਈ ਸੀ। ਦੂਜੇ ਦਿਨ ਸਵੇਰੇ ਉਹ ਮੂੰਹ-ਨ੍ਹੇਰੇ ਉਠਿਆ, ਤੇ ਪੰਚਾਇਤ 'ਕੱਠੀ ਕਰਨ ਪਿੰਡ ਨੂੰ ਹੋ ਤੁਰਿਆ।

"ਸੁਣ ਬਈ ਨਿੱਕਿਆ, ਆਪਣੀ ਨ੍ਹੀਂ ਹੁਣ ਨਿਭਣੀ। ਆਪਾਂ ਹੁਣ ਭਾਂਡਾ-ਟੀਂਡਾ ਤੇ ਜਿਹੜੇ ਚਾਰ ਸਿਆੜ ਆਉਂਦੇ ਆ ਹਿੱਸੇ ਦੇ, ਉਹ ਅੱਡ-ਬਿੱਡ ਕਰਨੇ ਆਂ।" ਉਸ ਨੇ ਬਿਨਾਂ ਦੇਖਿਆਂ ਜੈਲੇ ਨੂੰ ਕਿਹਾ ਤੇ ਘਰੋਂ ਨਿਕਲ ਗਿਆ। ਉਹ ਸਾਰੀ ਦਿਹਾੜੀ ਮੋਹਤਬਰ ਬੰਦਿਆਂ ਦੇ ਘਰੀਂ ਸੱਦਾ ਦਿੰਦਾ ਰਿਹਾ। ਪਿੰਡ ਦੀ ਪੰਚਾਇਤ ਨੇ ਅਗਲੀ ਸਵੇਰ ਹੀ ਉਨ੍ਹਾਂ ਦੇ ਘਰੇ ਇਕੱਠੇ ਹੋਣ ਦਾ ਵਾਅਦਾ ਦੇ ਦਿੱਤਾ। ਉਹ ਖਾਓ-ਪੀਓ ਵੇਲੇ ਘਰ ਆਇਆ ਤੇ ਕੱਲ੍ਹ ਨੂੰ ਪੰਚਾਇਤ ਇਕੱਠੀ ਹੋਣ ਦਾ ਐਲਾਨ ਸੁਣਾ ਦਿੱਤਾ। ਉਸ ਦਿਨ ਘਰ ਚੁੱਲ੍ਹਾ ਨਾ ਬਲਿਆ। ਨਾ ਕਿਸੇ ਨੇ ਕੁਝ ਪਕਾਇਆ ਤੇ ਨਾ ਹੀ ਖਾਧਾ। ਸਾਰਾ ਟੱਬਰ ਸੁਸਰੀ ਵਾਂਗ ਸ਼ਾਂਤ ਹੋਇਆ ਪਿਆ ਸੀ। ਚਰਨਜੀਤ ਤੇ ਜਰਨੈਲ ਦੀਆਂ ਅੱਖਾਂ ਵਿਚੋਂ ਨੀਂਦ ਗਾਇਬ ਸੀ।

"ਡੁੱਬੜੇ ਨੇ ਉਹੀ ਕੁਸ਼ ਕਰ'ਤਾ ਜੀਹਦਾ ਡਰ ਸੀ। ਚੰਗਾ ਭਲਾ ਸੀ। ਔਂਤਰ ਜਣਿਆਂ ਲੋਕਾਂ ਨੂੰ ਪਤਾ ਨ੍ਹੀਂ ਕੀ ਮਿਲਦੈ ਦਰਵੇਸ਼ ਨੂੰ ਪੱਟੀਆਂ ਪੜ੍ਹਾ ਕੇ।" ਮੰਜੇ 'ਤੇ ਡਿਗਦਿਆਂ ਚਰਨਜੀਤ ਨੇ ਹਉਕਾ ਭਰਿਆ।

"ਦੇਖ ਚਰਨਜੀਤ, ਗੱਲ ਤਾਂ ਤੇਰੇ ਹੱਥ ਵੱਸ ਈ ਆ, ਹਲੇ ਵੀ ਕੁਸ਼ ਨੀ ਬਿਗੜਿਆ। ਜੇ ਆਪਣੇ ਹਿੱਸੇ ਆਉਂਦੀ ਵੰਡਾ ਕੇ ਬਹਿ ਗਿਆ, ਫੇਰ ਕੀਹਦੀ ਮਾਂ ਨੂੰ ਮਾਸੀ ਕਹਾਂਗੇ। ਜ਼ਮੀਨ ਬਿਨਾਂ ਕਾਹਦਾ ਜੱਟ ਦਾ ਪੁੱਤ?" ਜਰਨੈਲ ਨੇ ਦਿਲ 'ਤੇ ਪੱਥਰ ਧਰ ਕੇ ਸ਼ਬਦ ਮੂੰਹੋਂ ਕੱਢੇ।

"ਚੱਲ ਕੋਈ ਨਾ ਹੁਣ ਸੌਂ ਜੋ, ਸਵੇਰੇ ਦੇਖੂੰਗੀ ਮੈਂ ਜੇ ਮੰਨ ਗਿਆ ਤਾਂ, ਪਰ ਮੈਥੋਂ ਅੱਕ ਨ੍ਹੀਂ ਚੱਬਿਆ ਜਾਣਾ।" ਚਰਨਜੀਤ ਨੇ ਮਨ ਦੀ ਕਹਿ ਦਿੱਤੀ। ਦੋਵਾਂ ਜਣਿਆਂ ਨੇ ਰਾਤ ਅੱਖਾਂ ਵਿਚ ਹੀ ਲੰਘਾਈ। ਸਵੇਰ ਹੋਈ, ਕੁੱਕੜ ਨੇ ਬਾਂਗ ਦਿੱਤੀ ਤਾਂ ਚਰਨਜੀਤ ਨੇ ਉਠ ਕੇ ਚੁੱਲ੍ਹੇ ਅੱਗ ਬਾਲੀ। ਗੁੜ ਦੀ ਮਹਿਕ ਛੱਡਦੀ ਚਾਹ ਨੇ ਸਾਰੇ ਘਰ ਨੂੰ ਮਹਿਕਾ ਦਿੱਤਾ। ਗੁਰੂ ਘਰ ਦੇ ਸਪੀਕਰ ਵਿਚੋਂ ਭਾਈ ਜੀ ਨੇ ਜਪੁਜੀ ਸਾਹਿਬ ਦੀ ਮਿੱਠੀ ਧੁਨ ਛੇੜੀ ਹੋਈ ਸੀ। ਜਰਨੈਲ ਅਜੇ ਬਿਸਤਰੇ ਵਿਚ ਹੀ ਪਿਆ ਸੀ।

"ਵਾਗਰੂ ਸੁੱਖ ਰੱਖੀਂ ਸੱਚੇ ਪਾਤਸ਼ਾਹ।" ਆਖਦਿਆਂ ਚਰਨਜੀਤ ਨੇ ਪਿੱਤਲ ਦੀ ਗੜਵੀ ਵਿਚ ਚਾਹ ਪਾ ਲਈ। ਸਟੀਲ ਦੀ ਨਿੱਕੀ ਜਿਹੀ ਪਲੇਟ ਵਿਚ ਖੋਏ ਦੀਆਂ ਦੋ ਪਿੰਨੀਆਂ ਰੱਖ ਕੇ ਉਹ ਕੈਲੇ ਦੀ ਕੱਚੀ ਸਬਾਤ ਵੱਲ ਹੋ ਤੁਰੀ। ਤੁਰੀ ਜਾਂਦੀ ਦਾ ਦਿਲ ਫੜਾਕ ਫੜਾਕ ਵੱਜ ਰਿਹਾ ਸੀ। ਛੜੇ ਜੇਠ ਦੀ ਸਬਾਤ ਵੱਲ ਤੁਰੀ ਜਾਂਦੀ ਨੂੰ ਜੰਗਲ ਪਾਣੀ ਜਾ ਕੇ ਆਈ ਬੁੜ੍ਹੀ ਨੇ ਵੀ ਦੇਖ ਲਿਆ, ਪਰ ਜਾਣ ਕੇ ਸਭ ਕੁਝ ਅਣਦੇਖਿਆ ਕਰ ਕੇ ਆਪਣੀ ਮੰਜੀ 'ਤੇ ਪੈ ਗਈ।

ਚਰਨਜੀਤ ਨੇ ਪਹਾੜ ਜਿੱਡਾ ਜੇਰਾ ਕਰ ਕੇ ਕੈਲੇ ਦੀ ਬੈਠਕ ਦਾ ਕੁੰਡਾ ਖੜਕਾਇਆ।

"ਬੇਬੇ ਬਾਰ ਖੁੱਲ੍ਹਾ ਈ ਆ ਲੰਘ ਆ।" ਆਖਦਿਆਂ ਕੈਲਾ ਮੰਜੇ 'ਤੇ ਉਠ ਕੇ ਬੈਠ ਗਿਆ, ਤੇ ਆਪਣੇ ਖਿਲਰੇ ਕੇਸਾਂ ਦੀ ਜੂੜੀ ਕਰਨ ਲੱਗਾ।

"ਭਾਈ ਜੀ ਮੈਂ ਆਂ।" ਕਹਿੰਦਿਆਂ ਚਰਨਜੀਤ ਮੰਜੇ 'ਤੇ ਪੈਂਦ ਵਾਲੇ ਪਾਸੇ ਬੈਠ ਗਈ। ਚਰਨਜੀਤ ਨੇ ਜਾਣ ਕੇ ਦਰਵਾਜ਼ਾ ਖੁੱਲ੍ਹਾ ਛੱਡ ਦਿੱਤਾ ਸੀ। ਪਹੁ-ਫੁਟਾਲੇ ਦੀ ਮੱਠੀ ਜਿਹੀ ਅੰਦਰ ਆਉਂਦੀ ਲੋਅ ਵਿਚ ਕੈਲੇ ਨੇ ਚਰਨਜੀਤ ਦਾ ਚਿਹਰਾ ਦੇਖਿਆ, ਉਹ ਬਰਫ਼ ਦੇ ਬੁੱਤ ਵਾਂਗ ਸੁੰਨ ਹੋ ਗਿਆ। ਉਸ ਨੂੰ ਯਕੀਨ ਨਹੀਂ ਸੀ ਆ ਰਿਹਾ ਕਿ ਉਹ ਹਕੀਕਤ ਦੇਖ ਰਿਹਾ ਹੈ ਜਾਂ ਸੁਪਨਾ। ਕੁਝ ਸਮਾਂ ਦੋਹਾਂ ਧਿਰਾਂ ਵੱਲੋਂ ਕੋਈ ਗੱਲ ਨਾ ਹੋਈ।

"ਲੈ ਫੜ ਚਾਹ ਪੀ।" ਚਰਨਜੀਤ ਨੇ ਚੁੱਪ ਤੋੜਦਿਆਂ ਗੜਵੀ ਵਿਚੋਂ ਕੱਚ ਦੇ ਗਲਾਸ ਵਿਚ ਚਾਹ ਪਾ ਕੇ ਕੈਲੇ ਦੇ ਮੂਹਰੇ ਕਰ ਦਿੱਤੀ। ਕੰਬਦੇ ਹੱਥਾਂ ਨਾਲ ਕੈਲੇ ਨੇ ਗਲਾਸ ਮੂੰਹ ਨੂੰ ਲਾ ਲਿਆ। ਉਸ ਨੂੰ ਕੱਚ ਦਾ ਨਿੱਕਾ ਜਿਹਾ ਗਲਾਸ ਵੀ ਮਣਾਂ-ਮੂੰਹੀਂ ਲੱਗਿਆ।

"ਦੇਖ ਭਾਈ ਜੀ ਮੈਂ ਜਦੋਂ ਦੀ ਵਿਆਹੀ ਆਂ, ਕਦੇ ਤੇਰਾ ਮੂੰਹ ਫਿਟਕਾਰਿਐ? ਤੈਨੂੰ ਕੱਪੜੇ-ਲੱਤੇ ਖੁਣੋਂ, ਰੋਟੀ-ਪਾਣੀ ਖੁਣੋਂ ਕੋਈ ਸ਼ਕੈਤ ਆਈ ਆ ਕਿਤੇ?" ਚਰਨਜੀਤ ਬੋਲੀ ਜਾ ਰਹੀ ਸੀ, ਕੈਲਾ ਸੁੰਨ ਹੋਇਆ ਬੈਠਾ ਸੀ।

ਚਰਨਜੀਤ ਦਾ ਇਕ ਇਕ ਸ਼ਬਦ ਉਸ ਨੂੰ ਤੀਰ ਵਾਂਗ ਵੱਜਦਾ ਪ੍ਰਤੀਤ ਹੋ ਰਿਹਾ ਸੀ।

"ਦੇਖ ਤੇਰਾ ਇਕੋ ਇਕ ਭਤੀਜਾ, ਤੂੰ ਚਾਹੁੰਦੈ ਬਈ ਉਹ ਟੁਕੜਿਆਂ ਦਾ ਮੁਥਾਜ ਹੋ ਕੇ ਲੋਕਾਂ ਦੇ ਦਿਹਾੜੀਆਂ ਕਰਦਾ ਫਿਰੇ। ਮੈਨੂੰ ਮਾਪਿਆਂ ਨੇ ਤੇਰੇ ਭਾਈ ਦੇ ਲੜ ਲਾਇਐ, ਰੱਬ ਕਰੇ ਐਡੀ ਮਰਜ਼ਾਂ, ਜੇ ਕਿਤੇ ਸੁਪਨੇ ਵਿਚ ਵੀ ਕਿਸੇ ਹੋਰ ਬਾਰੇ ਸੋਚਿਆ ਹੋਵੇ ਤੇ ਤੂੰ...ਤੈਨੂੰ ਤਾਂ ਮੈਂ ਹਮੇਸ਼ਾ ਪਿਉਆਂ ਵਾਲਾ ਸਤਿਕਾਰ ਦਿੱਤੈ। ਨਾਲੇ ਤੇਰੇ ਬਿਨਾਂ ਸਾਡਾ ਹੈ ਵੀ ਕੌਣ ਜਹਾਨ 'ਤੇ। ਮੈਂ ਤਾਂ ਸਾਰ ਲੂੰਗੀ ਬਗਾਨੀ ਧੀ ਔਖੀ-ਸੌਖੀ, ਪਰ ਤੇਰਾ ਭਾਈ ਤਾਂ ਕੁਸ਼ ਖਾ ਕੇ ਮਰ ਜੂ। ਨਾਲੇ ਤੂੰ ਤਾਂ ਘਰ ਦਾ 'ਲਾਣੇਦਾਰ' ਐਂ, ਲਾਣੇਦਾਰ ਬਣ ਕੇ ਰਹਿ। ਜੇ ਬਹੁਤ ਹੀ ਔਖਾ ਐਂ, ਤਾਂ ਫੇਰ ਤੇਰੀ ਮਰਜ਼ੀ।" ਕਹਿੰਦਿਆਂ ਚਰਨਜੀਤ ਦੀ ਭੁੱਬ ਨਿਕਲ ਗਈ ਤੇ ਨਾਲ ਹੀ ਉਸ ਨੇ ਸਿਰ 'ਤੇ ਲਈ ਚਾਦਰ ਲਾਹ ਕੇ ਮੰਜੇ ਦੀ ਪੈਂਦ 'ਤੇ ਰੱਖ ਦਿੱਤੀ।

ਕੈਲੇ ਦੇ ਮੂੰਹ ਵਿਚਲੀ ਚਾਹ ਦੀ ਘੁੱਟ ਥਾਂਏਂ ਅੜ ਗਈ।

"ਹੱਤ ਕਮਲੀ ਨਾ ਹੋਵੇ, ਮੇਰੀ ਹੀ ਮੱਤ ਮਾਰੀ ਗਈ ਸੀ। ਤੂੰ ਚਾਦਰ ਚੁੱਕ ਕੇ ਸਿਰ ਤੇ ਲੈ। ਲੋਕ ਤਾਂ ਫੇਰੇ ਦੇਣੇ ਆ ਪੱਕੇ। ਮੈਂ ਕਹਿਣ ਚੱਲਿਆਂ ਸਾਰੇ ਪੰਚੈਤੀਆਂ ਨੂੰ, ਬਈ ਸਾਡੇ ਘਰ ਵੰਡੀ ਪਾਉਣ ਨੂੰ ਕੋਈ ਨਾ ਆਵੇ। ਹੁਣ ਮੈਂ ਘਰ ਦਾ ਲਾਣੇਦਾਰ ਆਂ।" ਕੈਲੇ ਨੇ ਹੱਥ ਵਿਚਲੀ ਚਾਹ ਵਿਚਾਲੇ ਹੀ ਛੱਡ ਦਿੱਤੀ ਅਤੇ ਪੰਚਾਇਤੀਆਂ ਨੂੰ ਰੋਕਣ ਵਾਸਤੇ ਸਿਰ 'ਤੇ ਸਾਫ਼ਾ ਲਪੇਟਦਾ ਘਰੋਂ ਬਾਹਰ ਹੋ ਗਿਆ।

ਉਸ ਦਿਨ ਤੋਂ ਪਿੰਡ ਵਿਚ ਕੈਲਾ ਛੜਾ, ਕੈਲਾ ਲਾਣੇਦਾਰ ਹੋ ਗਿਆ।

# ਚੂੜਾਮਣੀ ਫਲ:ਅਨਾਨਾਸ

ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਅਨਾਨਾਸ ਇਕ ਅਜਿਹਾ ਫਲ ਹੈ ਜਿਸ ਨੂੰ ਮਹਿੰਗੇ ਭਾਅ ਦਾ ਹੋਣ ਕਾਰਨ ਜਣਾ-ਖਣਾ ਖਰੀਦ ਕੇ ਖਾਣ ਦੀ ਹਿੰਮਤ ਨਹੀਂ ਕਰ ਸਕਦਾ। ਬਹੁਤੇ ਲੋਕਾਂ ਨੇ ਤਾਂ ਸ਼ਾਇਦ ਕਦੇ ਦੇਖਿਆ ਤਾਂ ਕੀ ਇਸ ਦਾ ਨਾਂ ਵੀ ਨਾ ਸੁਣਿਆ ਹੋਵੇ। ਪਿੰਡਾਂ ਵਿਚ ਅਨਾਨਾਸ ਕਿਥੇ ਵਿਕਦਾ ਹੈ! ਸ਼ਹਿਰਾਂ ਵਿਚ ਵੀ ਸਬਜ਼ੀਆਂ ਫਲਾਂ ਦੀ ਦੁਕਾਨ ਦੇ ਪਿਛੇ ਜਿਹੇ ਇਹ ਤ੍ਰਿਸ਼ੰਕੂ ਦੀ ਤਰ੍ਹਾਂ ਪਿਆ ਹੁੰਦਾ ਹੈ।

ਮੈਂ ਅਨਾਨਾਸ ਦਾ ਰੱਜ ਕੇ ਸੇਵਣ ਦੋ ਵਾਰੀ ਕੀਤਾ ਹੈ। ਇਕ ਵਾਰੀ ਸਿੰਗਾਪੁਰ, ਮਲੇਸ਼ੀਆ, ਥਾਈਲੈਂਡ ਯਾਤਰਾ 'ਤੇ ਗਿਆ ਤਾਂ ਮੇਜ਼ਬਾਨਾਂ ਨੇ ਇਹ ਫਲ ਖੂਬ ਛਕਾਇਆ ਸੀ। ਮਲੇਸ਼ੀਆ ਦੇ ਭਾਰਤੀਆਂ ਵਿਚ ਇਕ ਰੀਤੀ ਹੈ ਕਿ ਉਹ ਜਦ ਵੀ ਕਿਸੇ ਦੇ ਘਰ ਜਾਂਦੇ ਹਨ ਤਾਂ ਭੇਟਾ ਵਜੋਂ ਫਲਾਂ ਦਾ ਭਰਿਆ ਲਿਫਾਫਾ ਜ਼ਰੂਰ ਲਿਜਾਂਦੇ ਹਨ। ਫਿਰ ਇਕ ਵਾਰੀ ਅਸੀਂ ਪਰਿਵਾਰ ਸਮੇਤ ਭਾਰਤ ਦੇ ਉਤਰ ਪੂਰਬੀ ਰਾਜਾਂ ਦੀ ਸੈਰ ਕਰਨ ਗਏ ਤਾਂ ਦਾਰਜੀਲਿੰਗ ਜਾਣ ਲਈ ਜਲਪਾਇਗੁੜੀ ਰੇਲਵੇ ਸਟੇਸ਼ਨ 'ਤੇ ਕਾਫੀ ਦੇਰ ਰੁਕਣਾ ਪਿਆ। ਉਥੇ ਰੇੜ੍ਹੀਆਂ 'ਤੇ ਖੂਬ ਰਸੀਲਾ ਅਨਾਨਾਸ ਵਿਕ ਰਿਹਾ ਸੀ। ਥੋੜਾ ਖਰੀਦ ਕੇ ਖਾਣ ਲੱਗੇ ਤਾਂ ਮੂੰਹੋਂ ਹੀ ਨਾ ਲੱਥੇ। ਅਸੀਂ ਉਦੋਂ ਤੱਕ ਹੋਰ ਹੋਰ ਖਰੀਦ ਕੇ ਖਾਈ ਗਏ ਜਦ ਤੱਕ ਕਿ ਗੱਡੀ ਚੱਲਣ ਦਾ ਵਿਸਲ ਨਾ ਹੋ ਗਿਆ। ਪਤਾ ਲੱਗਾ ਕਿ ਇਸ ਇਲਾਕੇ ਵਿਚ ਅਨਾਨਾਸ ਖੂਬ ਹੁੰਦਾ ਹੈ। ਫਿਰ ਕੀ ਸੀ, ਅਸੀਂ ਗੱਡੀ ਦੀ ਖਿੜਕੀ ਥਾਣੀਂ ਅਨਾਨਾਸ ਲੱਦੇ ਬੂਟੇ ਦੇਖ ਕੇ ਅੱਖਾਂ ਰਜਾਉਣ ਲੱਗੇ। ਅਨਾਨਾਸ ਦੀ ਝਾੜੀ ਚਾਰ ਪੰਜ ਫੁੱਟ ਉਚੀ ਹੁੰਦੀ ਹੈ। ਇਸ ਦਾ ਤਣਾ ਗਠੀਲਾ ਅਤੇ ਪੱਤੇ ਮੋਮੀ ਹੁੰਦੇ ਹਨ। ਇਕ ਬੂਟੇ ਨੂੰ ਕੋਈ ਦੋ ਸੌ ਤੱਕ ਫੁੱਲ ਲਗਦੇ ਹਨ। ਦਿਲਚਸਪ ਗੱਲ ਹੈ ਕਿ ਸਾਰੇ ਫੁੱਲ ਇਕ ਦੂਜੇ ਨਾਲ ਜੁੜ ਕੇ ਇਕ ਫਲ ਪੈਦਾ ਕਰਦੇ ਹਨ। ਇਸ ਤਰ੍ਹਾਂ ਅਨਾਨਾਸ ਇਕ ਸੰਯੁਕਤ ਫਲ ਹੈ। ਇਸ ਦੀ ਅੰਦਰਲੀ ਤੇ ਬਾਹਰਲੀ ਬਣਤਰ ਵਿਚ ਜੋੜ ਤੇ ਖੰਬੜੇ ਜਿਹੇ ਦਿਖਾਈ ਦਿੰਦੇ ਹਨ ਜਿਸ ਤੋਂ ਇਸ ਤੱਥ ਦੇ ਪ੍ਰਮਾਣ ਮਿਲ ਜਾਂਦੇ ਹਨ।

ਪੱਕੇ ਰਸੀਲੇ ਅਨਾਨਾਸ ਦੇ ਗੁੱਦੇ ਦਾ ਨਿਵੇਕਲਾ ਖਟਮਿਠਾ ਸੁਆਦ ਖਾਧਿਆਂ ਹੀ ਜਾਣਿਆ ਜਾ ਸਕਦਾ ਹੈ। ਇਸ ਦੀ ਸੁਗੰਧੀ ਵੀ ਬਹੁਤ ਮਿੱਠੀ ਤੇ ਸੁਖਾਵੀਂ ਹੁੰਦੀ ਹੈ। ਉਂਜ ਗੁੱਦਾ ਕਾਹਦਾ, ਲੱਕੜ ਹੀ ਹੁੰਦੀ ਹੈ। ਅਨਾਨਾਸ ਕਦੇ ਵੀ ਹਰੇ ਰੰਗ ਦਾ ਨਹੀਂ ਬਲਕਿ ਸੁਨਹਿਰੀ ਰੰਗ ਦਾ ਖਰੀਦਣਾ ਚਾਹੀਦਾ ਹੈ। ਭਾਰਤ ਸਮੇਤ ਕਈ ਦੇਸ਼ਾਂ ਵਿਚ ਵਹਿਮ ਹੈ ਕਿ ਅਨਾਨਾਸ ਖਾਣ ਨਾਲ ਔਰਤਾਂ ਦਾ ਗਰਭ ਡਿਗ ਸਕਦਾ ਹੈ। ਸ਼ਾਇਦ ਇਹ ਮਾਨਤਾ ਇਸ ਦੇ ਤੇਜ਼ਾਬੀ ਗੁਣ ਕਾਰਨ ਹੋਵੇ। ਇਸ ਦੇ ਤਿੱਖੇ ਜ਼ਾਇਕੇ ਕਾਰਨ ਕਈ ਲੋਕਾਂ ਦੇ ਬੁਲ੍ਹ ਤੇ ਜੀਭ ਸੜ ਜਾਂਦੇ ਹਨ।



| | | | |
|---|---|---|---|
| Arabic | أناناس | Indonesian | nanas |
| Armenian | [illegible] | Irish | anann |
| Azerbaijani | ananas | Italian | ananas |
| Basque | anana | Latvian | ananass |
| Belarusian | ананас | Lithuanian | ananasas |
| Bulgarian | ананас | Macedonian | ананас |
| Croatian | ananas | Malay | nanas |
| Czech | ananas | Maltese | ananas |
| Danish | ananas | Norwegian | ananas |
| Dutch | ananas | Polish | ananas |
| English | pineapple | Portuguese | ananás |
| Esperanto | ananaso | Romanian | ananas |
| Estonian | ananass | Russian | ананас |
| Finnish | ananas | Serbian | ананас |
| French | ananas | Slovak | ananás |
| Georgian | ანანასი | Slovenian | ananas |
| German | Ananas | Swahili | mananasi |
| Greek | ανανάς | Swedish | ananas |
| Haitian | anana | Turkish | ananas |
| Hungarian | ananász | Ukrainian | ананас |
| Icelandic | ananas | Yiddish | אַנאַנאַס |

ਅਨਾਨਾਸ ਊਸ਼ਣਕਟੀਬੰਧੀ ਫਲ ਹੈ। ਇਹ ਭਾਰਤ ਦੇ ਸਿੱਲ੍ਹੇ ਤੇ ਭਰਪੂਰ ਮੀਹਾਂ ਵਾਲੇ ਦੱਖਣੀ ਅਤੇ ਉਤਰ ਪੂਰਬੀ ਪ੍ਰਦੇਸ਼ਾਂ ਵਿਚ ਹੁੰਦਾ ਹੈ। ਮੂੰਗਫਲੀ, ਆਲੂ, ਮੱਕਈ ਆਦਿ ਦੀ ਤਰ੍ਹਾਂ ਅਨਾਨਾਸ ਵੀ ਭਾਰਤ ਦਾ ਜੱਦੀ ਬੂਟਾ ਨਹੀਂ। ਇਹ ਮੁਢਲੇ ਤੌਰ 'ਤੇ ਦੱਖਣੀ ਅਮਰੀਕਾ ਦੇ ਦੇਸ਼ਾਂ ਖਾਸ ਤੌਰ 'ਤੇ ਬ੍ਰਾਜ਼ੀਲ ਅਤੇ ਪੈਰਾਗੁਵੇ ਵਿਚ ਵਿਕਸਿਤ ਹੋਇਆ। ਕੋਲੰਬਸ 1493 ਵਿਚ ਕੈਰੀਬੀਅਨ ਦੇ ਗਵਾਦਲੂਪ ਦੀਪ ਸਮੂਹ ਵਿਚ ਗਿਆ ਤਾਂ ਉਸ ਨੇ ਉਥੇ ਇਹ ਫਲ ਦੇਖਿਆ। ਉਸ ਨੇ ਇਸ ਨੂੰ Pina De Indes ਕਿਹਾ। ਯੂਰਪੀਆਂ ਨੂੰ ਉਦੋਂ ਹੀ ਇਸ ਫਲ ਦਾ ਪਹਿਲੀ ਵਾਰ ਪਤਾ ਲੱਗਾ। ਸਪੇਨ ਅਤੇ ਪੁਰਤਗਾਲੀ ਸੌਦਾਗਰਾਂ ਨੂੰ ਇਸ ਫਲ ਦੀ ਭਿਣਕ ਪੈ ਗਈ। ਸੋਲ੍ਹਵੀਂ ਸਦੀ ਦੇ ਸ਼ੁਰੂ ਵਿਚ ਸਪੇਨ ਦੇ ਰਾਜੇ ਚਾਰਲਸ ਪੰਜਵੇਂ ਦੌਰਾਨ ਇਸ ਫਲ ਨੂੰ ਸਪੇਨ ਵਿਚ ਲਿਆਂਦਾ ਗਿਆ ਪਰ ਰਾਜੇ ਨੂੰ ਇਹ ਫਲ ਬਿਲਕੁਲ ਨਾ ਸੁਖਾਇਆ। ਫਿਰ ਵੀ ਆਲੂ ਤੇ ਹੋਰ ਫਲਾਂ ਦੀ ਤਰ੍ਹਾਂ ਯੂਰਪੀ ਉਚ ਵਰਗ ਦੇ ਲੋਕਾਂ ਨੇ ਅਠਾਰਵੀਂ ਸਦੀ ਤੱਕ ਇਸ ਪਰਦੇਸੀ ਫਲ ਨੂੰ ਆਖਰ ਅਪਨਾ ਹੀ ਲਿਆ।

ਸੋਲ੍ਹਵੀਂ ਸਦੀ ਵਿਚ ਭਾਰਤ ਦੇ ਦੱਖਣੀ ਭਾਗਾਂ ਅਤੇ ਇੰਡੋਨੇਸ਼ੀਆ ਵਿਚ ਪੁਰਤਗਾਲੀ ਸਾਮਰਾਜ ਕਾਇਮ ਹੋ ਗਿਆ ਸੀ। ਪੁਰਤਗਾਲੀ ਆਬਾਦਕਾਰਾਂ ਨੇ 1548 ਵਿਚ ਇਸ ਫਲ ਦੇ ਬੀਜ ਇੰਡੋਨੇਸ਼ੀਆ ਤੋਂ ਭਾਰਤ ਲਿਆਂਦੇ ਤੇ ਇਸ ਦੀ ਬਾਕਾਇਦਾ ਕਾਸ਼ਤ ਸ਼ੁਰੂ ਹੋਈ। ਕਿਹਾ ਜਾਂਦਾ ਹੈ ਕਿ ਇਸਾਈ ਮਿਸ਼ਨਰੀਆ ਨੇ ਫਿਰ ਇਹ ਫਲ ਭਾਰਤ ਤੋਂ ਅਸਟਰੇਲੀਆ ਪਹੁੰਚਾਇਆ। ਐਪਰ ਕੁਝ ਸ੍ਰੋਤ ਇਸ ਗੱਲ ਨੂੰ ਸਵੀਕਾਰ ਨਹੀਂ ਕਰਦੇ ਕਿ ਅਨਾਨਾਸ ਦੱਖਣੀ ਅਮਰੀਕਾ ਤੋਂ ਹੋਰ ਦੁਨੀਆਂ ਵਿਚ ਫੈਲਿਆ। ਕੁਝ ਹਵਾਲਿਆਂ ਅਨੁਸਾਰ ਇਸ ਗੱਲ ਦੇ ਸੰਕੇਤ ਹਨ ਕਿ ਅਨਾਨਾਸ ਪ੍ਰਾਚੀਨ ਮਿਸਰ ਵਿਚ ਵੀ ਉਗਾਇਆ ਜਾਂਦਾ ਸੀ।

ਕੁਝ ਭਾਰਤੀ ਖੋਜੀਆਂ ਅਨੁਸਾਰ ਅਨਾਨਾਸ ਹਜ਼ਾਰਾਂ ਸਾਲ ਪਹਿਲਾਂ ਭਾਰਤ ਵਿਚ ਮੌਜੂਦ ਸੀ ਅਤੇ ਇਹ ਮੌਰੀਆ ਕਾਲ (322-185 ਪੂਰਵ ਈਸਵੀ) ਸਮੇਂ ਭਾਰਤ ਵਿਚ ਲਿਆਂਦਾ ਗਿਆ। ਕਿਹਾ ਜਾਂਦਾ ਹੈ ਕਿ ਮੰਗੋਲੀਆਈ ਨਸਲ ਦੀ ਸਾਗਰੀ ਸ਼ਾਖਾ ਦੇ ਪਰਵਾਸੀਆਂ ਨੇ ਅਨਾਨਾਸ ਭਾਰਤ ਪਹੁੰਚਾਇਆ। ਕੁਝ ਪੁਰਾਤਤਾਵਾਦੀਆਂ ਨੇ ਅਜੰਤਾ ਅਲੋਰਾ ਦੇ ਕੰਧ ਚਿੱਤਰਾਂ ਵਿਚ ਯਕਸ਼ਣੀਆਂ ਦੀ ਥਾਲੀ ਵਿਚ ਰੱਖੇ ਗਏ ਫਲਾਂ ਵਿਚ ਅਨਾਨਾਸ ਖੋਜਿਆ ਹੈ। ਕੁਝ ਵੀ ਹੋਵੇ ਇਹ ਇਤਿਹਾਸਕ ਸੱਚਾਈ ਹੈ ਕਿ ਪੁਰਤਗਾਲੀਆਂ ਨੇ ਹੀ ਅਨਾਨਾਸ ਫਲ ਅਤੇ ਸ਼ਬਦ ਭਾਰਤ ਵਿਚ ਫੈਲਾਏ। ਸੰਸਕ੍ਰਿਤ ਤੇ ਹੋਰ ਭਾਰਤੀ ਭਾਸ਼ਾਵਾਂ ਵਿਚ ਅਨਾਨਾਸ ਲਈ ਕੋਈ ਸ਼ਬਦ ਨਹੀਂ ਲਭਦਾ। ਹਾਂ, ਅੱਜ ਕਲ੍ਹ ਜ਼ਰੂਰ ਸੰਸਕ੍ਰਿਤ ਵਿਚ ਇਸ ਦਾ ਨਾਂ ਬਹੁਅਕਸ਼ਿਫਲ ਰੱਖਿਆ ਗਿਆ ਹੈ। ਇਸ ਦਾ ਵਿਗਿਆਨਕ ਨਾਂ Ananas comosus ਹੈ। ਅਨਾਨਾਸ ਸ਼ਬਦ ਦੱਖਣੀ ਅਮਰੀਕਾ ਦੀ ਟੂਪੀ ਭਾਸ਼ਾ ਪਰਿਵਾਰ ਦੀ ਟੂਪੀ ਨਾਮੀਂ ਭਾਸ਼ਾ ਦੇ 'ਨਨਾਸ' ਸ਼ਬਦ ਦਾ ਵਿਗੜਿਆ ਰੂਪ ਹੈ। ਇਸ ਭਾਸ਼ਾ ਵਿਚ ਇਸ ਸ਼ਬਦ ਦਾ ਅਰਥ ਹੈ 'ਸ੍ਰੇਸ਼ਟ ਫਲ', ਸੱਚਮੁਚ ਮੇਜ਼ 'ਤੇ ਪਿਆ ਇਹ ਚੂੜਾਮਣੀ ਫਲ ਸੇਠ ਹੀ ਲਗਦਾ ਹੈ। ਸਿਵਾਏ ਅੰਗਰੇਜ਼ੀ ਦੇ, ਅਨਾਨਾਸ ਸ਼ਬਦ ਥੋੜੇ ਬਹੁਤੇ ਭੇਦ ਨਾਲ ਭਾਰਤ ਸਮੇਤ ਦੁਨੀਆਂ ਦੀਆਂ ਤਮਾਮ ਭਾਸ਼ਾਵਾਂ ਵਿਚ ਪ੍ਰਚਲਿਤ ਹੋ ਗਿਆ ਹੈ।

ਸੰਨ 1600 ਤੋਂ ਪਹਿਲਾਂ ਅੰਗਰੇਜ਼ੀ ਵਿਚ ਵੀ ਅਨਾਨਾਸ ਸ਼ਬਦ ਹੀ ਪ੍ਰਚਲਿਤ ਸੀ ਪਰ ਅੰਗਰੇਜ਼ੀ ਵਾਲਿਆਂ ਨੇ ਇਸ ਨੂੰ ਬਹੁਤਾ ਚਿਰ ਨਾ ਚਲਾਇਆ। ਉਨ੍ਹਾਂ ਮੁਕਾਬਲੇ ਤੇ ਆਪਣਾ ਸ਼ਬਦ Pineapple ਘੜਿਆ ਤੇ ਵਰਤਣਾ ਸ਼ੁਰੂ ਕੀਤਾ। ਵੱਡੇ ਅੰਗਰੇਜ਼ ਬਣੇ ਫਿਰਦੇ ਭਾਰਤ ਦੇ ਮਧਵਰਗੀ ਵੀ ਪਾਈਨਐਪਲ ਸ਼ਬਦ ਨੂੰ ਹੀ ਤਰਜੀਹ ਦਿੰਦੇ ਹਨ। Pineapple ਸ਼ਬਦ ਬਣਿਆ ਹੈ Pine + Apple ਤੋਂ। ਪਹਿਲੇ ਘਟਕ Pine ਦਾ ਅਰਥ ਹੈ, ਚੀਲ੍ਹ ਜਿਹੇ ਰੁਖ ਦਾ ਸ਼ੰਕੂ। ਪੁਰਾਣੀ ਅੰਗਰੇਜ਼ੀ ਵਿਚ Apple ਦਾ ਅਰਥ ਸੇਬ ਦੇ ਨਾਲ ਨਾਲ ਫਲ ਵੀ ਹੁੰਦਾ ਸੀ। ਸਪਸ਼ਟ ਹੈ ਕਿ ਇਹ ਸ਼ਬਦ ਇਸ ਲਈ ਬਣਾਇਆ ਗਿਆ ਕਿਉਂਕਿ ਅਨਾਨਾਸ ਦੀ ਸ਼ਕਲ ਚੀਲ੍ਹ ਦੇ ਸ਼ੰਕੂ ਕਹਾਉਂਦੇ ਫਲ ਨਾਲ ਮਿਲਦੀ ਜੁਲਦੀ ਹੈ। ਅੱਜ ਸਪੈਨਿਸ਼ ਵਿਚ ਅਨਾਨਾਸ ਦੇ ਨਾਲ ਨਾਲ ਪੀਨਾ ਸ਼ਬਦ ਵੀ ਚਲਦਾ ਹੈ ਜੋ ਪਾਈਨ ਦਾ ਹੀ ਰੂਪ ਹੈ। ਅਨਾਨਾਸ ਦੇ ਰਸ ਤੋਂ ਬਣਦਾ ਪੀਨਾ ਕੋਲਾਡਾ ਨਾਂ ਦਾ ਕਾਕਟੇਲ ਪੀਣ ਦਾ ਆਪਣਾ ਹੀ ਲੁਤਫ ਹੈ। ਇਹ ਅਨਾਨਾਸ ਦੇ ਰਸ, ਰਮ ਅਤੇ ਨਾਰੀਅਲ ਦੇ ਗੁੱਦੇ ਨੂੰ ਮਿਲਾ ਕੇ ਬਣਾਇਆ ਜਾਂਦਾ ਹੈ।

# ਪੰਜਾਬ ਦੀ ਮੱਧ ਯੁੱਗ ਵੱਲ ਵਾਪਸੀ?

ਪੰਜਾਬੀ ਸਮਾਜ ਬਾਰੇ ਮੇਰੀ ਇਹ ਧਾਰਨਾ ਹੈ ਕਿ ਇਸ ਨੇ ਪਦਾਰਥਕ ਉਨਤੀ ਕਰ ਲਈ ਹੈ; ਵੱਡੀਆਂ ਕੋਠੀਆਂ, ਵੱਡੀਆਂ ਕਾਰਾਂ ਦੇ ਛੋਟੇ ਨੰਬਰ, ਮਹਿੰਗੇ ਫੋਨ, ਏ ਸੀ, ਅਲਮਾਰੀਆਂ ਨਾਲੋਂ ਵੱਡੇ ਫਰਿਜ, ਮਹਿੰਗੀ ਸ਼ਰਾਬ ਅਤੇ ਹੋਰ ਵਿਲਾਸੀ ਵਸਤਾਂ ਨਾਲ ਘਰ ਭਰੇ ਪਏ ਹਨ, ਪਰ ਮਾਨਸਿਕ ਤੇ ਬੌਧਿਕ ਤੌਰ 'ਤੇ ਉਹ ਅਜੇ ਵੀ ਮੱਧ ਯੁੱਗ ਵਿਚ ਹਨ। ਸੂਟਾਂ, ਬੂਟਾਂ ਤੇ ਟਾਈਆਂ ਨਾਲ ਸਜੇ-ਫੱਬੇ ਲੋਕਾਂ ਨਾਲ ਜੇ ਥੋੜ੍ਹੀ ਗੰਭੀਰ ਗੱਲ ਕਰਨ ਲੱਗੋ ਤਾਂ ਉਨ੍ਹਾਂ ਦੇ ਅੰਦਰਲਾ ਮੱਧ ਯੁੱਗੀ ਮਨੁੱਖ ਉਜਾਗਰ ਹੋ ਜਾਵੇਗਾ। ਕੰਨਿਆ ਭਰੂਣ ਹੱਤਿਆ, ਇੱਜ਼ਤਾਂ ਖਾਤਰ ਕਤਲ, ਚੌਧਰ ਦੀ ਭੁੱਖ, ਟੌਹਰ ਟੱਪੇ ਦੀ

ਡਾ. ਧਰਮ ਸਿੰਘ
ਫੋਨ: +91-98889-39808

ਲਾਲਸਾ ਅਤੇ ਦੂਜਿਆਂ ਨੂੰ ਹੇਚ ਸਮਝਣਾ ਆਦਿ ਸਾਰਾ ਕੁਝ ਮੱਧਕਾਲੀ ਵਰਤਾਰਾ ਹੀ ਤਾਂ ਹੈ। ਮੱਧਕਾਲੀ ਕਦਰਾਂ-ਕੀਮਤਾਂ ਅਜੇ ਵੀ ਹਾਵੀ ਹਨ। ਨਸ਼ਿਆਂ ਦੀ ਵੱਡੇ ਪੱਧਰ 'ਤੇ ਵਿਕਰੀ, ਰੀਅਲ ਅਸਟੇਟ ਦੇ ਕਾਰੋਬਾਰ, ਦੋ ਨੰਬਰ ਦੇ ਬੰਦਿਆਂ ਆਦਿ ਨੇ ਪੰਜਾਬੀਆਂ ਨੂੰ ਅਮੀਰ ਬਣਾ ਦਿੱਤਾ ਹੈ। ਵਧੇਰੇ ਸਰਮਾਇਆ ਹੱਥ ਲੱਗਣ ਨਾਲ ਸੋਚ ਅਤੇ ਮਾਨਸਿਕਤਾ ਵੀ ਸਰਮਾਏਦਾਰਾਂ ਜਾਂ ਸਾਮੰਤਸ਼ਾਹਾਂ ਵਾਲੀ ਬਣ ਗਈ ਹੈ। ਹਥਿਆਰਾਂ ਦਾ ਸ਼ੌਕ ਅਤੇ ਖੁਸ਼ੀ ਮੌਕੇ ਫਾਇਰਿੰਗ, ਇਕ ਜਾਂ ਵਧੀਕ ਕੁੱਤੇ ਪਾਲਣੇ, ਮਾਮੂਲੀ ਗੱਲ 'ਤੇ ਲੜਾਈ-ਝਗੜਾ ਅਤੇ ਆਪਣੇ-ਆਪ ਨੂੰ ਪਾਟੇ ਖਾਂ ਸਮਝਣਾ ਇਹ ਸਾਰੇ ਮੱਧਕਾਲੀ ਜੀਵਨ-ਜਾਚ ਦੇ ਲੱਛਣ ਹੀ ਤਾਂ ਹਨ।

ਅੱਜ ਹੋਰ ਗੱਲਾਂ ਨੂੰ ਲਾਂਭੇ ਛੱਡਦੇ ਹੋਏ ਜੇ ਕੁੜੀਆਂ, ਇਸਤਰੀਆਂ ਪ੍ਰਤੀ ਆਪਣੇ ਰਵੱਈਏ ਦੀ ਪਰਖ ਕਰੀਏ ਤਾਂ ਗੱਲ ਹੋਰ ਵੀ ਸਪਸ਼ਟ ਹੋ ਜਾਂਦੀ ਹੈ। ਕੁਦਰਤ ਨੇ ਜੇ ਵੱਖ ਵੱਖ ਜਿਨਸਾਂ ਨਰ ਅਤੇ ਮਾਦਾ ਬਣਾਏ ਹਨ ਤਾਂ ਮਨੁੱਖੀ ਭਾਸ਼ਾ ਨੇ ਵੀ ਉਨ੍ਹਾਂ ਲਈ ਵੱਖ ਵੱਖ ਲਿੰਗ ਸੂਚਕ ਸ਼ਬਦ ਘੜ ਲਏ। ਪੰਜਾਬੀ ਸਮਾਜ ਦੇ ਅਮੀਰ, ਉੱਚ ਮੱਧ ਵਰਗੀ ਅਤੇ ਖਾਂਦੇ-ਪੀਂਦੇ ਤਬਕੇ ਵਿਚ ਅੱਜ ਕਲ੍ਹ ਇਕ ਨਵਾਂ ਰੁਝਾਨ ਵੇਖਣ ਨੂੰ ਮਿਲ ਰਿਹਾ ਹੈ। ਇਹ ਵਰਗ ਆਪਣੀਆਂ ਕੁੜੀਆਂ ਲਈ ਜਿਹੜਾ ਸੰਬੋਧਨ ਅੱਜ ਕਲ੍ਹ ਵਧੇਰੇ ਵਰਤ ਰਿਹਾ ਹੈ, ਉਹ ਹੈ ਬੇਟਾ। ਲੜਕੇ ਜਾਂ ਮੁੰਡੇ ਨੂੰ ਬੇਟਾ ਕਹਿਣਾ ਕੁਦਰਤੀ ਭਾਸ਼ਾਈ ਵਰਤਾਰਾ ਹੈ, ਪਰ ਲੜਕੀ/ਪੁੱਤਰੀ ਨੂੰ ਬੇਟਾ ਕਹਿਣਾ ਗ਼ੈਰ-ਕੁਦਰਤੀ ਹੈ। ਮਾਦਾ ਲਈ ਸੰਬੋਧਨ ਨਰ ਵਾਲਾ ਵਰਤਿਆ ਜਾ ਰਿਹਾ ਹੈ। ਸਵਾਲ ਹੈ ਬੇਟੀ ਨੂੰ ਬੇਟੀ ਕਿਉਂ ਨਹੀਂ ਕਿਹਾ ਜਾ ਰਿਹਾ? ਇਸ ਦਾ ਸਿੱਧਾ ਤੇ ਸਪਸ਼ਟ ਉੱਤਰ ਹੈ ਕਿ ਅਸੀਂ ਅਜੇ ਵੀ ਆਪਣੀ ਲੜਕੀ/ਪੁੱਤਰੀ ਨੂੰ ਧੀ ਕਹਿਣ ਨੂੰ ਤਿਆਰ ਨਹੀਂ। ਧੀ ਕਹਿਣ ਵਿਚ ਜਿਵੇਂ ਕੋਈ ਝਿਜਕ ਜਾਂ ਸੰਕੋਚ ਹੈ, ਕਿਉਂਕਿ ਅਜਿਹਾ ਕਰਨ ਨਾਲ ਸਾਨੂੰ ਹੀਣਤਾ ਮਹਿਸੂਸ ਹੁੰਦੀ ਹੈ। ਹੁਣ ਜੇ ਰਤਾ ਪਿੱਛੇ ਝਾਤ ਪਾ ਕੇ ਵੇਖੀਏ ਤਾਂ 50-60 ਸਾਲ ਪਹਿਲਾਂ ਵਾਲੇ ਲੋਕ ਲੜਕੀ ਨੂੰ ਧੀਏ, ਕੁੜੇ, ਬੀਬੀ (ਬੀਬਾ), ਕੰਨਿਆ ਜਾਂ ਦੁਖਤਰ ਕਹਿ ਕੇ ਸੰਬੋਧਨ ਕਰਦੇ ਸਨ। ਅੱਜ ਇਹ ਸਾਰੇ ਸ਼ਬਦ ਆਮ ਬੋਲਚਾਲ ਦੀ ਭਾਸ਼ਾ ਵਿਚੋਂ ਕਿਰਦੇ ਜਾ ਰਹੇ ਹਨ, ਕਿਉਂਕਿ ਅਸੀਂ ਇਨ੍ਹਾਂ ਦੀ ਵਰਤੋਂ ਘਟਾ ਦਿੱਤੀ ਹੈ ਜਾਂ ਬੰਦ ਕਰ ਦਿੱਤੀ ਹੈ।

ਵਿਰੋਧਾਭਾਸ ਇਹ ਹੈ ਕਿ ਅਜੋਕਾ ਪੰਜਾਬੀ ਮਨੁੱਖ ਇਨ੍ਹਾਂ ਸ਼ਬਦਾਂ ਤੋਂ ਭੈਅ ਖਾਂਦਾ ਹੈ। ਮੈਂ ਤਾਂ ਇਸ ਨੂੰ ਪੁਰਸ਼ ਪ੍ਰਧਾਨ ਸਮਾਜ ਵਾਲੀ ਮਾਨਸਿਕਤਾ ਹੀ ਸਮਝਦਾ ਹਾਂ। ਸਾਡੇ ਮਨਾਂ ਵਿਚ ਅੱਜ ਵੀ ਇਸਤਰੀ ਪ੍ਰਤੀ ਉਹ ਸਤਿਕਾਰ, ਆਦਰ ਮਾਣ ਜਾਂ ਪਿਆਰ ਨਹੀਂ ਜਿਸ ਦੀ ਉਹ ਹੱਕਦਾਰ ਹੈ। ਜੇ ਅਸੀਂ ਆਦਰ ਵੀ ਦੇਣਾ ਚਾਹੁੰਦੇ ਹਾਂ (ਭਾਵੇਂ ਓਪਰਾ ਓਪਰਾ ਹੀ ਸਹੀ) ਤਾਂ ਇਹ ਪੁੱਤਰ (ਬੇਟਾ) ਸੰਬੋਧਨ ਰਾਹੀਂ ਹੀ ਹੈ। ਕੁਝ ਲੋਕ ਇਹ ਕਹਿ ਸਕਦੇ ਹਨ ਕਿ ਬੇਟੇ/ਬੇਟਾ ਸ਼ਬਦ ਵਿਚੋਂ ਸ਼ਾਇਦ ਵਧੇਰੇ ਅਪਣੱਤ ਜਾਂ ਪਿਆਰ ਉਮਡਦਾ ਹੈ ਪਰ ਕੀ ਧੀਏ, ਕੁੜੀਏ, ਬੇਟੀਏ ਜਾਂ ਅੜੀਏ ਆਦਿ ਸ਼ਬਦਾਂ ਵਿਚ ਮੋਹ ਮਮਤਾ ਜਾਂ ਜਜ਼ਬਾਤ ਨਹੀਂ? ਇਹ ਸਾਰੇ ਮੋਹ ਭਿੱਜੇ ਬੋਲ ਹਨ ਪਰ ਅਜੋਕੇ ਪੜ੍ਹੇ-ਲਿਖੇ ਮਨੁੱਖ ਨੇ ਆਧੁਨਿਕਤਾ ਦੇ ਨਾਂ 'ਤੇ ਇਹ ਨਿਖੇੜ ਜਾਂ ਵਖਰੇਵਾਂ ਮਿਟਾ ਕੇ ਰੱਖ ਦਿੱਤਾ ਹੈ। ਇਥੇ ਹੀ ਬੱਸ ਨਹੀਂ, ਅਸੀਂ ਆਮ ਬੋਲਚਾਲ ਵਿਚ ਭਾਸ਼ਾ ਨਾਲ ਖਿਲਵਾੜ ਵੀ ਕਰਨਾ ਸ਼ੁਰੂ ਕੀਤਾ ਹੋਇਆ ਹੈ। ਪੰਜਾਬੀ ਵਿਆਕਰਨ ਦਾ ਸਰਲ ਜਿਹਾ ਨਿਯਮ ਹੈ ਕਿ ਜਿਹੜੇ ਸ਼ਬਦ ਈ/ਨੀ ਨਾਲ ਖ਼ਤਮ ਹੁੰਦੇ ਹਨ, ਉਨ੍ਹਾਂ ਨੂੰ ਅਸੀਂ ਇਸਤਰੀ ਲਿੰਗ ਮਿੱਥ ਲਿਆ ਹੈ ਜਿਵੇਂ ਕੁਰਸੀ, ਨਿਸ਼ਾਨੀ, ਰੋਟੀ, ਗਹਿਰਾਈ, ਪਿਟਾਈ, ਕੁਟਾਈ ਆਦਿ। ਇਨ੍ਹਾਂ ਸ਼ਬਦਾਂ ਨੂੰ ਜਦੋਂ ਅਸੀਂ ਵਾਕਾਂ ਵਿਚ ਵਰਤਦੇ ਹਾਂ ਤਾਂ ਕਿਰਿਆ ਇਸਤਰੀ ਸੂਚਕ ਹੁੰਦੀ ਹੈ ਜਿਵੇਂ ਇਹ



ਮੇਰੀ ਕੁਰਸੀ ਹੈ, ਉਸ ਨੇ ਕੋਈ ਨਿਸ਼ਾਨੀ ਰਹਿਣ ਹੀ ਨਹੀਂ ਦਿੱਤੀ, ਮੈਂ ਅਜੇ ਰੋਟੀ ਨਹੀਂ ਖਾਧੀ ਜਾਂ ਉਸ ਨੇ ਚੰਗੀ ਮਾਰ-ਕੁਟਾਈ ਕੀਤੀ ਆਦਿ। ਅਸੀਂ ਕੁੜੀਆਂ ਨੂੰ ਬੇਟੇ ਆਖਣ ਦੇ ਚਾਅ ਵਿਚ ਅਬੋਧ/ਅਭੋਲ ਬੱਚਿਆਂ ਦੀ ਭਾਸ਼ਾਈ ਯੋਗਤਾ ਵਿਚ ਵੀ ਵਿਗਾੜ ਪੈਦਾ ਕਰ ਰਹੇ ਹਾਂ। ਲੜਕੀਆਂ ਆਪਣੇ-ਆਪ ਨੂੰ ਲੜਕੇ ਸਮਝ ਕੇ ਪੁਰਸ਼ ਸੂਚਕ ਕਿਰਿਆਵਾਂ ਵਰਤਦੀਆਂ ਹਨ ਜਿਵੇਂ ਮੈਂ ਅੱਜ ਸਕੂਲੇ ਨਹੀਂ ਗਿਆ ਜਾਂ ਮੈਂ ਅਜੇ ਖੇਡ ਰਿਹਾ ਹਾਂ ਆਦਿ। ਭਾਸ਼ਾਈ ਵਿਗਾੜ ਤਾਂ ਇਹ ਹੈ ਹੀ, ਇਹ ਬੱਚੇ ਨੂੰ ਮਾਨਸਿਕ ਤੌਰ 'ਤੇ ਵੀ ਦੋਫਾੜ ਕਰਨ ਵਾਲੀ ਗੱਲ ਹੈ। ਕੁੜੀ ਨੂੰ ਮੁੰਡਾ ਹੋਣ ਦਾ ਝੂਠਾ ਅਹਿਸਾਸ ਕਰਾਇਆ ਜਾ ਰਿਹਾ ਹੈ। ਮੈਨੂੰ ਚੰਗੀ ਤਰ੍ਹਾਂ ਯਾਦ ਹੈ ਕਿ ਜਦ ਮੈਂ ਛੋਟਾ ਸੀ ਤਾਂ ਉਦੋਂ ਛੋਟੇ ਮੁੰਡਿਆਂ ਦੀਆਂ ਵੀ ਕਈ ਵਾਰੀ ਦੋ ਗੁੱਤਾਂ ਕਰ ਦਿੱਤੀਆਂ ਜਾਂਦੀਆਂ ਸਨ। ਮੇਰੇ ਆਪਣੇ ਕੋਲ ਵੀ ਅਜਿਹੀ ਫੋਟੋ ਸਾਂਭੀ ਪਈ ਹੈ। ਕੀ ਇਸ ਦਾ ਇਕ ਅਰਥ ਇਹ ਨਹੀਂ ਕਿ ਉਦੋਂ ਕੁੜੀ ਹੋਣਾ ਜਾਂ ਕੁੜੀ ਲਗਣਾ ਕੋਈ ਮਿਹਣਾ ਨਹੀਂ ਸੀ ਜਾਂ ਘੱਟੋ-ਘੱਟ ਕੁੜੀਆਂ ਪ੍ਰਤੀ ਤ੍ਰਿਸਕਾਰ ਦੀ ਭਾਵਨਾ ਨਹੀਂ ਸੀ। ਅੱਜ ਸਭ ਕੁਝ ਉਲਟਾ ਹੋਇਆ ਪਿਆ ਹੈ। ਫੈਸ਼ਨਪ੍ਰਸਤੀ ਜਾਂ ਪੱਛਮੀ ਪ੍ਰਭਾਵ ਆਪਣੀ ਥਾਂ ਠੀਕ ਹੋਵੇਗਾ ਪਰ ਕੁੜੀਆਂ ਵੱਲੋਂ ਮਰਦਾਵੇਂ ਕੱਪੜੇ ਪਾਉਣੇ ਕੀ ਹੀਣ ਭਾਵਨਾ ਵਿਚੋਂ ਨਿਕਲਣ ਦਾ ਖੋਖਲਾ ਉਪਰਾਲਾ ਤਾਂ ਨਹੀਂ? ਇਸਤਰੀਆਂ ਦੇ ਕੱਪੜਿਆਂ ਵਿਚ ਵਧੇਰੇ ਰੰਗ, ਸੋਖੀ, ਸੁਹਜ, ਦਿਲਕਸ਼ੀ ਅਤੇ ਆਕਰਸ਼ਣ ਹੁੰਦਾ ਹੈ ਪਰ ਉਹ ਮਰਦਾਵੇਂ ਕੱਪੜਿਆਂ ਨੂੰ ਤਰਜੀਹ ਦਿੰਦੀਆਂ ਹਨ ਤਾਂ ਕੀ ਇਹ ਕਿਧਰੇ ਉਨ੍ਹਾਂ ਦੇ ਅਵਚੇਤਨ ਵਿਚ ਵਸੀ ਹੀਣਭਾਵਨਾ ਤੋਂ ਛੁਟਕਾਰਾ ਪਾਉਣ ਦਾ ਯਤਨ ਮਾਤਰ ਤਾਂ ਨਹੀਂ?

ਅੱਜ ਕਲ੍ਹ ਚੱਲ ਰਹੀ ਵਿੱਦਿਅਕ ਪ੍ਰਣਾਲੀ ਵਿਚ ਉੱਚ ਡਿਗਰੀ ਹਾਸਲ ਕਰ ਕੇ ਕਿਸੇ ਮੁਕਾਮ ਉੱਪਰ ਪਹੁੰਚਣ ਲਈ ਜਿੰਨੇ ਸਾਲ ਮੁੰਡਿਆਂ ਨੂੰ ਲੱਗਦੇ ਹਨ, ਓਨੇ ਸਾਲ ਹੀ ਕੁੜੀਆਂ ਨੂੰ ਲਗਦੇ ਹਨ ਪਰ ਇਥੇ ਵੀ ਮੱਧਯੁਗੀ ਵਿਤਕਰੇ ਵਾਲੀ ਭਾਵਨਾ ਦਿਖਾਈ ਦੇ ਰਹੀ ਹੈ। ਲੜਕੇ ਦਾ ਉੱਚ ਵਿੱਦਿਆ ਹਾਸਲ ਕਰ ਕੇ ਕਿਸੇ ਚੰਗੀ ਨੌਕਰੀ ਉੱਪਰ ਖਲੋ ਜਾਣਾ, ਭਾਵੇਂ ਉਮਰ 30-35 ਜਾਂ ਇਸ ਤੋਂ ਵੀ ਉੱਪਰ ਦੀ ਹੋ ਜਾਵੇ, ਵਡਿਆਈ ਵਾਲੀ ਗੱਲ ਸਮਝੀ ਜਾਂਦੀ ਹੈ। ਸਾਰੇ ਉਸ ਨੂੰ ਆਦਰ ਭਾਵ ਨਾਲ ਵੇਖਦੇ ਹਨ ਪਰ ਕੁੜੀ ਓਨੀ ਵਿੱਦਿਆ ਲੈ ਕੇ ਮੁੰਡੇ ਜਿੰਨੀ ਉਮਰ ਵਾਲੀ ਹੋ ਕੇ ਕਿਸੇ ਚੰਗੇ ਰੁਤਬੇ ਉੱਪਰ ਪਹੁੰਚਦੀ ਹੈ ਤਾਂ ਉਸ ਦੀ ਉਮਰ ਵਧੇਰੇ ਹੋਣ ਦਾ ਤਾਅਨਾ ਦਿੱਤਾ ਜਾਂਦਾ ਹੈ। ਕੀ ਇਹ ਤਾਅਨਾ ਮੁੰਡੇ ਦੇ ਪ੍ਰਸੰਗ ਵਿਚ ਨਹੀਂ ਦਿੱਤਾ ਜਾ ਸਕਦਾ? ਵਿੱਦਿਅਕ ਯੋਗਤਾ ਦੀ ਚੱਲ ਰਹੀ ਬੇਕਦਰੀ ਦੇ ਯੁੱਗ ਵਿਚ 30-35 ਸਾਲ ਦੀ ਉਮਰ ਹੋ ਜਾਣਾ ਸੁਭਾਵਿਕ ਹੈ ਪਰ ਇਹੋ ਉਮਰ ਮੁੰਡੇ ਲਈ ਯੋਗਤਾ ਹੈ ਅਤੇ ਕੁੜੀ ਲਈ ਅਯੋਗਤਾ। ਅੱਜ ਵਿੰਡਬਨਾ ਇਹ ਹੈ ਕਿ ਨਾ ਸਿਰਫ ਕੁੜੀਆਂ ਦੀ ਪਾਸ ਪ੍ਰਤੀਸ਼ਤ ਜ਼ਿਆਦਾ ਹੈ, ਉਹ ਮੈਡਲ ਵੀ ਜ਼ਿਆਦਾ ਲੈ ਰਹੀਆਂ ਹਨ, ਨੌਕਰੀਆਂ ਵੀ ਵਧੇਰੇ ਹਾਸਲ ਕਰ ਰਹੀਆਂ ਹਨ ਪਰ ਕੀ ਸਾਡਾ ਪੰਜਾਬੀ ਸਮਾਜ ਉਨ੍ਹਾਂ ਪ੍ਰਤੀ ਸਾਕਾਰਾਤਮਕ ਰੁਖ਼ ਅਪਨਾਉਣ ਨੂੰ ਤਿਆਰ ਹੈ? ਕੀ ਇਕ ਚੰਗੀ ਪੜ੍ਹੀ-ਲਿਖੀ ਅਤੇ ਚੰਗੀ ਤਨਖਾਹ ਲੈ ਰਹੀ ਕੁੜੀ ਦੀ ਇਹ ਇੱਛਾ ਨਹੀਂ ਕਿ ਉਸ ਦਾ ਹੋਣ ਵਾਲਾ ਪਤੀ ਵੀ ਜੇ ਉਸ ਨਾਲੋਂ ਵਧੇਰੇ ਸਿੱਖਿਆ ਪ੍ਰਾਪਤ ਨਹੀਂ ਤਾਂ ਘੱਟੋ-ਘੱਟ ਉਸ ਦੇ ਬਰਾਬਰ ਤਾਂ ਹੋਣਾ ਹੀ ਚਾਹੀਦਾ ਹੈ? ਰਿਸ਼ਤਿਆਂ ਦੇ ਤਿੜਕਣ ਦੀ ਇਕ ਵਜ੍ਹਾ ਪਤੀ-ਪਤਨੀ ਵਿਚਕਾਰ ਵਿੱਦਿਅਕ ਅਤੇ ਰੁਤਬੇ ਦਾ ਪਾੜਾ ਵੀ ਹੈ ਅਤੇ ਚੱਲ ਰਹੇ ਦੌਰ ਵਿਚ ਇਹ ਪਾੜਾ ਘਟਣ ਦੀ ਬਜਾਏ ਵਧਦਾ ਹੀ ਜਾਏਗਾ।

ਪੰਜਾਬੀ ਸਮਾਜ ਲੱਖ ਦਾਅਵੇ ਕਰੇ, ਉਹ ਆਧੁਨਿਕ, ਤਰੱਕੀ-ਯਾਫਤਾ ਅਤੇ ਅਗਾਂਹਵਧੂ ਸੋਚ ਵਾਲਾ ਦਿਸੇ, ਹਕੀਕਤ ਇਹੋ ਹੈ ਕਿ ਮਾਨਸਿਕਤਾ ਅਤੇ ਸੋਚ ਵਿਚ ਅਜੇ ਵੀ ਮੱਧਕਾਲੀ ਸੰਸਕਾਰ ਅਤੇ ਮਾਨਤਾਵਾਂ ਪਈਆਂ ਹਨ। ਵਰਤਮਾਨ ਯੁੱਗ ਦਾ ਤਕਾਜ਼ਾ ਹੈ ਕਿ ਅਜਿਹੀ ਸੋਚ ਅਤੇ ਮਾਨਸਿਕਤਾ ਤੋਂ ਛੁਟਕਾਰਾ ਪਾਇਆ ਜਾਵੇ ਪਰ ਖਪਤਕਾਰੀ ਅਤੇ ਪੂੰਜੀ ਦੇ ਜਲਵੇ ਸਾਹਮਣੇ ਅਜਿਹਾ ਹੋ ਸਕੇਗਾ? ਇਹ ਪ੍ਰਸ਼ਨ ਮੇਰੇ ਹੀ ਨਹੀਂ, ਸਾਰੇ ਪੰਜਾਬੀ ਸਮਾਜ ਅੱਗੇ ਹਨ।

ਰਾਜਿੰਦਰ ਸਿੰਘ ਬੇਦੀ-6



ਗੁਰਬਚਨ ਸਿੰਘ ਭੁੱਲਰ
ਫੋਨ: 01191-11425-02364
bhullargs@gmail.com

# ਕਲਾ ਦੀ ਕੋਮਲਤਾ ਤੇ ਪੈਸੇ ਦੀ ਪੀਰੀ

*ਸਾਲ 2015 ਉਰਦੂ ਅਦਬ ਦੇ ਜ਼ਹੀਨ ਅਫਸਾਨਾਨਿਗਾਰ ਮਰਹੂਮ ਰਾਜਿੰਦਰ ਸਿੰਘ ਬੇਦੀ (1915-1984) ਦਾ ਸ਼ਤਾਬਦੀ ਸਾਲ ਹੈ। ਉਹ ਫ਼ਿਲਮ ਨਿਰਮਾਤਾ, ਨਿਰਦੇਸ਼ਕ, ਪਟਕਥਾ-ਲੇਖਕ ਅਤੇ ਸੰਵਾਦ-ਲੇਖਕ ਵੀ ਸਨ ਅਤੇ 20ਵੀਂ ਸਦੀ ਦੇ ਸਭ ਤੋਂ ਵੱਡੇ ਪ੍ਰਗਤੀਸ਼ੀਲ ਉਰਦੂ ਲਿਖਾਰੀਆਂ ਵਿੱਚੋਂ ਇੱਕ ਸਨ। ਉਨ੍ਹਾਂ ਦੇ ਨਾਵਲ 'ਏਕ ਚਾਦਰ ਮੈਲੀ ਸੀ' 'ਤੇ ਇਸੇ ਨਾਂ ਹੇਠ ਹਿੰਦੀ ਵਿਚ ਫਿਲਮ ਬਣੀ ਜਦੋਂਕਿ ਇਸੇ ਨਾਵਲ ਉਤੇ ਪਾਕਿਸਤਾਨ ਵਿਚ 'ਮੁਠੀ ਭਰ ਚਾਵਲ' ਨਾਂ ਹੇਠ ਫਿਲਮ ਬਣੀ। ਉਨ੍ਹਾਂ ਦੀਆਂ ਕਈ ਕਹਾਣੀਆਂ ਉਪਰ ਵੀ ਫਿਲਮਾਂ ਬਣੀਆਂ। ਉਨ੍ਹਾਂ ਨੂੰ ਆਪਣੀਆਂ ਕਿਰਤਾਂ ਉਤੇ ਬਹੁਤ ਸਾਰੇ ਇਨਾਮ ਵੀ ਮਿਲੇ। ਸ. ਬੇਦੀ ਨੇ ਜਿਸ ਵੀ ਖੇਤਰ ਵਿਚ ਕੰਮ ਕੀਤਾ, ਬਾਕਮਾਲ ਕੀਤਾ। ਪ੍ਰੌੜ੍ਹ ਪੰਜਾਬੀ ਕਹਾਣੀਕਾਰ ਗੁਰਬਚਨ ਸਿੰਘ ਭੁੱਲਰ ਦੀ ਲੋਕਯਾਨ ਦੇ ਨੱਕੜਦਾਦਾ ਦੇਵਿੰਦਰ ਸਤਿਆਰਥੀ ਬਾਰੇ ਇਕ ਲੰਮੀ ਲੇਖ ਲੜੀ ਇਨ੍ਹਾਂ ਕਾਲਮਾਂ ਵਿਚ ਹਾਲ ਹੀ ਵਿਚ ਛਾਪੀ ਗਈ ਸੀ, ਜਿਸ ਨੂੰ ਪਾਠਕਾਂ ਦਾ ਭਰਵਾਂ ਹੁੰਗਾਰਾ ਵੀ ਮਿਲਿਆ। ਭੁੱਲਰ ਸਾਹਿਬ ਨੇ ਆਪਣੀ ਇਸ ਲੇਖ ਲੜੀ ਵਿਚ ਮਰਹੂਮ ਸ. ਬੇਦੀ ਦੇ ਜੀਵਨ ਦੇ ਕੁਝ ਅਹਿਮ ਪਲ ਕਲਮਬੱਧ ਕੀਤੇ ਹਨ, ਜੋ ਪਾਠਕਾਂ ਦੀ ਨਜ਼ਰ ਹਨ। -ਸੰਪਾਦਕ*

ਅਣਜਾਣ ਕੁੜੀ ਨੇ ਬੱਚੀ ਨਾ ਹੋਣ ਦਾ ਦਾਅਵਾ ਕੀਤਾ ਅਤੇ ਬੇਦੀ ਜੀ ਕੋਲ ਉਹਦਾ ਇਹ ਦਾਅਵਾ ਸਬੂਤ ਦੇਖਦਿਆਂ ਰੱਦ ਕਰਨ ਦਾ ਕੋਈ ਆਧਾਰ ਜਾਂ ਬਹਾਨਾ ਨਹੀਂ ਸੀ। ਤਾਂ ਵੀ ਸੱਚ ਤਾਂ ਉਹੋ ਹੀ ਸੀ ਜੋ ਹੋਸ਼ਾਂ ਨਾਲੋਂ ਚੰਗੀ ਮਸਤੀ ਦੀ ਅਵਸਥਾ ਵਿਚ ਪਰਵੇਸ਼ ਕਰਨ ਤੋਂ ਪਹਿਲਾਂ ਹੋਸ਼ਮੰਦ ਬੇਦੀ ਜੀ ਨੇ ਕੁੜੀ ਨੂੰ ਦੱਸਿਆ ਸੀ। ਉਹ ਇਨ੍ਹਾਂ ਦੇ ਸਾਹਮਣੇ ਬੱਚੀ ਹੀ ਸੀ, ਇਨ੍ਹਾਂ ਨਾਲੋਂ ਇਕ-ਤਿਹਾਈ ਉਮਰ ਦੀ। ਸਮਾਂ ਪਾ ਕੇ ਇਸ ਸੱਚ ਦਾ ਇਕ ਵੱਡੀ ਹਸਤੀ ਲਈ ਸ਼ਰਧਾ ਜਿਹੀ ਭਾਵੁਕਤਾ ਵਿਚੋਂ ਉਪਜੇ ਪਿਆਰ ਉਤੇ ਭਾਰੂ ਹੋਣਾ ਕੁਦਰਤੀ ਸੀ। ਇਹਤੋਂ ਉਪਰੰਤ, ਜਾਪਦਾ ਇਹ ਹੈ ਕਿ ਬੇਦੀ ਵਰਗੇ ਫ਼ਿਲਮੀ ਸਮਰਾਟ ਨਾਲ ਇਹ ਪਿਆਰ ਉਸ ਨੂੰ ਜਗਮਗਾਹਟ ਅਤੇ ਚਕਾਚੌਂਧ ਨਾਲ ਭਰਪੂਰ ਫ਼ਿਲਮੀ ਸੰਸਾਰ ਵਿਚ ਪੱਕੇ ਪੈਰੀਂ ਪਰਵੇਸ਼ ਕਰਨ ਦਾ ਵਸੀਲਾ ਵੀ ਦਿੱਸਿਆ ਹੋਵੇਗਾ। ਇਨ੍ਹਾਂ ਨੇ ਉਹਨੂੰ ਫ਼ਿਲਮ 'ਆਂਖਨ ਦੇਖੀ' ਦੀ ਨਾਇਕਾ ਤਾਂ ਬਣਾ ਦਿੱਤਾ ਅਤੇ ਫ਼ਿਲਮੀ ਪੱਤਰਾਂ ਵਿਚ ਉਹਦੀ ਚਰਚਾ ਵੀ ਹੋਣ ਲੱਗੀ, ਪਰ ਆਖ਼ਰ ਨੂੰ ਜਾਂ ਤਾਂ ਫ਼ਿਲਮ ਪੂਰੀ ਹੀ ਨਾ ਹੋ ਸਕੀ, ਜੇ ਪੂਰੀ ਹੋ ਵੀ ਗਈ ਹੋਵੇਗੀ, ਰਿਲੀਜ਼ ਨਾ ਹੋ ਸਕੀ।

ਰਿਸ਼ਤਾ ਸਵੈ-ਹਿਤ ਉਤੇ ਆਧਾਰਿਤ ਹੋਵੇ ਤਾਂ ਕੋਈ ਕਿੰਨਾ ਕੁ ਚਿਰ ਹਿਤੈਸ਼ੀ ਹੋਣ ਦਾ ਦਾਅਵਾ ਕਰ ਸਕਦਾ ਹੈ। ਤਥਾ-ਕਥਿਤ 'ਥੋੜ੍ਹਾ ਜਿਹਾ ਇਸ਼ਕ' ਗਿਲਿਆਂ-ਸ਼ਿਕਵਿਆਂ ਵਿਚ ਵਟਦਿਆਂ ਤਕਰਾਰਾਂ ਦਾ ਰੂਪ ਧਾਰ ਗਿਆ। ਅਜਿਹੀ ਹੀ ਇਕ ਚੰਦਰੀ ਘੜੀ ਸੀ ਜਦੋਂ ਉਹ ਉਸ ਕੁੜੀ ਦੇ ਸਾਹਮਣੇ ਦਫ਼ਤਰ ਦੀ ਕੁਰਸੀ ਉਤੇ ਬੈਠੇ ਹੋਏ ਹੀ ਇਕ ਪਾਸੇ ਨੂੰ ਲੁੜ੍ਹਕ ਗਏ। ਇਹੋ ਅਧਰੰਗ ਦਾ ਉਹ ਦੌਰਾ ਸੀ ਜੋ ਅੰਤ ਨੂੰ ਜਾਨ-ਲੇਵਾ ਸਿੱਧ ਹੋਇਆ।

ਉਨ੍ਹਾਂ ਦੇ ਮਾਨਸਿਕ ਤਣਾਉ ਦਾ ਇਕ ਹੋਰ ਕਾਰਨ ਜੇਠੇ ਪੁੱਤਰ ਨਰਿੰਦਰ ਬੇਦੀ ਨਾਲ ਉਨ੍ਹਾਂ ਦਾ ਗੁੱਸਾ-ਗਿਲਾ ਸੀ। ਉਹ ਖਾਸਾ ਸਫਲ ਫ਼ਿਲਮ-ਨਿਰਦੇਸ਼ਕ ਬਣ ਗਿਆ ਸੀ, ਤੇ ਉਹਦੀ ਇਸ ਸਫਲਤਾ ਵਿਚ ਸਭ ਤੋਂ ਵੱਡਾ ਹੱਥ ਉਹਦੇ ਇਸ ਅਸੂਲ ਦਾ ਸੀ ਕਿ ਪੈਸਾ ਕਮਾਉਣ ਤੋਂ ਬਿਨਾਂ ਬੰਦੇ ਦਾ ਕੋਈ ਅਸੂਲ ਨਹੀਂ ਹੋਣਾ ਚਾਹੀਦਾ ਅਤੇ ਕਲਾ, ਸਭਿਆਚਾਰ ਆਦਿ ਐਵੇਂ ਵਾਧੂ ਸ਼ਬਦ ਹਨ। ਬੇਦੀ ਸਾਹਿਬ ਦੀ ਇੱਛਾ ਹੁੰਦੀ ਸੀ ਕਿ ਉਨ੍ਹਾਂ ਨੇ ਫ਼ਿਲਮ ਨੂੰ ਧਿਆਨ ਵਿਚ ਰੱਖੇ ਬਿਨਾਂ ਜੋ ਕੁਝ ਆਪਣੇ ਮਿਆਰ ਅਨੁਸਾਰ ਲਿਖਿਆ ਹੈ, ਉਸ ਨੂੰ ਫ਼ਿਲਮੀ ਪਰਦੇ ਉਤੇ ਉਸੇ ਕਲਾਤਮਕ ਰੂਪ ਵਿਚ ਸਾਕਾਰ ਕੀਤਾ ਜਾਵੇ। ਪਾੜਾ ਬਹੁਤ ਵੱਡਾ ਸੀ। ਕਿਥੇ ਪਿਤਾ ਦੇ ਸਾਹਿਤ-ਸਭਿਆਚਾਰ ਦੀ ਠਰ੍ਹੰਮੇ-ਭਰੀ ਕਲਾਤਮਕ ਚਾਲ ਅਤੇ ਕਿਥੇ ਪੁੱਤਰ ਦੇ ਮਾਇਆ-ਮਹੱਤਵ ਦਾ ਮੂੰਹ-ਜ਼ੋਰ ਵੇਗ। ਪਿਤਾ ਸਮਝਦੇ ਸਨ, ਪੁੱਤਰ ਨੂੰ ਮਾਇਆ ਦੀ ਅੰਨ੍ਹੀ ਰਫ਼ਤਾਰ ਤੋਂ ਵਰਜ ਕੇ ਅਤੇ ਸਬਰ ਸਿੱਖਾ ਕੇ ਸਿਧੇ ਰਾਹ ਉਤੇ ਲਿਆਉਂਦਿਆਂ ਸੂਝਵਾਨਾਂ ਵਾਂਗ ਧੀਰਜ ਨਾਲ ਤੁਰਨਾ ਸਿੱਖਾਇਆ ਜਾਵੇ। ਪੁੱਤਰ ਸਮਝਦਾ ਸੀ, ਪਿਤਾ ਨੂੰ ਚੋਭਾਂ ਲਾ ਕੇ ਅਤੇ ਕਲਾ ਦੀ ਜ਼ੰਜੀਰ ਤੁੜਵਾ ਕੇ ਸਿੱਧੇ ਰਾਹ ਉਤੇ ਲਿਆਉਂਦਿਆਂ ਜ਼ਮਾਨੇ ਅਨੁਸਾਰ ਤੇਜ਼ ਚਾਲ ਚੱਲਣਾ ਸਿੱਖਾਇਆ ਜਾਵੇ। ਪਿਤਾ ਕਲਾਵੰਤ ਫ਼ਿਲਮ ਬਣਾਉਂਦੇ ਤੇ ਉਹ ਟਿਕਟ-ਖਿੜਕੀ 'ਤੇ ਅਸਫਲ ਹੋ ਜਾਂਦੀ ਤਾਂ ਪੁੱਤਰ ਪੁੱਛਦਾ, ਕੀ ਖੱਟਿਆ ਸਿਵਾਏ ਕਥਿਤ ਕਲਾ ਅਤੇ ਪ੍ਰਤੱਖ ਪਰੇਸ਼ਾਨੀ ਤੋਂ? ਪੁੱਤਰ ਵਣਜੀ ਫ਼ਿਲਮ ਬਣਾਉਂਦਾ ਅਤੇ ਉਹ ਟਿਕਟ-ਖਿੜਕੀ ਉਤੇ ਸਫਲ ਹੋ ਜਾਂਦੀ, ਤਾਂ ਪਿਤਾ ਪੁੱਛਦੇ, ਕੀ ਖੱਟਿਆ ਸਿਵਾਏ ਪੈਸੇ, ਪੈਸੇ ਅਤੇ ਹੋਰ ਪੈਸੇ ਤੋਂ? ਕਈ ਵਾਰ ਪਿਤਾ ਦੀ ਕਲਾ ਨੂੰ ਪੁੱਤਰ ਦੀ ਕਲਾਹ ਅੱਗੇ ਚੁੱਪ, ਸਗੋਂ ਨਿਰੁੱਤਰ ਹੋਣਾ ਪੈਂਦਾ। ਇਕ ਸਫ਼ਰ ਸਮੇਂ ਅਜਿਹਾ ਹੀ ਹੋਇਆ।

ਗੱਲ ਇਉਂ ਹੋਈ ਕਿ ਪਿਉ-ਪੁੱਤਰ ਕਾਰ ਰਾਹੀਂ ਬੰਬਈਓਂ ਬਾਹਰ ਜਾ ਰਹੇ ਸਨ ਅਤੇ ਕਾਰ ਨੂੰ ਚਲਾ ਪੁੱਤਰ ਰਿਹਾ ਸੀ। ਪੁੱਤਰ ਰਫ਼ਤਾਰ ਦੀ ਸੂਈ ਨੂੰ ਉਤਾਂਹ ਨੂੰ ਚਾੜ੍ਹਦਾ ਤਾਂ ਪਿਤਾ ਰੋਕ ਦਿੰਦੇ, "ਧੀਰਜ ਨਾਲ, ਕਾਕਾ, ਧੀਰਜ ਨਾਲ।" ਉਹ ਕੁਝ ਪਲ ਰਫ਼ਤਾਰ ਮੱਠੀ ਕਰ ਲੈਂਦਾ, ਪਰ ਆਦਤ-ਵੱਸ ਸੂਈ ਫੇਰ ਉਤਾਂਹ ਚੜ੍ਹ ਜਾਂਦੀ। ਕਈ ਵਾਰ ਇਸੇ ਤਰ੍ਹਾਂ ਹੋਇਆ। ਤੇ ਫੇਰ ਸੜਕ ਪਾਰ ਕਰਦਾ ਹੋਇਆ ਇਕ ਜਾਨਵਰ ਕਾਰ ਹੇਠ ਆ ਕੇ ਮਰ ਗਿਆ। ਪਿਤਾ ਨੇ ਉਸ ਬੇਦੋਸ਼ ਦੀ ਅਣਆਈ ਮੌਤ ਦਾ ਸੋਗ ਮਨਾਉਂਦਿਆਂ ਕਿਹਾ, "ਕਾਕਾ, ਕਾਕਾ! ਮੈਂ ਤੈਨੂੰ ਕਹਿੰਦਾ ਰਿਹਾ, ਰਫ਼ਤਾਰ ਹੌਲੀ ਰੱਖ, ਤਾਂ ਜੋ ਕਾਰ ਕਾਬੂ ਵਿਚ ਰਹੇ।" ਪੁੱਤਰ ਨੇ ਮੂੰਹ ਪਾੜਿਆ, "ਇਸ ਜਾਨਵਰ ਨੂੰ ਤੁਸੀਂ 'ਧੀਰਜ... ਧੀਰਜ ...ਕਰ ਕੇ ਮਰਵਾਇਆ। ਜੇ ਤੁਸੀਂ ਮੈਨੂੰ ਮੇਰੀ ਆਪਣੀ ਰਫ਼ਤਾਰ ਵਿਚ ਚੱਲਣ ਦਿੰਦੇ ਤਾਂ ਜਦੋਂ ਇਹ ਇਥੇ ਸੜਕ ਪਾਰ ਕਰ ਰਿਹਾ ਸੀ, ਆਪਣੀ ਕਾਰ ਤਾਂ ਇਥੋਂ ਸੌ ਮੀਲ ਅੱਗੇ ਲੰਘ ਚੁੱਕੀ ਹੁੰਦੀ ਅਤੇ ਇਹ ਵਿਚਾਰਾ ਖ਼ੈਰ-ਮਿਹਰ ਨਾਲ ਸੜਕ ਪਾਰ ਕਰ ਲੈਂਦਾ।" ਪਿਤਾ ਕੋਲ ਪੁੱਤਰ ਦੀ ਇਸ ਗੱਲ ਦਾ ਕੋਈ ਉਤਰ ਨਹੀਂ ਸੀ, ਤੇ ਮਾੜੀ ਗੱਲ ਇਹ ਵੀ ਸੀ ਕਿ ਅਜਿਹੇ ਤਕਰਾਰੀ ਮੌਕਿਆਂ ਉਤੇ ਬੇਦੀ ਸਾਹਿਬ ਵਿਰੁਧ ਮੋਰਚਾਬੰਦੀ ਵਿਚ ਇਨ੍ਹਾਂ ਦੀ ਪਤਨੀ ਡਟ ਕੇ ਪੁੱਤਰ ਦਾ ਸਾਥ ਦਿੰਦੀ ਸੀ।

ਨਰਿੰਦਰ, ਜੇ ਅਤੇ ਜਦੋਂ ਲੋੜ ਪੈਂਦੀ, ਬੇਦੀ ਜੀ ਦਾ ਪੁੱਤਰ ਹੋਣ ਦੇ ਤੱਥ ਦਾ ਲਾਭ ਤਾਂ ਲੈ ਲੈਂਦਾ ਸੀ, ਪਰ ਪੁੱਤਰ ਵਲੋਂ ਪਿਤਾ ਲਈ ਸ਼ੋਭਦਾ ਸਤਿਕਾਰ ਦੇਣ ਵਾਸਤੇ ਤਿਆਰ ਨਹੀਂ ਸੀ। ਉਹ ਬੇਦੀ ਨੂੰ ਮਿਲਣ ਵਾਲੇ ਪੁਰਸਕਾਰਾਂ ਦਾ ਮਖ਼ੌਲ ਉਡਾਉਂਦਾ ਜੋ ਆਪਣੇ ਨਾਲ ਮਾਇਆ ਨਹੀਂ ਸਨ ਲਿਆ ਸਕਦੇ। ਉਹ ਬੇਦੀ ਵੱਲੋਂ ਅਪਣਾਈਆਂ ਹੋਈਆਂ ਕਦਰਾਂ-ਕੀਮਤਾਂ ਦਾ ਮਖ਼ੌਲ ਉਡਾਉਂਦਾ ਜੋ ਐਸ਼ੋ-ਇਸ਼ਰਤ ਅਤੇ ਸੁਖ-ਸਹੂਲਤ ਦੇ ਵਸੀਲਿਆਂ ਵਿਚ ਨਹੀਂ ਸਨ ਪਲਟ ਸਕਦੀਆਂ।

ਇਕ ਪ੍ਰੈਸ ਕਾਨਫ਼ਰੰਸ ਵਿਚ ਕਿਸੇ ਨੇ ਬੇਦੀ ਜੀ ਦੀ ਪ੍ਰਤਿਭਾ ਦੀ ਵਡਿਆਈ ਕਰ ਕੇ ਪੁੱਤਰ ਦੀ ਕਲਾ ਉਤੇ ਪਿਤਾ ਦੇ ਪ੍ਰਭਾਵ ਬਾਰੇ ਸਵਾਲ ਕਰ ਦਿੱਤਾ ਤਾਂ ਉਹਨੇ ਪਿਤਾ ਦੇ ਪ੍ਰਭਾਵ ਤੋਂ ਇਨਕਾਰੀ ਹੁੰਦਿਆਂ ਉਹਦੇ ਲਈ ਸ਼ਬਦ ਬਾਸਟਰਡ ਵਰਤ ਦਿੱਤਾ। ਬੇਦੀ ਨੂੰ ਪਤਾ ਲੱਗਿਆ ਤਾਂ ਬੇਹੱਦ ਪਰੇਸ਼ਾਨ ਹੋਏ। ਨਰਿੰਦਰ ਦਾ ਅਗਲਾ ਜਨਮ ਦਿਨ ਆਇਆ ਤਾਂ ਬੇਦੀ ਨੂੰ ਬੁਲਾਇਆ ਨਾ ਗਿਆ। ਪਰ ਪੁੱਤਰ ਦੇ ਜਨਮ-ਦਿਨ ਦੇ ਉਤਸਵ ਵਿਚ ਜਾਣ ਲਈ ਪਿਤਾ ਨੂੰ ਭਲਾ ਸੱਦੇ ਦੀ ਕੀ ਲੋੜ। ਬੇਦੀ ਸਾਹਿਬ ਉਠੇ, ਤਿਆਰ ਹੋਏ ਅਤੇ ਬਿਨਾਂ-ਬੁਲਾਏ ਚਲੇ ਗਏ। ਚੜ੍ਹਦੇ ਸੂਰਜ ਨੂੰ ਸਲਾਮ ਕਰਨ ਵਾਲੇ ਫ਼ਿਲਮੀ ਸੰਸਾਰ ਦੀ ਰੀਤ ਅਨੁਸਾਰ ਉਥੇ ਨਿਰਮਾਤਾਵਾਂ, ਅਭਿਨੇਤਾਵਾਂ, ਅਭਿਨੇਤਰੀਆਂ, ਚਾਪਲੂਸਾਂ ਆਦਿ ਦੀਆਂ ਕਾਰਾਂ ਦੀ ਅਥਾਹ ਭੀੜ ਲੱਗੀ ਹੋਈ ਸੀ। ਪਰ ਅਸਲ ਨਿਰਣਾ ਤਾਂ ਸਮੇਂ ਦੇ ਹੱਥ ਹੁੰਦਾ ਹੈ। ਅੱਜ ਸਾਹਿਤ ਦੇ ਇਤਿਹਾਸ ਵਿਚ ਅਤੇ ਫ਼ਿਲਮਾਂ ਦੇ ਇਤਿਹਾਸ ਵਿਚ ਸੁਨਹਿਰੀ ਅੱਖਰਾਂ ਵਿਚ ਲਿਖਿਆ ਬੇਦੀ ਦਾ ਨਾਂ ਲਿਸ਼ਕ-ਚਮਕ ਰਿਹਾ ਹੈ ਜਦੋਂ ਕਿ ਨਰਿੰਦਰ ਬੇਦੀ ਦਾ ਨਾਂ ਜ਼ੋਰ ਲਾ ਕੇ ਲੱਭਿਆਂ ਕਿਸੇ ਫੁੱਟ-ਨੋਟ ਵਿਚ ਭਾਵੇਂ ਮਿਲ ਜਾਵੇ।

ਪਰਿਵਾਰ ਵਿਚ ਨੂੰਹ ਤੋਂ ਇਲਾਵਾ ਸਕੇ-ਸਬੰਧੀਆਂ ਵਿਚ ਉਨ੍ਹਾਂ ਦੇ ਕਦਰਦਾਨ ਦੋਵੇਂ ਭਾਈ, ਇਕ ਫੌਜੀ ਜੁਆਈ ਅਤੇ ਉਨ੍ਹਾਂ ਦੀ ਦਿੱਲੀ ਵਿਚ ਵਿਆਹੀ ਹੋਈ ਭੈਣ ਰਾਜ ਦੁਲਾਰੀ ਦੀ ਨੂੰਹ ਇੰਦਰਜੀਤ ਸਨ। ਦਿੱਲੀ ਆਏ ਉਹ ਇੰਦਰਜੀਤ ਨੂੰ ਜ਼ਰੂਰ ਮਿਲਦੇ ਅਤੇ ਇਹ ਪੁੱਛਣਾ ਵੀ ਨਾ ਭੁਲਦੇ ਕਿ ਤੂੰ ਏਨੀ ਸਿਆਣੀ ਹੋ ਕੇ ਮੇਰੇ ਇਸ ਭਾਣਜੇ ਰਵੀ ਉਰਫ਼ ਰੱਦੀ ਨਾਲ ਵਿਆਹ ਕਿਉਂ ਕਰਵਾ ਲਿਆ! ਉਨ੍ਹਾਂ ਦਾ ਇਹ ਸਵਾਲ, ਸ਼ਾਇਦ, ਮਨੁੱਖੀ ਮਨ ਦੀ ਸੂਖਮ ਸਮਝ ਵਿਚੋਂ ਨਿਕਲਦਾ ਸੀ, ਕਿਉਂਕਿ ਇਹ ਕੁਜੋੜ ਕੁਝ ਸਾਲ ਤਾਂ ਰੁੜ੍ਹਦਾ-ਘਿਸੜਦਾ ਰਿਹਾ, ਪਰ ਦੋ ਪੁੱਤਰਾਂ ਦੀ ਜੋੜਵੀਂ ਤੰਦ ਦੇ ਬਾਵਜੂਦ ਅੰਤ ਨੂੰ ਟੁੱਟ ਕੇ ਹੀ ਰਿਹਾ।

ਸਕੇ-ਸਬੰਧੀਆਂ ਤੋਂ ਬਾਹਰਲੇ ਘੇਰੇ ਵਿਚ ਤਾਂ ਬੇਦੀ ਜੀ ਦੇ ਬੱਸ ਪ੍ਰਸ਼ੰਸਕ ਅਤੇ ਕਦਰਦਾਨ ਹੀ ਸਨ। ਉਨ੍ਹਾਂ ਦੀ ਯੂਨਿਟ ਦੇ ਸਾਰੇ ਮੈਂਬਰ, ਲੇਖਕ ਅਤੇ ਫ਼ਿਲਮਾਂ ਦੇ ਵੱਖ-ਵੱਖ ਖੇਤਰਾਂ ਨਾਲ ਜੁੜੇ ਹੋਏ ਲੋਕ। ਤੇ ਉਹ ਪਨਵਾੜੀ ਜੋ ਉਨ੍ਹਾਂ ਦੀ ਉਡੀਕ ਵਿਚ ਰਾਤ ਦੇ ਦੋ ਦੋ ਵਜੇ ਤੱਕ ਦੁਕਾਨ ਖੁੱਲ੍ਹੀ ਰਖਦਾ ਕਿਉਂਕਿ ਉਹ ਹੋਰ ਕਿਸੇ ਤੋਂ ਪਾਨ ਨਹੀਂ ਸਨ ਲੈਂਦੇ ਅਤੇ ਇਨ੍ਹਾਂ ਨੂੰ ਆਉਂਦੇ ਦੇਖ ਕੇ ਵਿਸ਼ੇਸ਼ ਤੌਰ ਉਤੇ ਤਿਆਰ ਕੀਤੇ ਬੀੜਿਆਂ ਦਾ ਪੁੜਾ ਅਦਬ ਨਾਲ ਇਨ੍ਹਾਂ ਦੇ ਹਵਾਲੇ ਕਰ ਕੇ ਦੁਕਾਨ ਵੱਡੀ ਕਰਨ ਲਗਦਾ। ਅਸਲ ਵਿਚ ਬੇਦੀ ਦਾ ਨਾਂ ਤਾਂ ਇਕ ਅਜਿਹਾ ਖਰਾ ਸਿੱਕਾ ਸੀ ਜੋ ਦੇਸ ਦੀਆਂ ਹੱਦਾਂ ਤੋਂ ਬਾਹਰ ਵੀ ਚਲਦਾ ਸੀ। ਇਕ ਵਾਰ ਪਾਕਿਸਤਾਨ ਵਿਚ ਕਈ ਦਿਨ ਗੁਜ਼ਾਰ ਆ ਕੇ ਆਈ ਬੇਦੀ ਦੀ ਵਾਕਫ਼ ਇਕ ਔਰਤ ਨੇ ਹੈਰਾਨ ਹੋ ਕੇ ਇਨ੍ਹਾਂ ਨੂੰ ਦੱਸਿਆ ਸੀ ਕਿ ਜਦੋਂ ਇਕ ਅਦਬੀ ਮਹਿਫ਼ਲ ਵਿਚ ਤੁਹਾਡੇ ਬਾਰੇ ਪੁੱਛੇ ਜਾਣ ਉਤੇ ਮੈਂ ਆਪਣੇ ਆਪ ਨੂੰ ਤੁਹਾਡੀ ਭੈਣ ਕਹਿ ਦਿੱਤਾ, ਫੇਰ ਬਾਕੀ ਦੇ ਸਾਰੇ ਦਿਨ ਮੇਰੀ ਸਾਂਭ-ਸੰਭਾਲ ਅਤੇ ਖ਼ਾਤਰਦਾਰੀ ਦੀ ਕੋਈ ਚਾਹਨਾ ਅਜਿਹੀ ਨਹੀਂ ਸੀ ਜੋ ਬਿਨਾਂ ਆਖਿਆਂ ਹੀ ਪੂਰੀ ਨਾ ਹੋਈ ਹੋਵੇ।

ਜਿੰਨੀ ਪ੍ਰਸਿੱਧੀ ਉਨ੍ਹਾਂ ਨੇ ਫ਼ਿਲਮ ਨਿਰਮਾਤਾ ਅਤੇ ਫ਼ਿਲਮ ਨਿਰਦੇਸ਼ਕ ਵਜੋਂ ਖੱਟੀ, ਉਸ ਨਾਲੋਂ ਵੱਧ ਪਟਕਥਾ-ਲੇਖਕ ਅਤੇ ਸੰਵਾਦ-ਲੇਖਕ ਵਜੋਂ ਖੱਟੀ। ਸੰਵਾਦ-ਲੇਖਕ ਵਜੋਂ ਤਾਂ ਉਨ੍ਹਾਂ ਦੀ ਕਲਮ ਦਾ ਕਮਾਲ ਖ਼ਾਸ ਕਰਕੇ ਸਭ ਮੰਨਦੇ ਸਨ। ਜਦੋਂ ਮੈਂ ਇਹ ਲੇਖ ਲਿਖ ਰਿਹਾ ਸੀ, ਜਾਵੇਦ ਅਖ਼ਤਰ, ਜਿਨ੍ਹਾਂ ਨੇ ਸ਼ਾਇਰ ਹੋਣ ਦੇ ਨਾਲ-ਨਾਲ ਫ਼ਿਲਮੀ ਲੇਖਕ ਵਜੋਂ ਵੀ ਸਫ਼ਲਤਾ ਦੀਆਂ ਸਿਖ਼ਰਾਂ ਛੋਹੀਆਂ ਹਨ, ਇਕ ਟੀਵੀ ਪ੍ਰੋਗਰਾਮ ਵਿਚ ਬੇਦੀ ਜੀ ਦੇ ਪ੍ਰਸੰਗ ਵਿਚ ਕਹਿ ਰਹੇ ਸਨ ਕਿ ਫ਼ਿਲਮੀ ਸੰਵਾਦ ਲਿਖਣ ਸਮੇਂ ਕਠਿਨਾਈ ਇਹ ਆਉਂਦੀ ਹੈ ਕਿ ਜੇ ਪਾਤਰਾਂ ਦੇ ਮੂੰਹੋਂ ਸੁਭਾਵਿਕ ਗੱਲਬਾਤ ਬੁਲਵਾਈ ਜਾਵੇ, ਉਹ ਨਾਟਕੀਅਤਾ ਦੀ ਅਣਹੋਂਦ ਕਾਰਨ ਨੀਰਸ ਰਹਿ ਜਾਂਦੀ ਹੈ ਅਤੇ ਜੇ ਉਸ ਵਿਚ ਨਾਟਕੀਅਤਾ ਭਰੀ ਜਾਵੇ, ਉਹ ਪਾਤਰਾਂ ਦੇ ਮੂੰਹੋਂ ਅਸੁਭਾਵਿਕ ਲਗਦੀ ਹੈ, ਪਰ ਬੇਦੀ ਜੀ ਸੰਵਾਦ ਵਿਚ ਸੁਭਾਵਿਕਤਾ ਅਤੇ ਨਾਟਕੀਅਤਾ ਦਾ ਸੁਮੇਲ ਅਤੇ ਸੰਤੁਲਨ ਪੈਦਾ ਕਰਨ ਦੀ ਕਲਾ ਦੇ ਨਿਪੁੰਨ ਸਨ।

# ਔਰੰਗਜ਼ੇਬ ਰੋਡ ਬਨਾਮ ਅਬਦੁਲ ਕਲਾਮ ਰੋਡ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਨਵੀਂ ਦਿੱਲੀ ਦੀ ਔਰੰਗਜ਼ੇਬ ਰੋਡ ਦਾ ਨਾਂ ਡਾ. ਏ ਪੀ ਜੇ ਅਬਦੁਲ ਕਲਾਮ ਰੋਡ ਰੱਖਿਆ ਗਿਆ ਹੈ। ਇਸ ਕਰਮ ਨੇ ਭਾਰਤ ਦੇ ਰਾਸ਼ਟਰਪਤੀ ਰਹਿ ਚੁੱਕੇ ਮਹਾਂ ਵਿਗਿਆਨੀ ਦੀ ਥਾਂ ਤਿੰਨ ਸਦੀਆਂ ਪਹਿਲਾਂ ਸਪੁਰਦ-ਏ-ਖਾਕ ਹੋਏ ਸ਼ਕਤੀਸ਼ਾਲੀ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਨੂੰ ਉਭਾਰਨ ਦਾ ਕੰਮ ਕੀਤਾ ਹੈ। ਮਲੇਰਕੋਟਲਾ ਤੋਂ ਛਪਦੇ 'ਫਰਾਨ' ਨਾਂ ਦੇ ਪਰਚੇ ਵਿਚ ਉਤਰ ਪ੍ਰਦੇਸ਼ ਦੇ ਮੁਹੰਮਦ ਸਾਕਬ ਨੇ ਉਸ ਦੀ ਸ਼ਖ਼ਸੀਅਤ ਦੇ ਕੁਝ ਖ਼ੂਬਸੂਰਤ ਪੱਖਾਂ ਉਤੇ ਚਾਨਣਾ ਪਾਇਆ ਹੈ। ਉਸ ਦੇ ਲਿਖਣ ਅਨੁਸਾਰ ਮੁਗ਼ਲ ਬਾਦਸ਼ਾਹ ਦੀ ਸ਼ਖ਼ਸੀਅਤ ਸੜਕਨਾਮਿਆਂ ਦੀ ਮੁਥਾਜ ਨਹੀਂ। ਉਹ ਅਪਣੇ ਜੀਵਨ ਦੇ ਨਿਰਬਾਹ ਲਈ ਸ਼ਾਹੀ ਖਜ਼ਾਨੇ ਉਤੇ ਭਾਰੂ ਹੋਣ ਦੀ ਥਾਂ ਕੁਰਾਨ ਲਿਖਣ ਤੇ ਟੋਪੀਆਂ ਸਿਉਣ ਤੋਂ ਮਿਲੀ ਰਾਸ਼ੀ ਨਾਲ ਗੁਜ਼ਾਰਾ ਕਰਦਾ ਸੀ। ਇੱਕ ਸੱਚਾ ਮੁਸਲਮਾਨ ਹੋਣ ਦੇ ਨਾਤੇ ਉਸ ਨੇ ਅਪਣੇ ਐਸ਼ਪ੍ਰਸਤ ਪਿਤਾ ਨੂੰ ਕੈਦ ਕਰਕੇ ਅਤੇ ਉਸ ਦੇ ਪੈਰ ਚਿਨ੍ਹਾਂ ਤੇ ਚਲਣ ਵਾਲੇ ਭਰਾਵਾਂ ਨੂੰ ਕਤਲ ਕਰਵਾ ਕੇ ਸੱਚੀ ਤੇ ਸੁੱਚੀ ਮੁਸਲਿਮ ਸਲਤਨਤ ਕਾਇਮ ਕੀਤੀ। ਉਸ ਦੇ ਰਾਜ ਵਿਚ 52 ਮੰਤਰੀਆਂ ਵਿਚੋਂ 27 ਹਿੰਦੂ ਸਨ ਤੇ ਉਨ੍ਹਾਂ ਦੀ ਸਹਾਇਤਾ ਕਰਨ ਵਾਲੇ ਉਚ ਪ੍ਰਸ਼ਾਸਨਕ ਅਧਿਕਾਰੀਆਂ ਵਿਚ ਵੀ 368 ਹਿੰਦੂ ਸਨ। ਉਹੀਓ ਸੀ ਜਿਸ ਨੇ ਭਾਰਤ ਦਾ ਕਸ਼ਮੀਰ ਤੋਂ ਕਰਨਾਟਕ ਅਤੇ ਤਿਬੱਤ ਤੋਂ ਅਫਗਾਨਿਸਤਾਨ ਤੱਕ ਵਿਸਥਾਰ ਕੀਤਾ।

ਮੁਹੰਮਦ ਸਾਕਬ ਦੇ ਕਥਨ ਅਨੁਸਾਰ ਔਰੰਗਜ਼ੇਬ ਨੇ ਹਿੰਦੂ ਵਸਨੀਕਾਂ ਉਤੇ ਜਜ਼ੀਆ ਲਾ ਕੇ ਇਹ ਪੈਸੇ ਅਪਣੀ ਜੇਬ ਵਿਚ ਨਹੀਂ ਪਾਏ ਸਗੋਂ ਜਜ਼ੀਆ ਤੋਂ ਪ੍ਰਾਪਤ ਹੋਈ ਪੂੰਜੀ ਨਾਲ 64 ਨਿੱਕੇ-ਨਿੱਕੇ ਕਰ ਮੁਆਫ ਕੀਤੇ। ਦਲੀਲ ਇਹ ਹੈ ਕਿ ਮੁਸਲਿਮ ਵਸਨੀਕ ਤਾਂ ਪਹਿਲਾਂ ਹੀ ਜ਼ਕਾਤ ਰਾਹੀਂ ਲੋੜਵੰਦਾਂ ਦੀ ਸਹਾਇਤਾ ਕਰਦੇ ਸਨ। ਜ਼ਕਾਤ ਦੀ ਦਰ ਢਾਈ ਫੀਸਦੀ ਸੀ ਜਦ ਕਿ ਜਜ਼ੀਆ ਦੀ ਦਰ ਕੇਵਲ ਇਕ ਫੀਸਦੀ ਸੀ। ਉਹ ਇੱਕੋ ਇੱਕ ਮੁਗ਼ਲ ਬਾਦਸ਼ਾਹ ਸੀ ਜਿਸ ਨੇ ਭਗਵਤ ਗੀਤਾ ਦਾ ਉਲਥਾ ਅਰਬੀ ਅਤੇ ਫਾਰਸੀ ਵਿਚ ਕਰਵਾ ਕੇ ਅਰਬ ਦੇਸ਼ਾਂ ਵਿਚ ਭਿਜਵਾਇਆ ਤਾਂ ਕਿ ਉਹ ਲੋਕ ਵੀ ਸਨਾਤਨ ਧਰਮ ਦੀਆਂ ਚੰਗਿਆਈਆਂ ਤੋਂ ਜਾਣੂ ਹੋ ਸਕਣ। ਉਸ ਨੇ ਕਦੀ ਵੀ ਧਰਮ ਨੂੰ ਅਪਣੇ ਨਿਆਂ ਦੇ ਰਸਤੇ ਵਿਚ ਰੋੜਾ ਨਹੀਂ ਬਣਨ ਦਿੱਤਾ। ਨਿਆਂ ਦੇ ਉਲਟ ਜਾਣ ਵਾਲਿਆਂ ਉਤੇ ਕੈੜੀ ਨਜ਼ਰ ਰੱਖਣ ਵਾਲੇ ਔਰੰਗਜ਼ੇਬ ਨੇ ਬਲਾਤਕਾਰ ਤੇ ਹੋਰ ਕੁਕਰਮਾਂ ਦਾ ਅੱਡਾ ਬਣੇ ਮੰਦਰ ਢਠਵਾਏ ਤਾਂ ਅਜਿਹੇ ਕੁਕਰਮਾਂ ਦਾ ਸ਼ਿਕਾਰ ਮਸਜਦਾਂ ਤੇ ਮਜ਼ਾਰਾਂ ਨਾਲ ਵੀ ਭਲੀ ਨਹੀਂ ਕੀਤੀ।

ਸਾਕਬ ਅਨੁਸਾਰ ਉੜੀਸਾ ਦੇ ਸਾਬਕਾ ਰਾਜਪਾਲ ਵੀ ਐਨ ਪਾਂਡੇ ਦੀ ਪੁਸਤਕ 'ਔਰੰਗਜ਼ੇਬ ਅਤੇ ਗਲਤ ਫਹਿਮੀਆਂ' ਤੇ ਪੰਡਤ ਓਮ ਪ੍ਰਕਾਸ਼ ਦੀ ਪੁਸਤਕ 'ਸ਼ਹਿਨਸ਼ਾਹ ਔਰੰਗਜ਼ੇਬ ਇੱਕ ਨਵਾਂ ਦ੍ਰਿਸ਼ਟੀਕੋਣ' ਇਨ੍ਹਾਂ ਕਥਨਾ ਦੀ ਪੁਸ਼ਟੀ ਕਰਦੀਆਂ ਹਨ।

ਮੈਂ ਉਪਰੋਕਤ ਦ੍ਰਿਸ਼ਟੀਕੋਣ ਦੀ ਗੱਲ ਅਪਣੇ ਮਲੇਰਕੋਟਲਾ ਦੇ ਮੁਸਲਮਾਨ ਬੁੱਧੀ ਜੀਵੀਆਂ ਨਾਲ ਕੀਤੀ ਤਾਂ ਉਨ੍ਹਾਂ ਨੇ ਦਸਮ ਗੁਰੂ ਦੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਲਈ ਔਰੰਗਜ਼ੇਬ ਨੂੰ ਜ਼ਿਮੇਵਾਰ ਨਹੀਂ ਠਹਿਰਾਇਆ। ਇਸ ਕਰਤੂਤ ਦਾ ਰਚਣਹਾਰਾ ਕੇਵਲ ਤੇ ਕੇਵਲ ਸਰਹੰਦ ਦਾ ਸੂਬੇਦਾਰ ਵਜ਼ੀਦ ਖਾਂ ਸੀ ਜਿਸ ਦੀ ਅਕਲ ਉਤੇ ਵਹਿਸ਼ੀਆਨਾ ਪਰਦਾ ਪੈ ਚੁੱਕਿਆ ਸੀ। ਹਾਅ ਦਾ ਨਾਅਰਾ ਮਾਰਨ ਵਾਲਾ ਮਲੇਰਕੋਟਲਾ ਦਾ ਨਵਾਬ ਸ਼ੇਰ ਖਾਂ ਵੀ ਔਰੰਗਜ਼ੇਬ ਵਾਂਗ ਸੱਚਾ ਮੁਸਲਮਾਨ ਸੀ। ਇਸਲਾਮ ਮਾਸੂਮਾਂ, ਔਰਤਾਂ ਤੇ ਬਜ਼ੁਰਗਾਂ ਦੀ ਰਾਖੀ ਕਰਨ ਦਾ ਦਮ ਭਰਦਾ ਹੈ। ਇਥੋਂ ਤੱਕ ਕਿ ਜੰਗ ਦੇ ਦਿਨਾਂ ਵਿਚ ਵੀ ਇਨ੍ਹਾਂ ਨੂੰ ਆਂਚ ਨਹੀਂ ਆਉਣ ਦਿੰਦਾ।

ਮੁਹੰਮਦ ਸਾਕਬ ਨੇ ਔਰੰਗਜ਼ੇਬ ਦਾ ਨਾਂ ਨਵੀਂ ਦਿੱਲੀ ਦੀ ਸੜਕ ਤੋਂ ਹਟਾਏ ਜਾਣ ਉਤੇ ਪ੍ਰਸੰਨਤਾ ਜਤਾਈ ਹੈ। ਇਸ ਲਈ ਕਿ ਤਿੰਨ ਸਦੀਆਂ ਤੋਂ ਚਲੇ ਆਏ ਭੰਡੀ ਪ੍ਰਚਾਰ ਨੇ ਔਰੰਗਜ਼ੇਬ ਨੂੰ ਇਸ ਕਦਰ ਹਿੰਦੂ ਵਿਰੋਧੀ ਤੇ ਜ਼ਾਲਮ ਬਣਾ ਕੇ ਪੇਸ਼ ਕੀਤਾ ਹੈ ਕਿ ਸੜਕ ਉਤੇ ਲਿਖਿਆ ਉਸ ਦਾ ਨਾ ਔਰੰਗਜ਼ੇਬ ਨੂੰ ਗਾਲਾਂ ਹੀ ਕਢਵਾਉਂਦਾ ਸੀ, ਮਹਿਮਾ ਨਹੀਂ ਸੀ ਕਰਾਂਉਦਾ। ਸਾਕਬ ਦੀ ਇਹ ਸੋਚ ਧਿਆਨ ਮੰਗਦੀ ਹੈ।

ਅੰਗ੍ਰੇਜ਼ੀ ਮਾਧਿਅਮ ਵਾਲੇ ਸਕੂਲਾਂ ਦੀ ਚੜ੍ਹਤ: ਨਵੇਂ ਅੰਕੜੇ ਦਸਦੇ ਹਨ ਕਿ ਪਿਛਲੇ ਪੰਜ ਸਾਲਾਂ ਵਿਚ ਅੰਗ੍ਰੇਜ਼ੀ ਮਾਧਿਅਮ ਵਾਲੇ ਸਕੂਲਾਂ ਰਾਹੀਂ ਪੜ੍ਹਨ ਵਾਲਿਆਂ ਦੀ ਗਿਣਤੀ 89 ਫੀਸਦੀ ਵਧ ਗਈ ਹੈ। ਬਿਹਾਰ ਤੇ ਉਤਰ ਪ੍ਰਦੇਸ਼ ਵਿਚ ਇਨ੍ਹਾਂ ਅੰਕੜਿਆਂ ਦਾ ਵਾਧਾ ਛੜੱਪੇ ਮਾਰਨ ਵਾਲਾ ਹੈ। ਜੰਮੂ ਕਸ਼ਮੀਰ ਵਿਚ ਇਹ ਵਾਧਾ ਸਭ ਤੋਂ ਉਤੇ ਭਾਵ 99.9 ਫੀਸਦੀ ਹੈ ਜਦ ਕਿ ਨੰਬਰ ਦੋ ਤੇ ਆਉਣ ਵਾਲੇ ਕੇਰਲ ਰਾਜ ਦਾ ਅੰਕੜਾ ਕੇਵਲ 49 ਫੀਸਦੀ ਹੈ। ਸੁਤੰਤ੍ਰਤਾ ਪ੍ਰਾਪਤੀ ਤੋਂ ਪਹਿਲਾਂ ਕਾਲਜਾਂ ਵਿਚ ਲਗਭਗ ਸਾਰੇ ਵਿਸ਼ੇ ਅੰਗ੍ਰੇਜ਼ੀ ਮਾਧਿਅਮ ਨਾਲ ਪੜ੍ਹਾਏ ਜਾਂਦੇ ਸਨ ਪਰ ਸੁਤੰਤਰ ਭਾਰਤ ਵਿਚ ਇਨ੍ਹਾਂ ਦੀ ਥਾਂ ਸਥਾਨਕ ਭਾਸ਼ਾਵਾਂ ਨੇ ਲੈ ਲਈ।

ਭਾਰਤ ਵਾਸੀਆਂ ਨੂੰ ਇਸ ਤੱਥ ਦਾ ਗਿਆਨ ਛੇ ਦਹਾਕੇ ਪਿਛੋਂ ਹੋਇਆ ਹੈ ਕਿ ਅੰਗ੍ਰੇਜ਼ੀ ਭਾਸ਼ਾ ਦਾ ਕੋਈ ਬਦਲ ਨਹੀਂ। ਸਮਾਂ ਲੰਘਣ ਨਾਲ ਚੰਗੇਰਾ ਜੀਵਨ ਜਿਉਣ ਲਈ ਹਰ ਭਾਰਤੀ ਨੂੰ ਅਪਣੇ ਦੇਸ਼ ਦੇ ਦੂਜੇ ਰਾਜਾਂ ਵਿਚ ਹੀ ਨਹੀਂ ਅਪਣੇ ਦੇਸ਼ ਤੋਂ ਬਾਹਰ ਵੀ ਜਾਣਾ ਪੈ ਰਿਹਾ ਹੈ ਜਿੱਥੇ ਅੰਗ੍ਰੇਜ਼ੀ ਭਾਸ਼ਾ ਦੀ ਮੁਢਲੀ ਜਾਣਕਾਰੀ ਤੋਂ ਬਿਨਾਂ ਜਾਣਾ ਅਪਣੇ ਆਪ ਨੂੰ ਬਾਹਰਲੇ ਦੇਸ਼ਾਂ ਦੇ ਠੁੱਡੇ ਖਾਣ ਤੱਕ ਸੀਮਤ ਕਰ ਦਿੰਦਾ ਹੈ। ਪੰਜਾਬ ਦਾ ਪ੍ਰਮਾਣ ਲਈਏ ਤਾਂ ਇਥੋਂ ਦੇ ਵਸਨੀਕ ਦਿੱਲੀ ਦੱਖਣ ਤੋਂ ਬਹੁਤ ਦੂਰ ਹਰੀਆਂ ਚਰਾਂਦਾ ਦੀ ਭਾਲ ਵਿਚ ਦੁਨੀਆਂ ਦੇ ਲਗਭਗ ਸਾਰੇ ਦੇਸ਼ਾਂ ਵਿਚ ਕੰਮ ਕਰਦੇ ਹਨ। ਇਹ ਗੱਲ ਵੀ ਕਿਸੇ ਨੂੰ ਭੁੱਲੀ ਹੋਈ ਨਹੀਂ ਕਿ ਜਿਨ੍ਹਾਂ ਕੋਲ ਅੰਗ੍ਰੇਜ਼ੀ ਭਾਸ਼ਾ ਦਾ ਮੁਢਲਾ ਗਿਆਨ ਨਹੀਂ ਹੁੰਦਾ ਉਨ੍ਹਾਂ ਨੂੰ ਅੰਤਾਂ ਦਾ ਦੁੱਖ ਤੇ ਪ੍ਰੇਸ਼ਾਨੀ ਸਹਿਣੀ ਪੈਂਦੀ ਹੈ। ਮੇਰੀ ਉਮਰ ਦੇ ਬੰਦੇ ਜਾਣਦੇ ਹਨ ਕਿ ਅੰਗ੍ਰੇਜ਼ੀ ਭਾਸ਼ਾ ਪੜ੍ਹਨ ਨਾਲ ਬੰਦੇ ਦਾ ਸਥਾਨਕ ਭਾਸ਼ਾ ਨਾਲੋਂ ਨਾਤਾ ਨਹੀਂ ਟੁੱਟਦਾ ਸਗੋਂ ਅੰਗ੍ਰੇਜ਼ੀ ਦਾ ਗਿਆਨ ਸਾਨੂੰ ਅਪਣੀ ਭਾਸ਼ਾ ਨੂੰ ਅਮੀਰ ਕਰਨ ਦਾ ਕੰਮ ਕਰਦਾ ਹੈ। ਸਾਨੂੰ ਚਾਹੀਦਾ ਹੈ ਕਿ ਨਵੇਂ ਰੁਝਾਨ ਦਾ ਸਵਾਗਤ ਕਰੀਏ ਤੇ ਅੱਗੇ ਵਧੀਏ। ਹੋ ਸਕਦਾ ਇਹ ਰੁਝਾਨ ਪ੍ਰਾਈਵੇਟ ਪਬਲਿਕ ਸਕੂਲਾਂ ਦੀ ਦੇਣ ਹੋਵੇ। ਕੇਂਦਰ ਦੀ ਸਰਕਾਰ ਤੇ ਰਾਜ ਸਰਕਾਰਾਂ ਨੂੰ ਚਾਹੀਦਾ ਹੈ ਕਿ ਆਪ ਵੀ ਅੰਗ੍ਰੇਜ਼ੀ ਮਾਧਿਅਮ ਵਾਲੀ ਪੜ੍ਹਾਈ ਅਪਨਾਉਣ ਤੇ ਇਹ ਰੁਝਾਨ ਉਨ੍ਹਾਂ ਬੱਚਿਆਂ ਦੇ ਵੀ ਕੰਮ ਆਵੇ ਜਿਹੜੇ ਪਬਲਿਕ ਸਕੂਲਾਂ ਵਿਚ ਪੜ੍ਹਨ ਦੀ ਸਮਰਥਾ ਨਹੀਂ ਰੱਖਦੇ।

***ਅੰਤਿਕਾ: (ਅਹਿਮਦ ਨਦੀਮ ਕਾਸਮੀ)***
ਉਸ ਕਾ ਸਿਤਮ ਭੀ ਅਦਲ ਸੇ ਖਾਲੀ ਨਹੀਂ ਨਦੀਮ
ਦਿਲ ਲੇ ਕੇ ਸ਼ਾਇਰੀ ਕਾ ਸਲੀਕਾ ਦੀਆ ਮੁਝੇ।



# ਦੀਪਿਕਾ ਦੀ ਮੜਕ

ਫਿਲਮ 'ਪੀਕੂ' ਨਾਲ ਫਿਲਮ ਸੰਸਾਰ ਵਿਚ ਹੋਰ ਪੈਂਠ ਪਾਉਣ ਵਾਲੀ ਅਲਬੇਲੀ ਅਦਾਕਾਰਾ ਦੀਪਿਕਾ ਪਾਦੂਕੋਨ ਦੀਆਂ ਦੋ ਨਵੀਆਂ ਫਿਲਮਾਂ ਇਸੇ ਸਾਲ ਰਿਲੀਜ਼ ਹੋ ਰਹੀਆਂ ਹਨ। 'ਪੀਕੂ' ਵੀ ਇਸੇ ਸਾਲ ਰਿਲੀਜ਼ ਹੋਈ ਸੀ ਅਤੇ ਇਸ ਫਿਲਮ ਨੇ ਦੀਪਿਕਾ ਨੂੰ ਸੱਤਵੇਂ ਆਸਮਾਨ ਉਤੇ ਪਹੁੰਚਾ ਦਿੱਤਾ ਸੀ। ਫਿਲਮਸਾਜ਼ ਸ਼ੂਜਿਤ ਸਿਰਕਾਰ ਨੇ ਇਹ ਫਿਲਮ ਉਚੇਚੇ ਤੌਰ 'ਤੇ ਦੀਪਿਕਾ ਦੇ ਕਿਰਦਾਰ ਨੂੰ ਧਿਆਨ ਵਿਚ ਰੱਖ ਕੇ ਬਣਾਈ ਸੀ। ਫਿਲਮ ਦੀ ਪਟਕਥਾ ਸੁਣਦੇ ਸਾਰ ਹੀ ਦੀਪਿਕਾ ਨੇ ਇਸ ਫਿਲਮ ਲਈ 'ਹਾਂ' ਕਰ ਦਿੱਤੀ ਸੀ।

'ਪੀਕੂ' ਦੀ ਪੈਂਠ ਤੋਂ ਬਆਦ ਹੁਣ ਦੀਪਿਕਾ ਪਾਦੂਕੋਨ ਪਹਿਲਾਂ ਫਿਲਮ 'ਤਮਾਸ਼ਾ' ਅਤੇ ਫਿਰ 'ਬਾਜੀਰਾਓ ਮਸਤਾਨੀ' ਨਾਲ ਅਗਾਂਹ ਪੈਂਠ ਪਾਉਣ ਦੀ ਤਿਆਰੀ ਕਰ ਰਹੀ ਹੈ। 'ਤਮਾਸ਼ਾ' ਨਵੰਬਰ ਅਤੇ 'ਬਾਜੀਰਾਓ ਮਸਤਾਨੀ' ਦਸੰਬਰ ਵਿਚ ਰਿਲੀਜ਼ ਹੋ ਰਹੀਆਂ ਹਨ। 'ਤਮਾਸ਼ਾ' ਵਿਚ ਉਸ ਦਾ ਹੀਰੋ ਰਣਬੀਰ ਕਪੂਰ ਹੈ ਜਿਸ ਨਾਲ ਉਸ ਦੇ ਪਿਆਰ ਦੇ ਕਿੱਸੇ ਬੜੇ ਮਸ਼ਹੂਰ ਰਹੇ ਹਨ। ਫਿਲਮ 'ਬਾਜੀਰਾਓ ਮਸਤਾਨੀ' ਵਿਚ ਉਸ


ਫਿਲਮ 'ਪੀਕੂ' ਵਿਚ ਦੀਪਿਕਾ।

ਦਾ ਹੀਰੋ ਰਣਬੀਰ ਸਿੰਘ ਹੈ। ਅੱਜ ਕੱਲ੍ਹ ਰਣਬੀਰ ਸਿੰਘ ਨਾਲ ਉਸ ਦਾ ਨਾਂ ਜੁੜਿਆ ਹੋਇਆ ਹੈ। ਕੁਝ ਵੀ ਹੋਵੇ, ਦੀਪਿਕਾ ਪਾਦੂਕੋਨ ਆਪਣੀਆਂ ਇਨ੍ਹਾਂ ਪਿਆਰ ਕਹਾਣੀਆਂ ਨੂੰ ਆਪਣੇ ਫਿਲਮ ਕਰੀਅਰ ਨਾਲ ਰਲਗੱਡ ਨਹੀਂ ਹੋਣ ਦਿੰਦੀ। ਇਸ ਦੇ ਨਾਲ ਹੀ ਉਹ ਵੱਖ ਵੱਖ ਰਸਾਲਿਆਂ ਲਈ ਮੁੱਦਿਆਂ 'ਤੇ ਆਧਾਰਿਤ ਲੇਖ ਵੀ ਲਿਖਦੀ ਰਹਿੰਦੀ ਹੈ। ਖਰਾਇਤੀ ਸੰਸਥਾਵਾਂ ਲਈ ਵੀ ਉਹ ਆਪਣੇ ਰੁਝੇਵਿਆਂ ਵਿਚੋਂ ਕੁਝ ਕੁ ਸਮਾਂ ਜ਼ਰੂਰ ਕੱਢ ਲੈਂਦੀ ਹੈ।

ਉਸ ਦਾ ਆਖਣਾ ਹੈ ਕਿ ਉਸ ਦੀ ਰੋਜ਼ੀ-ਰੋਟੀ ਕਰੀਅਰ ਨਾਲ ਜੁੜੀ ਹੋਈ ਹੈ, ਪਰ ਉਹ ਜੋ ਵੀ ਦਿਲੋਂ ਮਹਿਸੂਸ ਕਰਦੀ ਹੈ, ਉਹੀ ਕੁਝ ਕਰਨ ਦਾ ਯਤਨ ਕਰਦੀ ਹੈ। ਇਸੇ ਕਰ ਕੇ ਕਿਸੇ ਵੀ ਖਰਾਇਤੀ ਸੰਸਥਾ ਨੂੰ ਖਾਲੀ ਨਹੀਂ ਮੋੜਦੀ। ਦੀਪਿਕਾ ਦਾ ਕਹਿਣਾ ਹੈ ਕਿ ਉਸ ਨੇ ਇਹ ਪਹੁੰਚ ਆਪਣੇ ਪਿਤਾ ਪ੍ਰਕਾਸ਼ ਪਾਦੂਕੋਨ ਤੋਂ ਸਿੱਖੀ ਹੈ। ਪ੍ਰਕਾਸ਼ ਪਾਦੂਕੋਨ ਮਸ਼ਹੂਰ ਬੈਡਮਿੰਟਨ ਖਿਡਾਰੀ ਰਿਹਾ ਹੈ। ਉਸ ਨੇ ਪਹਿਲਾਂ-ਪਹਿਲ ਦੀਪਿਕਾ ਨੂੰ ਇਸੇ ਖੇਡ ਲਈ ਪ੍ਰੇਰਿਆ ਸੀ, ਪਰ ਜਦੋਂ ਉਸ ਨੇ ਦੀਪਿਕਾ ਦੀ ਰੁਚੀ ਦੇਖੀ ਤਾਂ ਉਸ ਨੂੰ ਆਪਣੀ ਮਰਜ਼ੀ ਨਾਲ ਆਪਣਾ ਕਰੀਅਰ ਚੁਣਨ ਦੀ ਆਗਿਆ ਦਿੱਤੀ।

# 'ਅਲੀਗੜ੍ਹ' ਦਾ ਸੱਚ

ਫਿਲਮਸਾਜ਼ ਹੰਸਲ ਮਹਿਤਾ ਇਕ ਵਾਰ ਫਿਰ ਛਾ ਗਿਆ ਹੈ। ਉਸ ਦੀ ਨਵੀਂ ਫਿਲਮ 'ਅਲੀਗੜ੍ਹ' ਨੇ ਫਿਰ ਫਿਲਮ ਸੰਸਾਰ ਦਾ ਧਿਆਨ ਖਿੱਚਿਆ ਹੈ। ਹਾਲ ਹੀ ਵਿਚ ਇਹ ਫਿਲਮ ਦੱਖਣੀ ਕੋਰੀਆ ਦੇ ਵੱਕਾਰੀ 20ਵੇਂ ਬੁਸਾਨ ਕੌਮਾਂਤਰੀ ਫਿਲਮ ਮੇਲੇ ਵਿਚ ਦਿਖਾਈ ਗਈ ਅਤੇ ਉਥੇ ਪੁੱਜੇ ਫਿਲਮ ਆਲੋਚਕਾਂ ਤੇ ਦਰਸ਼ਕਾਂ ਨੇ ਹੰਸਲ ਮਹਿਤਾ ਤੇ ਇਸ ਫਿਲਮ ਵਿਚ ਕੰਮ ਕਰਨ ਵਾਲੇ ਕਲਾਕਾਰਾਂ- ਮਨੋਜ ਬਾਜਪਾਈ ਅਤੇ ਰਾਜਕੁਮਾਰ ਰਾਓ, ਦੀਆਂ ਤਾਰੀਫਾਂ ਦੇ ਪੁਲ ਬੰਨ੍ਹ ਦਿੱਤੇ। ਇਹ ਫਿਲਮ ਡਾਕਟਰ ਸ੍ਰੀਨਿਵਾਸ ਰਾਮਚੰਦਰ ਸਿਰਾਸ ਦੀ ਅਸਲ ਜ਼ਿੰਦਗੀ ਉਤੇ ਆਧਾਰਿਤ ਹੈ ਜੋ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਵਿਚ ਮਰਾਠੀ ਦਾ ਪ੍ਰੋਫੈਸਰ ਸੀ। ਉਸ ਉਤੇ ਸਮਲਿੰਗੀ ਹੋਣ ਦੇ ਦੋਸ਼ ਲੱਗੇ ਸਨ, ਇਸੇ ਕਰ ਕੇ ਉਸ ਨੂੰ ਯੂਨੀਵਰਸਿਟੀ ਤੋਂ ਬਰਤਰਫ ਕਰ ਦਿੱਤਾ ਗਿਆ ਸੀ। ਬਾਅਦ ਵਿਚ ਉਸ ਨੇ ਖੁਦਕੁਸ਼ੀ ਕਰ

**ਜਗਜੀਤ ਸਿੰਘ ਸੇਖੋਂ**

ਲਈ ਸੀ। ਫਿਲਮ ਵਿਚ ਮਨੋਜ ਵਾਜਪਾਈ ਨੇ ਡਾਕਟਰ ਸਿਰਾਸ ਦਾ ਕਿਰਦਾਰ ਨਿਭਾਇਆ ਹੈ ਅਤੇ ਰਾਜਕੁਮਾਰ ਰਾਓ ਫਿਲਮ ਵਿਚ ਪੱਤਰਕਾਰ ਬਣਿਆ ਹੈ। ਫਿਲਮ ਆਲੋਚਕਾਂ ਦਾ ਕਹਿਣਾ ਸੀ ਕਿ ਮਨੋਜ ਬਾਜਪਾਈ ਨੇ ਡਾਕਟਰ ਸਿਰਾਸ ਵਾਲੇ ਕਿਰਦਾਰ ਵਿਚ ਜਾਨ ਪਾ ਦਿੱਤੀ ਹੈ।

ਯਾਦ ਰਹੇ ਕਿ ਹੰਸਲ ਮਹਿਤਾ ਨੇ 2013 ਵਿਚ ਵੀ ਅਜਿਹੀ ਹੀ ਮਾਰਮਿਕ ਫਿਲਮ ਬਣਾਈ ਸੀ- 'ਸ਼ਾਹਿਦ'। ਇਹ ਫਿਲਮ ਮੁੰਬਈ ਦੇ ਵਕੀਲ ਅਤੇ ਮਨੁੱਖੀ ਹੱਕਾਂ ਦੇ ਕਾਰਕੁਨ ਸ਼ਾਹਿਦ ਆਜ਼ਮੀ ਦੇ ਜੀਵਨ ਉਤੇ ਆਧਾਰਿਤ ਸੀ। 2010 ਵਿਚ ਇਸ ਵਕੀਲ ਦਾ ਕਤਲ ਕਰ ਦਿੱਤਾ ਗਿਆ ਸੀ। ਇਸ ਫਿਲਮ ਵਿਚ ਵਕੀਲ ਦਾ ਕਿਰਦਾਰ ਰਾਜਕੁਮਾਰ ਰਾਓ ਨੇ ਨਿਭਾਇਆ ਸੀ ਅਤੇ ਇਸ ਫਿਲਮ ਨੇ ਹੰਸਲ ਮਹਿਤਾ ਤੇ ਰਾਜਕੁਮਾਰ ਰਾਓ ਦੀ ਬੱਲੇ ਬੱਲੇ ਕਰਵਾ ਦਿੱਤੀ ਸੀ। ਬਾਅਦ ਵਿਚ ਹੰਸਲ ਮਹਿਤਾ ਨੇ ਰਾਜਕੁਮਾਰ ਰਾਓ ਨਾਲ ਇਕ ਹੋਰ ਫਿਲਮ 'ਸਿਟੀ ਲਾਈਟਸ' ਬਣਾਈ। ਇਸ ਫਿਲਮ ਨੇ ਵੀ ਫਿਲਮ ਸੰਸਾਰ ਵਿਚ ਧੁੰਮਾਂ ਪਾ ਦਿੱਤੀਆਂ ਸਨ।

ਹੁਣ 17ਵੇਂ ਮੁੰਬਈ ਫਿਲਮ ਮੇਲੇ ਦਾ ਆਗਾਜ਼ ਫਿਲਮ 'ਅਲੀਗੜ੍ਹ' ਨਾਲ ਹੋਵੇਗਾ। ਇਹ ਫਿਲਮ ਮੇਲਾ 29 ਅਕਤੂਬਰ ਤੋਂ ਲਾਇਆ ਜਾ ਰਿਹਾ ਹੈ। 1997 ਤੋਂ ਬਆਦ ਇਹ ਪਹਿਲੀ ਵਾਰ ਕਿ ਇਸ ਮੇਲੇ ਦਾ ਆਗਾਜ਼ ਕਿਸੇ ਹਿੰਦੀ ਫਿਲਮ ਨਾਲ ਹੋ ਰਿਹਾ ਹੈ।


ਮਨੋਜ ਬਾਜਪਾਈ


ਹੰਸਲ ਮਹਿਤਾ

# ਐਮ.ਐਸ. ਸਥਿਊ

## ਹਕੀਕਤਾਂ ਦੇ ਰੂ-ਬ-ਰੂ

**ਆਵਾਜ਼ ਦੇ ਕਹਾਂ ਹੈ... -21-**



ਕੁਲਦੀਪ ਕੌਰ
ਫੋਨ: +91-98554-04330

ਫਿਲਮ 'ਗਰਮ ਹਵਾ' ਬਣਾਉਣ ਵਾਲੇ ਐਮ.ਐਸ. ਸਥਿਊ ਦੀ ਫਿਲਮ 'ਸੂਖਾ' ਉਨ੍ਹਾਂ ਦੀ ਕੰਨੜ ਭਾਸ਼ਾ ਵਿਚ ਬਣਾਈ ਫਿਲਮ 'ਬਰਾਂ' (ਅਕਾਲ) ਦਾ ਹਿੰਦੀ ਰੂਪ ਸੀ। ਫਿਲਮ ਉਨ੍ਹਾਂ ਸਾਲਾਂ ਵਿਚ ਕਰਨਾਟਕ ਵਿਚ ਪਏ ਭਿਅੰਕਰ ਅਕਾਲ ਦੀ ਸਿਆਸਤ ਬਾਬਤ ਸੀ। ਕਿਸਾਨਾਂ ਦੀ ਬੇਜ਼ਾਰੀ, ਉਨ੍ਹਾਂ ਨੂੰ ਮੁਆਵਜ਼ਾ ਦਿਵਾਉਣ ਲਈ ਇਮਾਨਦਾਰ ਅਫਸਰ ਦੀਆਂ ਸਭ ਕੋਸ਼ਿਸ਼ਾਂ ਦੀ ਹਾਰ, ਸੋਕੇ ਨੂੰ ਧਾਰਮਿਕ ਆਗੂਆਂ ਦੁਆਰਾ ਫਿਰਕੂ ਰੰਗਤ ਦੇਣ ਵਿਚ ਸਫਲਤਾ, ਸਰਕਾਰੀ-ਤੰਤਰ ਦੀ ਨਾ-ਅਹਿਲੀਅਤ ਦੀ ਸੰਵੇਦਨਸ਼ੀਲ ਪੇਸ਼ਕਾਰੀ ਇਸ ਫਿਲਮ ਨੂੰ ਉਸ ਸਮੇਂ ਦਾ ਦਸਤਾਵੇਜ਼ ਬਣਾ ਦਿੰਦੀ ਹੈ। ਇਹ ਫਿਲਮ ਇਸਮਤ ਚੁਗਤਾਈ ਦੀ ਕਹਾਣੀ 'ਤੇ ਅਧਾਰਿਤ ਸੀ। 'ਗਰਮ ਹਵਾ' ਦਾ ਕੇਂਦਰੀ ਨੁਕਤਾ ਭਾਰਤੀਆਂ ਦੀ ਉਸ ਸਾਂਝੀ ਸੋਚ ਨਾਲ ਜੁੜਦਾ ਹੈ ਜਿਥੇ ਮਜ਼ਹਬਾਂ, ਜਾਤਾਂ, ਫਿਰਕਿਆਂ ਤੇ ਮੁਫਾਦਾਂ ਦੀ ਸਿਆਸਤ ਦੇ ਬਾਵਜੂਦ ਉਹ ਇਨਸਾਨ ਦੇ ਤੌਰ 'ਤੇ ਇੱਕ-ਦੂਜੇ ਨੂੰ ਅੰਦਰੋਂ ਘੁੱਟ ਕੇ ਫੜੀ ਰੱਖਦੇ ਹਨ।

ਫਿਲਮ ਵਿਚ ਮੁੱਖ ਭੂਮਿਕਾ ਬਲਰਾਜ ਸਾਹਨੀ ਦੀ ਸੀ ਜਿਨ੍ਹਾਂ ਨੇ ਇਹ ਜਜ਼ਬਾਤੀ ਭੂਮਿਕਾ ਖੁੱਭ ਕੇ ਨਿਭਾਈ। ਵੰਡ ਵੇਲੇ ਅੱਧਖੜ ਉਮਰ ਦਾ ਇਮਾਨਦਾਰ ਮੁਸਲਮਾਨ ਆਪਣਾ ਘਰ ਛੱਡ ਕੇ ਪਾਕਿਸਤਾਨ ਜਾਣ ਤੋਂ ਨਾਬਰ ਹੋ ਜਾਂਦਾ ਹੈ। ਉਹ ਆਪਣੇ ਆਸ-ਪਾਸ ਪਨਪ ਰਹੀ ਨਫਰਤ, ਬੇਭਰੋਸਗੀ ਤੇ ਬੇਈਮਾਨੀ ਨੂੰ ਪੂਰੀ ਸ਼ਿੱਦਤ ਨਾਲ ਨੰਗੇ ਪਿੰਡੇ ਝੱਲਦਾ ਹੈ। ਉਸ ਨੂੰ ਵੰਡ ਦੀ ਆਰਥਿਕਤਾ ਦੇ ਲਾਲਚ ਵਿਚ ਚਿੱਟੇ ਹੋ ਗਏ ਰਿਸ਼ਤੇ ਸੌਣ ਨਹੀਂ ਦਿੰਦੇ ਜਿਥੇ ਉਸ ਨੂੰ ਵਾਰ ਵਾਰ ਅਹਿਸਾਸ ਹੁੰਦਾ ਹੈ ਕਿ ਵੰਡ ਤੋਂ ਵੀ ਤਰਾਸਦਿਕ ਤਾਂ ਦਿਲਾਂ ਵਿਚ ਪਈਆਂ ਗੰਢਾਂ ਹਨ। ਫਿਲਮ ਦੇ ਆਖਰੀ ਦ੍ਰਿਸ਼ ਵਿਚ ਜਦੋਂ ਉਸ ਦਾ ਛੋਟਾ ਪੁੱਤਰ ਪਾਕਿਸਤਾਨ ਜਾ ਰਹੇ ਰਿਕਸ਼ੇ ਵਿਚੋਂ ਛਾਲ ਮਾਰ ਕੇ ਹੜਤਾਲ ਕਰ ਰਹੇ ਮਜ਼ਦੂਰਾਂ ਵਿਚ ਜਾ ਰਲਦਾ ਹੈ ਤਾਂ ਉਸ ਨੂੰ ਵੀ ਅਹਿਸਾਸ ਹੁੰਦਾ ਹੈ ਕਿ ਇਨਸਾਨੀ ਜ਼ਿੰਦਗੀ ਦੀ ਸਭ ਤੋਂ ਵੱਡੀ ਖੂਬਸੂਰਤੀ ਤਾਂ ਗਰੀਬੀ, ਬੇਵਸੀ ਤੇ ਜ਼ਲਾਲਤ ਦੇ ਖਾਤਮੇ ਖਿਲਾਫ ਜੂਝਣਾ ਹੈ ਤੇ ਇਹ ਜੰਗ ਮੁਲਕਾਂ ਦੀਆਂ ਹੱਦਾਂ-ਸਰਹੱਦਾਂ ਤੋਂ ਕਿਤੇ ਵੱਡੀ ਹੈ।

ਸਥਿਊ ਦੀ ਅਗਲੀ ਫਿਲਮ ਸੀ 'ਕਹਾਂ ਕਹਾਂ ਸੇ ਗੁਜ਼ਰ ਗਿਆ'। ਇਹ ਫਿਲਮ ਕਲਕੱਤਾ ਸ਼ਹਿਰ ਦੇ ਉਚ-ਵਰਗੀ ਨੌਜਵਾਨਾਂ ਦੇ ਵਿਵਸਥਾ ਖਿਲਾਫ ਖੜ੍ਹੇ ਹੋਣ ਨਾਲ ਸਬੰਧਿਤ ਸੀ। ਇਸ ਫਿਲਮ ਦੇ ਬਣਨ ਸਮੇਂ ਤੱਕ ਸਨਅਤਕਾਰਾਂ, ਰਈਸਾਂ ਅਤੇ ਸਿਆਸੀ ਰਸੂਖ ਵਾਲੇ ਘਰਾਂ ਦੇ ਮੁੰਡੇ-ਕੁੜੀਆਂ ਦਾ ਆਪਣੇ ਮਾਪਿਆਂ ਦੀ ਜੀਵਨ-ਸ਼ੈਲੀ ਅਤੇ ਪੂੰਜੀਵਾਦੀ ਸੋਚ ਤੋਂ ਬਾਗੀ ਹੋ ਕੇ ਮਾਰਕਸਵਾਦੀ ਸਫਾ ਵਿਚ ਰਲਣ ਦਾ ਰੁਝਾਨ ਜ਼ੋਰ ਫੜ ਚੁੱਕਾ ਸੀ। ਉਨ੍ਹਾਂ ਅੰਦਰਲੀ ਬੇਚੈਨੀ, ਰੰਜ਼, ਬੇਵਸੀ ਤੇ ਦਿਸ਼ਾਹੀਣਤਾ ਨੇ ਜਦੋਂ ਸਮਿਆਂ ਦੀ ਕਰੂਰਤਾ ਨਾਲ ਜ਼ਰਬ ਖਾਧੀ ਤਾਂ ਵਿਚਾਰ, ਕਦਰਾਂ-ਕੀਮਤਾਂ, ਸਮਾਜਕ-ਤੰਤਰ, ਰਿਸ਼ਤੇ ਤੇ ਤਦਬੀਰਾਂ, ਸਭ ਚੁਰਾਹਿਆਂ ਵਿਚ ਲਹੂ-ਲੁਹਾਣ ਹੋ ਗਏ। ਪਿੱਛੇ ਬਚੀ ਨਾ-ਉਮੀਦੀ ਫਿਲਮ ਵਿਚ ਵੀ ਸਾਫ ਦਿਸਦੀ ਹੈ। ਇਸ ਪਹੁੰਚ ਲਈ ਸਥਿਊ ਦੀ ਆਲੋਚਨਾ ਵੀ ਹੋਈ ਜਿਸ ਦਾ ਜਵਾਬ ਉਸ ਨੇ ਬਾਕਾਇਦਾ ਦਿੱਤਾ ਅਤੇ ਕਿਹਾ ਕਿ ਇਸ ਫਿਲਮ ਨੂੰ ਉਮੀਦ 'ਤੇ ਖਤਮ ਕਰਨ ਦਾ ਮਤਲਬ ਸਚਾਈ ਤੋਂ ਭੱਜਣਾ ਸੀ। ਮੇਰੀ ਫਿਲਮ ਭੋਂਪੂ ਨਹੀਂ ਬਣ ਸਕਦੀ। ਮੁੱਦੇ ਤਾਂ ਹੁਣ ਹੋਰ ਵੀ ਖਤਰਨਾਕ ਮੋੜ 'ਤੇ ਖੜ੍ਹੇ ਹਨ।

ਉਧਰ ਮੁਲਕ ਵੀ ਖਤਰਨਾਕ ਮੋੜ 'ਤੇ ਸੀ। 1973-74 ਦੇ ਅਕਾਲ ਨੂੰ ਹਰੀ ਕ੍ਰਾਂਤੀ ਨੇ ਡੱਕ ਲਿਆ, ਪਰ ਹਰੀ ਕ੍ਰਾਂਤੀ ਦੇ ਪਿਛੇ ਦੀ ਸਿਆਸਤ ਨੇ ਦਿਹਾਤੀ ਖੇਤਰਾਂ ਦੀ ਸਮਾਜਕ ਵਰਗ-ਵੰਡ ਨੂੰ ਹੋਰ ਤਿੱਖਾ ਕਰ ਦਿੱਤਾ। ਵੱਡੇ ਕਿਸਾਨਾਂ ਨੇ ਪੈਸੇ ਦੇ ਬਲ ਸਿਆਸੀ ਪਿੜ ਵਿਚ ਜ਼ੋਰ-ਅਜ਼ਮਾਈ ਸ਼ੁਰੂ ਕੀਤੀ। ਪੈਸੇ ਅਤੇ ਸੱਤਾ ਨੇ ਮਿਲ ਕੇ ਨਵੇਂ ਆਦਰਸ਼ ਘੜੇ ਜਿਥੇ ਇਮਾਨਦਾਰੀ ਨੂੰ ਮੂਰਖਾਂ ਦੀ ਪਛਾਣ ਮੰਨਿਆ ਗਿਆ। ਇਹੀ ਰੁਝਾਨ ਮੁੰਬਈ ਦੀ ਮਾਇਆ ਨਗਰੀ ਵਿਚ ਦਿਸਣ ਲੱਗਾ ਜਿਥੇ ਕਾਲਾਬਜ਼ਾਰੀ, ਮਾਫੀਆ, ਅੰਡਰ-ਵਰਲਡ, ਸਮਗਲਿੰਗ, ਵੇਸਵਾਗਿਰੀ ਆਦਿ ਸ਼ਬਦ ਫਿਲਮੀ ਜ਼ੁਬਾਨ 'ਤੇ ਫਿਸਲਣ ਲੱਗੇ। ਜੇ ਇੱਕ ਪਾਸੇ ਸ਼ਿਆਮ ਬੇਨੈਗਲ ਆਪਣੀ ਫਿਲਮ 'ਮੰਥਨ' ਅਤੇ 'ਨਿਸ਼ਾਂਤ' ਦੀ ਪਟਕਥਾ ਲਈ 'ਸਾਈਲੈਂਸ ਕੋਰਟ ਚਾਲੂ ਹੈ' ਵਾਲੇ ਲੇਖਕ ਵਿਜੇ ਤੇਂਦੁਲਕਰ ਨਾਲ ਵਿਚਾਰਾਂ ਕਰ ਰਹੇ ਸਨ, ਤਾਂ ਦੂਜੇ ਪਾਸੇ ਉਨ੍ਹਾਂ ਦਾ ਦੋਸਤ ਗੋਬਿੰਦ ਨਿਹਲਾਨੀ ਆਪਣੀ ਪਹਿਲੀ ਫਿਲਮ 'ਆਕ੍ਰੋਸ਼' ਦਾ ਖਾਕਾ ਵੀ ਵਿਜੇ ਤੇਂਦੁਲਕਰ ਨਾਲ ਮਿਲ ਕੇ ਤਿਆਰ ਕਰ ਰਿਹਾ ਸੀ ਜਿਸ ਵਿਚ ਉਸ ਨੇ ਸ਼ਹਿਰ ਦੇ ਕਿਰਦਾਰ ਨੂੰ ਅਜਿਹੀ ਕਹਾਣੀ ਰਾਹੀਂ ਫਿਲਮਾਉਣਾ ਸੀ ਜਿਸ ਵਿਚ ਵਧੀਕੀ ਦਾ ਸ਼ਿਕਾਰ ਮਨੁੱਖ ਮੌਨ ਧਾਰ ਲੈਂਦਾ ਹੈ ਤੇ ਸ਼ਬਦਾਂ ਦੀ ਬੇਅਰਥੀ ਨੂੰ ਜ਼ਾਹਿਰ ਕਰਦਾ ਹੈ। ਆਖਿਰ ਉਥੇ ਨਿਆਂ ਮੰਗਣ ਦਾ ਅਰਥ ਵੀ ਕੀ ਰਹਿ ਜਾਂਦਾ ਜਿਥੇ ਕਟਿਹਰੇ ਵਿਚ ਖੜ੍ਹਾ ਦੋਸ਼ੀ ਕੋਈ ਇਨਸਾਨ ਨਹੀਂ, ਸਗੋਂ ਸਮਾਜ ਦਾ ਨਿਪੁੰਸਕ ਖਾਸਾ ਹੋਵੇ?

(ਚਲਦਾ)

*'ਕਹਾਂ ਕਹਾਂ ਸੇ ਗੁਜ਼ਰ ਗਿਆ' ਫਿਲਮ ਵਿਚ ਐਮ.ਐਸ. ਸਥਿਊ ਨੇ ਨਾ-ਉਮੀਦੀ ਦਿਖਾਈ ਅਤੇ ਇਸੇ ਨੋਟ 'ਤੇ ਇਹ ਫਿਲਮ ਖਤਮ ਕਰ ਦਿੱਤੀ। ਬੜੀ ਆਲੋਚਨਾ ਹੋਈ, ਪਰ ਉਸ ਨੇ ਕਿਹਾ-ਇਸ ਫਿਲਮ ਨੂੰ ਉਮੀਦ 'ਤੇ ਖਤਮ ਕਰਨ ਦਾ ਮਤਲਬ ਸਚਾਈ ਤੋਂ ਭੱਜਣਾ ਸੀ। ਇਹ ਮੈਥੋਂ ਨਹੀਂ ਸੀ ਕਰ ਹੋਣਾ।*





ਫਿਲਮ 'ਗਰਮ ਹਵਾ' ਦਾ ਪੋਸਟਰ।




# Anu Attorney
## Professional Law Group, PLLC.

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



*Anu Peshawaria*
*Attorney at Law*

*Licensed to practice Immigration in all 50 states.*
More than 20 year experience in US immigration & Indian law

### US IMMIGRATION

*Green Cards (Investor, Employment)
*E-2 investor Visa, L1 (Intra Company)
*Family Green Card, Fiance Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

### FAMILY LAW *(Only In WA)*

*Divorce *Annulment
*International Custody

### INCORPORATIONS *(Only In WA)*

*International Contracts, Mergers
*Attorney Supreme Court of India

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801 Pine Street, Suite 7H, Seattle, WA 98101
Offices: Seattle, WA *Fremont, CA *UK *Canada *India

Evening Appointments Available






ਘਰਾਂ ਦੀ ਵਧੀਆ ਡੀਲ ਅਤੇ ਘਟ ਤੋਂ ਘਟ ਵਿਆਜ ਦਰਾਂ ਉਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

**Real Estate and Loans Under One Roof**

ਪਿਛਲੇ 28 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

## Jassi Gill Proudly Presents...



*Open House 1 to 4 (Saturday-Sunday)*

### 2653 GLEN FERGUSON CIR SAN JOSE CA 95148

- 5 Large Bedrooms 3 Full Bath
- 1 Bedroom 1.5 bath Downstairs
- Updated Kitchen with granite counter & stainless steel appliances
- 2533 Sq ft of living area
- 7405 sq ft Lot
- Large Living room
- Formal dinning
- Separate family room with fire place
- 3 Car Garage with opener

- *Evergreen Home Built in 1986*
- *All bedrooms with walk in closets.*
- *Copper plumbing*
- ***$1100 per month rental set up***
- *Fully landscaped front yard With brick and iron fence*
- *Large Rear yard have fruit trees and shed.*
- *View of hills*

**Offered at: $ 899,000**




### 4205 Lunar Way Union City CA 94587

- 2 story TH in Contempo Park
- Updated 4 Bedrooms & 1.5 bath
- 1 bedroom downstairs option
- Updated kitchen with Granite counter and tile flooring
- *New Stainless steel appliances*
- Large Living room
- 1342 sq ft of living area
- Inside laundry
- 2 Car Garage with opener
- All dual pane windows

- *Built in 1974*
- *New copper plumbing, New furnace & New water heater*
- *All new paint & texture*
- *Mirror closet doors*
- *LOW HOA OF 240/m includes water and garbage too*
- *Contempo park,pool and party hall*
- *Pioneer Elementary school*
- *Easy access to 84,92 & 880*

**Offered at: $ 455,000**



*Open House 1 to 4 (Saturday-Sunday)*

### 5919 Saint Mathew Dr., Newark CA 94560

- Updated 4 Bedrooms & 2bath
- New eat in kitchen with Granite counter and Laminate flooring
- Large Living room with Fire place
- Sep Family room
- 1472 sq ft of living area
- 6200 sq lot with side access
- 2 Car Garage with opener
- All dual pane windows

- *Built in 1974*
- *Newer furnace & AC*
- *All laminate & tile flooring*
- *All new paint in & out*
- *Fully landscaped yard*
- *Easy access to 84,92 & 880 freeways*

**Offered at: $ 687,000**

## JUST SOLD

1. 4124 Polaris Ave., Union City, CA 94587
2. 4105 Pluto Way, Union City, CA 94587
3. 49077 Tomahawk Pl Fremont, CA 94539
4. 3155 Courthouse Drive, Union City, CA 94587
5. 2781 Determine Drive Atwater, CA 95301
6. 105 Machado Ct., Tracy, CA 95376
7. 2622 Daniel Hansen Way, Tracy, CA 95377
8. 1849 Girard Dr., Milpitas, CA 95035
9. 29180 Marshbrook Dr., Hayward CA 94545
10. 1884 Daytona Dr., San Jose, CA 95122
11. 240 Lloyd Ave., Fremont, CA 94536
12. 824 Gilchrist Dr., #4 San Jose, CA 95133
13. 1337 Gentry Ln., Tracy, CA 95377
14. 1643 Orleans Dr., San Jose CA 95122



**Jaswinder (Jassi) Gill**
*Broker/Owner (BRE# 00966763)*
**Golden State Realty**
86 Pilgrim Loop,
Fremont, CA 94539
**Ph: 510-304-9292**
email: jassi@jassigill.com
www.jassigill.com